ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

26 ਫਰਵਰੀ ਤੋਂ 4 ਮਾਰਚ 2025

ਸਾਲ 16ਵਾਂ - ਅੰਕ 9

email : info@sadelok.com

Ph. : 510-706-1300

Fax : 925-373-1300




ਹਿੰਦੂ ਧਰਮ ਦੇ ਮਹਾਨ ਪਵਿੱਤਰ ਤਿਉਹਾਰ ਮਹਾਂਸ਼ਿਵਰਾਤਰੀ ਦੀ **ਲੱਖ-ਲੱਖ ਵਧਾਈ** (ਦੇਖੋ ਸਫ਼ਾ 27 'ਤੇ)

## ਬੋਰਡ ਪ੍ਰੀਖਿਆਵਾਂ ਦੀ ਸੂਚੀ ਵਿੱਚੋਂ ਪੰਜਾਬੀ ਖੇਤਰੀ ਭਾਸ਼ਾ ਨੂੰ ਹਟਾਉਣਾ ਪੰਜਾਬ ਅਤੇ ਸਾਡੀ ਮਾਂ ਬੋਲੀ 'ਤੇ ਵੱਡਾ ਹਮਲਾ ਹੈ : ਸਰਦਾਰ ਪ੍ਰਗਟ ਸਿੰਘ

### ਸਰਕਾਰ ਨੂੰ ਨਵੀਂ ਸਿੱਖਿਆ ਨੀਤੀ ਰੱਦ ਕਰਨ ਦੀ ਅਪੀਲ

ਚੰਡੀਗੜ੍ਹ : ਕੇਂਦਰ ਸਰਕਾਰ ਦੀ ਰਾਸ਼ਟਰੀ ਸਿੱਖਿਆ ਨੀਤੀ ਦਾ ਨਤੀਜਾ ਹੈ ਕਿ ਸੀਬੀਐਸਈ ਨੇ 10ਵੀਂ ਅਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਲਈ ਭਾਸ਼ਾਵਾਂ ਦੀ ਸੂਚੀ ਵਿੱਚੋਂ ਪੰਜਾਬੀ ਨੂੰ ਖੇਤਰੀ ਭਾਸ਼ਾ ਵਜੋਂ ਹਟਾ ਦਿੱਤਾ ਹੈ। ਇਹ ਪੰਜਾਬ ਅਤੇ ਸਾਡੀ ਮਾਂ ਬੋਲੀ 'ਤੇ ਵੱਡਾ ਹਮਲਾ ਹੈ। ਰਾਜਾਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੀਆਂ ਸਿੱਖਿਆ ਪ੍ਰਣਾਲੀਆਂ ਨੂੰ ਕਮਜ਼ੋਰ ਕਰਨ ਦੀ ਆਰਐਸਐਸ ਦੀ ਮਾਨਸਿਕਤਾ ਦੇ ਵਿਰੁੱਧ, ਮੈਂ ਇਸ ਨੀਤੀ ਨੂੰ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਸੀ। ਬਦਕਿਸਮਤੀ ਨਾਲ ਭਗਵੰਤ ਮਾਨ ਸਰਕਾਰ ਵਿਧਾਨ ਸਭਾ 'ਚ ਇਸ ਮੁੱਦੇ 'ਤੇ ਚੁੱਪ ਰਹੀ। ਇਹ ਸਪੱਸ਼ਟ ਹੈ ਕਿ ਦੋਵੇਂ ਬੀਜੇਪੀ ਅਤੇ ਆਮ ਆਦਮੀ ਪਾਰਟੀ ਮਿਲ ਕੇ ਪੰਜਾਬ 'ਤੇ ਇਸ ਤਰ੍ਹਾਂ ਹਮਲਾ ਕਰ ਰਹੇ ਹਨ। ਮੈਂ ਇਸ ਦਾ ਸਖ਼ਤ ਵਿਰੋਧ ਕਰਦਾ ਹਾਂ ਅਤੇ ਸਾਰੇ ਪੰਜਾਬੀਆਂ ਨੂੰ ਇੱਕਜੁੱਟ ਹੋ ਕੇ ਇਸ ਹਮਲੇ ਦਾ ਟਾਕਰਾ ਕਰਨ ਦੀ ਅਪੀਲ ਕਰਦਾ ਹਾਂ। ਦੇਖੋ ਸਫ਼ਾ 24 'ਤੇ



(ਫਾਈਲ ਫੋਟੋ)

## ਅਮਰੀਕੀ ਅਦਾਲਤ ਨੇ ਗੁਰਦੁਆਰਿਆਂ ਦੀ ਤਲਾਸ਼ੀ ਲੈਣ 'ਤੇ ਲਗਾਈ ਪਾਬੰਦੀ



ਸੈਕਰਾਮੈਂਟੋ : ਅਮਰੀਕਾ 'ਚ ਧਾਰਮਿਕ ਅਸਥਾਨਾਂ 'ਚ ਫੜ ਕੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁਹਿੰਮ 'ਤੇ ਅਦਾਲਤ ਨੇ ਆਰਜ਼ੀ ਰੋਕ ਲਗਾ ਦਿੱਤੀ ਹੈ। ਸੈਕਰਾਮੈਂਟੋ ਸਥਿਤ ਇਕ ਗੁਰਦਆਰਾ, ਜੋ ਲਗਭਗ 30,000 ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ, ਨੇ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਧਾਰਮਿਕ ਅਸਥਾਨਾਂ 'ਤੇ ਭੇਜਣ ਦੀ ਟਰੰਪ ਪ੍ਰਸ਼ਾਸਨ ਦੀ ਯੋਜਨਾ ਨੂੰ ਚੁਣੌਤੀ ਦੇਣ ਲਈ ਬੇਏਰੀਆ ਬੈਪਟਿਸਟ ਗਿਰਜਾਘਰਾਂ ਨਾਲ (ਦੇਖੋ ਸਫ਼ਾ 6 'ਤੇ)

## ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ

### ਨਹੀਂ ਰਹੇ ਢਾਡੀ ਕੁਲਜੀਤ ਸਿੰਘ ਦਿਲਬਰ



(ਦੇਖੋ ਸਫ਼ਾ 7 'ਤੇ)

## ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਜਿਉਂਦੇ ਜਾਗਦੇ ਲੋਕਾਂ ਦੀ ਨਿਸ਼ਾਨੀ



### ਡੀਐਮਕੇ ਵਲੋਂ ਤਾਮਿਲਨਾਡ ਉਪਰ 'ਹਿੰਦੀ ਥੋਪਣ' ਨੂੰ ਲੈ ਕੇ ਭਾਰੀ ਰੋਸ ਪ੍ਰਦਰਸ਼ਨ

ਚੇਨਈ : ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਦੇ ਵਿਦਿਆਰਥੀ ਵਿੰਗ ਨੇ ਮੰਗਲਵਾਰ ਨੂੰ ਚੇਨਈ ਵਿੱਚ ਹਿੰਦੀ ਥੋਪਣ ਨੂੰ ਲੈ ਕੇ ਕੇਂਦਰ ਦੇ ਖਿਲਾਫ ਕੁਲੈਕਟਰ ਦਫਤਰ ਦੇ ਨੇੜੇ ਪ੍ਰਦਰਸ਼ਨ ਕੀਤਾ। ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਦੇ ਯੂਥ ਵਿੰਗ ਦੇ ਸਕੱਤਰ ਉਧਯਾਨਿਧੀ ਸਟਾਲਿਨ ਨੇ ਸ਼ਨੀਵਾਰ ਨੂੰ ਚੇਨਈ ਵਿੱਚ ਕੇਂਦਰੀ ਵਿਦਿਅਕ ਅਦਾਰਿਆਂ ਵਿੱਚ ਹਿੰਦੀ ਨੂੰ ਦੇਖੋ ਸਫ਼ਾ 25 'ਤੇ

## ਸਿੱਖ ਪੰਥ ਤਾਂ ਸਮਝਦਾ ਸੀ ਕਿ ਅਕਾਲ ਤਖਤ ਸਾਹਿਬ ਦਾ ਸੰਦੇਸ਼ ਵਿਸ਼ਵ ਭਰ ਦੇ ਸਿੱਖਾਂ ਲਈ ਹੈ

### ਸ਼੍ਰੋਮਣੀ ਕਮੇਟੀ ਨੇ ਹੁਕਮਨਾਮੇ ਨੂੰ ਚਾਰਦੀਵਾਰੀ ਤੱਕ ਸੀਮਤ ਕਰ ਦਿੱਤਾ : ਜਥੇਦਾਰ ਗਿਆਨੀ ਰਘਬੀਰ ਸਿੰਘ





ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਬਾਰੇ ਉਨ੍ਹਾਂ ਆਪਣੇ ਨਿੱਜੀ ਫੇਸਬੁੱਕ ਖਾਤੇ 'ਤੇ ਪੋਸਟ ਪਾ ਕੇ ਉਨ੍ਹਾਂ ਦੇ ਹੱਕ ਵਿਚ ਆਪਣੇ ਮਨ ਦੇ ਵਲਵਲੇ ਤੇ ਦਸ਼ਾ ਸਾਂਝੀ ਕੀਤੀ ਸੀ, ਪਰ ਸ਼੍ਰੋਮਣੀ ਕਮੇਟੀ ਨੂੰ ਕੋਈ ਆਦੇਸ਼ ਨਹੀਂ ਸੀ ਦਿੱਤਾ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕੀਤਾ ਜਾਣਾ (ਦੇਖੋ ਸਫ਼ਾ 16 'ਤੇ)

**2 ਦਸੰਬਰ ਦੇ ਹੁਕਮਨਾਮੇ ਪਿਛੇ ਸ਼ਹਾਦਤ ਦੇਣੀ ਪਈ ਤਾਂ ਪਿਛੇ ਨਹੀਂ ਹਟਾਂਗਾ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ**


**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**CJ Singh**
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

**BIBA INSURANCE**
1.800.221.4187
Specializing in Truck Insurance for Owner Operators and Trucking Companies
License #0F71937
ਟਰੱਕਾਂ ਦੀ ਸਸਤੀ ਅਤੇ ਵਧੀਆ ਇੰਸ਼ੋਰੈਂਸ ਕਰਾਉਣ ਲਈ ਭਰੋਸੇਮੰਦ ਅਤੇ ਜ਼ੁੰਮੇਵਾਰ ਕੰਪਨੀ
ਬੀਬਾ ਇੰਸ਼ੋਰੈਂਸ ਨੂੰ ਅੱਜ ਹੀ ਕਾਲ ਕਰੋ

**Punjabi International Services Inc**
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਕਮਲਾ ਹੈਰਿਸ ਨੇ ਵੱਕਾਰੀ ਚੇਅਰਮੈਨ ਪੁਰਸਕਾਰ ਜਿੱਤਿਆ

## *ਐਨਏਏਸੀਪੀ ਇਮੇਜ ਐਵਾਰਡਜ਼ ਸਮਾਰੋਹ 'ਚ ਗੰਭੀਰ ਸੁਨੇਹੇ ਨਾਲ ਪੁੱਜੀ ਸਾਬਕਾ ਉਪ ਰਾਸ਼ਟਰਪਤੀ*

ਲਾਸ ਏਂਜਲਸ : ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਸ਼ਨਿਚਰਵਾਰ ਰਾਤ ਨੂੰ ਐੱਨਏਏਸੀਪੀ ਇਮੇਜ ਐਵਾਰਡਜ਼ ਦੇ ਪਲੈਟਫਾਰਮ 'ਤੇ ਇਕ ਗੰਭੀਰ ਸੁਨੇਹੇ ਨਾਲ ਪੁੱਜੀ। ਉਨ੍ਹਾਂ ਨਾਗਰਿਕ ਅਧਿਕਾਰ ਸੰਗਠਨ ਨੂੰ ਸਿਆਹਫਾਮ ਭਾਈਚਾਰੇ ਦਾ ਇਕ ਥੰਮ੍ਹ ਕਿਹਾ ਅਤੇ ਲੋਕਾਂ ਨੂੰ ਰਾਸ਼ਟਰਪਤੀ ਡੌਨਲਡ ਟਰੰਪ ਦੇ ਕਾਰਜਕਾਲ ਦੌਰਾਨ ਲਚਕੀਲਾ ਬਣੇ ਰਹਿਣ ਅਤੇ ਆਪਣੇ ਵਿਸ਼ਵਾਸ 'ਤੇ ਕਾਇਮ ਰਹਿਣ ਦੀ ਅਪੀਲ ਕੀਤੀ।



ਹੈਰਿਸ ਨੇ ਨੈਸ਼ਨਲ ਐਸੋਸੀਏਸ਼ਨ ਫਾਰ ਦਿ ਐਡਵਾਂਸਮੈਂਟ ਆਫ਼ ਕਲਰਡ ਪੀਪਲਜ਼ ਚੇਅਰਮੈਨ ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਕਿਹਾ, ''ਹਾਲਾਂਕਿ ਅਸੀਂ ਆਪਣੀ ਅਮਰੀਕੀ ਕਹਾਣੀ ਦੇ ਇਸ ਅਧਿਆਏ ਵਿੱਚ ਕਿਸ ਨਾਲ ਮੁਕਾਬਲਾ ਕਰਨਾ ਹੈ, ਇਸ ਬਾਰੇ ਕੋਈ ਭਰਮ ਨਹੀਂ ਹੈ ਪਰ ਇਹ ਅਧਿਆਏ ਸਿਰਫ਼ ਓਵਲ ਆਫ਼ਿਸ ਵਿੱਚ ਬੈਠਣ ਵਾਲੇ ਵਿਅਕਤੀ ਜਾਂ ਸਾਡੇ 'ਚੋਂ ਸਭ ਤੋਂ ਅਮੀਰ ਵਿਅਕਤੀ ਵੱਲੋਂ ਨਹੀਂ, ਬਲਕਿ ਅਮਰੀਕੀ ਕਹਾਣੀ ਤੁਹਾਡੇ ਵੱਲੋਂ ਲਿਖੀ ਜਾਵੇਗੀ। ਸਾਡੇ ਵੱਲੋਂ ਲਿਖੀ ਜਾਵੇਗੀ। ਅਸੀਂ ਲੋਕਾਂ ਵੱਲੋਂ।'' ਉਹ ਪਹਿਲਾਂ ਕੈਲੀਫੋਰਨੀਆ ਤੋਂ ਅਮਰੀਕੀ ਸੈਨੇਟਰ ਤੇ ਸੂਬੇ ਦੀ ਅਟਾਰਨੀ ਜਨਰਲ ਰਹਿ ਚੁੱਕੇ ਹਨ। ਅਹੁਦਾ ਛੱਡਣ ਤੋਂ ਬਾਅਦ ਆਪਣੀ ਪਹਿਲੀ ਪ੍ਰਮੁੱਖ ਜਨਤਕ ਹਾਜ਼ਰੀ ਵਿੱਚ ਹੈਰਿਸ ਨੇ ਚੋਣਾਂ 'ਚ ਹੋਈ ਹਾਰ ਜਾਂ ਓਵਲ ਆਫ਼ਿਸ ਵਿੱਚ ਦਾਖ਼ਲ ਹੋਣ ਤੋਂ ਬਾਅਦ ਟਰੰਪ ਦੇ ਕੰਮਾਂ ਦਾ ਜ਼ਿਕਰ ਨਹੀਂ ਕੀਤਾ। ਹਾਲਾਂਕਿ, ਟਰੰਪ ਨੇ ਉਸ ਦਿਨ ਪਹਿਲੀ ਕੰਜ਼ਰਵੇਟਿਵ ਪੌਲੀਟੀਕਲ ਐਕਸ਼ਨ ਕਾਨਫਰੰਸ ਵਿੱਚ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ।

ਹੈਰਿਸ ਨੇ ਸਦੀਵੀਂ ਚੌਕਸੀ, ਆਜ਼ਾਦੀ ਦੀ ਕੀਮਤ, ਚੌਕਸ ਰਹਿਣ, ਸੱਚ ਦੀ ਭਾਲ ਅਤੇ ਅਮਰੀਕਾ ਦੇ ਭਵਿੱਖ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, "ਕੁਝ ਲੋਕ ਸਾਡੇ ਦੁਮੇਲ 'ਤੇ ਅੱਗ ਦੀਆਂ ਲਪਟਾਂ ਨੂੰ ਦੇਖਦੇ ਹਨ, ਸਾਡੇ ਸ਼ਹਿਰਾਂ ਵਿੱਚ ਪਾਣੀ ਦਾ ਪੱਧਰ ਵਧ ਰਿਹਾ ਹੈ, ਸਾਡੇ ਲੋਕਤੰਤਰ 'ਤੇ ਸਿਆਹ ਪਰਛਾਵੇਂ ਹਨ ਅਤੇ ਉਹ ਪੁੱਛਦੇ ਹਨ ਕਿ ਹੁਣ ਕੀ ਕੀਤਾ ਜਾਵੇ? ਪਰ ਅਸੀਂ ਜਾਣਦੇ ਹਾਂ ਕਿ ਅਸਲ ਵਿੱਚ ਕੀ ਕਰਨਾ ਹੈ, ਕਿਉਂਕਿ ਅਸੀਂ ਇਹ ਪਹਿਲਾਂ ਵੀ ਕੀਤਾ ਹੈ ਅਤੇ ਅਸੀਂ ਇਸ ਨੂੰ ਮੁੜ ਤੋਂ ਕਰਾਂਗੇ। ਸਾਡੀ ਤਾਕਤ ਕਦੇ ਵੀ ਆਸਾਨ ਰਸਤਾ ਅਪਨਾਉਣ ਤੋਂ ਨਹੀਂ ਆਈ ਹੈ।''

ਐਵਾਰਡਜ਼ ਨੇ ਜੰਗਲ ਦੀ ਅੱਗ ਨਾਲ ਪ੍ਰਭਾਵਿਤ ਲਾਸ ਏਂਜਲਸ ਦੇ ਵਸਨੀਕਾਂ ਨੂੰ ਮਾਨਤਾ ਦਿੱਤੀ। ਇਮੇਜ ਐਵਾਰਡਜ਼ ਦੇ ਮੇਜ਼ਬਾਨ ਡਿਓਨ ਕੋਲ ਨੇ ਅਲਤਾਡੇਨਾ ਦੇ ਵਸਨੀਕਾਂ ਨੂੰ ਸਨਮਾਨਿਤ ਕੀਤਾ ਜੋ ਹਾਲ ਹੀ ਵਿੱਚ ਲਾਸ ਏਂਜਲਸ ਖੇਤਰ ਵਿੱਚ ਲੱਗੀ ਅੱਗ ਨਾਲ ਪ੍ਰਭਾਵਿਤ ਹੋਏ ਸਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders

We Design, Manufacture & Ship Nationwide

All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

# 326ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ



## ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਦੇਸ਼-ਵਿਦੇਸ਼ ਵਿਚ ਨੈਸ਼ਨਲ ਸਿੱਖ-ਡੇਅ ਵੱਜੋਂ ਸਥਾਪਤ ਕਰਨ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 8th ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)

## SIKH FREEDOM MARCH
## Washington, D.C.

ਸ਼ਨਿਚਰਵਾਰ 5 ਅਪ੍ਰੈਲ 2025 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ
20th Street & Constitution Ave ਉੱਪਰ - ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।
ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।
ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ।









## ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ ਨਿਊਯਾਰਕ
ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਨਿਊਯਾਰਕ ਇੰਕ. ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ ਨਿਊਯਾਰਕ
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਨਿਊਯਾਰਕ
ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਨਿਊਯਾਰਕ
ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਮਿਡ ਹਡਸਨ ਸਿੱਖ ਕਲਚਰਲ ਸੋਸਾਇਟੀ, ਵਾਪਿੰਗਰਜ਼ ਫ਼ਾਲਜ਼ ਨਿਊਯਾਰਕ
ਗੁਰਦੁਆਰਾ ਸਿੱਖ ਸਾਗਰ, ਰੋਚੈਸਟਰ ਨਿਊਯਾਰਕ
ਹਡਸਨ ਵੈਲੀ ਸਿੱਖ ਸੁਸਾਇਟੀ, ਮਿਡਲਟਾਊਨ ਨਿਊਯਾਰਕ
ਸਿੱਖ ਐਸੋਸੀਏਸ਼ਨ ਆਫ ਸਟੇਟਨ ਆਈਲੈਂਡ, ਨਿਊਯਾਰਕ
ਗੁਰਦੁਆਰਾ ਮਾਤਾ ਸਾਹਿਬ ਕੌਰ, ਗਲੈਨ ਕੋਵ ਨਿਊਯਾਰਕ
ਗੁਰਦੁਆਰਾ ਬਾਬਾ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ, ਨਿਊਯਾਰਕ
ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਨਿਊਯਾਰਕ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਊਹਾਈਡ ਪਾਰਕ ਨਿਊਯਾਰਕ
ਗੁਰਦੁਆਰਾ ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਵਿਦਾਸ ਟੈਂਪਲ, ਵੁੱਡਸਾਈਡ ਨਿਊਯਾਰਕ
ਗੁਰਦੁਆਰਾ ਸ਼ਹੀਦਾਂ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਾਮਗੜ੍ਹੀਆ ਸਿੱਖ ਸੋਸਾਇਟੀ, ਹੋਲਿਸ ਨਿਊਯਾਰਕ
ਗੁਰੂਦੁਆਰਾ ਗੁਰੂ ਤੇਗ ਬਹਾਦਰ ਜੀ, ਨਿਊਹਾਈਡ ਪਾਰਕ ਨਿਊਯਾਰਕ

ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਵਰਜੀਨੀਆ, ਮਾਨਾਸਜ ਵਰਜੀਨੀਆਂ.
ਸਿੱਖ ਫਾਊਂਡੇਸ਼ਨ ਆਫ ਵਰਜੀਨੀਆਂ, ਫੇਅਰਫੈਕਸ ਸਟੇਸ਼ਨ ਵਰਜੀਨੀਆਂ
ਗੁਰਦੁਆਰਾ ਸਿੱਖ ਸੰਗਤ ਆਫ ਵਰਜੀਨੀਆਂ, ਸ਼ੈਂਟਿਲੀ ਵਰਜੀਨੀਆਂ
ਰਾਜ ਖਾਲਸਾ ਗੁਰਦੁਆਰਾ, ਸਟਰਲਿੰਗ ਵਰਜੀਨੀਆਂ
ਸਿੱਖ ਮਿਸ਼ਨ ਆਫ ਵਰਜੀਨੀਆਂ, ਵਾਰੈਨਟਨ ਵਰਜੀਨੀਆਂ
ਸਿੱਖ ਗੁਰਦੁਆਰਾ ਆਫ ਡੀ.ਸੀ., ਵਾਸ਼ਿੰਗਟਨ ਡੀ.ਸੀ.

ਸਿੱਖ ਗੁਰਦੁਆਰਾ ਆਫ ਪਾਈਨ ਹਿੱਲ, ਨਿਊਜਰਸੀ
ਗੁਰਦੁਆਰਾ ਦਸ਼ਮੇਸ਼ ਦਰਬਾਰ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਖਾਲਸਾ ਦਰਬਾਰ, ਬਰਲਿੰਗਟਨ ਨਿਊਜਰਸੀ
ਸ੍ਰੀ ਗੁਰੂ ਸਿੰਘ ਸਭਾ, ਗਲੈਨਰਾਕ ਨਿਊਜਰਸੀ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ, ਬ੍ਰਿਜਵਾਟਰ, ਨਿਊਜਰਸੀ
ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਓਕਲੈਂਡ ਨਿਊਜਰਸੀ
ਗੁਰੂ ਨਾਨਕ ਸਿੱਖ ਸੁਸਾਇਟੀ ਆਫ ਡੇਲਾਵੇਅਰ ਵੈਲੀ, ਨਿਊਜਰਸੀ
ਗੁਰਦੁਆਰਾ ਸਿੰਘ ਸਭਾ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਨਾਨਕ ਨਾਮ ਜਹਾਜ਼, ਨਿਊਜਰਸੀ
ਸਾਊਥ ਜਰਸੀ ਸਿੱਖ ਸੁਸਾਇਟੀ, ਵਾਈਨਲੈਂਡ ਨਿਊਜਰਸੀ

ਸਿੱਖ ਸੈਂਟਰ ਆਫ ਡੇਲਵੇਅਰ, ਨਿਊ ਕੈਸਲ ਡੇਲਵੇਅਰ
ਗੁਰੂਦੁਆਰਾ ਆਫ ਡੈਲਵੇਅਰ, ਮਿਡਲਟਾਊਨ ਡੈਲਵੇਅਰ

ਬਾਲਟੀਮੋਰ ਸਿੱਖ ਸੁਸਾਇਟੀ, ਡਨਡਾਲਕ ਮੇਰੀਲੈਂਡ
ਗੁਰਦੁਆਰਾ ਸਿੰਘ ਸਭਾ ਆਫ ਮੇਰੀਲੈਂਡ, ਡਨਡਾਲਕ ਮੇਰੀਲੈਂਡ
ਗੁਰਦੁਆਰਾ ਵਾਸ਼ਿੰਗਟਨ ਸਿੱਖ ਸੈਂਟਰ, ਗੇਦਰਜਬਰਗ ਮੇਰੀਲੈਂਡ
ਸ੍ਰੀ ਹਰਿਮੰਦਰ ਸਾਹਿਬ ਅਕੈਡਮੀ, ਮੇਰੀਲੈਂਡ
ਗੁਰਦੁਆਰਾ ਗੁਰ ਗਿਆਨ ਸਾਗਰ, ਬਰਟਨਜਵਿਲ ਮੇਰੀਲੈਂਡ
ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ, ਸਿਲਵਰ ਸਪਰਿੰਗ ਮੇਰੀਲੈਂਡ
ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ, ਰੈਂਡਲਸਟਾਊਨ ਮੇਰੀਲੈਂਡ
ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਰੌਕਵਿਲ ਮੇਰੀਲੈਂਡ

ਗੁਰਦੁਆਰਾ ਫਿਲਾਡਲਫੀਆ ਸਿੱਖ ਸੁਸਾਇਟੀ, ਅੱਪਰ-ਡਰਬੀ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸੁਸਾਇਟੀ ਹੈਰਿਸਬਰਗ, ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ-ਵੈਲੀ, ਨੈਜ਼ਰਥ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸਾਧ ਸੰਗਤ, ਈਸਟਨ ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੁਸਾਇਟੀ ਅੱਪਰ-ਡਰਬੀ ਪੈਨਸਿਲਵੇਨੀਆਂ

ਗੁਰੂ ਨਾਨਕ ਸਿੱਖ ਸੁਸਾਇਟੀ ਆਫ ਬਲੂ-ਮਾਊਂਟੇਨ, ਪੈਨਸਿਲਵੇਨੀਆਂ
ਸੇਪਾ ਸਿੱਖ ਗੁਰਦੁਆਰਾ, ਪੌਟਸਟਾਊਨ ਪੈਨਸਿਲਵੇਨੀਆਂ
ਗੁਰਦੁਆਰਾ ਆਫ ਲੈਂਕੈਸਟਰ ਕਾਊਂਟੀ, ਪੈਨਸਿਲਵੇਨੀਆਂ
ਟ੍ਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ, ਮੌਨਰੋਵਿਲ ਪੈਨਸਿਲਵੇਨੀਆਂ

ਗੁਰਦੁਆਰਾ ਨਾਨਕ ਦਰਬਾਰ, ਸਾਊਥਿੰਗਟਨ ਕਨੈਕਟੀਕਟ
ਗੁਰਦੁਆਰਾ ਗੁਰੂ ਤੇਗ ਬਹਾਦਰ ਫਾਊਂਡੇਸ਼ਨ, ਨੌਰਵਾਕ ਕਨੈਕਟੀਕਟ
ਗੁਰਦੁਆਰਾ ਸੱਚਖੰਡ ਦਰਬਾਰ, ਹੈਮਡਨ ਕਨੈਕਟੀਕਟ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਦਰਬਾਰ, ਵਿੰਡਸਰ ਕਨੈਕਟੀਕਟ
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਕਨੈਕਟੀਕਟ

ਗੁਰਦੁਆਰਾ ਸਿੱਖ ਸੰਗਤ ਐਵਰੇਟ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਗੁਰੂ ਨਾਨਕ ਦਰਬਾਰ ਮੈਡਫੋਰਡ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਨਿਊ-ਇੰਗਲੈਂਡ ਸਿੱਖ ਸਟੱਡੀ ਸਰਕਲ, ਵੈਸਟਬੋਰੋ ਮੈਸਾਚਿਊਸਟਸ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਗ੍ਰੀਨਵੁੱਡ ਇੰਡਿਆਨਾਂ
ਗੁਰੂਦੁਆਰਾ ਗੁਰ ਨਾਨਕ ਦਰਬਾਰ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਾਵਾਕਾ ਇੰਡਿਆਨਾਂ
ਦਸਮੇਸ਼ ਸਿੱਖ ਗੁਰੂਦੁਆਰਾ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਖਾਲਸਾ ਦਰਬਾਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਸਿੱਖ ਸੈਂਟਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਆਨਾਪੋਲਿਸ ਇੰਡਿਆਨਾਂ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੋਬਿੰਦ ਮਾਰਗ, ਇੰਡਿਆਨਾਂ
ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਦੱਖਣੀ ਮੋੜ ਇੰਡਿਆਨਾਂ

ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂਦੁਆਰਾ ਜੋਤ ਅੰਮ੍ਰਿਤ ਪ੍ਰਕਾਸ਼, ਮੇਕਕਾਰਡਸਵਿਲੇ ਇੰਡਿਆਨਾਂ
ਗੁਰੂ ਗ੍ਰੰਥ ਸਿੱਖ ਸੋਸਾਇਟੀ, ਮੇਕਕਾਰਡਸਵਿਲੇ ਇੰਡਿਆਨਾਂ
ਸਿੱਖ ਰਿਲੀਜੀਅਸ ਸੋਸਾਇਟੀ ਆਫ਼ ਇੰਡੀਆਨਾ, ਕਰਾਊਨ ਪੁਆਇੰਟ ਇੰਡਿਆਨਾਂ
ਗੁਰੂਦੁਆਰਾ ਸਿੱਖ ਸਤਿਸੰਗ, ਇੰਡੀਆਨਾਪੋਲਿਸ ਇੰਡਿਆਨਾਂ
ਗੁਰਦੁਆਰਾ ਗੁਰੂ ਨਾਨਕ ਸੰਗਤ ਸੇਵਾ, ਨਿਊ ਵਾਈਟਲੈਂਡ ਇੰਡਿਆਨਾਂ
ਗੁਰਦੁਆਰਾ ਸਾਹਿਬ ਪ੍ਰੇਮ ਪ੍ਰਕਾਸ਼, ਫਰੈਂਕਲਿਨ ਇੰਡਿਆਨਾਂ

ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ, ਔਹਾਇਓ
ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ, ਔਹਾਇਓ
ਸਿੱਖ ਰਿਲਿਜੀਅਸ ਸੈਂਟਰ, ਡੇਟਨ ਔਹਾਇਓ
ਸਿੱਖ ਸੁਸਾਇਟੀ ਆਫ ਡੇਟਨ, ਔਹਾਇਓ
ਗੁਰੂ ਨਾਨਕ ਰਿਲਿਜੀਅਸ ਸੁਸਾਇਟੀ, ਔਹਾਇਓ
ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ, ਔਹਾਇਓ
ਗੁਰਦੁਆਰਾ ਸਾਹਿਬ ਆਫ ਕੋਲੰਬੀਆ ਔਹਾਇਓ
ਗੁਰੂ ਰਾਮਦਾਸ ਆਸ਼ਰਮ, ਔਹਾਇਓ

ਸਿੱਖ ਟੈਂਪਲ ਆਫ ਵਿਸਕੌਨਸਿਨ, ਓਕ-ਕਰੀਕ ਵਿਸਕੌਨਸਿਨ
ਗੁਰਦੁਆਰਾ ਸਾਹਿਬ ਆਫ ਸ਼ਿਕਾਗੋ, ਇਲਿਨੌਏਅ
ਗੁਰਦੁਆਰਾ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਇਲਿਨੌਏਅ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸ਼ਿਕਾਗੋ, ਪੈਲਾਟਾਈਨ ਇਲਿਨੌਏਅ
ਗੁਰੂਦੁਆਰਾ ਸਿੱਖ ਟੈਂਪਲ, ਸਿਲਵਿਸ ਇਲਿਨੌਏਅ
ਨਾਨਕਸਰ ਗੁਰੂਦੁਆਰਾ ਸਾਹਿਬ, ਰੌਕਫੋਰਡ ਇਲਿਨੌਏਅ
ਗੁਰੂਦੁਆਰਾ ਸਿੱਖ ਸੋਸਾਇਟੀ ਆਫ ਕੈਨਟਕੀ, ਲੁਈਸਵਿਲ ਕੈਨਟਕੀ
ਗੁਰੂਦੁਆਰਾ ਸਿੱਖ ਟੈਂਪਲ ਆਫ ਬਲੂਗ੍ਰਾਸ, ਲੈਕਸਿੰਗਟਨ ਕੈਨਟਕੀ
ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਨਟਨ ਮਿਸ਼ੀਗਨ
ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮਿਸ਼ੀਗਨ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਨਟਨ ਮਿਸ਼ੀਗਨ
ਸਿੱਖ ਟੈਂਪਲ ਡਾਊਨ ਰਿਵਰ, ਬ੍ਰਾਊਨਸਟਾਊਨ ਟਾਊਨਸ਼ਿਪ ਮਿਸ਼ੀਗਨ
ਮਾਤਾ ਤ੍ਰਿਪਤਾ ਜੀ ਗੁਰਦੁਆਰਾ (ਹਿਡਨ ਫਾਲਸ), ਪਲੀਮਥ ਮਿਸ਼ੀਗਨ

ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਰੋਚੈਸਟਰ ਹਿੱਲਜ਼, ਮਿਸ਼ੀਗਨ
ਗੁਰਦੁਆਰਾ ਖਾਲਸਾ ਸਿੱਖ ਸੈਂਟਰ, ਗ੍ਰੈਂਡ ਬਲੈਂਕ ਮਿਸ਼ੀਗਨ
ਗੁਰੂ ਨਾਨਕ ਸਿੱਖ ਸੈਂਟਰ, ਲੈਂਸਿੰਗ ਮਿਸ਼ੀਗਨ
ਸਿੱਖ ਸੋਸਾਇਟੀ ਆਫ ਵੈਸਟ ਮਿਸ਼ੀਗਨ, ਫੋਰੈਸਟ ਹਿਲਸ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ, ਗ੍ਰੈਂਡ ਰੈਪਿਡਜ਼ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ ਆਫ਼ ਕਾਲਮਾਜ਼ੂ, ਮਿਸ਼ੀਗਨ
ਗੁਰਦੁਆਰਾ ਸਿੱਖ ਟੈਂਪਲ, ਬੈਟਲ ਕਰੀਕ ਮਿਸ਼ੀਗਨ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸਾਊਥਵੈਸਟ ਮਿਸ਼ੀਗਨ, ਬੈਂਟਨ ਹਾਰਬਰ ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਨਿਵਾਸ, ਮੁਸਕੇਗਨ ਮਿਸ਼ੀਗਨ
ਗੁਰਦੁਆਰਾ ਮਿਡ-ਮਿਸ਼ੀਗਨ ਸਿੰਘ ਸਭਾ, ਸਾਗਿਨਾਵ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਮਿਸ਼ੀਗਨ, ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਮਿਸ਼ੀਗਨ
ਗੁਰਦੁਆਰਾ ਗੁਰੂ ਰਾਮਦਾਸ ਆਸ਼ਰਮ, ਮਿਸ਼ੀਗਨ

ਅਦਾਰਾ ਟੀਵੀ-84 ਨਿਊਯਾਰਕ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ
ਸਿੱਖ ਯੂਥ ਆਫ ਅਮਰੀਕਾ
ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ, ਨਿਊਯਾਰਕ
ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
ਸਿੱਖਸ ਫਾਰ ਜਸਟਿਸ
ਪੰਥਕ ਸਿੱਖ ਸੋਸਾਇਟੀ
ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
ਸ਼ਹੀਦ ਊਧਮ ਸਿੰਘ ਸੋਸਾਇਟੀ
ਦੋਆਬਾ ਸਿੱਖ ਐਸੋਸੀਏਸ਼ਨ
ਭਾਈ ਲਾਲੋ ਜੀ ਸੋਸਾਇਟੀ
ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਸੋਸਾਇਟੀ
ਧੰਨ ਧੰਨ ਬਾਬਾ ਦੀਪ ਸਿੰਘ ਸਿੱਖ ਸੋਸਾਇਟੀ

## ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ:

**Himmat Singh (NY)**
Coordinator
646-358-7745

**Kewal Singh Sidhu (PA)**
Treasurer
215-264-5037

**Harjinder Singh (NJ)**
Media Spokesman
609-374-7249

**Veer Singh Mangat (CT)**
Member
203-919-3988

**Devinder Singh Deo (VA)**
Member
703-626-2561

**New York:**
Jatinder Singh Boparai
Gurdev Singh Kang
Rajinder Singh
Makhan Singh
Harminder Singh Ahluwalia
Baljinder Singh

**Virginia:**
Balwinder S Chatha
Mehtab S Kahlon
Narinder Singh
Bakhshish Singh
Udham Singh

**Maryland:**
Bakhshish Singh
Shwinder Singh
Harbans Singh
Manvir Singh Baltimore
Sukhdev Singh Chatha

**New Jersey:**
Inderjit Singh
Barjinder Singh Brar
Gurdawar Singh
Kewal Singh
Jasbir Singh
Joga Singh

**Pennsylvania:**
Bhagat Singh
Harcharan Singh
Navtej Singh Teji
Jasvir Singh

**Indiana:**
Santokh Singh
Subash Singh
Jagdish Singh
Japhi Singh

**Massachusetts:**
Karam Singh
Jagjit Singh

**Connecticut:**
Swaranjit Singh
Kuljeet Singh

# ਮੇਰੇ ਦੋਸਤ ਮੋਦੀ ਨੂੰ ਭਾਰਤ 'ਚ ਵੋਟਰ-ਟਰਨਆਊਟ ਲਈ ਦਿੱਤੇ ਗਏ 182 ਕਰੋੜ ਰੁਪਏ : ਟਰੰਪ

## ਕਿਹਾ, ਬੰਗਲਾਦੇਸ਼ ਦੀ ਇਕ ਛੋਟੀ ਫਰਮ ਨੂੰ ਅਮਰੀਕੀ ਸਰਕਾਰ ਤੋਂ ਮਿਲੇ 251 ਕਰੋੜ ਰੁਪਏ

ਵਾਸ਼ਿੰਗਟਨ * ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਕਿਹਾ ਹੈ ਕਿ ਯੂ. ਐਸ. ਏਡ. ਨੇ ਭਾਰਤ 'ਚ ਮਤਦਾਨ ਫੀਸਦੀ ਵਧਾਉਣ (ਵੋਟਰ-ਟਰਨਆਊਟ) ਲਈ 21 ਮਿਲੀਅਨ ਡਾਲਰ (ਲਗਭਗ 182 ਕਰੋੜ ਰੁਪਏ) ਦਿੱਤੇ। ਹਾਲਾਂਕਿ ਉਨ੍ਹਾਂ ਇਸ ਵਾਰ ਕਿਹਾ ਕਿ ਇਹ ਮੇਰੇ ਦੋਸਤ ਪ੍ਰਧਾਨ ਮੰਤਰੀ ਮੋਦੀ ਨੂੰ ਭਾਰਤ 'ਚ ਵੋਟਰ ਟਰਨਆਊਟ ਲਈ ਦਿੱਤੇ ਗਏ। ਪਿਛਲੇ ਕੁਝ ਦਿਨਾਂ ਤੋਂ ਤੀਜੀ ਵਾਰ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਯੂ.ਐਸ. ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ. ਐਸ. ਏਡ) ਨੇ ਇਸ ਪੈਸੇ ਨੂੰ ਜਾਰੀ ਕੀਤਾ। ਉਨ੍ਹਾਂ ਕਿਹਾ ਕਿ 21 ਮਿਲੀਅਨ ਡਾਲਰ ਮੇਰੇ ਦੋਸਤ ਮੋਦੀ ਨੂੰ ਭਾਰਤ 'ਚ ਵੋਟਰ ਟਰਨਆਊਟ ਲਈ ਜਾ ਰਹੇ ਹਨ। ਅਸੀਂ ਭਾਰਤ 'ਚ ਵੋਟਰ ਟਰਨਆਊਟ ਲਈ 21 ਮਿਲੀਅਨ ਡਾਲਰ ਦੇ ਰਹੇ ਹਾਂ, ਪਰ ਸਾਡੇ ਬਾਰੇ ਕੀ? ਮੈਂ ਵੀ ਵੋਟਰ ਟਰਨਆਊਟ ਚਾਹੁੰਦਾ ਹਾਂ। ਉਨ੍ਹਾਂ ਵਿਅੰਗ ਕਰਦਿਆਂ ਇਹ ਵੀ ਕਿਹਾ ਕਿ ਬੰਗਲਾਦੇਸ਼ 'ਚ ਰਾਜਨੀਤਕ ਭੂ-ਦਿ ?ਸ਼ ਨੂੰ ਮਜ਼ਬੂਤ ਕਰਨ ਲਈ 29 ਮਿਲੀਅਨ ਡਾਲਰ (ਲਗਭਗ 251 ਕਰੋੜ ਰੁਪਏ) ਉਸ ਫਰਮ ਨੂੰ ਗਏ, ਜਿਸ ਬਾਰੇ ਕਿਸੇ ਨੇ ਕਦੇ ਸੁਣਿਆ ਵੀ ਨਹੀਂ ਹੋਣਾ। ਕੀ ਤੁਸੀਂ ਸੋਚ ਸਕਦੇ ਹੋ ਕਿ ਇਕ ਛੋਟੀ ਫਰਮ ਨੂੰ ਅਮਰੀਕੀ ਸਰਕਾਰ ਤੋਂ 29 ਮਿਲੀਅਨ ਡਾਲਰ ਦਾ ਚੈੱਕ ਮਿਲਿਆ। ਉਸ ਫਰਮ 'ਚ ਕੇਵਲ ਦੋ ਵਿਅਕਤੀ ਕੰਮ ਕਰ ਰਹੇ ਹਨ, ਉਹ ਬਹੁਤ ਖੁਸ਼ ਹੋਣਗੇ। ਉਹ



ਬਹੁਤ ਅਮੀਰ ਹਨ ਤੇ ਜਲਦ ਹੀ ਇਕ ਬਹੁਤ ਵਧੀਆ ਮੈਗਜ਼ੀਨ ਦੇ ਕਵਰ 'ਤੇ ਹੋਣਗੇ। ਇਸ ਤੋਂ ਪਹਿਲਾਂ ਬੀਤੇ ਦਿਨ ਵੀ ਟਰੰਪ ਨੇ ਭਾਰਤ 'ਚ ਵੋਟਰ ਟਰਨ ਆਊਟ ਲਈ ਦਿੱਤੇ ਜਾਂਦੇ 21 ਮਿਲੀਅਨ ਡਾਲਰ ਦੀ ਯੋਜਨਾ ਨੂੰ ਇਕ ਰਿਸ਼ਵਤ ਯੋਜਨਾ ਕਰਾਰ ਦਿੱਤਾ ਸੀ। ਉਨ੍ਹਾਂ ਦੀਆਂ ਇਹ ਟਿੱਪਣੀਆਂ, ਐਲਨ ਮਸਕ ਦੀ ਅਗਵਾਈ ਵਾਲੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੀਐਂਸੀ (ਡੀ.ਓ.ਜੀ.ਈ.) ਵਲੋਂ ਇਹ ਖੁਲਾਸਾ ਕਰਨ ਕਿ ਭਾਰਤ 'ਚ ਵੋਟਰ ਟਰਨਆਊਟ ਲਈ ਚੋਣ ਕਮਿਸ਼ਨ ਨੂੰ 21 ਮਿਲੀਅਨ ਅਮਰੀਕੀ ਡਾਲਰ ਦੀ ਸਹਾਇਤਾ ਦਿੱਤੀ ਗਈ ਸੀ, ਤੋਂ ਬਾਅਦ ਆਈਆਂ ਹਨ। 16 ਫਰਵਰੀ ਨੂੰ ਡੀ.ਓ.ਜੀ.ਈ. ਨੇ ਕੁਝ ਚੀਜਾਂ ਦੀ ਸੂਚੀ ਦਿੱਤੀ ਸੀ, ਜਿਨ੍ਹਾਂ 'ਤੇ ਅਮਰੀਕੀ ਨਾਗਰਿਕਾਂ ਦੇ ਟੈਕਸ ਦਾ ਪੈਸਾ ਖਰਚਿਆਂ ਜਾ ਰਿਹਾ ਸੀ ਤੇ ਇਨ੍ਹਾਂ 'ਚ ਵੋਟਰ ਟਰਨਆਊਟ ਲਈ ਭਾਰਤ ਨੂੰ ਦਿੱਤੀ ਜਾਂਦੀ 21 ਮਿਲੀਅਨ ਡਾਲਰ ਦੀ ਸਹਾਇਤਾ ਵੀ ਸ਼ਾਮਿਲ ਹੈ। ਡੀ.ਓ.ਜੀ.ਈ. ਨੇ ਦੱਸਿਆ ਕਿ ਹੁਣ ਇਹ ਚੀਜ਼ਾਂ ਰੱਦ ਕਰ ਦਿੱਤੀਆਂ ਗਈਆਂ ਹਨ।

# ਟਰੰਪ ਪ੍ਰਸ਼ਾਸਨ ਨੇ ਯੂਐੱਸਏਡ ਦੇ 1600 ਮੁਲਾਜ਼ਮ ਨੌਕਰੀ ਤੋਂ ਕੱਢੇ

## ਦੁਨੀਆ ਭਰ ਵਿਚਲੇ ਬਾਕੀ ਮੁਲਾਜ਼ਮਾਂ ਨੂੰ ਛੁੱਟੀ 'ਤੇ ਭੇਜਿਆ

ਵਾਸ਼ਿੰਗਟਨ : ਟਰੰਪ ਪ੍ਰਸ਼ਾਸਨ ਨੇ ਅਮਰੀਕੀ ਕੌਮਾਂਤਰੀ ਵਿਕਾਸ ਏਜੰਸੀ (ਯੂਐੱਸਏਡ) ਦੇ 1,600 ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਹੈ। ਪ੍ਰਸ਼ਾਸਨ ਨੇ ਕਿਹਾ ਕਿ ਉਸ ਨੇ ਦੁਨੀਆ ਭਰ 'ਚ ਯੂਐੱਸਏਡ ਦੇ ਕੁਝ ਮੁਲਾਜ਼ਮਾਂ ਨੂੰ ਛੱਡ ਕੇ ਬਾਕੀ ਨੂੰ ਛੁੱਟੀ 'ਤੇ ਭੇਜ ਦਿੱਤਾ ਹੈ। ਇਹ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਲਾਗਤ 'ਚ ਕਟੌਤੀ ਵਿਭਾਗ ਦੇ ਉਨ੍ਹਾਂ ਦੇ ਸਹਿਯੋਗੀ ਐਲਨ ਮਸਕ ਵੱਲੋਂ ਸੰਘੀ ਸਰਕਾਰ ਦੇ ਆਕਾਰ ਨੂੰ ਘੱਟ ਕਰਨ ਦੀ ਦਿਸ਼ਾ ਵੱਲ ਚੁੱਕਿਆ ਗਿਆ ਤਾਜ਼ਾ ਅਤੇ ਸਭ ਤੋਂ ਵੱਡਾ ਕਦਮ ਹੈ। ਦਰਅਸਲ ਸ਼ੁੱਕਰਵਾਰ ਨੂੰ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਅਮਰੀਕਾ ਅਤੇ ਦੁਨੀਆ ਭਰ 'ਚ ਹਜ਼ਾਰਾਂ ਯੂਐੱਸਏਡ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਉਣ ਦੀ ਉਨ੍ਹਾਂ ਦੀ ਯੋਜਨਾ 'ਤੇ ਮੋਹਰ ਲਗਾ ਦਿੱਤੀ ਸੀ, ਜਿਸ ਮਗਰੋਂ ਇਹ ਕਦਮ ਚੁੱਕਿਆ ਗਿਆ ਹੈ। ਅਮਰੀਕੀ ਜ਼ਿਲ੍ਹਾ ਜੱਜ ਕਾਰਲ ਨਿਕੋਲਸ ਨੇ ਮੁਲਾਜ਼ਮਾਂ ਦੀ ਉਸ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ, ਜਿਸ 'ਚ ਉਨ੍ਹਾਂ ਸਰਕਾਰ ਦੀ ਯੋਜਨਾ 'ਤੇ ਆਰਜ਼ੀ ਤੌਰ 'ਤੇ ਰੋਕ ਲਗਾਉਣ ਦੀ ਅਪੀਲ ਕੀਤੀ ਸੀ। ਟਰੰਪ ਪ੍ਰਸ਼ਾਸਨ ਵੱਲੋਂ ਯੂਐੱਸਏਡ ਮੁਲਾਜ਼ਮਾਂ ਨੂੰ ਬੀਤੀ ਰਾਤ ਕਰੀਬ 12 ਵਜੇ ਸੁਨੇਹਾ ਭੇਜਿਆ ਗਿਆ ਕਿ ਉਨ੍ਹਾਂ ਨੂੰ ਛੁੱਟੀ 'ਤੇ ਭੇਜਿਆ ਜਾ ਰਿਹਾ ਹੈ। ਨੋਟਿਸ 'ਚ ਕਿਹਾ ਗਿਆ ਕਿ ਮੁਲਾਜ਼ਮਾਂ ਦੀ ਗਿਣਤੀ 'ਚ ਕਟੌਤੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਨਾਲ ਅਮਰੀਕਾ 'ਚ 2 ਹਜ਼ਾਰ ਨੌਕਰੀਆਂ ਖ਼ਤਮ ਹੋ ਜਾਣਗੀਆਂ। ਬਾਅਦ 'ਚ ਯੂਐੱਸਏਡ ਦੀ ਵੈੱਬਸਾਈਟ 'ਤੇ ਪੋਸਟ ਕੀਤੇ ਗਏ ਨੋਟਿਸ 'ਚ ਖ਼ਤਮ ਕੀਤੇ ਗਏ ਅਹੁਦਿਆਂ ਦੀ ਗਿਣਤੀ ਘੱਟ ਕਰਕੇ 1,600 ਦੱਸੀ ਗਈ। ਪ੍ਰਸ਼ਾਸਨ ਨੇ ਇਸ ਸਬੰਧ 'ਚ ਕੋਈ ਸਪੱਸ਼ਟੀਕਰਨ ਜਾਰੀ ਨਹੀਂ ਕੀਤਾ ਹੈ। ਯੂਐੱਸਏਡ ਦੇ ਡਿਪਟੀ ਪ੍ਰਸ਼ਾਸਕ ਪੀਟ ਮਾਰਕੋ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਯੋਜਨਾ ਕਰੀਬ 600 ਮੁਲਾਜ਼ਮਾਂ ਨੂੰ ਨੌਕਰੀ 'ਤੇ ਰੱਖਣ ਦੀ ਹੈ, ਜਿਨ੍ਹਾਂ 'ਚੋਂ ਜ਼ਿਆਦਾਤਰ ਅਮਰੀਕਾ 'ਚ ਰਹਿੰਦੇ ਹਨ।

# ਭ੍ਰਿਸ਼ਟਾਚਾਰ ਨੂੰ ਖ਼ਤਮ ਕਰਕੇ ਲੋਕਾਂ ਦਾ ਰਾਜ ਬਹਾਲ ਕਰ ਰਹੇ ਹਾਂ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਵਿਦੇਸ਼ੀ ਨਾਗਰਿਕਾਂ ਨੂੰ ਵਾਪਸ ਭੇਜਣ 'ਤੇ ਵੱਡਾ ਬਿਆਨ ਦਿੱਤਾ ਹੈ। ਆਪਣੇ ਫੈਸਲੇ ਨੂੰ ਜਾਇਜ਼ ਠਹਿਰਾਉਂਦੇ ਹੋਏ, ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਧੋਖੇਬਾਜ਼ਾਂ, ਠੱਗਾਂ ਅਤੇ 'ਡੀਪ ਸਟੇਟ' ਨੌਕਰਸ਼ਾਹਾਂ (ਬਾਹਰੀ ਤਾਕਤਾਂ ਜੋ ਸਰਕਾਰੀ ਫੈਸਲਿਆਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ) ਨੂੰ ਘਰ ਭੇਜ ਰਿਹਾ ਹੈ। ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਸਮੂਹਿਕ ਘਰ ਵਾਪਸੀ ਨੂੰ ਆਪਣੀ ਮੁੱਖ ਨੀਤੀ ਬਣਾਇਆ ਹੈ। ਵਾਸ਼ਿੰਗਟਨ ਦੇ ਬਾਹਰ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਧੋਖੇਬਾਜ਼, ਝੂਠੇ, ਬੇਈਮਾਨ ਲੋਕ, ਗਲੋਬਲਿਸਟ ਤੇ ਡੀਪ ਸਟੇਟ ਨੌਕਰਸ਼ਾਹਾਂ ਨੂੰ ਬਾਹਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਭ੍ਰਿ ?ਸ਼ਟਾਚਾਰ ਨੂੰ ਖ਼ਤਮ ਕਰ ਰਹੇ ਹਾਂ ਅਤੇ ਲੋਕਾਂ ਦਾ ਰਾਜ ਬਹਾਲ ਕਰ ਰਹੇ ਹਾਂ। ਟਰੰਪ ਨੇ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੇ ਕੁਝ ਹਿੱਸਿਆਂ 'ਚ ਸੁਧਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਵੱਡੇ ਪੱਧਰ 'ਤੇ ਵਿਦੇਸ਼ੀ ਨਾਗਰੀਕਾਂ ਦੀ ਵਾਪਸੀ ਅਤੇ ਗ੍ਰਿਫਤਾਰੀਆਂ ਦਾ ਵਾਅਦਾ ਕੀਤਾ ਹੈ।

# ਯੂਕਰੇਨ 'ਚ ਜੰਗ ਖਤਮ ਕਰਨਾ ਰੂਸ ਦੇ ਫਾਇਦੇ ਵਿੱਚ ਹੈ: ਟਰੰਪ


## ਮੈਕਰੋਨ ਨਾਲ ਮੁਲਾਕਾਤ ਤੋਂ ਬਾਅਦ ਸੰਯੁਕਤ ਨਿਊਜ਼ ਕਾਨਫਰੰਸ ਵਿਚ ਕੀਤਾ ਸੰਬੋਧਨ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਯੂਕਰੇਨ ਵਿਰੁੱਧ ਜੰਗ ਨੂੰ ਖਤਮ ਕਰਨ ਅਤੇ ਸਮਝੌਤਾ ਕਰਨਾ ਰੂਸ ਦੇ ਫਾਇਦੇ ਵਿਚ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਕ ਸਮਝੌਤਾ ਕਰਨਾ ਚਾਹੁੰਦੇ ਹਨ। ਉਨ੍ਹਾਂ ਸੰਯੁਕਤ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਫਰਾਂਸ ਦੇ ਇਮੈਨੁਅਲ ਮੈਕਰੋਨ ਨੇ ਜੰਗ ਨੂੰ ਖਤਮ ਕਰਨ ਲਈ ਕਿਸੇ ਵੀ ਗੱਲਬਾਤ ਸਮਝੌਤੇ ਵਿੱਚ ਸੁਰੱਖਿਆ ਗਾਰੰਟੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਦੋਵੇਂ ਆਗੂ 2022 ਵਿਚ ਸ਼ੁਰੂ ਹੋਈ ਯੂਕਰੇਨ 'ਤੇ ਰੂਸੀ ਹਮਲੇ ਦੀ ਤੀਜੀ ਵਰ੍ਹੇਗੰਢ 'ਤੇ ਵ੍ਹਾਈਟ ਹਾਊਸ ਵਿਚ ਮਿਲੇ ਸਨ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਆਪਣਾ ਦੂਜਾ ਕਾਰਜਕਾਲ ਸ਼ੁਰੂ ਕਰਨ ਤੋਂ ਬਾਅਦ ਉਨ੍ਹਾਂ ਨੇ ਪਹਿਲੀਆਂ ਫ਼ੋਨ ਕਾਲਾਂ ਵਿੱਚੋਂ ਇੱਕ ਰਾਸ਼ਟਰਪਤੀ ਪੁਤਿਨ ਨੂੰ ਕੀਤੀ ਸੀ, ਜਿਸਦੇ ਵਜੋਂ ਉਹ ਵਿਸ਼ਵਾਸ ਕਰਦੇ ਹਨ ਕਿ ਇੱਕ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਦੁਹਰਾਇਆ ਕਿ ਸਮਝੌਤਾ ਕਰਨ ਅਤੇ (ਰਾਸ਼ਟਰਪਤੀ ਪੁਤਿਨ ਲਈ) ਰੂਸ ਦੀ ਅਗਵਾਈ ਕਰਨ ਲਈ ਇੱਕ ਬਹੁਤ ਹੀ ਸਕਾਰਾਤਮਕ ਤਰੀਕੇ ਨਾਲ ਅੱਗੇ ਵਧਣਾ ਰੂਸ ਦੇ ਫਾਇਦੇ ਵਿਚ ਹੈ। ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਉਹ ਯੂਕਰੇਨ ਨਾਲ ਇਕ ਸਮਝੌਤੇ 'ਤੇ ਦਸਤਖਤ ਕਰਨ ਦੀ ਉਮੀਦ ਕਰ ਰਹੇ ਹਨ ਜੋ ਅਰਬਾਂ ਡਾਲਰ ਦੀ ਸੁਰੱਖਿਆ ਸਹਾਇਤਾ ਦੇ ਬਦਲੇ ਅਮਰੀਕਾ ਨੂੰ ਧਰਤੀ ਦੇ ਖਣਿਜਾਂ ਦਾ ਅਧਿਕਾਰ ਦੇਵੇਗਾ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਸ਼ਾਂਤੀ ਲਿਆਉਣ ਲਈ ਇਹ ਬਹੁਤ ਮਹੱਤਵਪੂਰਨ ਹੈ, ਪਰ ਮੇਰਾ ਮਜ਼ਬੂਤ ਨੁਕਤਾ ਇਹ ਕਹਿਣਾ ਸੀ ਕਿ ਆਓ ਪਹਿਲਾਂ ਕੁਝ ਹਾਸਲ ਕਰਨ ਦੀ ਕੋਸ਼ਿਸ਼ ਕਰੀਏ। ਜਿਸ ਬਾਰੇ ਮੁਲਾਂਕਣ, ਜਾਂਚ ਅਤੇ ਤਸਦੀਕ ਕੀਤੀ ਜਾ ਸਕੇ ਹੈ। ਉਨ੍ਹਾਂ ਅੱਗੇ ਕਿਹਾ, "ਮੇਰੇ ਬਹੁਤ ਸਾਰੇ ਯੂਰਪੀਅਨ ਸਹਿਯੋਗੀ ਮਿਲਣ ਲਈ ਤਿਆਰ ਹਨ ਪਰ ਸਾਨੂੰ ਅਮਰੀਕੀ ਸਹਿਯੋਗ (ਬੈਕਅੱਪ) ਦੀ ਲੋੜ ਹੈ ਕਿਉਂਕਿ ਇਹ ਸੁਰੱਖਿਆ ਗਾਰੰਟੀ ਦੀ ਭਰੋਸੇਯੋਗਤਾ ਦਾ ਹਿੱਸਾ ਹੈ ਅਤੇ ਇਹ ਸਾਡੀ ਸਮੂਹਿਕ ਰੋਕਥਾਮ ਸਮਰੱਥਾ ਹੈ।"

# ਅਮਰੀਕੀ ਅਦਾਲਤ ਨੇ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਗੁਰਦੁਆਰਿਆਂ ਦੀ ਤਲਾਸ਼ੀ ਲੈਣ 'ਤੇ ਲਾਈ ਪਾਬੰਦੀ

## ਗੈਰਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਟਰੰਪ ਪ੍ਰਸ਼ਾਸਨ ਨੇ ਦਿੱਤੇ ਸੀ ਧਾਰਮਿਕ ਅਸਥਾਨਾਂ ਦੀ ਤਲਾਸ਼ੀ ਲੈਣ ਦੇ ਹੁਕਮ

ਸੈਕਰਾਮੈਂਟੋ : ਅਮਰੀਕਾ 'ਚ ਧਾਰਮਿਕ ਅਸਥਾਨਾਂ 'ਚ ਫੜ ਕੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁਹਿੰਮ 'ਤੇ ਅਦਾਲਤ ਨੇ ਆਰਜ਼ੀ ਰੋਕ ਲਗਾ ਦਿੱਤੀ ਹੈ। ਸੈਕਰਾਮੈਂਟੋ ਸਥਿਤ ਇਕ ਗੁਰਦਆਰਾ, ਜੋ ਲਗਭਗ 30,000 ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ, ਨੇ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਧਾਰਮਿਕ ਅਸਥਾਨਾਂ 'ਤੇ ਭੇਜਣ ਦੀ ਟਰੰਪ ਪ੍ਰਸ਼ਾਸਨ ਦੀ ਯੋਜਨਾ ਨੂੰ ਚੁਣੌਤੀ ਦੇਣ ਲਈ ਬੇਏਰੀਆ ਬੈਪਟਿਸਟ ਗਿਰਜਾਘਰਾਂ ਨਾਲ ਮਿਲ ਕੇ ਕੰਮ ਕੀਤਾ ਸੀ। ਇਸ ਗਠਜੋੜ ਨੇ ਸਫ਼ਲਤਾਪੂਰਵਕ ਅਦਾਲਤ ਤੋਂ ਇਕ ਮੁਢਲਾ ਹੁਕਮ ਪ੍ਰਾਪਤ ਕੀਤਾ, ਜਿਸ ਨਾਲ ਪ੍ਰਸ਼ਾਸਨ ਨੂੰ ਮੁਕੱਦਮੇਦਾਰਾਂ ਦੀ



ਮਲਕੀਅਤ ਵਾਲੇ ਜਾਂ ਵਰਤੇ ਜਾਂਦੇ ਪੂਜਾ ਸਥਾਨਾਂ 'ਚ ਇਮੀਗ੍ਰੇਸ਼ਨ ਲਾਗੂ ਕਰਨ ਦੀਆਂ ਗਤੀਵਿਧੀਆਂ ਕਰਨ ਤੋਂ ਰੋਕਿਆ ਗਿਆ। 'ਸਿੱਖ ਟੈਂਪਲ ਆਫ਼ ਸੈਕਰਾਮੈਂਟੋ' ਦੇ ਬੋਰਡ ਮੈਂਬਰ ਅਮਰ ਸ਼ੇਰਗਿੱਲ ਨੇ ਇਸ ਨੂੰ ਧਾਰਮਿਕ ਅਜ਼ਾਦੀ ਦੀ ਰਾਖੀ ਲਈ ਇਕ ਮਹੱਤਵਪੂਰਨ ਪਹਿਲਾ ਕਦਮ ਦੱਸਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਵਿਅਕਤੀਗਤ ਅਧਿਕਾਰੀਆਂ ਦੀ ਮਰਜ਼ੀ ਨਾਲ ਵਾਰੰਟ ਰਹਿਤ ਤਲਾਸ਼ੀ ਅਤੇ ਜ਼ਬਰਦਸਤੀ 'ਚ ਸ਼ਾਮਲ ਨਹੀਂ ਹੋ ਸਕਦੀ। ਟਰੰਪ ਪ੍ਰਸ਼ਾਸਨ ਦੀ ਨੀਤੀ ਵਿਚ ਤਬਦੀਲੀ, ਜਿਸ ਨੇ ਧਾਰਮਿਕ ਸਥਾਨਾਂ ਲਈ ਬਾਈਡਨ ਦੇ ਸਮੇਂ ਦੀ ਸੁਰੱਖਿਆ ਨੂੰ ਰੱਦ ਕਰ ਦਿੱਤਾ ਸੀ, ਨੇ ਸਿੱਖਾਂ ਅਤੇ ਹੋਰ ਧਾਰਮਿਕ ਭਾਈਚਾਰਿਆਂ ਵਿਚ ਚਿੰਤਾ ਪੈਦਾ ਕਰ ਦੱਤੀ ਸੀ। ਗੁਰਦੁਆਰਾ ਇਸ ਮੁਕੱਦਮੇ ਵਿਚ ਸ਼ਾਮਲ ਹੋਇਆ ਕਿਉਂਕਿ ਗੁਰਦੁਆਰੇ ਆਉਣ ਵਾਲੇ ਗੈਰ ਦਸਤਾਵੇਜ਼ੀ ਸ਼ਰਧਾਲੂਆਂ ਨੂੰ ਫੜੇ ਜਾਣ ਦੀ ਚਿੰਤਾ ਹੋ ਗਈ ਸੀ ਅਤੇ ਉਨ੍ਹਾਂ ਨੇ ਸੋਚਿਆ ਕਿ ਇਸ ਨਾਲ ਉਹ ਗੁਰਦੁਆਰੇ ਆਉਣਾ ਬੰਦ ਕਰ ਸਕਦੇ ਹਨ।

# ਯੂਕਰੇਨ 'ਤੇ ਹਮਲੇ ਲਈ ਰੂਸ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਅਮਰੀਕਾ ਦਾ ਇਨਕਾਰ

## ਸੰਯੁਕਤ ਰਾਸ਼ਟਰ ਵਿੱਚ ਯੂਰਪੀ ਸਹਿਯੋਗੀ ਦੇਸ਼ਾਂ ਤੋਂ ਵੱਖਰਾ ਰੁਖ਼ ਅਪਣਾਇਆ


ਸੰਯੁਕਤ ਰਾਸ਼ਟਰ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਵਿੱਚ ਅੰਤਰ-ਅਟਲਾਂਟਿਕ ਸਬੰਧਾਂ ਵਿੱਚ ਨਾਟਕੀ ਮੋੜ ਆ ਗਿਆ ਹੈ। ਅਮਰੀਕਾ ਨੇ ਯੂਕਰੇਨ ਜੰਗ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੇ ਸੰਯੁਕਤ ਰਾਸ਼ਟਰ ਦੇ ਤਿੰਨ ਮਤਿਆਂ 'ਤੇ ਸੋਮਵਾਰ ਨੂੰ ਵੋਟਿੰਗ ਵਿੱਚ ਯੂਕਰੇਨ 'ਤੇ ਹਮਲੇ ਸਬੰਧੀ ਰੂਸ ਨੂੰ ਦੋਸ਼ੀ ਠਹਿਰਾਉਣ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਨੇ ਇਸ ਮਾਮਲੇ 'ਤੇ ਆਪਣੇ ਯੂਰਪੀ ਸਹਿਯੋਗੀਆਂ ਨਾਲੋਂ ਵੱਖਰਾ ਰੁਖ਼ ਅਪਣਾਇਆ। ਯੂਕਰੇਨ ਵਿੱਚ ਤਿੰਨ ਸਾਲ ਤੋਂ ਜਾਰੀ ਜੰਗ ਨੂੰ ਖਤਮ ਕਰਨ ਦੀ ਮੰਗ ਕਰਦਿਆਂ ਸੰਯੁਕਤ ਰਾਸ਼ਟਰ ਵਿੱਚ ਇਹ ਮਤੇ ਪੇਸ਼ ਕੀਤੇ ਗਏ ਸਨ। ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਅਮਰੀਕਾ ਤੇ ਰੂਸ ਨੇ ਯੂਰਪ ਦੇ ਸਮਰਥਨ ਵਾਲੇ ਯੂਕਰੇਨ ਦੇ ਮਤੇ ਖ਼ਿਲਾਫ਼ ਵੋਟ ਪਾਈ। ਇਸ ਮਤੇ ਵਿੱਚ ਰੂਸੀ ਹਮਲੇ ਦੀ



ਨਿੰਦਾ ਕੀਤੀ ਗਈ ਹੈ ਅਤੇ ਰੂਸੀ ਫੌਜਾਂ ਦੀ ਫੌਰੀ ਵਾਪਸੀ ਦੀ ਮੰਗ ਕੀਤੀ ਗਈ ਹੈ। ਇਹ ਵੋਟਿੰਗ ਉਸ ਸਮੇਂ ਹੋਈ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਵਾਸ਼ਿੰਗਟਨ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੀ ਮੇਜ਼ਬਾਨੀ ਕਰ ਰਹੇ ਸਨ। ਇਸ ਤੋਂ ਬਾਅਦ ਅਮਰੀਕਾ ਨੇ 193 ਮੈਂਬਰੀ ਵਿਸ਼ਵ ਸੰਸਥਾ ਦੀ ਸ਼ਕਤੀਸ਼ਾਲੀ ਸਲਾਮਤੀ ਕੌਂਸਲ ਵਿੱਚ ਆਪਣੇ ਮੂਲ ਖਰੜੇ 'ਤੇ ਵੋਟ ਪਾਉਣ ਲਈ ਦਬਾਅ ਪਾਇਆ। ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਪੱਕੇ ਮੈਂਬਰ ਦੇਸ਼ਾਂ ਅਮਰੀਕਾ, ਰੂਸ, ਚੀਨ, ਬਰਤਾਨੀਆ ਅਤੇ ਫਰਾਂਸ ਕੋਲ ਵੀਟੋ ਹੈ। 15 ਮੈਂਬਰੀ ਕੌਂਸਲ ਵਿੱਚ 10 ਵੋਟਾਂ ਪਈਆਂ, ਜਦੋਂਕਿ ਪੰਜ ਦੇਸ਼ਾਂ ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ। ਇਹ ਸਾਰੇ ਯੂਰਪੀ ਦੇਸ਼ ਸਨ। ਅਮਰੀਕਾ ਦਾ ਰਾਸ਼ਟਰਪਤੀ ਬਣਨ ਮਗਰੋਂ ਟਰੰਪ ਨੇ ਲੜਾਈ ਦੇ ਜਲਦੀ ਤੋਂ ਜਲਦੀ ਹੱਲ ਲਈ ਰੂਸ ਨਾਲ ਅਚਾਨਕ ਗੱਲਬਾਤ ਸ਼ੁਰੂ ਕਰ ਦਿੱਤੀ। ਇਸ ਕਾਰਨ ਯੂਕਰੇਨ ਨਾਲ ਅਮਰੀਕਾ ਦੇ ਰਿਸ਼ਤੇ ਵਿੱਚ ਕੁੜੱਤਣ ਆਈ ਹੈ। ਯੂਰਪੀ ਆਗੂ ਇਸ ਇਸ ਗੱਲ ਤੋਂ ਨਾਰਾਜ਼ ਹਨ ਕਿ ਪਿਛਲੇ ਹਫ਼ਤੇ ਉਨ੍ਹਾਂ ਨੂੰ ਅਤੇ ਯੂਕਰੇਨ ਨੂੰ ਰੂਸ ਨਾਲ ਸ਼ੁਰੂਆਤੀ ਗੱਲਬਾਤ ਤੋਂ ਬਾਹਰ ਰੱਖਿਆ ਗਿਆ।

# ਅਮਰੀਕਾ-ਯੂਕ੍ਰੇਨ ਡੀਲ ਫੇਲ ਕਰਨ ਲਈ ਪੁਤਿਨ ਨੇ ਖੇਡਿਆ ਦਾਅ

ਮਾਸਕੋ : ਰੂਸੀ ਰਾਸ਼ਟਰਪਤੀ ਪੁਤਿਨ ਨੇ ਇਕ ਵੱਡੀ ਪੇਸ਼ਕਸ਼ ਕੀਤੀ ਹੈ ਕਿ ਉਹ ਰੂਸ ਦੇ ਦੁਰਲੱਭ ਖਣਿਜ ਅਮਰੀਕੀ ਕੰਪਨੀਆਂ ਨੂੰ ਵੇਚਣ ਲਈ ਤਿਆਰ ਹਨ। ਇੰਨਾ ਹੀ ਨਹੀਂ ਉਹ ਯੂਕ੍ਰੇਨ ਦੇ ਕਬਜ਼ੇ ਵਾਲੇ ਹਿੱਸੇ ਦੇ ਦੁਰਲੱਭ ਖਣਿਜ ਵੀ ਅਮਰੀਕਾ ਨੂੰ ਵੀ ਵੇਚ ਸਕਦੇ ਹਨ। ਪੁਤਿਨ ਦਾ ਇਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੰਦੇਸ਼ ਹੈ, ਜੋ ਇਸ ਸਮੇਂ ਯੂਕ੍ਰੇਨ ਨਾਲ ਦੁਰਲੱਭ ਖਣਿਜ ਦੀ ਡੀਲ ਦਾ ਖਰੜਾ ਤਿਆਰ ਕਰਵਾ ਰਹੇ ਹਨ। ਰਹੇ ਹਨ। ਇਸ ਡੀਲ ਬਦਲੇ ਅਮਰੀਕਾ ਨੇ ਯੂਕ੍ਰੇਨ ਨੂੰ 100 ਬਿਲੀਅਨ ਡਾਲਰ ਦੀ ਫੌਜੀ ਸਹਾਇਤਾ ਦੇਣ ਦੀ ਗੱਲ ਕੀਤੀ ਹੈ। ਪੁਤਿਨ ਨੇ ਸੋਮਵਾਰ ਨੂੰ ਕਿਹਾ ਕਿ ਅਸੀਂ ਆਪਣੇ ਸਾਰੇ ਸਹਿਯੋਗੀਆਂ ਨਾਲ ਕੰਮ



ਕਰਨ ਲਈ ਤਿਆਰ ਹਾਂ। ਇਨ੍ਹਾਂ 'ਚ ਅਮਰੀਕਾ ਵੀ ਸ਼ਾਮਲ ਹੈ। ਰੂਸ ਹੁਣ ਅਮਰੀਕਾ ਨੂੰ ਐਲੂਮੀਨੀਅਮ ਦੀ ਵਿਕਰੀ ਮੁੜ ਬਹਾਲ ਕਰ ਸਕਦਾ ਹੈ। ਮੈਂ ਬਿਨਾਂ ਸ਼ੱਕ ਕਹਿ ਸਕਦਾ ਹਾਂ ਕਿ ਸਾਡੇ ਕੋਲ ਯੂਕ੍ਰੇਨ ਨਾਲੋਂ ਜ਼ਿਆਦਾ ਅਜਿਹੇ ਸ੍ਰੋਤ (ਦੁਰਲੱਭ ਖਣਿਜ) ਹਨ, ਜਿਨ੍ਹਾਂ ਦੀ ਦੁਨੀਆ ਨੂੰ ਲੋੜ ਹੈ।

# ਕਾਸ਼ ਪਟੇਲ ਨੇ ਐੱਫਬੀਆਈ ਡਾਇਰੈਕਟਰ ਵਜੋਂ ਲਿਆ ਹਲ.ਫ

## ਰਿਸ਼ਤੇਦਾਰਾਂ ਤੇ ਸਕੇ ਸਬੰਧੀਆਂ ਦੀ ਮੌਜੂਦਗੀ 'ਚ ਭਗਵਦ ਗੀਤਾ 'ਤੇ ਹੱਥ ਰੱਖ ਕੇ ਸਹੁੰ ਚੁੱਕੀ





ਡੋਨਾਲਡ ਟਰੰਪ ਨੇ ਐਫਬੀਆਈ ਦੇ ਨੌਵੇਂ ਡਾਇਰੈਕਟਰ ਵਜੋਂ ਕਾਸ਼ ਪਟੇਲ ਦੀ ਪੁਸ਼ਟੀ ਕਰਨ ਲਈ ਕਮਿਸ਼ਨ 'ਤੇ ਦਸਤਖਤ ਕੀਤੇ



ਵਾਸ਼ਿੰਗਟਨ, ਡੀ.ਸੀ. ਵਿੱਚ ਸ਼ੁੱਕਰਵਾਰ ਨੂੰ ਵਾਈਟ ਹਾਊਸ ਵਿੱਚ ਐਫਬੀਆਈ ਦੇ ਨਵੇਂ ਡਾਇਰੈਕਟਰ ਕਸ਼ ਪਟੇਲ ਦੇ ਪਰਿਵਾਰ ਨੂੰ ਸਹੁੰ ਚੁਕਾਈ ਗਈ।

ਵਾਸ਼ਿੰਗਟਨ : ਕਾਸ਼ ਪਟੇਲ ਨੇ ਐਫ.ਬੀ.ਆਈ. ਦੇ ਡਾਇਰੈਕਟਰ ਵਜੋਂ ਸਹੁੰ ਚੁੱਕੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਬ-ਉੱਚ ਕੇਂਦਰੀ ਜਾਂਚ ਏਜੰਸੀ ਦੀ ਅਗਵਾਈ ਕਰਨ ਦਾ ਮੌਕਾ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਮਹਾਨ ਸਨਮਾਨ ਹੈ। ਇਸ ਮੌਕੇ ਪਟੇਲ ਦੀ ਭੈਣ ਨਿਸ਼ਾ ਪਟੇਲ, ਮਹਿਲਾ ਮਿੱਤਰ ਅਲੈਕਸਿਸ ਵਿਲਕਿਨਸ ਤੇ ਹੋਰ ਸਕੇ ਸਬੰਧੀ ਮੌਜੂਦ ਸਨ। ਪਟੇਲ ਨੇ ਭਾਗਵਦ ਗੀਤਾ 'ਤੇ ਹੱਥ ਰੱਖ ਕੇ ਹਲਫ਼ ਲਿਆ। ਵਾਈਟ ਹਾਊਸ 'ਚ ਰੱਖੇ ਸਮਾਗਮ ਦੌਰਾਨ ਅਟਾਰਨੀ ਜਨਰਲ ਪੈਮ ਬੌਂਦੀ ਨੇ ਪਟੇਲ ਨੂੰ ਸਹੁੰ ਚੁਕਾਈ। ਪਟੇਲ ਨੇ ਇਸ ਨੂੰ ਵੱਡਾ ਸਨਮਾਨ ਕਰਾਰ ਦਿੱਤਾ। ਨਿਊਯਾਰਕ 'ਚ ਜਨਮੇ ਕਾਸ਼ ਪਟੇਲ ਦਾ ਪੂਰਾ ਨਾਮ ਕਸ਼ਯਪ ਪ੍ਰਮੋਦ ਵਿਨੋਦ ਪਟੇਲ (44) ਹੈ ਤੇ ਉਹ ਐੱਫ.ਬੀ.ਆਈ. ਦੇ 9ਵੇਂ ਡਾਇਰੈਕਟਰ ਬਣੇ ਹਨ। ਉਹ ਭਾਰਤੀ ਤੇ ਏਸ਼ੀਆਈ ਮੂਲ ਦੇ ਪਹਿਲੇ ਵਿਅਕਤੀ ਹਨ, ਜੋ ਇਸ ਅਹੁਦੇ 'ਤੇ ਬਿਰਾਜਮਾਨ ਹੋਏ ਹਨ। ਪਟੇਲ ਦੇ ਮਾਤਾ-ਪਿਤਾ ਗੁਜਰਾਤ ਦੇ ਅਨੰਦ ਜ਼ਿਲ੍ਹੇ ਦੇ ਪਿੰਡ ਭਦਰਾਨ ਤੋਂ ਹਨ, ਪਰ ਨਸਲੀ ਦਮਨ ਤੋਂ ਬਚਣ ਲਈ ਉਹ 70-80 ਸਾਲ ਪਹਿਲਾਂ ਯੁਗਾਂਡਾ ਤੋਂ ਭੱਜ ਕੇ ਪਹਿਲਾਂ ਕੈਨੇਡਾ ਤੇ ਫਿਰ ਅਮਰੀਕਾ ਆਏ ਸਨ। ਪਟੇਲ ਨਿਊਯਾਰਕ 'ਚ ਵੱਡਾ ਹੋਇਆ ਤੇ ਕਾਨੂੰਨ ਦੀ ਪੜ੍ਹਾਈ ਕੀਤੀ। ਪਟੇਲ ਨੇ ਆਪਣੇ ਕਰੀਅਰ 'ਚ ਵੱਡੀ ਪੁਲਾਂਘ ਉਦੋਂ ਪੁੱਟੀ ਜਦੋਂ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਪੈਂਟਾਗਨ 'ਚ ਚੀਫ਼ ਆਫ਼ ਸਟਾਫ਼ ਤੇ ਨੈਸ਼ਨਲ ਇੰਟੈਲੀਜੈਂਸ ਦੇ ਡਿਪਟੀ ਡਾਇਰੈਕਟਰ ਬਣੇ। ਉਂਝ ਪਟੇਲ ਵਲੋਂ ਹਲਫ਼ ਲੈਣ ਤੋਂ ਕੁਝ ਮਿੰਟ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਟੇਲ ਦੀ ਇਹ ਕਹਿੰਦਿਆਂ ਪ੍ਰਸ਼ੰਸਾ ਕੀਤੀ ਕਿ ਪਟੇਲ 'ਸ਼ਾਇਦ ਹੁਣ ਤੱਕ ਦੇ ਸਭ ਤੋਂ ਵਧੀਆ' ਐੱਫ. ਬੀ. ਆਈ. ਡਾਇਰੈਕਟਰ ਵਜੋਂ ਯਾਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਏਜੰਟ ਇਸ ਨੂੰ ਪਸੰਦ ਕਰਨਗੇ। ਜ਼ਿਕਰਯੋਗ ਹੈ ਕਿ ਅਮਰੀਕੀ ਸੈਨੇਟ ਨੇ ਲੰਘੇ ਦਿਨੀਂ ਵੋਟਿੰਗ ਦੌਰਾਨ 51-49 ਦੇ ਬਹੁਤ ਮਾਮੂਲੀ ਫਰਕ ਨਾਲ ਅਗਲੇ ਐੱਫ. ਬੀ. ਆਈ. ਡਾਇਰੈਕਟਰ ਵਜੋਂ ਕਾਸ਼ ਪਟੇਲ ਦੇ ਨਾਮ 'ਤੇ ਮੋਹਰ ਲਾਈ ਸੀ। ਦੱਸ ਦੇਈਏ ਕਿ ਕੁਝ ਡੈਮੋਕ੍ਰੇਟ ਸੈਨੇਟਰਾਂ ਨੇ ਪਟੇਲ ਦੀ ਨਾਮਜ਼ਦਗੀ 'ਤੇ ਇਤਰਾਜ਼ ਜਤਾਇਆ ਸੀ ਕਿ ਉਹ ਟਰੰਪ ਦੇ ਹੱਥ ਦੀ ਕੱਠਪੁਤਲੀ ਬਣ ਕੇ ਉਨ੍ਹਾਂ ਦੇ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਸਕਦੇ ਹਨ।

### ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ

## ਨਹੀਂ ਰਹੇ ਢਾਡੀ ਕੁਲਜੀਤ ਸਿੰਘ ਦਿਲਬਰ



ਨਵਾਂਸ਼ਹਿਰ: ਢਾਡੀ ਰਾਗ ਦੇ ਧੁਨੰਤਰ ਕਰਕੇ ਜਾਣੇ ਸ਼੍ਰੋਮਣੀ ਢਾਡੀ ਪੁਰਸਕਾਰ ਨਾਲ ਸਨਮਾਨਿਤ ਸਵਰਗਵਾਸੀ ਢਾਡੀ ਦਇਆ ਸਿੰਘ ਦਿਲਬਰ ਦੇ ਛੋਟੇ ਪੁੱਤਰ ਢਾਡੀ ਕੁਲਜੀਤ ਸਿੰਘ ਦਿਲਬਰ ਪ੍ਰਧਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਢਾਡੀ ਸਭਾ ਪੰਜਾਬ ਦੇ ਪ੍ਰਧਾਨ ਨਹੀਂ ਰਹੇ। ਉਹ ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਸਨ। ਪਰਿਵਾਰਕ ਸੂਤਰਾਂ ਅਨੁਸਾਰ ਉਨ੍ਹਾਂ ਦਾ ਸੰਸਕਾਰ ਉਨ੍ਹਾਂ ਦੀ ਸੁਪਤਨੀ ਅਤੇ ਬੱਚਿਆਂ ਦੇ ਅਮਰੀਕਾ ਤੋਂ ਵਾਪਸ ਪਰਤਣ 'ਤੇ ਕੀਤਾ ਜਾਵੇਗਾ। ਉਹਨਾਂ ਦੀ ਮੌਤ 'ਤੇ ਵੱਖ ਵੱਖ ਆਗੂਆਂ ਨੇ ਦੁੱਖ ਪ੍ਰਗਟ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਚਲਾਣੇ ਨੂੰ ਦੁਖਦਾਈ ਕਰਾਰ ਦਿੰਦਿਆਂ ਕਿਹਾ ਕਿ ਦੋ ਪੀੜ੍ਹੀਆਂ ਤੋਂ ਲਗਾਤਾਰ ਢਾਡੀ ਕਲਾ ਰਾਹੀਂ ਸਿੱਖੀ ਪ੍ਰਚਾਰ ਕਰ ਰਹੇ ਇਸ ਪਰਿਵਾਰ ਦੇ ਯੋਗਦਾਨ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਗਿਆਨੀ ਦਿਲਬਰ ਨੇ ਦੇਸ਼ ਵਿਦੇਸ਼ ਅੰਦਰ ਕੌਮ ਦੀ ਚੜ੍ਹਦੀ ਕਲਾ ਵਾਸਤੇ ਵੱਡਾ ਯੋਗਦਾਨ ਪਾਇਆ। ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਨੇ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

### ਕੈਨੇਡਾ 'ਚ ਸਿੱਖਾਂ ਨੂੰ ਮਿਲਿਆ ਵੱਡਾ ਮਾਣ

## ਬਲਤੇਜ ਸਿੰਘ ਢਿੱਲੋਂ ਬ੍ਰਿਟਿਸ਼ ਕੋਲੰਬੀਆ ਲਈ ਸੁਤੰਤਰ ਸੈਨੇਟਰ ਵਜੋਂ ਸੈਨੇਟ 'ਚ ਨਿਯੁਕਤ

ਓਟਵਾ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡਾ ਦੇ ਪਹਿਲੇ ਦਸਤਾਰਧਾਰੀ ਆਰ ਸੀ ਐਮ ਪੀ ਅਫਸਰ ਸ ਬਲਤੇਜ ਸਿੰਘ ਢਿੱਲੋਂ ਸਮੇਤ ਤਿੰਨ ਨਵੇਂ ਸੈਨੇਟਰ ਨਿਯੁਕਤ ਕੀਤੇ ਗਏ ਹਨ। ਕੈਨੇਡਾ ਦੇ ਉਪਰਲੇ ਸਦਨ ਵਿਚ ਬੀ.ਸੀ. ਤੋਂ ਬਲਤੇਜ ਸਿੰਘ ਢਿੱਲੋਂ ਤੋਂ ਇਲਾਵਾ ਕਿਊਬਿਕ ਤੋਂ ਮਾਰਟਿਨ ਹੇਬਰਟ ਅਤੇ ਸਸਕੈਚਵਨ ਦੇ ਟੌਡ ਲੇਵਿਸ ਨੂੰ ਸੈਨੇਟਰ ਨਾਮਜਦ ਕੀਤਾ ਗਿਆ ਹੈ।

ਬਲਤੇਜ ਸਿੰਘ ਢਿੱਲੋਂ ਆਰ ਸੀ ਐਮ ਪੀ ਵਿੱਚ ਲਗਭਗ 30 ਸਾਲਾਂ ਦੇ ਕਰੀਅਰ ਤੋਂ ਬਾਅਦ 2019 ਵਿੱਚ ਸੇਵਾਮੁਕਤ ਹੋਏ ਜਿਸ ਵਿਚ ਉਸਨੇ ਇੰਸਪੈਕਟਰ ਦੇ ਰੈਂਕ ਤੱਕ ਤਰੱਕੀ ਕਰਦਿਆਂ ਕਈ ਮਹੱਤਵਪੂਰਣ ਤੇ ਇਤਿਹਾਸਕ ਕੇਸ ਜਿਹਨਾਂ ਸੀਰੀਅਲ ਕਿਲਰ ਰਾਬਰਟ ਪਿਕਟਨ ਅਤੇ ਏਅਰ ਇੰਡੀਆ ਬੰਬ ਧਮਾਕਿਆਂ ਦੀ ਜਾਂਚ ਸ਼ਾਮਿਲ ਹੈ, ਅਹਿਮ ਭੂਮਿਕਾ ਨਿਭਾਈ। ਉਹਨਾਂ ਹਾਲ ਹੀ ਵਿਚ ਹੋਈਆ ਬ੍ਰਿਟਿਸ਼ ਕੋਲੰਬੀਆ ਚੋਣਾਂ ਦੌਰਾਨ ਬੀ ਸੀ ਐਨ ਡੀ ਪੀ ਦੀ ਤਰਫੋਂ ਸਰੀ ਸਰਪੈਨਟਾਈਨ ਹਲਕੇ ਤੋਂ ਚੋਣ ਲੜੀ ਸੀ।

**ਢਿੱਲੋਂ ਦੀ ਨਿਯੁਕਤੀ ਕੈਨੇਡੀਅਨ ਤੇ ਸਿੱਖ ਭਾਈਚਾਰੇ ਲਈ ਮਾਣਮੱਤੀ** : ਸੰਸਾਰ ਭਰ 'ਚ ਵੱਸਦੇ ਸਿੱਖਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਧਰਤੀ 'ਤੇ RCMP ਦੇ ਪਹਿਲੇ ਦਸਤਾਰਧਾਰੀ ਸਿੱਖ ਅਫਸਰ ਸ. ਬਲਤੇਜ ਸਿੰਘ ਢਿੱਲੋਂ ਨੂੰ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ, ਕੈਨੇਡਾ ਦੇ ਸੈਨੇਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਸੰਨ 1991 ਵਿੱਚ ਬਲਤੇਜ ਸਿੰਘ ਢਿੱਲੋਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਕੈਨੇਡਾ ਦੀ ਪੁਲਿਸ ਵਿੱਚ ਦਸਤਾਰ ਸਜਾਉਣ ਵਾਲੇ ਪਹਿਲੇ ਅਧਿਕਾਰੀ ਬਣੇ ਸਨ। ਉਹ 16 ਸਾਲ ਦੀ ਉਮਰੇ ਆਪਣੇ ਮਾਤਾ ਤੇ ਭੈਣਾਂ ਨਾਲ ਕੈਨੇਡਾ ਦੀ ਧਰਤੀ 'ਤੇ ਆਏ ਅਤੇ ਲੰਮੇ ਸੰਘਰਸ਼ ਵਿੱਚੋਂ ਦੀ ਲੰਘੇ। ਇੱਥੇ ਵੱਡੇ ਭਰਾ ਤੇ ਭਰਜਾਈ ਦੇ ਸਹਿਯੋਗ ਨਾਲ ਉਹ ਅਗਾਂਹ ਵਧਦੇ ਗਏ। ਨਸਲਵਾਦੀ ਮੁਸ਼ਕਲਾਂ ਵਿੱਚੋਂ ਦੀ ਲੰਘ ਕੇ ਉਹ ਜ਼ਿੰਦਗੀ ਦੇ ਉੱਚੇ ਥਾਂ 'ਤੇ ਪਹੁੰਚੇ। ਅੱਜ ਕੈਨੇਡਾ ਵਸਦੇ ਸਿੱਖਾਂ ਸਮੇਤ, ਬਹੁ-ਸੱਭਿਆਚਾਰਕ ਭਾਈਚਾਰਿਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਅਜਿਹੇ ਵਿਅਕਤੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸੈਨੇਟਰ ਚੁਣਿਆ ਹੈ। ਸੈਨੇਟਰ ਦੀ ਉਪਾਧੀ ਕੈਨੇਡਾ ਵਿੱਚ ਉੱਪਰਲੇ ਸਦਨ ਵਿੱਚ ਸਨਮਾਨਯੋਗ ਮੰਨੀ ਜਾਂਦੀ ਹੈ। ਸ. ਬਲਤੇਜ ਸਿੰਘ ਢਿੱਲੋਂ ਬੇਹੱਦ ਨਰਮ, ਸਾਦੇ, ਗੁਰਬਾਣੀ ਨਾਲ ਜੁੜੇ ਅਤੇ ਕੈਨੇਡਾ ਦੇ ਬਹੁ ਸੱਭਿਆਚਾਰਕ ਢਾਂਚੇ ਦੇ ਪ੍ਰਤੀਕ ਵਜੋਂ ਮੰਨੇ ਜਾਂਦੇ ਹਨ। ਉਹ ਅਕਸਰ ਗੁਰਮਤਿ ਦੇ ਆਸ਼ੇ ਅਨੁਸਾਰ ਕੀਰਤਨ ਅਤੇ ਗੁਰਮਤਿ ਵਿਚਾਰਾਂ ਕਰਨ ਦੇ ਨਾਲ-ਨਾਲ, ਵਿਆਹ-ਸ਼ਾਦੀਆਂ ਅਤੇ ਹੋਰਨਾਂ ਸਮਾਗਮਾਂ ਵਿੱਚ ਸੰਗਤਾਂ ਨੂੰ ਸੰਬੋਧਨ ਵੀ ਕਰਦੇ ਰਹਿੰਦੇ ਹਨ।



## ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਨੂੰ ਮੁੜ ਪੁਰਾਤਨ ਦਿੱਖ 'ਚ ਉਸਾਰਨ ਲਈ ਪ੍ਰਵਾਸੀਆਂ ਦਾ ਵੀ ਵੱਡਾ ਯੋਗਦਾਨ

ਸਾਨ ਫਰਾਂਸਿਸਕੋ : ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੀ, ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਮਿਸਾਲ ਤੇ ਸਦੀਆਂ ਤੋਂ ਅਣਗੌਲੀ ਪਈ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਸ੍ਰੀ ਫਤਹਿਗੜ੍ਹ ਸਾਹਿਬ ਦੀ ਸਾਂਭ ਸੰਭਾਲ ਤੇ ਮੁੜ ਉਸੇ ਦਿਖ ਵਿਚ ਸੰਗਤਾਂ ਸਾਹਮਣੇ ਲਿਆਉਣ ਲਈ ਦੀਵਾਨ ਟੋਡਰਮਲ ਵਿਰਾਸਤੀ ਫਾਊਂਡੇਸ਼ਨ ਦੇ ਯਤਨਾਂ ਨਾਲ ਇਸ ਹਵੇਲੀ ਦਾ ਨਿਰਮਾਣ 23 ਫਰਵਰੀ ਨੂੰ ਸ਼ੁਰੂ ਹੋ ਚੁੱਕਾ ਹੈ। ਫਾਊਂਡੇਸ਼ਨ ਨਾਲ ਜੁੜੇ ਤੇ ਅਮਰੀਕਾ ਵਸਦੇ ਉੱਘੇ ਕਾਰੋਬਾਰੀ ਬਹਾਦਰ ਸਿੰਘ ਅਤੇ ਫਾਊਂਡੇਸ਼ਨ ਦੇ ਮੁੱਖ ਸੇਵਾਦਾਰ ਲਖਵਿੰਦਰ ਸਿੰਘ ਕਾਹਨੇਕੇ ਨੇ ਦੱਸਿਆ ਕਿ 23 ਫਰਵਰੀ ਦਿਨ ਐਤਵਾਰ ਨੂੰ ਸਵੇਰੇ 10 ਵਜੇ ਇਸ ਜਹਾਜ਼ ਹਵੇਲੀ ਦੇ ਨਿਰਮਾਣ ਦਾ ਕੰਮ ਸ਼ੁਰੂ ਹੋਇਆ। ਇਸ ਹਵੇਲੀ ਨੂੰ ਉਸੇ ਹੀ ਦਿਖ ਵਿਚ ਮੁੜ ਉਸਾਰਨ ਲਈ ਸਰਹੰਦੀ ਇੱਟ ਤੇ ਹੋਰ ਪੁਰਾਤਨ ਸਾਜੋ-ਸਾਮਾਨ ਦੀ ਵਰਤੋਂ ਕੀਤੀ ਜਾਵੇਗੀ। ਇਸ ਮਹਾਨ ਕਾਰਜ 'ਚ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦਾ ਵੀ ਵੱਡਾ ਯੋਗਦਾਨ ਹੋਵੇਗਾ ਤੇ ਖਾਸਕਰ ਟਰੇਸੀ, ਕੈਲੀਫੋਰਨੀਆਂ ਵਸਦੇ ਨਾਮੀ ਕਾਰੋਬਾਰੀ ਸੰਧੂ ਭਰਾਵਾਂ, ਸਤਨਾਮ ਸਿੰਘ ਸੰਧੂ, ਕਰਨੈਲ ਸਿੰਘ ਮਾਈਕ ਸੰਧੂ ਹੋਰਾਂ ਦਾ ਬਹੁਤ ਵੱਡਾ ਯੋਗਦਾਨ ਹੈ, ਜਿਨ੍ਹਾਂ ਨੇ ਹਵੇਲੀ ਦੇ ਇਸ ਮਹਾਨ ਕਾਰਜ ਨੂੰ ਇਥੋਂ ਤੱਕ ਲੈ ਕੇ ਆਉਣ 'ਚ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ। ਜ਼ਿਕਰਯੋਗ ਹੈ ਕਿ ਨਿਰਮਾਣ ਦਾ ਸਾਰਾ ਕਾਰਜ ਪੰਜਾਬ ਸਰਕਾਰ ਤੇ ਸਰਕਾਰ ਦਾ ਪੁਰਾਤਤਵ ਵਿਭਾਗ, ਸ਼੍ਰੋਮਣੀ ਕਮੇਟੀ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਸੀਨੀਅਰ ਐਡਵੋਕੇਟ ਐਚ ਸੀ ਅਰੋੜਾ ਦੀ ਦੇਖ ਰੇਖ ਹੇਠ ਮੁਕੰਮਲ ਹੋ ਰਿਹਾ ਹੈ। ਕੈਨੇਡਾ ਤੋਂ ਫਾਊਂਡੇਸ਼ਨ ਦੇ ਬਾਨੀ ਤੇ ਸਰਪ੍ਰਸਤ ਗਿਆਨ ਸਿੰਘ ਸੰਧੂ ਤੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਇਸ ਹਵੇਲੀ ਦੇ ਮੁੜ ਉਸੇ ਹੀ ਦਿਖ ਵਾਲੇ ਨਿਰਮਾਣ ਲਈ ਸਹਿਯੋਗ ਹੀ ਨਹੀਂ ਦਿੱਤਾ, ਸਗੋਂ ਵਕਤ ਵੀ ਦਿੱਤਾ ਹੈ। ਇਸ ਕਾਰਜ ਦੀ ਆਰੰਭਤਾ ਲਈ ਸੁਹਿਰਦ ਸੱਜਣ ਉਚੇਚੇ ਤੌਰ 'ਤੇ ਅਮਰੀਕਾ ਤੇ ਕੈਨੇਡਾ ਆਦਿ ਮੁਲਕਾਂ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਪਹੁੰਚ ਰਹੇ ਹਨ। ਇਸ ਹਵੇਲੀ ਦੀ ਅਸਲ ਤਸਵੀਰ ਜੋ 1912 ਦੀ ਹੈ, ਬ੍ਰਿਟਿਸ਼ ਲਾਈਬਰੇਰੀ ਲੰਡਨ ਤੋਂ ਪ੍ਰਾਪਤ ਕੀਤੀ ਗਈ ਹੈ ਤੇ ਇਸ ਤਸਵੀਰ ਨੂੰ ਲਿਆਉਣ ਵਿਚ ਐਸ ਅਸ਼ੋਕ ਭੌਰਾ ਨੇ ਵਡਮੁੱਲਾ ਯੋਗਦਾਨ ਪਾਇਆ ਹੈ।



ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਤੋਂ ਪ੍ਰਾਪਤ ਜਹਾਜ਼ ਹਵੇਲੀ ਦੀ 1912 ਦੀ ਤਸਵੀਰ, ਜੋ ਨਿਰਮਾਣ ਦਾ ਆਧਾਰ ਬਣੇਗੀ।

# ਜ਼ਰੂਰੀ ਹੈ ਟਰੰਪ ਦੇ ਦੋਸ਼ਾਂ ਦੀ ਜਾਂਚ

ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਲਗਾਤਾਰ ਆਪਣੀਆਂ ਬੇਬਾਕ ਟਿੱਪਣੀਆਂ ਨਾਲ ਇਕ ਤਰ੍ਹਾਂ ਨਾਲ ਦੁਨੀਆ ਭਰ ਵਿਚ ਤਰਥੱਲੀ ਮਚਾ ਦਿੱਤੀ ਹੈ। ਉਹ ਰੂਸ-ਯੂਕਰੇਨ ਜੰਗ ਸੰਬੰਧੀ ਬਿਆਨਾਂ ਤੱਕ ਹੀ ਸੀਮਤ ਨਹੀਂ ਰਹੇ, ਸਗੋਂ ਉਨ੍ਹਾਂ ਦੇ ਪ੍ਰਤੀਨਿਧਾਂ ਨੇ ਇਸ ਸੰਬੰਧੀ ਰੂਸ ਦੇ ਪ੍ਰਤੀਨਿਧਾਂ ਨਾਲ ਸਾਊਦੀ ਅਰਬ ਵਿਚ ਵਿਸਥਾਰ ਪੂਰਵਕ ਗੱਲਬਾਤ ਵੀ ਕੀਤੀ ਹੈ। ਇਸ ਗੱਲਬਾਤ ਵਿਚ ਯੂਕਰੇਨ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਅਤੇ ਨਾ ਹੀ ਤਿੰਨ ਸਾਲ ਦੀ ਇਸ ਲੜਾਈ ਵਿਚ ਉਸ ਨਾਲ ਵੱਡੀ ਧਿਰ ਬਣ ਕੇ ਖੜ੍ਹੇ ਰਹੇ ਯੂਰਪੀਅਨ ਯੂਨੀਅਨ ਦੇ ਮੁਲਕਾਂ ਨੂੰ ਹੀ ਵਿਸ਼ਵਾਸ ਵਿਚ ਲਿਆ ਹੈ। ਆਰੰਭੀ ਇਹ ਗੱਲਬਾਤ ਨਾ ਤਾਂ ਯੂਕਰੇਨ ਨੂੰ ਸਵੀਕਾਰ ਹੈ ਅਤੇ ਨਾ ਹੀ ਯੂਰਪ ਦੇ ਮੁਲਕਾਂ ਨੂੰ। ਇਸੇ ਤਰ੍ਹਾਂ ਉਹ ਇਜ਼ਰਾਈਲ-ਹਮਾਸ ਦੀ ਜੰਗ ਨੂੰ ਖ਼ਤਮ ਕਰਾਉਣ ਲਈ ਵੀ ਆਪਣਾ ਹੀ ਦੋ ਟੁੱਕ ਫ਼ੈਸਲਾ ਸੁਣਾ ਕੇ ਇਕ ਅਜੀਬੋ-ਗਰੀਬ ਅਤੇ ਨਵੀਂ ਸਥਿਤੀ ਪੈਦਾ ਕਰਨ ਲਈ ਕਾਹਲੇ ਪਏ ਹੋਏ ਹਨ।

ਇਕ ਪਾਸੇ ਟਰੰਪ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੋਸਤੀ ਦਾ ਦਮ ਭਰਦੇ ਹਨ, ਪਰ ਦੂਸਰੇ ਪਾਸੇ ਨਾ ਸਿਰਫ਼ ਉਨ੍ਹਾਂ ਨੇ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣ ਵਿਚ ਕਾਹਲੀ ਕੀਤੀ ਹੈ, ਸਗੋਂ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਜ਼ਲੀਲ ਵੀ ਕੀਤਾ ਹੈ। ਵਪਾਰ ਸੰਬੰਧੀ ਆਪਸੀ ਟੈਕਸ ਦਰਾਂ ਦੇ ਮਾਮਲੇ ਵਿਚ ਵੀ ਉਹ ਆਪਣੀ ਐਲਾਨੀ ਨੀਤੀ ਵਿਚ ਟੱਸ ਤੋਂ ਮੱਸ ਨਹੀਂ ਹੋਏ।



ਹੁਣ ਉਨ੍ਹਾਂ ਨੇ ਭਾਰਤ ਨੂੰ, ਮਤਦਾਤਾ ਵਧਾਉਣ (ਵੋਟਰ ਟਰਨ ਆਊਟ) ਦੇ ਨਾਂਅ 'ਤੇ ਦਿੱਤੇ ਜਾਣ ਵਾਲੇ ਫੰਡਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਲਿਆ ਹੈ, ਇਸ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਜੋ ਬਾਈਡਨ ਪ੍ਰਸ਼ਾਸਨ 'ਤੇ ਇਸ ਲਈ ਦੋਸ਼ ਲਗਾਇਆ ਸੀ ਕਿ ਦਿੱਤੀ ਗਈ ਲਗਭਗ ਅਜਿਹੀ 182 ਕਰੋੜ ਰੁਪਏ (21 ਮਿਲੀਅਨ ਡਾਲਰ) ਦੀ ਸਹਾਇਤਾ ਇਕ ਤਰ੍ਹਾਂ ਨਾਲ ਰਿਸ਼ਵਤ ਸੀ। ਇਸ ਸੰਬੰਧੀ ਅਜਿਹਾ ਬਿਆਨ ਉਨ੍ਹਾਂ ਨੇ ਤੀਜੀ ਵਾਰ ਦਿੱਤਾ ਹੈ। ਭਾਰਤ ਦੀ ਸਿਆਸਤ ਵਿਚ ਇਨ੍ਹਾਂ ਬਿਆਨਾਂ ਨੂੰ ਲੈ ਕੇ ਇਕ ਤਰ੍ਹਾਂ ਨਾਲ ਸਿਆਸੀ ਹੜਕੰਪ ਮਚ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਇਨ੍ਹਾਂ ਬਿਆਨਾਂ ਨੂੰ ਚਿੰਤਾਜਨਕ ਕਰਾਰ ਦਿੱਤਾ ਹੈ। ਇਨ੍ਹਾਂ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਅਮਰੀਕੀ ਦਖ਼ਲਅੰਦਾਜ਼ੀ ਵੀ ਕਿਹਾ ਜਾਣ ਲੱਗਾ ਹੈ। ਇਸ ਸੰਬੰਧੀ ਭਾਜਪਾ ਅਤੇ ਕਾਂਗਰਸ ਵਿਚ ਇਕ ਸਖ਼ਤ ਸ਼ਬਦੀ ਜੰਗ ਵੀ ਛਿੜ ਗਈ ਹੈ ਅਤੇ ਉਨ੍ਹਾਂ ਵੀ ਇਕ-ਦੂਸਰੇ 'ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਭਾਜਪਾ ਵਲੋਂ ਇਹ ਦੋਸ਼ ਲਾਇਆ ਗਿਆ ਹੈ ਕਿ ਇਹ ਫੰਡ ਪਿਛਲੇ ਅਮਰੀਕੀ ਜੋ ਬਾਈਡਨ ਪ੍ਰਸ਼ਾਸਨ ਵਲੋਂ ਭਾਰਤ 'ਤੇ ਸਿਆਸੀ ਅਸਰ ਪਾਉਣ ਲਈ ਦਿੱਤੇ ਗਏ ਸਨ। ਦੂਸਰੇ ਪਾਸੇ ਕਾਂਗਰਸ ਨੇ ਇਹ ਦੋਸ਼ ਲਗਾਇਆ ਹੈ ਕਿ ਮੋਦੀ ਸਰਕਾਰ ਦੀਆਂ ਸਾਰੀਆਂ ਏਜੰਸੀਆਂ ਨੂੰ ਜੇਕਰ ਇੰਨੀ ਵੱਡੀ ਰਕਮ ਭਾਰਤ ਆਉਣ 'ਤੇ ਪਤਾ ਨਹੀਂ ਲੱਗਾ ਤਾਂ ਇਹ ਉਸ ਲਈ ਨਮੋਸ਼ੀ ਵਾਲੀ ਗੱਲ ਹੈ। ਕਾਂਗਰਸੀ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਇਸ ਸੰਬੰਧੀ ਸਰਕਾਰ ਨੂੰ ਛੇਤੀ ਹੀ ਇਕ ਵ ?ਹਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ।

ਇਕ ਅਖ਼ਬਾਰ ਨੇ ਇਸ ਨੂੰ ਉਸ ਸਮੇਂ ਦੀਆਂ ਚੋਣਾਂ ਵੇਲੇ ਬੰਗਲਾਦੇਸ਼ ਲਈ ਜਾਰੀ ਕੀਤੀ ਗਈ ਰਕਮ ਕਿਹਾ ਹੈ। ਟਰੰਪ ਨੇ ਇਹ ਵੀ ਕਿਹਾ ਹੈ ਕਿ ਉਹ ਅਮਰੀਕੀਆਂ ਦਾ ਪੈਸਾ ਦੂਸਰੇ ਦੇਸ਼ਾਂ ਨੂੰ ਸਹਾਇਤਾ ਦੇਣ ਲਈ ਖ਼ਰਚ ਨਹੀਂ ਕਰਨਗੇ ਅਤੇ ਇਸ ਨੂੰ ਰੋਕਣਗੇ। ਜਿੱਥੋਂ ਤੱਕ ਅਮਰੀਕੀ ਸਹਾਇਤਾ ਦਾ ਸੰਬੰਧ ਹੈ, ਪਿਛਲੇ ਲੰਮੇ ਸਮੇਂ ਤੋਂ ਦੁਨੀਆ ਦੇ ਅਨੇਕਾਂ ਦੇਸ਼ਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਇਹ ਮਦਦ ਦਿੱਤੀ ਜਾਂਦੀ ਰਹੀ ਹੈ। ਇਸ ਸਮੇਂ ਅਮਰੀਕਾ ਦੀ ਸਰਕਾਰੀ ਏਜੰਸੀ ਵਲੋਂ ਦੁਨੀਆ ਭਰ ਵਿਚ ਲਗਭਗ 4211 ਕਰੋੜ ਰੁਪਏ (486 ਮਿਲੀਅਨ ਡਾਲਰ) ਦੀ ਰਾਸ਼ੀ ਦਿੱਤੀ ਜਾ ਰਹੀ ਹੈ, ਜਿਸ ਵਿਚ ਬੰਗਲਾਦੇਸ਼, ਨਿਪਾਲ, ਕੰਬੋਡੀਆ, ਸਰਬੀਆ ਅਤੇ ਹੋਰ ਬਹੁਤ ਸਾਰੇ ਦੇਸ਼ ਸ਼ਾਮਿਲ ਹਨ। ਇਹ ਸਹਾਇਤਾ ਏਜੰਸੀ ਜੌਨ ਐੱਫ. ਕੈਨੇਡੀ ਦੇ ਰਾਸ਼ਟਰਪਤੀ ਹੁੰਦਿਆਂ ਸ਼ੁਰੂ ਕੀਤੀ ਗਈ ਸੀ। ਇਸ ਦਾ ਮੁੱਖ ਮੰਤਵ ਤੀਸਰੀ ਦੁਨੀਆ ਦੇ ਦੇਸ਼ਾਂ ਨੂੰ ਸਹਾਇਤਾ ਦੇਣਾ ਸੀ ਅਤੇ ਅਜਿਹਾ ਕਰਕੇ ਅਮਰੀਕੀ ਪ੍ਰਸ਼ਾਸਨ ਉਸ ਸਮੇਂ ਸੋਵੀਅਤ ਯੂਨੀਅਨ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਸੀ। ਭਾਰਤ ਨੂੰ ਵੀ ਕਈ ਹੋਰ ਉਦੇਸ਼ਾਂ ਲਈ ਅਜਿਹੀ ਰਕਮ ਮੁਹੱਈਆ ਕਰਵਾਈ ਜਾਂਦੀ ਰਹੀ ਸੀ, ਪਰ ਕਿਸੇ ਅਮਰੀਕੀ ਪ੍ਰਸ਼ਾਸਨ ਵਲੋਂ ਭਾਰਤ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਅਜਿਹੀ ਰਾਸ਼ੀ ਦਿੱਤੀ ਜਾਂਦੀ ਰਹੀ ਹੋਵੇ, ਇਹ ਬੇਹੱਦ ਹੈਰਾਨ ਕਰਨ ਵਾਲੀ ਅਤੇ ਭਾਰਤੀ ਲੋਕਤੰਤਰ 'ਤੇ ਸੱਟ ਮਾਰਨ ਵਾਲੀ ਗੱਲ ਕਹੀ ਜਾ ਸਕਦੀ ਹੈ।

ਦੇਸ਼ ਵਿਚ ਇਸ ਸੰਬੰਧੀ ਜੋ ਵੱਡਾ ਵਿਵਾਦ ਛਿੜਿਆ ਹੈ, ਉਸ ਦੇ ਉਸ ਸਮੇਂ ਤੱਕ ਖ਼ਤਮ ਹੋਣ ਦੀ ਸੰਭਾਵਨਾ ਨਹੀਂ, ਜਦੋਂ ਤੱਕ ਇਸ ਦੀ ਅਸਲੀਅਤ ਸਾਹਮਣੇ ਨਹੀਂ ਆਉਂਦੀ। ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਵਲੋਂ ਜੇਕਰ ਅਜਿਹੀ ਰਕਮ ਭਾਰਤ ਵਿਚ ਕਿਸੇ ਵੀ ਧਿਰ ਨੂੰ ਦਿੱਤੀ ਜਾਂਦੀ ਰਹੀ ਹੈ ਤਾਂ ਇਹ ਭਾਰਤ ਦੇ ਲੋਕਤੰਤਰੀ ਪ੍ਰਬੰਧ ਵਿਚ ਘੁਸਪੈਠ ਕਰਨ ਦਾ ਸ਼ਰਮਨਾਕ ਵਰਤਾਰਾ ਹੈ। ਅਸੀਂ ਸਰਕਾਰ ਤੋਂ ਇਹ ਉਮੀਦ ਕਰਦੇ ਹਾਂ ਕਿ ਉਹ ਹਰ ਹੀਲੇ ਇਸ ਸਮੁੱਚੇ ਘਟਨਾਕ੍ਰਮ ਦਾ ਵਿਸਥਾਰ ਪ੍ਰਾਪਤ ਕਰ ਕੇ ਦੇਸ਼ਵਾਸੀਆਂ ਨੂੰ ਇਸ ਤੋਂ ਜਾਣੂੰ ਕਰਵਾਏਗੀ। ਜਿਸ ਤਰ੍ਹਾਂ ਦਾ ਟਰੰਪ ਨੇ ਵਤੀਰਾ ਧਾਰਨ ਕੀਤਾ ਹੋਇਆ ਹੈ, ਉਸ ਨੂੰ ਵੇਖਦਿਆਂ ਇਹ ਜ਼ਰੂਰ ਜਾਪਣ ਲੱਗਾ ਹੈ ਕਿ ਅਮਰੀਕੀ ਰਾਸ਼ਟਰਪਤੀ ਅਜਿਹੀ ਮਾਨਸਿਕਤਾ ਅਤੇ ਪਹੁੰਚ ਨੂੰ ਜੇਕਰ ਅਪਣਾਈ ਰੱਖਦੇ ਹਨ ਤਾਂ ਉਸ ਹਾਲਾਤ ਵਿਚ ਭਾਰਤ ਨਾਲ ਉਨ੍ਹਾਂ ਦੇ ਸੰਬੰਧ ਪਹਿਲਾਂ ਵਰਗੇ ਸੁਖਾਵੇਂ ਨਹੀਂ ਰਹਿਣਗੇ।

# ਅਕਾਲ ਤਖ਼ਤ ਦੀ ਰਾਖੀ ਦਾ ਸਮਾਂ

**ਕਿਰਨਜੀਤ ਕੌਰ**

ਮੀਰੀ-ਪੀਰੀ ਸਿੱਖ ਫਿਲਾਸਫ਼ੀ ਦਾ ਇੱਕ ਕੇਂਦਰੀ ਸਿਧਾਂਤ ਬਣਿਆ ਹੋਇਆ ਹੈ। ਇਸ ਦਾ ਅਰਥ ਹੈ ਕਿ ਨਿੱਤਕਰਮ ਕਰਦੇ ਹੋਇਆਂ ਰੱਬੀ ਚੇਤਨਾ ਨਾਲ ਵਿਚਰਨਾ। ਇਸ ਸਦਕਾ ਕਿਸੇ ਇਨਸਾਨ ਨੂੰ ਹਰੇਕ ਸ਼ੈਅ ਵਿੱਚ ਰੱਬੀ ਜੋਤ ਨਜ਼ਰ ਆਉਂਦੀ ਹੈ ਅਤੇ ਆਪਣਾ ਰੱਬੀ ਫ਼ਰਜ਼ ਸਮਝਦੇ ਹੋਏ ਹੀ ਉਹ ਕਿਸੇ ਲੋੜਵੰਦ ਦੀ ਮਦਦ ਕਰਨ ਬਹੁੜਦਾ ਹੈ। ਇਸ ਦਾ ਮੰਨਣਾ ਹੈ ਕਿ ਕੋਈ ਸ਼ਾਸਕ ਆਪਣੇ ਦੁਨਿਆਵੀ ਫ਼ਰਜ਼ਾਂ ਨੂੰ ਰੂਹਾਨੀ ਅਤੇ ਇਖ਼ਲਾਕੀ ਕਦਰਾਂ ਕੀਮਤਾਂ ਮੁਤਾਬਿਕ ਨਿਭਾਉਣ ਦਾ ਪਾਬੰਦ ਹੁੰਦਾ ਹੈ। ਇਹ ਨਿੱਜੀ ਸਿਆਸੀ ਗਰਜ਼ਾਂ ਲਈ ਧਾਰਮਿਕ ਸੰਸਥਾਵਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਹਰਗਿਜ਼ ਨਹੀਂ ਦਿੰਦਾ।

ਸਿੱਖਾਂ ਦੇ ਇਤਿਹਾਸ 'ਤੇ ਪਿੱਛਲਝਾਤ ਮਾਰਦਿਆਂ ਪਤਾ ਲਗਦਾ ਹੈ ਕਿ ਜਦੋਂ ਆਪੋ ਵਿੱਚ ਵੈਰ-ਵਿਰੋਧ ਪਾਲਣ ਵਾਲੇ ਸਿੱਖਾਂ ਨੂੰ ਕਿਸੇ ਬਾਹਰੀ ਦੁਸ਼ਮਣ ਦਾ ਖ਼ਤਰਾ ਦਰਪੇਸ਼ ਹੁੰਦਾ ਸੀ ਤਾਂ ਉਸ ਵਕਤ ਅਕਾਲ ਤਖ਼ਤ ਉਨ੍ਹਾਂ ਲਈ ਇਕਜੁੱਟਤਾ ਦਾ ਕੇਂਦਰ ਬਣ ਜਾਂਦਾ ਸੀ ਜਿੱਥੇ ਆ ਕੇ ਉਹ 'ਗੁਰੂ ਖ਼ਾਲਸਾ ਪੰਥ' ਦੇ ਝੰਡੇ ਹੇਠ ਇੱਕ ਹੋ ਜਾਂਦੇ ਸਨ। ਅਠ੍ਹਾਰਵੀਂ ਸਦੀ ਵਿੱਚ ਸਿੱਖ ਛੋਟੇ-ਛੋਟੇ ਜਥਿਆਂ ਵਿੱਚ ਵੰਡੇ ਹੋਏ ਸਨ, ਜੋ ਆਪੋ ਵਿੱਚ ਲੜਦੇ ਝਗੜਦੇ ਰਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਵੀ ਆਪਣੇ ਰਾਜ ਦੀ ਮਜ਼ਬੂਤੀ ਲਈ ਕਈ ਛੋਟੇ ਸਰਦਾਰਾਂ ਨਾਲ ਲੜਾਈਆਂ ਲੜਨੀਆਂ ਪਈਆਂ ਸਨ। ਪਰ ਕੋਈ ਵੀ ਸਿੱਖ ਸਰਦਾਰ ਆਪਣੇ ਮਤਭੇਦ ਸੁਲਝਾਉਣ ਲਈ ਅਕਾਲ ਤਖ਼ਤ ਦੇ ਦਖ਼ਲ ਦੀ ਅਪੀਲ ਕਰਨ ਲਈ ਨਹੀਂ ਜਾਂਦਾ ਸੀ। ਸਗੋਂ ਉਹ ਸਮੁੱਚੇ ਸਿੱਖ ਭਾਈਚਾਰੇ ਨੂੰ ਅਸਰਅੰਦਾਜ਼ ਕਰਨ ਵਾਲੇ ਮੁੱਦਿਆਂ 'ਤੇ ਸਰਬੱਤ ਖਾਲਸਾ ਸੱਦਦੇ ਸਨ ਅਤੇ ਅਕਾਲ ਤਖ਼ਤ 'ਤੇ ਹੋਣ ਵਾਲੀ ਇਕੱਤਰਤਾ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਉਹ ਆਪਣੇ ਨਿੱਜੀ ਝਗੜੇ ਨਿਬੇੜ ਲੈਂਦੇ ਸਨ।

ਵੱਖ-ਵੱਖ ਵਿਰੋਧੀ ਵਿਚਾਰਾਂ ਵਾਲੀਆਂ ਪਾਰਟੀਆਂ ਵਿਚਕਾਰ ਮਤਭੇਦ ਸੁਲਝਾਉਣ ਅਤੇ ਸੁਲ੍ਹਾ ਕਰਾਉਣ ਲਈ ਅਕਾਲ ਤਖ਼ਤ ਦੇ ਦਖ਼ਲ ਦੀ ਮੰਗ ਦਾ ਵਰਤਾਰਾ 1970ਵਿਆਂ ਦੇ ਅਖ਼ੀਰ ਤੋਂ ਸ਼ੁਰੂ ਹੋਇਆ ਸੀ। ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਕਰਨ ਲਈ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ 10 ਅਕਤੂਬਰ, 1979 ਨੂੰ ਵੱਖੋ-ਵੱਖਰੀਆਂ ਮੀਟਿੰਗਾਂ ਬੁਲਾਈਆਂ ਗਈਆਂ ਸਨ। ਉਨ੍ਹਾਂ ਦੋਵਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਏਕਤਾ ਕਰਾਉਣ ਲਈ ਦਖ਼ਲ ਦੇਣ ਵਾਸਤੇ ਆਪਣੇ ਅਸਤੀਫ਼ੇ ਸੌਂਪ ਦਿੱਤੇ ਸਨ। ਉਸ ਵੇਲੇ ਉਨ੍ਹਾਂ ਦੇ ਅਸਤੀਫ਼ੇ ਵਾਪਸ ਭੇਜ ਦਿੱਤੇ ਗਏ ਸਨ। 'ਪੰਥਕ ਟਿਕਟ' 'ਤੇ ਚੋਣ ਲੜਨ ਵਾਲੇ ਵਿਧਾਇਕਾਂ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਮਾਇਤ ਕਰਨ ਲਈ ਆਖਿਆ ਗਿਆ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਾਸਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠਲੀ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੂੰ ਦੂਜੀਆਂ ਸਿਆਸੀ ਪਾਰਟੀਆਂ ਨਾਲ ਲੈ-ਦੇ ਕਰਨ ਅਤੇ ਪਾਰਟੀ ਉਮੀਦਵਾਰਾਂ ਦੀ ਚੋਣ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ। ਪਰ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਹੀ ਜੀਵਨ ਸਿੰਘ ਉਮਰਾਨੰਗਲ ਨੇ ਅਜਨਾਲਾ ਵਿੱਚ ਜਨਤਾ ਪਾਰਟੀ ਨਾਲ ਗੱਠਜੋੜ ਕਰਨ ਦਾ ਐਲਾਨ ਕਰ ਦਿੱਤਾ। ਅਕਾਲ ਤਖ਼ਤ ਵੱਲੋਂ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਅਤੇ ਉਸ ਨੇ ਨਵੰਬਰ 1979 ਵਿੱਚ ਤਖ਼ਤ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗੀ ਸੀ।

ਇਸ ਤੋਂ ਬਾਅਦ ਅਕਾਲ ਤਖ਼ਤ 'ਤੇ ਸਿਆਸੀ ਤੌਰ 'ਤੇ ਰਸੂਖ਼ਵਾਨ ਲੋਕਾਂ ਮੁਤੱਲਕ ਸ਼ਿਕਾਇਤਾਂ ਆਉਣ ਲੱਗ ਪਈਆਂ। ਉਂਝ, 1984 ਵਿੱਚ ਸਾਕਾ ਨੀਲਾ ਤਾਰਾ ਤੋਂ ਬਾਅਦ ਇੱਕ ਨਿਰਣਾਇਕ ਮੋੜ ਆਇਆ। ਉਸ ਵੇਲੇ ਬਹੁਤ ਸਾਰੇ ਅਕਾਲੀ ਆਗੂ ਜੇਲ੍ਹ ਵਿੱਚ ਬੰਦ ਸਨ। ਸਿੱਖਾਂ ਦੇ ਮਨਾਂ ਅੰਦਰ ਆਮ ਤੌਰ 'ਤੇ ਭਾਰਤ ਸਰਕਾਰ ਅਤੇ ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਖ਼ਿਲਾਫ਼ ਰੋਹ ਉਬਾਲੇ ਖਾ ਰਿਹਾ ਸੀ। ਉਸ ਸਮੇਂ ਸਿੱਖਾਂ ਨੂੰ ਅਗਵਾਈ ਦੇਣ ਲਈ ਅਕਾਲ ਤਖ਼ਤ 'ਤੇ ਪੰਜ ਪਿਆਰੇ ਅੱਗੇ ਆਏ। ਹੌਲੀ-ਹੌਲੀ ਅਕਾਲ ਤਖ਼ਤ ਨੂੰ ਸੱਤਾ ਦੀ ਲੜਾਈ ਦੇ ਇੱਕ ਔਜ਼ਾਰ ਵਿੱਚ ਬਦਲ ਦਿੱਤਾ ਗਿਆ। ਨਿੱਜੀ ਵੈਰ ਵਿਰੋਧ ਅਤੇ ਠਿੱਬੀ ਲਾ ਕੇ ਅੱਗੇ ਵਧਣ ਦੀ ਹੋੜ ਅਕਾਲ ਤਖ਼ਤ 'ਤੇ ਪੁੱਜਣ ਵਾਲੀਆਂ ਸ਼ਿਕਾਇਤਾਂ ਦਾ ਅਣਲਿਖਤ ਕੋਡ ਬਣ ਗਿਆ। ਅਦਾਲਤੀ ਤਰਜ਼ ਦੀਆਂ ਸੁਣਵਾਈਆਂ ਨਾਲ ਤਖ਼ਤ ਨੂੰ ਸਿੱਖਾਂ ਦੀ 'ਸਰਬਉਚ ਕਚਹਿਰੀ' ਦਾ ਨਵਾਂ ਨਾਂ ਦਿੱਤਾ ਜਾਣ ਲੱਗ ਪਿਆ।

ਅੱਗੇ ਚੱਲ ਕੇ ਇਹ ਪਿਰਤ ਹੋਰ ਗਹਿਰੀ ਹੁੰਦੀ ਹੋਈ ਮੁਕਾਮੀ ਮੁੱਦਿਆਂ ਤੇ ਪੰਜਾਬ ਆਧਾਰਿਤ ਸਿਆਸੀ ਬਿਆਨਬਾਜ਼ੀਆਂ ਵਿੱਚ ਦਖ਼ਲ ਦੇਣ ਤੱਕ ਪਹੁੰਚ ਗਈ। ਜਥੇਦਾਰ ਅਤੇ ਅਕਾਲ ਤਖ਼ਤ ਦੀ ਸੰਸਥਾ ਨੂੰ ਸਮ-ਅਰਥੀ ਬਣਾ ਦਿੱਤਾ ਗਿਆ। ਜਿਵੇਂ-ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੈਰਾਂ ਹੇਠੋਂ ਸਿਆਸੀ ਅਤੇ ਧਾਰਮਿਕ ਜ਼ਮੀਨ ਖਿਸਕਦੀ ਗਈ ਤਾਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਦੀ ਵਰਤੋਂ ਹੋਣ ਲੱਗ ਪਈ। ਇੱਕ ਸਮੇਂ ਤੱਕ ਧਾਰਮਿਕ ਮੁੱਦਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਝਿਆ ਜਾਂਦਾ ਸੀ ਪਰ ਫਿਰ ਇਹ ਅਕਾਲ ਤਖ਼ਤ ਦੇ ਜਥੇਦਾਰ ਦੇ ਹਵਾਲੇ ਕੀਤੇ ਜਾਣ ਲੱਗ ਪਏ।

ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਕੀਤੀ ਗਈ ਬੇਅਦਬੀ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿੱਖਾਂ ਦੀ ਤਰਜਮਾਨ ਪਾਰਟੀ ਹੋਣ ਦਾ ਦਿਖਾਵਾ ਵੀ ਨਾ ਕੀਤਾ ਗਿਆ ਸੀ ਅਤੇ ਇਸ ਨੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਵਿੱਚ ਵੋਟਾਂ ਖਾਤਿਰ ਅਕਾਲ ਤਖ਼ਤ ਦੀ ਰੱਜ ਕੇ ਵਰਤੋਂ ਕੀਤੀ। ਪੰਥਕ ਰਵਾਇਤਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਅਤੇ ਇੱਕ ਐਸੇ ਵਿਅਕਤੀ ਨੂੰ ਮੁਆਫ਼ੀ ਦਿਵਾਈ ਗਈ ਜਿਸ ਨੇ ਆਪਣੇ ਗੁਨਾਹ ਦੀ ਮੁਆਫ਼ੀ ਵੀ ਨਹੀਂ ਮੰਗੀ ਸੀ।

ਜਦੋਂ ਸਿੱਖ ਇਸ ਦੇ ਵਿਰੋਧ 'ਚ ਡਟ ਗਏ ਤਾਂ ਜਥੇਦਾਰਾਂ ਨੂੰ 'ਹੁਕਮਨਾਮਾ' ਵਾਪਸ ਲੈਣਾ ਪਿਆ ਸੀ ਤੇ ਇਸ ਤਰ੍ਹਾਂ ਇਸ ਸੰਸਥਾ ਦੀ ਪਵਿੱਤਰਤਾ ਨੂੰ ਖ਼ੋਰਾ ਲੱਗਿਆ। ਸ਼੍ਰੋਮਣੀ ਅਕਾਲੀ ਦਲ ਵੱਖ-ਵੱਖ ਚੋਣਾਂ ਵਿੱਚ ਸਿੱਖਾਂ ਅੰਦਰ ਆਪਣਾ ਆਧਾਰ ਗੁਆਉਂਦਾ ਰਿਹਾ ਅਤੇ ਅੰਤ ਨੂੰ ਇੱਕ 'ਜ਼ਮਾਨਤ-ਜ਼ਬਤ' ਪਾਰਟੀ ਬਣ ਕੇ ਰਹਿ ਗਿਆ। ਅਕਾਲੀਆਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਆਪਣੀ ਗਲਤੀ ਦੇ ਨਤੀਜੇ ਭੁਗਤਣੇ ਪੈ ਰਹੇ ਹਨ। ਇਸ ਲਈ ਹੋਰ ਨੁਕਸਾਨ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਵਜੋਂ ਉਹ ਅਕਾਲ ਤਖ਼ਤ ਦੇ ਪਿੱਛੇ ਸਥਿਤ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਗਏ ਅਤੇ 'ਜਾਣੇ-ਅਣਜਾਣੇ' ਵਿੱਚ ਹੋਏ ਪਾਪਾਂ ਲਈ ਮੁਆਫ਼ੀ ਮੰਗੀ ਪਰ ਇਸ ਨਾਲ ਵੀ ਕੁਝ ਨਹੀਂ ਸੰਵਰਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਦੋਂ ਅਕਾਲ ਤਖ਼ਤ ਅੱਗੇ ਪੇਸ਼ ਹੋਣਾ ਪਿਆ ਜਦੋਂ ਪਾਰਟੀ ਤੋਂ ਵੱਖ ਹੋਏ ਧੜੇ ਨੇ ਅਕਾਲ ਤਖ਼ਤ 'ਤੇ ਜਾ ਕੇ ਇਹ ਮੰਨ ਲਿਆ ਕਿ ਉਹ ਅਕਾਲੀ ਦਲ ਦੇ ਗ਼ੈਰ-ਪੰਥਕ ਫ਼ੈਸਲਿਆਂ ਦੇ ਮੌਨ ਹਮਾਇਤੀ ਰਹੇ ਸਨ ਤੇ ਉਨ੍ਹਾਂ ਨੂੰ ਮੁਆਫ ਕੀਤਾ ਜਾਵੇ। ਦੋ ਦਸੰਬਰ, 2024 ਇਤਿਹਾਸਕ ਦਿਨ ਸੀ ਜਦੋਂ ਉਹ ਵਾਪਰਿਆ ਜਿਸ ਦੀ ਉਮੀਦ ਨਹੀਂ ਕੀਤੀ ਜਾਂਦੀ ਸੀ। ਸੁਖਬੀਰ ਨੇ ਆਪਣੀਆਂ ਗ਼ਲਤੀਆਂ ਮੰਨ ਲਈਆਂ। ਆਮ ਤੌਰ 'ਤੇ ਇਹ ਮੰਨਿਆ ਗਿਆ ਕਿ ਇਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਭਾਰ ਦਾ ਮੁੱਢ ਬੰਨ੍ਹ ਦਿੱਤਾ ਹੈ। ਸੁਖਬੀਰ ਦੇ ਜ਼ਿਆਦਾਤਰ ਆਲੋਚਕ ਉਸ ਨੂੰ ਮੌਕਾ ਦੇਣ ਦੇ ਹਾਮੀ ਸਨ। ਹਾਲਾਂਕਿ ਉਸ ਨੇ ਇਹ ਮੌਕਾ ਖੁੰਝਾ ਲਿਆ, ਪਹਿਲਾਂ 'ਤਨਖ਼ਾਹ' ਦਾ ਤਰੀਕਾ ਚੁਣ ਕੇ ਅਤੇ ਮਗਰੋਂ ਹੁਕਮਨਾਮੇ ਨਾਲ ਸਮਝੌਤੇ ਦੀ ਕੋਸ਼ਿਸ਼ ਕਰ ਕੇ। ਜਦੋਂ ਇਹ ਸਭ ਨਾਕਾਮ ਹੋ ਗਿਆ ਤਦ ਜਥੇਦਾਰਾਂ ਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਣ ਦਾ ਸਮਾਂ ਆ ਗਿਆ। ਗਿਆਨੀ ਹਰਪ੍ਰੀਤ ਸਿੰਘ ਪਹਿਲਾ ਨਿਸ਼ਾਨਾ ਬਣੇ ਕਿਉਂਕਿ ਉਨ੍ਹਾਂ ਨੂੰ ਇਸ ਘਟਨਾਕ੍ਰਮ ਦਾ 'ਸੂਤਰਧਾਰ' ਸਮਝਿਆ ਗਿਆ, ਹਾਲਾਂਕਿ ਸਾਰੇ ਪੰਜ ਜਥੇਦਾਰਾਂ ਨੇ ਇਕਮੱਤ ਹੋ ਕੇ ਫ਼ੈਸਲਾ ਕੀਤਾ ਸੀ।

ਫਿਰ ਤੋਂ ਸਿੱਖ ਰਵਾਇਤਾਂ ਦਾ ਅਪਮਾਨ ਹੋਇਆ। ਨਾ ਸਿਰਫ਼ ਉਨ੍ਹਾਂ 'ਤੇ ਸ਼ਰਮਨਾਕ ਇਲਜ਼ਾਮ ਲਾਏ ਗਏ, ਬਲਕਿ ਉਸ ਸਿੱਖ ਔਰਤ ਬਾਰੇ ਵੀ ਕੁਝ ਨਹੀਂ ਵਿਚਾਰਿਆ ਗਿਆ ਜਿਹੜੀ ਸ਼ਿਕਾਇਤਕਰਤਾ ਨਾਲ ਤਲਾਕ ਤੋਂ ਬਾਅਦ ਪਿਛਲੇ 18 ਸਾਲਾਂ ਤੋਂ ਕਿਸੇ ਹੋਰ ਨਾਲ ਵਿਆਹੀ ਹੋਈ ਹੈ। ਇੱਕ ਹੋਰ ਜਵਾਨ ਸਿੱਖ ਔਰਤ ਨੂੰ ਨਿਸ਼ਾਨਾ ਬਣਾਇਆ ਗਿਆ, ਗਿਆਨੀ ਹਰਪ੍ਰੀਤ ਸਿੰਘ ਨਾਲ ਇੱਕ ਸਮਾਗਮ 'ਚ ਜਾਣ 'ਤੇ ਮਰਿਆਦਾ ਤੋੜਨ ਦਾ ਦੋਸ਼ ਲਾਇਆ ਗਿਆ। ਹੱਦ ਦਰਜੇ ਦੀ ਕਿਰਦਾਰਕੁਸ਼ੀ ਕੀਤੀ ਗਈ! ਇਹ ਸਭ ਕੁਝ ਉਦੋਂ ਕੀਤਾ ਗਿਆ ਜਦੋਂ ਕੁਝ ਸਮਾਂ ਪਹਿਲਾਂ ਤੱਕ ਅਜਨਬੀ ਲੋਕਾਂ ਵੱਲੋਂ ਵੀ ਆਪਣੀਆਂ ਧੀਆਂ ਦੀ ਸਲਾਮਤੀ ਲਈ ਸਿੱਖਾਂ 'ਤੇ ਭਰੋਸਾ ਕੀਤਾ ਜਾ ਰਿਹਾ ਸੀ।

ਏਜੰਡੇ 'ਤੇ ਅਗਲੀ ਚੀਜ਼ ਹੈ ਗਿਆਨੀ ਹਰਪ੍ਰੀਤ ਸਿੰਘ ਨੂੰ ਸਿੱਖ ਪੰਥ 'ਚੋਂ ਛੇਕਣਾ। ਇਸ ਲਈ, ਤਖ਼ਤ ਪਟਨਾ ਸਾਹਿਬ ਦੇ ਦਾਗ਼ੀ ਜਥੇਦਾਰ ਗਿਆਨੀ ਰਣਜੀਤ ਸਿੰਘ ਨੂੰ ਅਕਾਲ ਤਖ਼ਤ 'ਤੇ ਸ਼ਿਕਾਇਤ ਕਰਨ ਲਈ ਅੱਗੇ ਕੀਤਾ ਗਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਦੀ ਬਰਤਰਫ਼ੀ ਬਾਰੇ ਐੱਸਜੀਪੀਸੀ ਨਾਲ ਅਸਹਿਮਤੀ ਦਰਜ ਕਰਵਾਈ ਹੈ। ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣ ਦਾ ਰਾਹ ਚੁਣਿਆ ਹੈ। ਹਾਲਾਂਕਿ, ਅਕਾਲ ਤਖ਼ਤ ਵੱਲੋਂ ਗਠਿਤ ਸੱਤ-ਮੈਂਬਰੀ ਕਮੇਟੀ ਤੋਂ ਅਸਤੀਫ਼ਾ ਦੇਣ ਦੀ ਧਾਮੀ ਦੀ ਪੇਸ਼ਕਸ਼ ਸਵਾਲ ਖੜ੍ਹਾ ਕਰਦੀ ਹੈ। ਕੀ ਉਸ 'ਤੇ ਹੁਕਮਨਾਮੇ ਅਤੇ ਸੁਖਬੀਰ ਦੇ ਆਦੇਸ਼ ਵਿੱਚੋਂ ਕਿਸੇ ਇੱਕ ਨੂੰ ਚੁਣਨ ਦਾ ਦਬਾਅ ਬਣਾਇਆ ਜਾ ਰਿਹਾ ਹੈ।

ਇਹ ਵਰਤਾਰਾ ਅਕਾਲ ਤਖ਼ਤ ਨੂੰ ਸਿਆਸੀ ਕਾਰਨਾਂ ਲਈ ਗਿਣ-ਮਿੱਥ ਕੇ ਵਰਤਣ ਅਤੇ ਸੁਖਬੀਰ ਧੜੇ ਮੁਤਾਬਿਕ ਨਾ ਚੱਲਣ ਵਾਲਿਆਂ ਨੂੰ 'ਸਬਕ ਸਿਖਾਉਣ' ਦੀ ਇੱਕ ਸਭ ਤੋਂ ਵੱਡੀ ਮਿਸਾਲ ਹੈ। ਸਿੱਖਾਂ ਲਈ ਸਮਾਂ ਆ ਗਿਆ ਹੈ ਕਿ ਉਹ ਅਕਾਲ ਤਖ਼ਤ ਵਰਗੀ ਸੰਸਥਾ ਦੀ ਦੁਰਵਰਤੋਂ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਅਕਾਲੀਆਂ ਨੂੰ ਕਹਿਣ ਕਿ ਉਹ ਆਪਣੀਆਂ ਲੜਾਈਆਂ ਆਪ ਲੜਨ।

*** ਮੈਂਬਰ ਅਤੇ ਸਾਬਕਾ ਜਨਰਲ ਸਕੱਤਰ, ਐੱਸਜੀਪੀਸੀ।**

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਓਹਾਈਓ ਦੇ ਗਵਰਨਰ ਦੀ ਚੋਣ ਲੜ ਸਕਦੇ ਨੇ ਵਿਵੇਕ ਰਾਮਾਸਵਾਮੀ

## *ਰਿਪਬਲਿਕਨ ਪਾਰਟੀ ਦੀ ਮੁੱਢਲੀ ਚੋਣ 'ਚ ਲੈਣਗੇ ਹਿੱਸਾ*



ਕੋਲੰਬਸ (ਅਮਰੀਕਾ) : ਅਮਰੀਕਾ ਵਿੱਚ ਭਾਰਤੀ ਮੂਲ ਦੇ ਉੱਦਮੀ ਵਿਵੇਕ ਰਾਮਾਸਵਾਮੀ ਵੱਲੋਂ ਓਹਾਈਓ ਦੇ ਗਵਰਨਰ ਦੇ ਅਹੁਦੇ ਲਈ ਆਪਣੀ ਨਾਮਜ਼ਦਗੀ ਦਾਖ਼ਲ ਕਰਨ ਦੀ ਉਮੀਦ ਹੈ। ਸਿਨਸਿਨਾਟੀ ਵਿੱਚ ਜਨਮੇ ਬਾਇਓਟੈੱਕ ਉੱਦਮੀ ਰਾਮਾਸਵਾਮੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਦਿਨ ਸਰਕਾਰੀ ਲਾਗਤ ਕਟੌਤੀ ਵਿਭਾਗ ਤੋਂ ਲਾਂਭੇ ਹੋ ਗਏ ਸਨ। ਰਾਮਾਸਵਾਮੀ (39) ਸਿਨਸਿਨਾਟੀ ਵਿੱਚ ਆਪਣੀ ਮੁਹਿੰਮ ਸ਼ੁਰੂ ਕਰਨ ਲਈ ਤਿਆਰ ਹਨ। ਉਹ ਰਿਪਬਲਿਕਨ ਪਾਰਟੀ ਦੀ ਮੁੱਢਲੀ ਚੋਣ ਵਿੱਚ ਹਿੱਸਾ ਲੈਣਗੇ। ਰਾਮਾਸਵਾਮੀ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਵੱਲੋਂ ਉਮੀਦਵਾਰੀ ਦੀ ਦੌੜ ਵਿੱਚ ਸ਼ਾਮਲ ਸਨ। ਹਾਲਾਂਕਿ, ਬਾਅਦ ਵਿੱਚ ਉਨ੍ਹਾਂ ਨੇ ਟਰੰਪ ਦਾ ਸਮਰਥਨ ਕੀਤਾ। ਰਾਮਾਸਵਾਮੀ ਰਿਪਬਲਿਕਨ ਪਾਰਟੀ ਦੇ ਗਵਰਨਰ ਤੇ ਤਜਰਬੇਕਾਰ ਸੱਜੇਪੱਖੀ ਮਾਈਕ ਡੇਵਿਨ (78) ਦੀ ਥਾਂ ਲੈਣ ਲਈ ਰਿਪਬਲਿਕਨ ਪਾਰਟੀ ਦੀ ਮੁੱਢਲੀ ਚੋਣ ਲੜ ਰਹੇ ਹਨ। ਓਹਾਈਓ ਦੇ ਅਟਾਰਨੀ ਜਨਰਲ ਡੇਵ ਯੋਸਟ ਨੇ ਜਨਵਰੀ ਵਿੱਚ ਇਸ ਸੀਟ ਲਈ ਚੋਣ ਲੜਨ ਦਾ ਐਲਾਨ ਕੀਤਾ ਸੀ ਅਤੇ ਸਿਆਹਫਾਮ ਉਦਯੋਗਪਤੀ ਹੀਥਰ ਹਿੱਲ ਵੀ ਇਸ ਦੌੜ ਵਿੱਚ ਸ਼ਾਮਲ ਹਨ। ਸਾਬਕਾ ਸੂਬਾਈ ਸਿਹਤ ਡਾਇਰੈਕਟਰ ਡਾ. ਐਮੀ ਐਕਟਨ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

# ਬਰਤਾਨੀਆ ਦੇ ਸੰਸਦ ਮੈਂਬਰ ਨੂੰ ਮੁੱਕਾ ਮਾਰਨ ਦੇ ਦੋਸ਼ 'ਚ ਕੈਦ



ਲੰਡਨ : ਬਰਤਾਨੀਆ ਦੇ ਸੰਸਦ ਮੈਂਬਰ ਮਾਈਕ ਐਮਸਬਰੀ ਨੂੰ ਪਿਛਲੇ ਸਾਲ ਆਪਣੇ ਹਲਕੇ ਵਿਚ ਇਕ ਆਦਮੀ 'ਤੇ ਹਮਲਾ ਕਰਨ ਦੇ ਦੋਸ਼ ਵਿਚ ਚੈਸਟਰ ਮੈਜਿਸਟ੍ਰੇਟ ਦੀ ਅਦਾਲਤ ਵਿਚ 10 ਹਫਤੇ ਕੈਦ ਦੀ ਸਜ਼ਾ ਸੁਣਾਈ ਗਈ ਹੈ । ਸਾਬਕਾ ਲੇਬਰ ਸੰਸਦ ਮੈਂਬਰ ਨੇ ਅਕਤੂਬਰ ਵਿਚ ਫਰੋਡਸ਼ਮ, ਚੈਸ਼ਾਇਰ ਵਿਚ ਇੱਕ ਆਦਮੀ ਨੂੰ ਮੁੱਕਾ ਮਾਰਿਆ ਸੀ ਅਤੇ ਇਹ ਘਟਨਾ ਕੈਮਰੇ ਵਿਚ ਕੈਦ ਹੋ ਗਈ ਸੀ । ਆਦਮੀ ਨੂੰ ਮੁੱਕਾ ਮਾਰਨ ਤੋਂ ਬਾਅਦ ਰਨਕੋਰਨ ਅਤੇ ਹੇਲਸਬੀ ਦੇ ਐਮ.ਪੀ. ਨੇ ਚੀਕਦੇ ਹੋਏ ਕਿਹਾ ਕਿ ਤੁਸੀਂ ਐਮ.ਪੀ. ਨੂੰ ਦੁਬਾਰਾ ਕਦੇ ਧਮਕੀ ਨਹੀਂ ਦਿਓਗੇ ? ਐਮਸਬਰੀ ਦੇ ਬਚਾਅ ਪੱਖ ਦੇ ਵਕੀਲ ਨੇ ਅਦਾਲਤ ਨੂੰ ਉਸ ਦੀਆਂ ਮਿਸਾਲੀ ਜਨਤਕ ਸੇਵਾਵਾਂ ਬਾਰੇ ਦੱਸਿਆ, ਜਿਸ ਨੂੰ ਮੈਜਿਸਟ੍ਰੇਟ ਨੇ ਸਵੀਕਾਰ ਕਰ ਲਿਆ। ਪਰ ਨਾਲ ਹੀ 10 ਹਫਤੇ ਕੈਦ ਦੀ ਸਜ਼ਾ ਸੁਣਾਈ। ਐਮਸਬਰੀ (55) ਨੂੰ ਲੇਬਰ ਦੁਆਰਾ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਪਿਛਲੇ ਮਹੀਨੇ ਅਦਾਲਤ ਵਿਚ 45 ਸਾਲਾ ਹਲਕੇ ਦੇ ਪਾਲ ਫੈਲੋਜ਼ 'ਤੇ ਹਮਲਾ ਕਰਨ ਦੀ ਗੱਲ ਸਵੀਕਾਰ ਕੀਤੀ ਸੀ ।

# ਪੰਜਾਬੀ ਕਲਚਰਲ ਸੈਂਟਰ ਫਰਿਜ਼ਨੋ ਵਿਖੇ ਮਾਂ ਬੋਲੀ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਕੀਤਾ



ਫਰਿਜ਼ਨੋ/ਕੈਲੇਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ) : ਪੰਜਾਬੀ ਕਲਚਰਲ ਸੈਂਟਰ ਯੂ. ਐਸ. ਏ., ਪੰਜਾਬੀ ਰੇਡੀਓ ਯੂ. ਐਸ. ਏ. ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਸਾਂਝੇ ਉੱਦਮ ਸਦਕਾ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਇੱਕ ਵਿਸ਼ੇਸ਼ ਪ੍ਰੋਗਰਾਮ ਪੰਜਾਬੀ ਕਲਚਰਲ ਸੈਂਟਰ ਫਰਿਜ਼ਨੋ ਦੇ ਵਿਹੜੇ ਕਰਵਾਇਆ ਗਿਆ। ਜਿਸ ਵਿੱਚ ਕੈਲੀਫੋਰਨੀਆ ਦੇ ਨਾਲ-ਨਾਲ, ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਪੰਜਾਬੀ ਪ੍ਰੇਮੀਆਂ ਨੇ ਹਿੱਸਾ ਲਿਆ। ਇਸ ਸਮੇਂ ਪੰਜਾਬੀ ਮਾਂ ਬੋਲੀ ਦੇ ਸਾਹਵੇਂ ਦਰਪੇਸ਼ ਚੁਣੌਤੀਆਂ, ਬੋਲੀ ਦੇ ਪਸਾਰ ਲਈ ਕਿਵੇਂ ਯਤਨ ਕੀਤੇ ਜਾਣ ਤੇ ਆਉਣ ਵਾਲਿਆਂ ਨਸਲਾਂ ਨੂੰ ਕਿਵੇਂ ਮਾਂ ਬੋਲੀ ਦੇ ਨਾਲ ਕਿਵੇਂ ਜੋੜਿਆ ਜਾਵੇ ਬਾਰੇ ਵਿਚਾਰ ਚਰਚਾਵਾਂ ਕੀਤੀਆਂ ਗਈਆਂ।

ਇਸ ਮੌਕੇ 'ਤੇ ਹਰਜਿੰਦਰ ਸਿੰਘ ਕੰਗ, ਸੰਤੋਖ ਸਿੰਘ ਮਿਨਹਾਸ, ਸਾਧੂ ਸਿੰਘ ਸੰਘਾ, ਡਾ. ਗੁਰਰੀਤ ਬਰਾੜ, ਗੁਰਸ਼ਰਨ ਸਿੰਘ, ਮੁਕਾਸ਼ਫ਼ਾ ਮੱਲੀ, ਏਕਨੂਰ ਸਿੰਘ, ਏਕਜੋਤ ਸਿੰਘ ਤੇ ਗੁਰਸ਼ਰਨ ਕੌਰ, ਸੁਖਦੇਵ ਸਿੰਘ ਚੀਮਾ, ਪਾਕਿਸਤਾਨ ਤੋਂ ਆਨਲਾਈਨ ਬਾਬਾ ਗੁਲਾਮ ਹੁਸੈਨ ਨਦੀਮ ਅਤੇ ਇਰਸ਼ਾਦ ਸੰਧੂ, ਮਹਿੰਦਰ ਸਿੰਘ ਸੰਧਾਵਾਲੀਆ, ਗੁਰਮੀਤ ਸਿੰਘ ਜੱਜ, ਅਵਤਾਰ ਸਿੰਘ ਗੋਂਦਾਰਾ, ਰਾਣੀ ਕਾਹਲੋਂ, ਕੁੰਦਨ ਸਿੰਘ ਧਾਮੀ, ਡਾ ਅਰਜਨ ਸਿੰਘ ਜੋਸਨ, ਰਾਜ ਬਰਾੜ, ਹੈਰੀ ਮਾਨ, ਸਾਧੂ ਸਿੰਘ ਸੰਘਾ, ਰਾਜਕਰਨਬੀਰ ਸਿੰਘ, ਮਸੂਦ ਮੱਲੀ, ਗੁਰਮੀਤ ਬਾਠ ਮੋਡੈਸਟੋ, ਸੁਰਿੰਦਰ ਮੰਢਾਲੀ, ਪ੍ਰਵੀਨ ਸ਼ਰਮਾ ਨੇ ਮਾਂ ਬੋਲੀ ਪੰਜਾਬੀ ਦੇ ਲਈ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦੇ ਹੋਏ ਪੰਜਾਬੀ ਮੋਹ ਵਿੱਚ ਭਿੱਜੀਆਂ ਰਚਨਾਵਾਂ ਅਤੇ ਕਵਿਤਾਵਾਂ ਸਾਂਝੀਆਂ ਕੀਤੀਆਂ। ਜਿਨ੍ਹਾਂ ਸੁਣ ਸਰੋਤਿਆਂ ਨੇ ਵਾਹ-ਵਾਹ ਕਰਦਿਆਂ ਤਾੜੀਆਂ ਵਜਾ ਹੌਸਲਾ ਅਫਜ਼ਾਈ ਕੀਤਾ।

ਇਸ ਸਮੇਂ ਹਾਜ਼ਰ ਪ੍ਰਮੁੱਖ ਬੁਲਾਰਿਆਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤਤਪਰ, ਫ਼ਿਕਰਮੰਦੀ ਜ਼ਾਹਰ ਕਰਨ ਅਤੇ ਹਮੇਸ਼ਾ ਉਪਰਾਲੇ ਦੇ ਲਈ ਪੰਜਾਬੀ ਰੇਡੀਓ ਯੂ.ਐਸ. ਏ., ਪੰਜਾਬੀ ਕਲਚਰਲ ਸੈਂਟਰ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਭਰਪੂਰ ਸ਼ਲਾਘਾ ਵੀ ਕੀਤੀ। ਜਿਨ੍ਹਾਂ ਹਮੇਸ਼ਾ ਹੀ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ।

ਇਸ ਵਿਸ਼ੇਸ਼ ਪ੍ਰੋਗਰਾਮ ਦੇ ਅੰਤ 'ਚ ਹਰਜੋਤ ਸਿੰਘ ਖਾਲਸਾ ਨੇ ਬੋਲਦੇ ਹੋਏ ਕਿਹਾ ਕਿ ਮਾਂ ਬੋਲੀ ਪੰਜਾਬੀ ਦੇ ਲਈ ਹੰਭਲੇ ਮਾਰਨਾ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਬਣਦਾ ਹੈ ਅਤੇ ਸਾਨੂੰ ਇਸ ਵਿੱਚ ਬਣਦਾ ਯੋਗਦਾਨ ਵੱਧ ਚੜ੍ਹ ਕੇ ਪਾਉਣਾ ਚਾਹੀਦਾ ਹੈ। ਸਾਨੂੰ ਮਾਣ ਹੈ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਇਸਦੀ ਸੇਵਾ ਲਈ ਸਾਨੂੰ ਹਮੇਸ਼ਾ ਤਤਪਰ ਰਹਿਣਾ ਚਾਹੀਦਾ। ਇਸ ਸਮੇਂ ਖਾਸ ਤੌਰ ਉਤੇ ਬੀਬੀ ਬਲਵਿੰਦਰ ਕੌਰ ਖਾਲਸਾ ਨੇ ਆਏ ਹੋਏ ਸਮੂੰਹ ਮੀਡੀਆਂ ਸਾਥੀਆਂ ਦਾ ਪਹੁੰਚਣ ਦੇ ਲਈ ਅਤੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਵਿੱਚ ਇਸ ਵਿਸ਼ੇਸ਼ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।

ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੇ ਜਿੰਮੇਵਾਰੀ ਹਰਜਿੰਦਰ ਸਿੰਘ ਕੰਗ ਅਤੇ ਰਾਜਕਰਨਬੀਰ ਸਿੰਘ ਨੇ ਬਾਖ਼ੂਬੀ ਸੰਭਾਲੀ ਸਫਲਤਾ ਨਾਲ ਨਿਭਾਈ ਸੀ। ਇਸ ਮੌਕੇ ਹਾਜ਼ਰ ਸਮੂੰਹ ਮਹਿਮਾਨਾਂ ਦੇ ਲਈ ਚਾਹ-ਪਕੌੜਿਆਂ ਦੇ ਲਈ ਅਤੁੱਟ ਲੰਗਰ ਵਰਤੇ। ਅੰਤ ਪੰਜਾਬੀ ਮਾਂ ਬੋਲੀ ਦੇ ਲਈ ਅਜਿਹੇ ਹੰਭਲੇ ਮਾਰਨ ਦੇ ਅਹਿਦ ਨਾਲ ਇਹ ਪ੍ਰੋਗਰਾਮ ਆਪਣੀਆ ਅਮਿੱਟ ਯਾਦਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਬਲੂ ਵਾਟਰ ਬ੍ਰਿਜ 'ਤੇ 11 ਮਿਲੀਅਨ ਡਾਲਰ ਦੀ ਕੋਕੀਨ ਦੀ ਤਸਕਰੀ ਨਾਲ ਸੰਬੰਧਤ ਦੇ ਮਾਮਲੇ 'ਚ ਭਾਰਤੀ ਮੂਲ ਦੇ ਦੋ ਟਰੱਕ ਡਰਾਈਵਰ ਦੋਸ਼ੀ ਕਰਾਰ




ਨਿਊਯਾਰਕ/ਬਰੈਂਪਟਨ, (ਰਾਜ ਗੋਗਨਾ) : ਬੀਤੇ ਦਿਨ ਦੋ ਟਰੱਕ ਡਰਾਈਵਰਾਂ ਨੂੰ ਬਲੂ ਵਾਟਰ ਬ੍ਰਿਜ ਰਾਹੀਂ ਕੈਨੇਡਾ ਵਿੱਚ 11 ਮਿਲੀਅਨ ਡਾਲਰ ਦੀ ਕੋਕੀਨ ਦੀ ਸਮੱਗਲਿੰਗ ਕਰਨ ਦੇ ਦੋਸ਼ਾਂ ਹੇਠ ਸਰਨੀਆ (ਕੈਨੇਡਾ) ਦੀ ਅਦਾਲਤ ਚ' ਜਿਊਰੀ ਨੇ ਆਪਣਾ ਫ਼ੈਸਲਾ ਸੁਣਾਉਂਦੇ ਹੋਏ ਭਾਰਤੀ ਮੂਲ ਦੇ ਦੋ ਦੋਸ਼ੀਆ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਦੱਸਣਯੋਗ ਹੈ ਕਿ ਇਸ ਸਾਲ ਦੇ ਅੰਤ ਵਿੱਚ ਹੀ ਇੰਨਾ ਦੋਵਾਂ ਨੂੰ ਸਜ਼ਾ ਸੁਣਾਈ ਜਾਵੇਗੀ। ਇਹਨਾਂ ਦੀ ਪਹਿਚਾਣ ਵਿਕਰਮ ਦੱਤਾ ਉਮਰ (44) ਅਤੇ ਗੁਰਿੰਦਰ ਸਿੰਘ ਉਮਰ (61) ਸਾਲ ਦੇ ਕਰੀਬ ਹੈ। ਇਹ ਦੋਨੇ ਕੈਨੇਡਾ ਦੇ ਬਰੈਂਪਟਨ ਵਾਸੀਆਂ ਦੇ ਲੋਕਾਂ ਲਈ ਰੋਜ਼ਾਨਾ ਕੋਕੀਨ ਆਯਾਤ ਕਰਨ ਅਤੇ ਤਸਕਰੀ ਲਈ ਕੋਕੀਨ ਰੱਖਣ ਦੇ ਦੋਸ਼ ਅਦਾਲਤ ਵੱਲੋਂ ਲਗਾਏ ਗਏ ਸਨ। ਬਾਰਡਰ ਅਧਿਕਾਰੀਆਂ ਵੱਲੋਂ ਲੰਘੀ 11 ਦਸੰਬਰ, ਸੰਨ 2022 ਨੂੰ ਮਿਸ਼ੀਗਨ (ਅਮਰੀਕਾ) ਅਤੇ ਉਨਟਾਰੀਓ ਕੈਨੇਡਾ ਨੂੰ ਜੋੜਦੇ ਬਲੂ ਵਾਟਰ ਬ੍ਰਿਜ 'ਤੇ ਇੱਕ ਕਮਰਸ਼ੀਅਲ ਟਰੱਕ ਟਰੇਲਰ ਵਿੱਚੋਂ ਇੰਨਾਂ ਪਾਸੋ ਕੋਨੀਨ ਅਤੇ ਹੋਰ ਪਦਾਰਥ ਫ਼ੜੇ ਗਏ ਸਨ।

# ਜਾਸੂਸੀ ਦੇ ਦੋਸ਼ ਚ ਜੇਲ੍ਹ ਚ ਬੰਦ ਚੀਨੀ ਪੱਤਰਕਾਰ ਦੇ ਪੁੱਤਰ ਨੇ ਪਿਤਾ ਦੀ ਰਿਹਾਈ ਦੀ ਕੀਤੀ ਮੰਗ

ਵਾਸ਼ਿੰਗਟਨ : ਜਾਸੂਸੀ ਦੇ ਦੋਸ਼ੀ ਇੱਕ ਚੀਨੀ ਪੱਤਰਕਾਰ ਦੇ ਪੁੱਤਰ ਨੇ ਆਪਣੇ ਪਿਤਾ ਨੂੰ ਇਸ ਮਾਮਲੇ ਵਿੱਚ 7 ਸਾਲ ਦੀ ਜੇਲ੍ਹ ਦੀ ਸਜ਼ਾ ਤੋਂ ਮੁਕਤ ਕਰਨ ਦੀ ਅਪੀਲ ਕੀਤੀ ਹੈ। ਡੋਂਗ ਯੂਯੂ ਕਮਿਊਨਿਸਟ ਪਾਰਟੀ ਦੁਆਰਾ ਚਲਾਏ ਜਾ ਰਹੇ ਇੱਕ ਅਖਬਾਰ ਦੇ ਸੀਨੀਅਰ ਸੰਪਾਦਕ ਸਨ ਅਤੇ ਉਨ੍ਹਾਂ ਨੂੰ ਫਰਵਰੀ 2022 ਵਿੱਚ ਉਦੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਬੀਜਿੰਗ ਵਿੱਚ ਇੱਕ ਜਾਪਾਨੀ ਡਿਪਲੋਮੈਟ ਨਾਲ ਦੁਪਹਿਰ ਦਾ ਖਾਣਾ ਖਾ ਰਹੇ ਸਨ। ਡੋਂਗ ਯਿਫੂ ਨੇ ਸੋਮਵਾਰ ਨੂੰ ਵਾਸ਼ਿੰਗਟਨ ਦੇ ਨੈਸ਼ਨਲ ਪ੍ਰੈਸ ਕਲੱਬ ਵਿੱਚ ਕਿਹਾ ਕਿ ਉਸਦੇ ਪਿਤਾ ਆਪਣੀ ਸਜ਼ਾ ਵਿਰੁੱਧ ਅਪੀਲ ਕਰਨ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਨੇ ਜਾਪਾਨੀ ਅਧਿਕਾਰੀਆਂ ਨੂੰ ਇਹ ਸਾਬਤ ਕਰਨ ਵਿੱਚ ਮਦਦ ਕਰਨ ਦੀ ਅਪੀਲ ਕੀਤੀ ਕਿ ਡੋਂਗ ਯੂਯੂ ਦੀਆਂ ਜਾਪਾਨੀ ਡਿਪਲੋਮੈਟਾਂ ਨਾਲ ਮੁਲਾਕਾਤਾਂ ਦਾ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

ਉਨ੍ਹਾਂ ਕਿਹਾ, "ਇਹ ਪ੍ਰੈਸ ਦੀ ਆਜ਼ਾਦੀ ਦਾ ਮੁੱਦਾ ਹੈ। ਇਹ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ। ਇਸਦਾ ਰਾਸ਼ਟਰੀ ਸੁਰੱਖਿਆ ਜਾਂ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।" ਚੀਨ



ਦੇ ਵਿਦੇਸ਼ ਮੰਤਰਾਲਾ ਨੇ ਟਿੱਪਣੀ ਲਈ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। ਡੋਂਗ ਯੂਯੂ ਪਹਿਲਾਂ ਗੁਆਂਗਮਿੰਗ ਡੇਲੀ ਵਿੱਚ ਕੰਮ ਕਰਦੇ ਸਨ। ਇਸ ਅਖ਼ਬਾਰ ਨੂੰ ਕਦੇ ਵਧੇਰੇ ਉਦਾਰਵਾਦੀ ਮੰਨਿਆ ਜਾਂਦਾ ਸੀ। ਡੋਂਗ ਨੇ ਸੰਵਿਧਾਨਕ ਲੋਕਤੰਤਰ, ਰਾਜਨੀਤਿਕ ਸੁਧਾਰ ਅਤੇ ਅਧਿਕਾਰਤ ਜਵਾਬਦੇਹੀ ਦੇ ਹੱਕ ਵਿੱਚ ਤਰਕ ਦਿੰਦੇ ਹੋਏ ਲੇਖ ਲਿਖੇ ਸਨ। ਡੋਂਗ ਦੀ ਗ੍ਰਿਫਤਾਰੀ ਗੁਆਂਗਮਿੰਗ ਡੇਲੀ ਅਖਬਾਰ ਤੋਂ ਸੇਵਾਮੁਕਤ ਹੋਣ ਦੀ ਉਨ੍ਹਾਂ ਯੋਜਨਾ ਬਣਾਉਣ ਤੋਂ ਸਿਰਫ਼ 2 ਮਹੀਨੇ ਪਹਿਲਾਂ ਹੋਈ ਸੀ।

ਡੋਂਗ ਦੀ ਗ੍ਰਿਫਤਾਰੀ ਨੇ ਚੀਨ ਭਰ ਦੇ ਪੱਤਰਕਾਰਾਂ ਅਤੇ ਡਿਪਲੋਮੈਟਾਂ ਨੂੰ ਹੈਰਾਨ ਕਰ ਦਿੱਤਾ ਸੀ। ਪੱਤਰਕਾਰਾਂ ਲਈ ਖ਼ਬਰਾਂ ਪ੍ਰਾਪਤ ਕਰਦੇ ਸਮੇਂ ਡਿਪਲੋਮੈਟਾਂ ਨਾਲ ਸੰਪਰਕ ਬਣਾਈ ਰੱਖਣਾ ਆਮ ਗੱਲ ਹੈ। ਡੋਂਗ ਯਿਫੂ ਨੇ ਕਿਹਾ ਕਿ ਉਸਦੀ ਮਾਂ ਨੇ ਬਾਅਦ ਵਿੱਚ ਅਦਾਲਤ ਵਿੱਚ ਸੁਣਿਆ ਕਿ ਜਾਪਾਨੀ ਡਿਪਲੋਮੈਟਾਂ ਨਾਲ 8 ਮੁਲਾਕਾਤਾਂ ਨੂੰ ਉਸਦੇ ਪਿਤਾ ਦੇ ਖਿਲਾਫ ਸਬੂਤ ਵਜੋਂ ਸੂਚੀਬੱਧ ਕੀਤਾ ਗਿਆ ਸੀ। ਉਸਨੇ ਕਿਹਾ ਕਿ ਡੋਂਗ ਯੂਯੂ ਦੇ ਵਕੀਲ ਮਹੀਨੇ ਵਿੱਚ ਇੱਕ ਵਾਰ ਪੱਤਰਕਾਰ ਨੂੰ ਮਿਲ ਸਕਦੇ ਹਨ ਅਤੇ ਉਨ੍ਹਾਂ ਦੀ ਪਤਨੀ ਦੇ ਹੱਥ ਲਿਖਤ ਪੱਤਰ ਲਿਆ ਸਕਦੇ ਹਨ। ਉਸਨੇ ਕਿਹਾ ਕਿ ਉਸਦੇ ਪਿਤਾ ਨੇ ਅਪੀਲ ਲਈ 45 ਪੰਨਿਆਂ ਦਾ ਹੱਥ ਲਿਖਤ ਦਸਤਾਵੇਜ਼ ਤਿਆਰ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਪਿਛਲੇ ਸ਼ੁੱਕਰਵਾਰ ਨੂੰ 'ਐਕਸ' 'ਤੇ ਇੱਕ ਪੋਸਟ ਵਿੱਚ ਡੋਂਗ ਯੂਯੂ ਦੀ ਤੁਰੰਤ ਅਤੇ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਸੀ।

# ਟਰੰਪ ਨੇ ਫਰਾਂਸ ਦੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿਖੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦਾ ਸਵਾਗਤ ਕੀਤਾ। ਮੈਕਰੋਂ ਦਾ ਦੌਰਾ ਐਟਲਾਂਟਿਕ ਸਬੰਧਾਂ ਦੇ ਭਵਿੱਖ ਬਾਰੇ ਡੂੰਘੀ ਅਨਿਸ਼ਚਿਤਤਾ ਸਮੇਂ ਹੋ ਰਿਹਾ ਹੈ। ਟਰੰਪ ਨੇ ਅਮਰੀਕੀ ਵਿਦੇਸ਼ ਨੀਤੀ 'ਚ ਬਦਲਾਅ ਕੀਤਾ ਹੈ ਅਤੇ ਉਹ ਯੂਕ੍ਰੇਨ-ਰੂਸ ਜੰਗ ਨੂੰ ਜਲਦੀ ਖਤਮ ਕਰਨਾ ਚਾਹੁੰਦੇ ਹਨ।

ਦੋਵਾਂ ਨੇਤਾਵਾਂ ਨੇ ਦਿਨ ਦੀ ਸ਼ੁਰੂਆਤ ਜੰਗ 'ਤੇ ਚਰਚਾ ਕਰਨ ਲਈ ਜੀ 7 ਅਰਥਵਿਵਸਥਾਵਾਂ ਦੇ ਸਾਥੀ ਨੇਤਾਵਾਂ ਨਾਲ ਇਕ ਵਰਚੁਅਲ ਮੀਟਿੰਗ 'ਚ ਹਿੱਸਾ ਲੈ ਕੇ ਕੀਤੀ। ਟਰੰਪ ਨੇ ਗ੍ਰੀਨਲੈਂਡ, ਕੈਨੇਡਾ, ਗਾਜ਼ਾ ਅਤੇ ਪਨਾਮਾ ਨਹਿਰ ਜ਼ੋਨ ਦੇ ਨਾਲ-ਨਾਲ ਯੂਕ੍ਰੇਨ ਤੋਂ ਵੀ ਕੀਮਤੀ ਦੁਰਲੱਭ ਧਰਤੀ ਦੇ ਖਣਿਜਾਂ ਦੀ ਮੰਗ ਕੀਤੀ ਹੈ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਵਾਹਿਗੁਰੂ ਜੀ ਕੀ ਫ਼ਤਹਿ ਬੁਲਾਣ ਬਾਰੇ ਪਟਨਾ ਸਾਹਿਬ ਦੇ ਮੈਨੇਜਰ ਰਹਿ ਚੁੱਕੇ ਗਿਆਨੀ ਗੁਰਬਚਨ ਸਿੰਘ ਜੀ ਕਿਹਾ ਕਰਦੇ ਸਨ ਕਿਸੇ ਨੂੰ ਫਤਹਿ ਬੁਲਾਣ ਸਮੇਂ ਤੁਹਾਡੇ ਹੱਥ ਸੀਨੇ ਤੋਂ ਥੱਲੇ ਨਹੀਂ ਆਣੇ ਚਾਹੀਦੇ।

(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਪਰਦਾ ਜਾਂ ਘੁੰਮ ਬਾਰੇ ਸਿੱਖ ਰਹਿਤ ਮਰਯਾਦਾ ਵਿਚ ਦੋ ਥਾਵਾਂ 'ਤੇ ਜ਼ਿਕਰ ਕੀਤਾ ਗਿਆ ਹੈ। ਪਹਿਲੀ ਵਾਰ ਸ਼ਖਸੀ ਰਹਿਣ ਦੀ ਮੱਦ ਗੁਰਦੁਆਰਾ ਦੀ ਮੱਦ 1 (4)(1)(ੲ) ਹੇਠ ਅੰਕਤ ਹੈ - ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ। ਇਸ ਨੂੰ ਹੋਰ ਦ੍ਰਿੜ. ਕਰਾਉਂਦਿਆਂ ਇਕ ਵਾਰ ਫਿਰ ਮਰਯਾਦਾ ਦੀ ਸ਼ਖਸੀ ਰਹਿਣੀਦ ੇ ਗੁਰਮਤਿ ਦੀ ਰਹਿਣੀ ਦੇ ਅੰਗ 2 (ਢ) ਵਿਚ ਕਿਹਾ ਗਿਆ ਹੈ, ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

ਸਮਾਜ ਵਿਚ ਔਰਤ ਲਈ ਇਕ ਪਾਸੇ ਪੂਰੀ ਤਰ੍ਹਾਂ ਅਤੇ ਸਖ਼ਤੀ ਨਾਲ ਪਰਦੇ ਜਾਂ ਘੁੰਡ ਦੀ ਪ੍ਰਥਾ ਲਾਗੂ ਸੀ ਅਤੇ ਉਥੇ ਦੂਜੇ ਾਸੇ ਬੇਪਰਦ ਹੁੰਦਿਆਂ ਹੋਇਆਂ ਹਵਾ ਵਰਗੇ ਪਾਰਦਰਸ਼ੀ ਕੱਪੜੇ ਪਾ ਕੇ ਸਮਾਜ ਵਿਚ ਵਿਆਪਕ ਨੰਗੇਜ਼ਪੁਣਾ ਵੀ ਜਾਰੀ ਸੀ। ਕਿਤਨੀ ਹੈਰਾਨੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਬਾਰੇ ਸਦੀਆਂ ਪਹਿਲਾਂ ਚਿਤਾਵਨੀ ਦਿੱਤੀ ਸੀ,

**ਮ: ੫ ॥ ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥**
**ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰ ॥੩ ॥ (ਗਉੜੀ ਵਾਰ ਮ: ੫, ਪੰਨਾ ੩੧੮)**

ਪ੍ਰੋ. ਪੂਰਨ ਸਿੰਘ ਦੇ ਬਚਨ ਬਹੁਤ ਹੀ ਭਾਵਪੂਰਤ ਹਨ ਕਿ 'ਇਸ ਸਰੀਰ ਵਿਚ ਵਾਹਿਗੁਰੂ ਦੀ ਜੋਤਿ ਹੇ ਇਸ ਲਈ ਤੁਰਦਾ ਫਿਰਦਾ ਹਰਿਮੰਦਰ ਹੈ। ਇਸ ਲਈ ਇਹ ਹਰ ਵੇਲੇ ਸੱਜਿਆ, ਕੱਜਿਆ ਅਤੇ ਰੱਜਿਆ ਰਹਿਣਾ ਚਾਹੀਦਾ ਹੈ।

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ ਦੋਵੇਂ ਠੀਕ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)


ਇਸ ਦੇ ਨਾਲ ਅਗਲੀ ਮੱਦ 2 (ਣ) ਵਿਚ ਸਪਸ਼ਟ ਕਰ ਦਿੱਤਾ ਗਿਆ ਕਿ ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਇਲਾਵਾ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਦੀ ਨਹੀਂ ਹੈ। ਇਸ ਦਾ ਅਰਥ ਹੈ ਕਿ ਸਿੱਖ ਲਈ ਦਸਤਾਰ ਅਤੇ ਕਛਹਿਰੇ ਦੀ ਪਾਬੰਦੀ ਹੈ।

**ਕਛਹਿਰਾ**

ਪੰਜ ਕਕਾਰ ਅਤੇ ਚਾਰ ਕੁਰਹਿਤਾਂ ਸਿੱਖ ਪੰਥ ਦੇ ਬੁਨਿਆਦੀ ਸਿਧਾਂਤ ਹਨ। ਇਨ੍ਹਾਂ ਵਿਚ ਨਾ ਤਾਂ ਤਬਦੀਲੀ ਹੋ ਸਕਦੀ ਹੈ ਅਤੇ ਨਾ ਹੀ ਘਾਟਾ ਵਾਧਾ। ਪੰਜਾਂ ਕਕਾਰਾਂ ਵਿਚ ਸ਼ਾਮਲ ਕਛਹਿਰਾ ਕੇਵਲ ਨੰਗੇਜ਼ ਢੱਕਣ ਦਾ ਇਕ ਵਸਤ੍ਰ ਮਾਤਰ ਨਹੀਂ ਹੈ ਬਲਕਿ ਇਸਦੇ ਪਿਛੇ ਗੰਭੀਰ ਸਿਧਾਂਤ ਹੈ। ਅੰਮ੍ਰਿਤ ਸੰਸਕਾਰ ਦੀ ਮੱਦ (ਟ) ਵਿਚ ਵੀ ਅੰਕਤ ਹੈ...ਪੰਜਾ ਕੱਕਿਆਂ-ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।... ਕਛਹਿਰੇ ਅਤੇ ਬਾਕੀ ਕਕਾਰਾਂ ਬਾਰੇ ਵਿਸਥਾਰ ਸਹਿਤ ਉਸ ਅਧਿਆਇ ਵਿਚ ਵਿਚਾਰ ਕੀਤੀ ਗਈ ਹੈ।

ਕਛਹਿਰੇ ਪ੍ਰਤੀ ਰਹਿਤਨਾਮਿਆਂ ਵਿਚ ਸਪਸ਼ਟ ਆਦੇਸ਼ ਹੈ :

ਕਛ ਬਿਹੀਨ ਚਿਰਕਾਲ ਨ ਰਹੈ।
ਇਕ ਤਜਿ ਦੂਤੀ ਤੁਰਤ ਹੀ ਗਹੈ ॥੧੭॥
(ਮੁਕਤਸਰ, ਗੁ. ਪ੍ਰ. ਸੂ. ਗ੍ਰੰ., ਰਿਤੁ ੩, ਅੰਸੂ ੫੦)




**ਦਸਤਾਰ :**

ਕਛਹਿਰੇ ਤੋਂ ਇਲਾਵਾ ਸਿੱਖ ਪੁਰਸ਼ ਲਈ ਦਸਤਾਰ ਧਾਰਨ ਕਰਨ ਦੀ ਪਾਬੰਦੀ ਹੈ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਇਸਤਰੀ ਦੀ ਆਪਣੀ ਇੱਛਾ ਹੈ ਕਿ ਉਹ ਦਸਤਾਰ ਸਜਾਏ ਜਾਂ ਨਾ ਸਜਾਏ। ਇਹ ਦੋਵੇਂ ਹੀ ਠੀਕ ਹਨ। ਫਾਰਸੀ ਸ੍ਰੋਤਾਂ ਵਿਚ ਕਿਸੇ ਬੰਦੇ ਦੇ ਕਿਰਦਾਰ ਦੀ ਪਛਾਣ ਦਸਤਾਰ, ਗੁਫ਼ਤਾਰ ਅਤੇ ਰਫ਼ਤਾਰ ਤੋਂ ਮੰਨੀ ਜਾਂਦੀ ਹੈ।

ਇਹ ਦਸਤਾਰ ਕੇਵਲ ਕੱਪੜੇ ਦਾ ਟੁਕੜਾ ਮਾਤਰ ਨਹੀਂ ਹੈ, ਇਹ ਗੁਰੂ ਦੀ ਆਪਣੀ ਬਖਸ਼ਿਸ਼ ਅਤੇ ਰਹਿਮਤ ਹੈ। ਇਸ ਨੂੰ ਕਾਇਮ ਰੱਖਣ ਲਈ ਕੌਮ ਨੇ ਬਹੁਤ ਜੱਦੋ ਜਹਿਦ ਕੀਤੀ ਹੈ।

**ਪਹਿਰ ਕਛਹਿਰੇ ਸਿਰ ਬੰਧਯੋ ਪਾਗ।**
**ਗੁਰ ਗ੍ਰੰਥ ਬਚਨ ਪਰ ਰਹਯੋਂ ਲਾਗ ॥ ੧੪ ॥**
**ਦੋਇ ਵੇਲੇ ਉਠ ਬੰਧਯੋਂ ਦਸਤਾਰੇ।**
**ਪਹਰ ਆਠ ਰਖੱਯੋ ਸ਼ਸਤ੍ਰ ਸੰਭਾਰੇ ॥**
**ਕੇਸਨ ਕੀ ਕੀਜੋ ਪ੍ਰਤਿਪਾਲ।**
**ਨਹਿ ਉਸਤ੍ਰਨ ਸੋ ਕਟਯੋ ਬਾਲ ॥ ੧੯ ॥**
**(ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ)**

**1. ਜਨਮ ਤੇ ਨਾਮ-ਸੰਸਕਾਰ**

ਸਿੱਖ ਰਹਿਤ ਮਰਯਾਦਾ ਵਿਚ ਸ਼ਖਸੀ ਰਹਿਣੀ ਵਿਚ ਤਿੰਨ ਸੰਸਕਾਰ ਨਿਸ਼ਚਿਤ ਕੀਤੇ ਗਏ ਹਨ-ਜਨਮ ਤੇ ਨਾਮ ਸੰਸਕਾਰ, ਅਨੰਦ ਸੰਸਕਾਰ ਅਤੇ ਮ੍ਰਿਤਕ ਸੰਸਕਾਰ। ਚੌਥਾ ਅਤੇ ਅੰਤਮ ਸੰਸਕਾਰ ਅੰਤ੍ਰਿਮ ਸੰਸਕਾਰ ਹੈ ਜੋ ਕਿ ਨਿੱਜੀ ਨਹੀਂ ਬਲਕਿ ਪੰਥਕ ਜੀਵਨ ਜਾਚ ਦਾ ਹਿੱਸਾ ਹੈ। ਇਹ ਚਾਰੋਂ ਸੰਸਾਰ ਸਿੱਖ ਜੀਵਨ ਜਾਚ ਨੂੰ ਸੁਖੈਲ ਅਤੇ ਮਰਯਾਦਤ ਰੱਖਣ ਲਈ ਜ਼ਰੂਰੀ ਹਨ। ਇਸ ਤਰ੍ਹਾਂ ਇਹ ਉਚੇਚਾ ਧਿਆਨ ਰੱਖਿਆ ਗਿਆ ਹੈ ਕਿ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਗੁਰਸਿੱਖ ਇਨ੍ਹਾਂ ਚਾਰਾਂ ਸੰਸਕਾਰਾਂ ਨੂੰ ਬਿਨਾਂ ਕਰਮ ਕਾਂਡ ਅਤੇ 'ਪੁਰੋਹਿਤ-ਜਜਮਾਨ' ਦੇ ਬੰਧਨਾਂ ਦੇ ਅਮਲ ਵਿਚ ਲਿਆ ਸਕਦੇ ਹਨ।

**(ਚਲਦਾ)**

# ਭਾਰਤ ਵਿੱਚ ਕਰਾਇਆ ਜਾਵੇਗਾ ਏਸ਼ੀਆ ਗਤਕਾ ਕੱਪ

## ਏਸ਼ੀਆ ਗਤਕਾ ਫੈੱਡਰੇਸ਼ਨ ਦੀ ਮੀਟਿੰਗ 'ਚ ਕੀਤਾ ਫ਼ੈਸਲਾ; ਅੱਧਾ ਦਰਜਨ ਮੁਲਕਾਂ ਦੀਆਂ ਟੀਮਾਂ ਹੋਣਗੀਆਂ ਸ਼ਾਮਲ



ਐੱਸਏਐੱਸ ਨਗਰ (ਮੁਹਾਲੀ) : ਭਾਰਤ ਵਿੱਚ ਚਾਲੂ ਵਰ੍ਹੇ ਦੌਰਾਨ ਏਸ਼ੀਆ ਗਤਕਾ ਕੱਪ ਕਰਵਾਇਆ ਜਾਵੇਗਾ। ਇਹ ਫ਼ੈਸਲਾ ਏਸ਼ੀਆ ਗਤਕਾ ਫੈੱਡਰੇਸ਼ਨ ਦੇ ਪ੍ਰਧਾਨ ਐੱਸਪੀ ਸਿੰਘ ਓਬਰਾਏ ਦੀ ਪ੍ਰਧਾਨਗੀ ਹੇਠ ਫੈੱਡਰੇਸ਼ਨ ਦੀ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਵਿੱਚ ਕੀਤਾ ਗਿਆ। ਇਸ ਮੌਕੇ ਗਤਕਾ ਫੈੱਡਰੇਸ਼ਨ ਦੇ ਏਸ਼ੀਆ ਦੇ ਜਨਰਲ ਸਕੱਤਰ ਡਾ. ਰਾਜਿੰਦਰ ਸਿੰਘ ਸੋਹਲ, ਡਾ. ਦੇਵਿੰਦਰਜੀਤ ਸਿੰਘ ਸਿੱਧੂ, ਚੰਚਲ ਸਿੰਘ, ਹਰਪ੍ਰੀਤ ਸਿੰਘ ਕਾਲੜਾ ਸਣੇ ਹੋਰ ਅਹੁਦੇਦਾਰ ਵੀ ਹਾਜ਼ਰ ਸਨ।

ਰਾਜਿੰਦਰ ਸਿੰਘ ਸੋਹਲ ਨੇ ਦੱਸਿਆ ਕਿ ਏਸ਼ੀਆ ਦੇ ਪਾਕਿਸਤਾਨ ਸਣੇ ਕਈ ਹੋਰ ਦੇਸ਼ਾਂ ਵਿੱਚ ਉੱਥੋਂ ਦੇ ਮੂਲ ਵਾਸੀ ਵੀ ਗਤਕਾ ਖੇਡਦੇ ਹਨ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਮਾਰਸ਼ਲ ਖੇਡ ਗਤਕਾ ਨੂੰ ਏਸ਼ਿਆਈ ਦੇਸ਼ਾਂ ਵਿੱਚ ਮਕਬੂਲ ਬਣਾਉਣ ਲਈ ਕੀਤਾ ਗਿਆ ਹੈ। ਗਤਕਾ ਫੈੱਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਚਰਨ ਸਿੰਘ ਭੁੱਲਰ ਨੇ ਵੀ ਇਸ ਨੂੰ ਸਮਰਥਨ ਅਤੇ ਸਹਿਯੋਗ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਏਸ਼ੀਆ ਗਤਕਾ ਕੱਪ ਵਿੱਚ ਛੇ ਤੋਂ ਵੱਧ ਦੇਸ਼ਾਂ ਦੀਆਂ ਟੀਮਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ। ਡਾ. ਸੋਹਲ ਨੇ ਦੱਸਿਆ ਕਿ ਏਸ਼ੀਆ ਕੱਪ ਦੇ ਸਮੇਂ ਅਤੇ ਸਥਾਨ ਬਾਰੇ ਜਲਦੀ ਹੀ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਵੱਖ-ਵੱਖ ਦੇਸ਼ਾਂ ਦੀਆਂ ਟੀਮਾਂ ਨਾਲ ਤਾਲਮੇਲ ਕਰਨ ਅਤੇ ਉਨ੍ਹਾਂ ਨੂੰ ਵੀਜ਼ਾ ਮੁਹੱਈਆ ਕਰਾਉਣ ਲਈ ਸਬੰਧਤ ਦੇਸ਼ਾਂ ਦੀਆਂ ਅੰਬੈਸੀਆਂ ਤੱਕ ਪਹੁੰਚ ਕਰਨ ਲਈ ਕਮੇਟੀਆਂ ਬਣਾਈਆਂ ਗਈਆਂ ਹਨ।

# ਇਜ਼ਰਾਈਲ ਵੱਲੋਂ ਸੈਂਕੜੇ ਫ਼ਲਸਤੀਨੀ ਕੈਦੀਆਂ ਦੀ ਰਿਹਾਈ 'ਚ ਦੇਰੀ




ਤਲ ਅਵੀਵ : ਗਾਜ਼ਾ ਵਿਚ ਇਜ਼ਰਾਇਲੀ ਬੰਦੀਆਂ ਨੂੰ ਸੌਂਪਣ ਮੌਕੇ ਉਨ੍ਹਾਂ ਦਾ ਅਪਮਾਨ ਕੀਤੇ ਜਾਣ ਦੇ ਹਵਾਲੇ ਨਾਲ ਇਜ਼ਰਾਈਲ ਵੱਲੋਂ ਅਗਲੇ ਬੰਦੀਆਂ ਦੀ ਰਿਹਾਈ ਦਾ ਭਰੋਸਾ ਮਿਲਣ ਤੱਕ ਸੈਂਕੜੇ ਫਲਸਤੀਨੀ ਕੈਦੀਆਂ ਦੀ ਰਿਹਾਈ ਵਿਚ ਦੇਰੀ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਵੱਲੋਂ ਇਹ ਬਿਆਨ ਅੱਜ ਸਵੇਰੇ ਉਸ ਸਮੇਂ ਆਇਆ ਜਦੋਂ ਕੈਦੀਆਂ ਨੂੰ ਲਿਜਾ ਰਹੀਆਂ ਗੱਡੀਆਂ ਓਫਰ ਜੇਲ੍ਹ ਦੇ ਖੁੱਲ੍ਹੇ ਦਰਵਾਜ਼ਿਆਂ ਤੋਂ ਬਾਹਰ ਨਿਕਲੀਆਂ, ਪਰ ਵਾਪਸ ਅੰਦਰ ਚਲੀਆਂ ਗਈਆਂ। ਸ਼ਨਿੱਚਰਵਾਰ ਨੂੰ 620 ਫਲਸਤੀਨੀ ਕੈਦੀਆਂ ਦੀ ਰਿਹਾਈ ਕਈ ਘੰਟਿਆਂ ਮਗਰੋਂ ਕੀਤੀ ਗਈ, ਜਦੋਂਕਿ ਇਹ ਛੇ ਇਜ਼ਰਾਈਲੀ ਬੰਦੀਆਂ ਦੇ ਰਿਹਾਅ ਹੋਣ ਤੋਂ ਫੌਰੀ ਮਗਰੋਂ ਕੀਤੀ ਜਾਣੀ ਸੀ। ਗਾਜ਼ਾ ਜੰਗਬੰਦੀ ਦੇ ਪਹਿਲੇ ਪੜਾਅ ਤਹਿਤ ਇੱਕ ਦਿਨ ਵਿੱਚ ਸਭ ਤੋਂ ਵੱਡੀ ਗਿਣਤੀ 'ਚ ਕੈਦੀਆਂ ਨੂੰ ਰਿਹਾਅ ਕੀਤਾ ਜਾਣਾ ਸੀ।

ਸ਼ਨਿੱਚਰਵਾਰ ਨੂੰ ਰਿਹਾਅ ਕੀਤੇ ਗਏ ਛੇ ਬੰਦੀਆਂ ਵਿੱਚੋਂ ਪੰਜ ਨੂੰ ਹਜੂਮ ਸਾਹਮਣੇ ਪੇਸ਼ ਕਰਨ ਮੌਕੇ ਨਕਾਬਪੋਸ਼ ਤੇ ਹਥਿਆਰਬੰਦ ਅਤਿਵਾਦੀਆਂ ਨੇ ਉਨ੍ਹਾਂ ਦੀ ਘੇਰਾਬੰਦੀ ਕੀਤੀ ਹੋਈ ਸੀ, ਜਿਸ ਦੀ ਸੰਯੁਕਤ ਰਾਸ਼ਟਰ ਅਤੇ ਹੋਰਨਾਂ ਨੇ ਆਲੋਚਨਾ ਕੀਤੀ ਹੈ। ਹਮਾਸ ਨੇ ਜੰਗਬੰਦੀ ਦੇ ਪਹਿਲੇ ਪੜਾਅ ਤਹਿਤ ਉਮੀਦ ਮੁਤਾਬਕ ਛੇ ਜ਼ਿੰਦਾ ਬੰਦੀਆਂ ਨੂੰ ਰਿਹਾਅ ਕਰ ਦਿੱਤਾ ਸੀ, ਜਦੋਂਕਿ ਸ਼ੁਰੂਆਤੀ ਪੜਾਅ ਵਿਚ ਇੱਕ ਹਫ਼ਤਾ ਬਾਕੀ ਸੀ। ਇਜ਼ਰਾਈਲ ਦੇ ਉਪਰੋਕਤ ਐਲਾਨ ਨੇ ਜੰਗਬੰਦੀ ਦੇ ਭਵਿੱਖ ਨੂੰ ਲੈ ਕੇ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਹਮਾਸ ਨੇ ਜਿਨ੍ਹਾਂ ਛੇ ਇਜ਼ਰਾਇਲੀ ਬੰਦੀਆਂ ਨੂੰ ਰਿਹਾਅ ਕੀਤਾ ਹੈ, ਉਨ੍ਹਾਂ ਵਿਚੋਂ ਤਿੰਨ ਜਣਿਆਂ ਨੂੰ ਨੋਵਾ ਸੰਗੀਤ ਮੇਲੇ ਦੌਰਾਨ ਅਗਵਾ ਕੀਤਾ ਗਿਆ ਜਦੋਂਕਿ ਚੌਥੇ ਨੂੰ ਦੱਖਣੀ ਇਜ਼ਰਾਈਲ ਵਿਚ ਪਰਿਵਾਰ ਨੂੰ ਮਿਲਣ ਮੌਕੇ ਕਾਬੂ ਕੀਤਾ ਸੀ। ਜਦੋਂਕਿ ਬਾਕੀ ਦੋ ਜਣੇ ਪਿਛਲੇ ਇੱਕ ਦਹਾਕੇ ਤੋਂ ਉਨ੍ਹਾਂ ਦੀ ਗ੍ਰਿਫ਼ਤ ਵਿਚ ਸਨ ਤੇ ਆਪਣੀ ਮਰਜ਼ੀ ਨਾਲ ਗਾਜ਼ਾ ਵਿਚ ਦਾਖ਼ਲ ਹੋਏ ਸਨ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਡਾ. ਅੰਬੇਡਕਰ ਤੇ ਭਗਤ ਸਿੰਘ ਦੀਆਂ ਤਸਵੀਰਾਂ ਹਟਾਉਣ ਖ਼ਿਲਾਫ਼ ਪੰਜਾਬ ਵਿਧਾਨ ਸਭਾ 'ਚ ਮਤਾ ਪਾਸ

### ਪੰਜਾਬ ਸਰਕਾਰ ਨੇ ਭਾਜਪਾ ਨੂੰ ਦਲਿਤ ਵਿਰੋਧੀ ਦੱਸਿਆ; ਵਿਰੋਧੀ ਧਿਰਾਂ ਨੇ ਵੀ ਕੀਤੀ ਮਤੇ ਦੀ ਹਮਾਇਤ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੇ ਆਖ਼ਰੀ ਦਿਨ ਅੱਜ ਸਦਨ ਨੇ ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਮੁੱਖ ਮੰਤਰੀ ਦਫ਼ਤਰ 'ਚੋਂ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾਉਣ ਦੀ ਨਿਖੇਧੀ ਕਰਦਿਆਂ ਨਿੰਦਾ ਮਤਾ ਪਾਸ ਕੀਤਾ। ਸਿਫ਼ਰ ਕਾਲ ਦੌਰਾਨ ਸਦਨ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਿੱਲੀ ਦੀ ਭਾਜਪਾ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕਰਨ ਵਾਲਾ ਮਤਾ ਪੰਜਾਬ ਵਿਧਾਨ ਸਭਾ ਵਿੱਚ ਪਾਸ ਕਰਕੇ ਦੇਸ਼ ਦੀ ਰਾਸ਼ਟਰਪਤੀ ਕੋਲ ਭੇਜਣ ਦੀ ਮੰਗ ਕੀਤੀ। ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਇਹ ਮਤਾ ਪੇਸ਼ ਕੀਤਾ ਗਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਨਿੰਦਾ ਮਤੇ ਦੀ ਹਮਾਇਤ ਕੀਤੀ ਤੇ ਬਾਕੀ ਧਿਰਾਂ ਵੀ ਸਹਿਮਤ ਹੋਈਆਂ। ਚੀਮਾ ਨੇ ਕਿਹਾ ਕਿ ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਬਾਬਾ ਸਾਹਿਬ ਅੰਬੇਡਕਰ ਦੀਆਂ ਤਸਵੀਰਾਂ ਨੂੰ ਸੱਤਾ 'ਚ ਆਉਂਦਿਆਂ ਹੀ ਤੁਰੰਤ ਹਟਾਉਣਾ ਦੇਸ਼ ਦੇ ਦਲਿਤਾਂ ਦਾ ਅਪਮਾਨ ਹੈ। ਉਨ੍ਹਾਂ ਕੇਂਦਰ ਵਿੱਚ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਦਲਿਤਾਂ ਉੱਤੇ ਹੋ ਰਹੇ ਜ਼ੁਲਮਾਂ 'ਚ ਚਿੰਤਾਜਨਕ ਵਾਧਾ ਹੋਣ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਇਹ ਖ਼ਦਸ਼ਾ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਡਾ. ਅੰਬੇਡਕਰ ਪ੍ਰਤੀ ਕੀਤੇ ਗਏ ਨਿਰਾਦਰ ਤੋਂ ਸੱਚ ਸਾਬਤ ਹੋਇਆ ਹੈ, ਜਿਸ ਨਾਲ ਮਾਹੌਲ ਹੋਰ ਵਿਗੜ ਗਿਆ ਅਤੇ ਅੰਮ੍ਰਿਤਸਰ ਵਿੱਚ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਹੋਈ। ਚੀਮਾ ਨੇ ਦੋਸ਼ੀਆਂ ਨੂੰ ਜਲਦੀ ਫੜਨ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ। ਚੀਮਾ ਨੇ ਸਥਾਪਤ ਸੰਸਥਾਵਾਂ ਨੂੰ ਢਾਹ ਲਾਉਣ ਅਤੇ 'ਇੱਕ ਦੇਸ਼ ਇੱਕ ਚੋਣ' ਵਰਗੀਆਂ ਨੀਤੀਆਂ ਲਿਆਉਣ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਦੀ ਵੀ ਆਲੋਚਨਾ ਕੀਤੀ। ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਨਛੱਤਰ ਪਾਲ ਸਿੰਘ ਨੇ ਵੀ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ।

# 'ਪੰਜਾਬ ਨਾਲ ਮਤਰੇਆ ਸਲੂਕ ਕਰ ਰਿਹੈ ਕੇਂਦਰ'

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਅਮਰੀਕਾ ਤੋਂ ਕੱਢੇ ਭਾਰਤੀਆਂ ਦੇ ਜਹਾਜ਼ਾਂ ਦਾ ਅੰਮ੍ਰਿਤਸਰ ਵਿੱਚ ਉਤਰਨਾ ਇਸ ਦੀ ਮਿਸਾਲ ਹੈ। ਹਾਲਾਂਕਿ ਉਨ੍ਹਾਂ 'ਚੋਂ ਜ਼ਿਆਦਾਤਰ ਦੂਜੇ ਸੂਬਿਆਂ ਤੋਂ ਸਨ। ਉਨ੍ਹਾਂ ਕਿਹਾ ਕਿ ਕੇਂਦਰ ਨੇ ਅਜਿਹਾ ਸਿਰਫ਼ ਪੰਜਾਬ ਨੂੰ ਬਦਨਾਮ ਕਰਨ ਲਈ ਕੀਤਾ ਹੈ। ਇਹ ਜਹਾਜ਼ ਗੁਜਰਾਤ ਵਿੱਚੋਂ ਆਏ ਪਰ ਉਨ੍ਹਾਂ ਨੂੰ ਉਤਾਰਿਆ ਪੰਜਾਬ ਦੀ ਧਰਤੀ 'ਤੇ ਗਿਆ, ਜੇ ਬੰਗਲਾਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਲਿਜਾ ਰਹੇ ਜਹਾਜ਼ ਨੂੰ ਹਿੰਡਨ ਹਵਾਈ ਅੱਡੇ 'ਤੇ ਉਤਾਰਿਆ ਜਾ ਸਕਦਾ ਹੈ ਤਾਂ ਇਸ ਜਹਾਜ਼ ਨੂੰ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਕਿਉਂ ਨਹੀਂ ਲਿਜਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਪਰਵਾਸ ਕੌਮੀ ਸਮੱਸਿਆ ਹੈ ਜਦਕਿ ਬੁਰੀ ਤਸਵੀਰ ਪੰਜਾਬ ਦੀ ਪੇਸ਼ ਕੀਤੀ ਜਾਂਦੀ ਹੈ।

# ਵਿਧਾਨ ਸਭਾ ਵੱਲੋਂ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਰੱਦ

### ਕੇਂਦਰੀ ਖਰੜਾ ਸੂਬਿਆਂ ਦੇ ਹੱਕਾਂ 'ਤੇ ਡਾਕਾ ਕਰਾਰ; ਸਾਰੀਆਂ ਧਿਰਾਂ ਵੱਲੋਂ ਹਮਾਇਤ; ਭਾਜਪਾ ਵਿਧਾਇਕ ਗ਼ੈਰਹਾਜ਼ਰ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ ਸਦਨ ਨੇ ਅੱਜ ਕੇਂਦਰ ਸਰਕਾਰ ਦਾ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਸਰਬਸੰਮਤੀ ਨਾਲ ਰੱਦ ਕਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਕੇਂਦਰੀ ਖਰੜਾ ਸਿੱਧੇ ਤੌਰ 'ਤੇ ਸੂਬਾਈ ਅਧਿਕਾਰਾਂ 'ਤੇ ਹਮਲਾ ਹੈ ਅਤੇ ਕਿਸਾਨ ਹਿੱਤਾਂ ਦੇ ਵਿਰੁੱਧ ਭੁਗਤਦਾ ਹੈ। ਮੁੱਖ ਮੰਤਰੀ ਅੱਖ ਵਿੱਚ ਇਨਫੈਕਸ਼ਨ ਹੋਣ ਦੇ ਬਾਵਜੂਦ ਅੱਜ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਖ਼ ?ਲਾਫ਼ ਆਏ ਮਤੇ 'ਚ ਸ਼ਾਮਲ ਹੋਣ ਲਈ ਪੁੱਜੇ।

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਖ਼ ?ਲਾਫ਼ ਸਦਨ 'ਚ ਮਤਾ ਪੇਸ਼ ਕੀਤਾ। ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਜੰਗੀ ਲਾਲ ਮਹਾਜਨ ਇਸ ਮੌਕੇ ਗ਼ੈਰਹਾਜ਼ਰ ਰਹੇ, ਜਦਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਬਾਕੀ ਸਾਰੀਆਂ ਧਿਰਾਂ ਨੇ ਇਹ ਖਰੜਾ ਰੱਦ ਕੀਤੇ ਜਾਣ ਦੀ ਹਮਾਇਤ ਕੀਤੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਦਨ ਦੀ ਸਮੁੱਚੀ ਕਾਰਵਾਈ ਮੁਕੰਮਲ ਹੋਣ ਮਗਰੋਂ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ। ਮੁੱਖ ਮੰਤਰੀ ਨੇ ਸਦਨ ਵਿੱਚ ਪੰਜਾਬ ਤੇ ਕਿਸਾਨਾਂ ਦੀ ਹਮਾਇਤ 'ਚ ਸਪੱਸ਼ਟ ਸਟੈਂਡ ਲੈਂਦਿਆਂ ਕੇਂਦਰ ਦੀ ਭਾਜਪਾ ਹਕੂਮਤ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਯੋਜਨਾਬੱਧ ਢੰਗ ਨਾਲ ਸੰਘੀ ਢਾਂਚੇ 'ਤੇ ਹੱਲੇ ਬੋਲ ਰਹੀ ਹੈ ਅਤੇ ਹਾਲ ਹੀ 'ਚ ਲਿਆਂਦਾ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਅਤੇ ਸਿੱਖਿਆ ਨੀਤੀ 'ਚ ਬਦਲਾਅ ਇਸੇ ਦਾ ਹੀ ਹਿੱਸਾ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਨੂੰ ਸੂਬਾਈ ਤੇ ਕਿਸਾਨੀ ਹਿੱਤਾਂ 'ਤੇ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਕੌਮੀ ਖੇਤੀ ਨੀਤੀ ਦਾ ਖਰੜਾ ਵੀ ਕਿਸਾਨ ਅੰਦੋਲਨ ਦੌਰਾਨ ਰੱਦ ਹੋਏ ਤਿੰਨ ਕਾਲੇ ਕਾਨੂੰਨਾਂ ਦਾ ਹੀ ਨਵਾਂ ਰੂਪ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਤੀਰਾ ਦੁਸ਼ਮਣੀ ਵਾਲਾ ਹੈ, ਜਿਸ ਕਰਕੇ ਕਿਸਾਨਾਂ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਹੀਂ ਐਲਾਨਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਲਈ ਕਣਕ ਤੇ ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖ਼ਰੀਦ ਅਹਿਮ ਮੁੱਦਾ ਹੈ, ਜਿਸ ਬਾਰੇ ਖਰੜਾ ਨੀਤੀ ਵਿੱਚ ਕੋਈ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਸੂਬੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਦੇ ਵਿਰੋਧ ਵਿੱਚ ਆਏ ਮਤੇ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਇਹ ਖਰੜਾ ਪੰਜਾਬ ਦੀ ਖੇਤੀ ਲਈ ਘਾਤਕ ਹੋਵੇਗਾ ਤੇ ਪੰਜਾਬ ਕਾਂਗਰਸ ਸੂਬਾਈ ਹਿੱਤਾਂ ਦੀ ਰਾਖੀ ਲਈ ਕੁਝ ਵੀ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ ਲਈ ਸਰਕਾਰ ਨਾਲ ਮਿਲ ਕੇ ਲੜਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ। ਬਾਜਵਾ ਨੇ 8000 ਕਰੋੜ ਰੁਪਏ ਦਾ ਪੇਂਡੂ ਵਿਕਾਸ ਫੰਡ ਪ੍ਰਾਪਤ ਕਰਨ ਲਈ ਸੁਪਰੀਮ ਕੋਰਟ ਵਿੱਚ ਕੇਂਦਰ ਵਿਰੁੱਧ ਕੇਸ ਦਾ ਬਚਾਅ ਕਰਨ ਵਿੱਚ ਅਸਫਲ ਰਹਿਣ ਲਈ 'ਆਪ' ਸਰਕਾਰ ਦੀ ਵੀ ਆਲੋਚਨਾ ਕੀਤੀ। ਬਹਿਸ 'ਚ ਹਿੱਸਾ ਲੈਂਦਿਆਂ ਵਿਧਾਇਕ ਗੁਰਪ੍ਰੀਤ ਸਿੰਘ ਵਣਾਂਵਾਲੀ ਨੇ ਕਿਹਾ ਕਿ ਰੱਦ ਕੀਤੇ ਤਿੰਨ ਕਾਲੇ ਕਾਨੂੰਨ ਕਿਸਾਨਾਂ ਦੀ ਮੌਤ ਦੇ ਵਾਰੰਟ ਸਨ ਅਤੇ ਨਰਿੰਦਰ ਮੋਦੀ ਨੂੰ ਕਿਸਾਨਾਂ ਨਾਲ ਪੁਰਾਣੀ ਖੁੰਦਕ ਹੈ। ਕਾਂਗਰਸੀ ਵਿਧਾਇਕ ਸੰਦੀਪ ਜਾਖੜ ਨੇ ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ ਖੇਤੀ ਨੀਤੀ 'ਤੇ ਵੀ ਚਰਚਾ ਦੀ ਮੰਗ ਕੀਤੀ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਸ਼ੰਭੂ ਤੇ ਖਨੌਰੀ ਬਾਰਡਰ ਬੰਦ ਕੀਤੇ ਜਾਣ ਖ਼ ?ਲਾਫ਼ ਹਰਿਆਣਾ ਸਰਕਾਰ ਖ਼ ?ਲਾਫ਼ ਵੀ ਮਤਾ ਲਿਆਉਣਾ ਚਾਹੀਦਾ ਹੈ। ਬਹਿਸ 'ਚ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਜਸਵੰਤ ਸਿੰਘ ਗੱਜਣਮਾਜਰਾ ਨੇ ਵੀ ਹਿੱਸਾ ਲਿਆ।

# 32 ਵਿਧਾਇਕ ਮੇਰੇ ਸੰਪਰਕ 'ਚ : ਬਾਜਵਾ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਵਿਸ਼ੇਸ਼ ਇਜਲਾਸ ਸਿਆਸਤ ਦੀ ਭੇਟ ਚੜ੍ਹ ਗਿਆ। ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਵਲੋਂ ਦਿੱਤੇ ਬਿਆਨ ਨੂੰ ਲੈ ਕੇ ਸਿਆਸੀ ਘਮਸਾਣ ਛਿੜ ਗਿਆ। ਸ. ਬਾਜਵਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੇ 32 ਵਿਧਾਇਕ ਮੇਰੇ ਸੰਪਰਕ ਵਿਚ ਹਨ। ਉਹ ਇੱਥੇ ਹੀ ਨਹੀਂ ਰੁਕੇ ਸਗੋਂ ਉਨ੍ਹਾਂ ਇਹ ਵੀ ਕਿਹਾ ਕਿ ਵਿਧਾਇਕਾਂ ਦੇ ਨਾਲ-ਨਾਲ ਕੁਝ ਮੰਤਰੀ ਵੀ ਮੇਰੇ ਸੰਪਰਕ 'ਚ ਹਨ। ਇਸ ਬਿਆਨ ਵਿਚ ਕਿੰਨੀ ਸੱਚਾਈ ਹੈ, ਇਸ ਸੰਬੰਧੀ ਸਵਾਲ ਕੀਤੇ ਜਾਣ 'ਤੇ ਉਨ੍ਹਾਂ ਕਿਹਾ ਕਿ ਮੇਰਾ 40 ਸਾਲ ਦਾ ਸਿਆਸਤ ਦਾ ਤਜ਼ਰਬਾ ਹੈ, ਮੈਂ ਅੱਜ ਤੱਕ ਕੋਈ ਅਜਿਹਾ ਬਿਆਨ ਨਹੀਂ ਦਿੱਤਾ ਜਿਸ ਦਾ ਕੋਈ ਆਧਾਰ ਨਾ ਹੋਵੇ ਅਤੇ ਇਸ ਗੱਲ ਦਾ ਪਤਾ ਸਾਰੀਆਂ ਸਿਆਸੀ ਪਾਰਟੀਆਂ ਨੂੰ ਹੈ ਕਿ ਜੇਕਰ ਮੈਂ ਇਹ ਬਿਆਨ ਦੇ ਰਿਹਾ ਹਾਂ ਤਾਂ ਇਸ ਦੇ ਪਿੱਛੇ ਵੱਡਾ ਆਧਾਰ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪ੍ਰਸਿੱਧ ਗਾਇਕ ਦਲਜੀਤ ਦੋਸਾਂਝ ਦੇ ਅਗਲੇ ਸਾਲ ਹੋਣ ਵਾਲੇ ਸ਼ੋਅ ਦੀਆਂ ਅਗਾਊਂ ਟਿਕਟਾਂ ਬੁੱਕ ਹੋ ਗਈਆਂ ਹਨ, ਉਵੇਂ ਹੀ ਸਾਡੇ ਕੋਲ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਵੀ ਅਗਾਊਂ ਬੁਕਿੰਗ ਚੱਲ ਰਹੀ ਹੈ, ਉਨ੍ਹਾਂ ਕਿਹਾ ਕਿ ਮੈਂ ਸਿਰਫ਼ ਗਿਣਤੀ ਦੱਸ ਸਕਦਾ ਹਾਂ ਕਿਸੇ ਵਿਧਾਇਕ ਦਾ ਨਾਮ ਨਹੀਂ ਅਤੇ ਇਹ ਗਿਣਤੀ ਆਉਂਦੇ ਦਿਨਾਂ ਵਿਚ ਵੱਧ ਸਕਦੀ ਹੈ। ਇਸ ਦੇ ਇਲਾਵਾ ਉਨ੍ਹਾਂ ਕਿਹਾ ਕਿ ਭਾਜਪਾ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਜ਼ਰੀਏ ਪੰਜਾਬ ਦੇ ਮੁੱਖ ਮੰਤਰੀ ਨਾਲ ਲਗਾਤਾਰ ਸੰਪਰਕ ਵਿਚ ਹਨ ਅਤੇ ਉਨ੍ਹਾਂ ਦਾਅਵਾ ਕੀਤਾ ਕਿ ਬਿੱਟੂ ਦੀ ਮੁੱਖ ਮੰਤਰੀ ਨਾਲ ਤਿੰਨ ਚਾਰ ਵਾਰ ਗੱਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਮੇਰੇ ਸੰਪਰਕ ਵਿਚ ਹਨ ਉਸੇ ਤਰ੍ਹਾਂ ਭਾਜਪਾ ਦੇ ਸੰਪਰਕ ਵਿਚ ਵੀ ਹਨ।



**ਅਮਨ ਅਰੋੜਾ ਦਾ ਪਲਟਵਾਰ :** ਬਾਜਵਾ ਦੇ ਇਸ ਬਿਆਨ ਮਗਰੋਂ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਪਲਟਵਾਰ ਕਰਦਿਆਂ ਕਿਹਾ ਕਿ ਪਹਿਲੀ ਗੱਲ ਤਾਂ ਪ੍ਰਤਾਪ ਸਿੰਘ ਬਾਜਵਾ ਦੇ ਬਿਆਨ ਵਿਚ ਕੋਈ ਸੱਚਾਈ ਨਹੀਂ ਹੈ ਪਰ ਜੇਕਰ ਇਹ ਸੱਚ ਵੀ ਹੋਵੇ ਤਾਂ 32 ਵਿਧਾਇਕਾਂ ਨੂੰ ਆਪਣੇ ਨਾਲ ਰਲਾ ਕੇ ਪ੍ਰਤਾਪ ਸਿੰਘ ਬਾਜਵਾ ਸਰਕਾਰ ਨਹੀਂ ਬਣਾ ਸਕਦੇ ਨਾ ਹੀ ਸਾਡੀ ਸਰਕਾਰ ਨੂੰ ਕੋਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਜ਼ਰੂਰ ਦਾਅਵਾ ਕਰਦੇ ਹਨ ਅਤੇ ਚੈਲੰਜ ਕਰਦੇ ਹਨ ਕਿ ਪ੍ਰਤਾਪ ਸਿੰਘ ਬਾਜਵਾ ਖ਼ੁਦ ਭਾਜਪਾ ਦੇ ਸੰਪਰਕ ਵਿਚ ਹਨ ਅਤੇ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਬੈਂਗਲੁਰੂ ਵਿਚ ਪਿਛਲੇ ਦਿਨੀਂ ਕਿਸ ਨਾਲ ਮੁਲਾਕਾਤ ਕਰਕੇ ਆਏ ਹਨ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਆਪਣੇ ਬਿਆਨ ਨੂੰ ਸਾਬਤ ਕਰਨ ਜਾਂ ਫਿਰ ਰੋਜ਼-ਰੋਜ਼ ਅਜਿਹੀ ਬਿਆਨਬਾਜ਼ੀ ਕਰਨਾ ਬੰਦ ਕਰ ਦੇਣ। ਉਨ੍ਹਾਂ ਕਿਹਾ ਕਿ ਆਪਣੇ ਕਾਂਗਰਸ ਵਿਧਾਇਕਾਂ ਨੂੰ ਸੰਪਰਕ ਵਿਚ ਰੱਖਣ ਅਤੇ ਚੰਗਾ ਹੁੰਦਾ ਜੇ ਆਪਣੇ ਭਰਾ ਨੂੰ ਸੰਪਰਕ ਵਿਚ ਰੱਖਦੇ ਜੋ ਭਾਜਪਾ 'ਚ ਸ਼ਾਮਿਲ ਹੋ ਗਿਆ।

# ਜੇ ਹੋ ਸਕੇ ਤਾਂ ਆਪਣੇ ਵਿਧਾਇਕਾਂ ਨੂੰ ਇਕੱਠੇ ਕਰਕੇ ਵਿਖਾ ਦਿਓ: ਮੁੱਖ ਮੰਤਰੀ ਵਲੋਂ ਬਾਜਵਾ ਨੂੰ ਵੰਗਾਰ

### ਮੁੱਖ ਮੰਤਰੀ ਵਲੋਂ ਬੇਬੁਨਿਆਦ ਬਿਆਨ ਦੇਣ ਲਈ ਕਾਂਗਰਸੀ ਆਗੂਆਂ ਦੀ ਨਿਖੇਧੀ

ਚੰਡੀਗੜ੍ਹ: ਬੇਬੁਨਿਆਦ ਬਿਆਨ ਦੇਣ ਵਾਲੇ ਕਾਂਗਰਸੀ ਆਗੂਆਂ ਖਾਸ ਕਰਕੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਧਾਵਾ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੱਤਾਧਾਰੀ 'ਆਪ' ਦੇ ਵਿਧਾਇਕਾਂ ਦਾ ਸਮਰਥਨ ਪ੍ਰਾਪਤ ਕਰਨ ਦੇ ਦਿਨ-ਰਾਤ ਸੁਪਨੇ ਦੇਖਣ ਦੀ ਬਜਾਏ ਕਾਂਗਰਸ ਨੂੰ ਆਪਣੇ ਦਲ ਨੂੰ ਇਕਜੁੱਟ ਰੱਖਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਪੰਜਾਬ ਵਿਧਾਨ ਸਭਾ ਵਿੱਚ ਬੋਲਦੇ ਹੋਏ ਵਿਰੋਧੀ ਧਿਰ ਦੇ ਬਖੀਏ ਉਧੇੜਦਿਆਂ ਮੁੱਖ ਮੰਤਰੀ ਨੇ ਵਿਰੋਧੀ ਆਗੂਆਂ ਵੱਲੋਂ ਸੱਤਾਧਾਰੀ ਪਾਰਟੀ ਦੇ ਕੁਝ ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹੋਣ ਅਤੇ ਪਾਰਟੀ ਛੱਡਣ ਦੀ ਕੀਤੀ ਜਾ ਰਹੀ ਬਿਆਨਬਾਜ਼ੀ ਨੂੰ ਮਹਿਜ਼ ਹਵਾਈ ਕਿਲੇ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸੱਤਾ ਦੇ ਭੁੱਖੇ ਸਿਆਸਤਦਾਨਾਂ ਦਾ ਨਾ ਤਾਂ ਆਪਣੇ ਪਾਰਟੀ ਦੇ ਕਾਡਰ ਨਾਲ ਕੋਈ ਸੰਪਰਕ ਹੈ ਅਤੇ ਨਾ ਹੀ ਜਨਤਾ ਨਾਲ ਜਿਸ ਕਰਕੇ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਨੇ ਨਕਾਰ ਕੇ ਬਾਹਰ ਕੱਢ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਗੂ ਲਗਾਤਾਰ ਅਜਿਹੇ ਤਰਕਹੀਣ ਬਿਆਨ ਦੇ ਰਹੇ ਹਨ ਪਰ ਇਨ੍ਹਾਂ ਨੇ ਕਦੇ ਵੀ ਕੇਂਦਰ ਸਰਕਾਰ ਸਾਹਮਣੇ ਪੰਜਾਬ ਦਾ ਮੁੱਦਾ ਨਹੀਂ ਉਠਾਇਆ। ਉਨ੍ਹਾਂ ਕਿਹਾ ਕਿ ਇਹ ਬਿਆਨਬਾਜ਼ੀ ਕਿ 'ਆਪ' ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ, ਬਾਜਵਾ ਦੀ ਮੀਡੀਆ ਦੀਆਂ ਸੁਰਖੀਆਂ ਬਟੋਰਨ ਦੀ ਚਾਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸੀ ਮੁੱਖ ਮੰਤਰੀ ਲੋਕਾਂ ਦੀ ਪਹੁੰਚ ਤੋਂ ਬਾਹਰ ਅਤੇ ਭ੍ਰਿਸ਼ਟ ਆਗੂ ਨਿਕਲੇ ਜਿਸ ਕਾਰਨ ਉਨ੍ਹਾਂ ਨੂੰ ਲੋਕਾਂ ਨੇ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਆਪਣੇ ਪਿਛਲੇ ਮੁੱਖ ਮੰਤਰੀ ਨੂੰ ਸੂਬੇ ਵਿੱਚ ਬਹੁਤ ਘੱਟ ਮੌਕਿਆਂ 'ਤੇ ਹੀ ਦੇਖਿਆ ਕਿਉਂਕਿ ਮਹਾਰਾਜਾ ਜਾਂ ਤਾਂ ਆਪਣੇ ਨਿੱਜੀ ਕੰਮਾਂ ਵਿੱਚ ਰੁੱਝਿਆ ਰਹਿੰਦਾ ਸੀ ਜਾਂ ਫਿਰ ਮਹਿਲਾਂ ਵਿੱਚ ਆਪਣੀ ਕੁਰਸੀ ਨਾਲ ਚਿਪਕਿਆ ਹੋਇਆ ਸੀ। ਭਗਵੰਤ ਸਿੰਘ ਮਾਨ ਨੇ ਕਾਂਗਰਸੀ ਆਗੂਆਂ ਨੂੰ ਵੰਗਾਰਦਿਆਂ ਕਿਹਾ ਕਿ 'ਆਪ' ਵਿਧਾਇਕਾਂ ਦੀ ਚਿੰਤਾ ਕਰਨ ਦੀ ਬਜਾਏ, ਉਨ੍ਹਾਂ ਨੂੰ ਆਪਣੇ ਦਲ ਨੂੰ ਇਕਜੁੱਟ ਰੱਖਣਾ ਚਾਹੀਦਾ ਹੈ ਕਿਉਂਕਿ ਮੌਜੂਦਾ ਵਿਧਾਨ ਸਭਾ ਵਿੱਚ ਉਨ੍ਹਾਂ ਦੇ ਸੱਤ ਵਿਧਾਇਕ ਵੀ ਇਕੱਠੇ ਨਹੀਂ ਹੋ ਸਕਦੇ ਅਤੇ ਇਕੱਠੇ ਕੰਮ ਨਹੀਂ ਕਰ ਸਕਦੇ।



ਸੂਬਾ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਸਿਰਫ਼ ਯੋਗਤਾ ਦੇ ਆਧਾਰ 'ਤੇ 51000 ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਮ ਆਦਮੀ ਦੀ ਭਲਾਈ ਲਈ ਕਈ ਮਿਸਾਲੀ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਸੂਬੇ ਵਿੱਚ 18 ਟੋਲ ਪਲਾਜ਼ੇ ਬੰਦ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਟੋਲ ਪਲਾਜ਼ਿਆਂ ਦੇ ਬੰਦ ਹੋਣ ਨਾਲ ਪੰਜਾਬ ਵਿੱਚ ਆਮ ਆਦਮੀ ਦੀ ਜੇਬ ਵਿੱਚ ਰੋਜ਼ਾਨਾ 63 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਹਿਰੀ ਪਾਣੀ ਦੀ ਵਰਤੋਂ ਸਿੰਜਾਈ ਲਈ ਕਰਨ ਹਿੱਤ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਮਨਰੇਗਾ ਸਕੀਮ ਨੂੰ ਲਾਗੂ ਕਰਨ ਅਤੇ ਬਿਹਤਰ ਬਣਾਉਣ ਲਈ ਇਨਕਲਾਬੀ ਤਬਦੀਲੀਆਂ ਉਲੀਕੀਆਂ ਜਾ ਰਹੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਸਿਹਤ, ਸਿੱਖਿਆ, ਬਿਜਲੀ, ਰੁਜ਼ਗਾਰ ਅਤੇ ਬੁਨਿਆਦੀ ਢਾਂਚਾ ਆਦਿ ਖੇਤਰਾਂ ਦੇ ਵਿਕਾਸ 'ਤੇ ਵੱਡਾ ਜ਼ੋਰ ਦੇ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਅਲਾਮਤ ਨੂੰ ਬਿਲਕੁਲ ਬਰਦਾਸ਼ਤ ਨਾ ਕਰਨ ਦੀ ਨੀਤੀ ਅਪਣਾਈ ਹੋਈ ਹੈ। ਨਸ਼ਾ ਤਸਕਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਆਮ ਲੋਕਾਂ ਦੇ ਸਰਗਰਮ ਸਮਰਥਨ ਅਤੇ ਸਹਿਯੋਗ ਨਾਲ ਲੋਕ ਲਹਿਰ ਵਿੱਚ ਬਦਲਿਆ ਜਾ ਰਿਹਾ ਹੈ।

# ਰੂਬੀ ਢੱਲਾ ਪਾਰਟੀ ਵਲੋਂ ਅਯੋਗ ਕਰਾਰ



ਟੋਰਾਂਟੋ : ਕੈਨੇਡਾ ਵਿਚ ਭਾਰਤੀ ਮੂਲ ਦੇ ਵਿਅਕਤੀਆਂ ਵਲੋਂ ਰਾਜਨੀਤੀ 'ਚ ਡੂੰਘੀ ਦਿਲਚਸਪੀ ਲਈ ਜਾਂਦੀ ਹੈ ਪਰ ਆਪਣੇ ਪਿਛੋਕੜ ਜਾਂ ਨਫਰਤੀ/ਨਸਲਵਾਦੀ/ਭ੍ਰਿਸ਼ਟਾਚਾਰੀ ਸੁਭਾਅ ਕਾਰਨ ਅਕਸਰ ਵਿਵਾਦ ਵਧਦੇ ਹਨ ਅਤੇ ਕਈ ਉਮੀਦਵਾਰੀਆਂ ਰੱਦ ਹੋ ਜਾਂਦੀਆਂ ਹਨ। ਬੀਤੇ ਦਿਨੀਂ ਕੈਨੇਡਾ ਵਿਚ ਰਾਸ਼ਟਰੀ ਅਤੇ ਸੂਬਾਈ ਪੱਧਰ 'ਤੇ ਲਿਬਰਲ ਪਾਰਟੀ ਦੀਆਂ ਦੋ ਇਕਾਈਆਂ ਦੇ ਦੋ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਗਿਆ। ਉਂਟਾਰੀਓ ਵਿਚ ਵਿਧਾਨ ਸਭਾ ਚੋਣਾਂ 27 ਫਰਵਰੀ ਨੂੰ ਹਨ। ਚੋਣ ਪ੍ਰਚਾਰ ਦੌਰਾਨ ਟੋਰਾਂਟੋ ਨੇੜੇ ਓਸ਼ਾਵਾ ਹਲਕੇ ਤੋਂ ਲਿਬਰਲ ਪਾਰਟੀ ਆਫ ਉਂਟਾਰੀਓ ਦੇ ਉਮੀਦਵਾਰ ਵਿਰੇਸ਼ ਬਾਂਸਲ ਨੂੰ ਸਿੱਖ ਭਾਈਚਾਰੇ ਵਲੋਂ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਸਰੀ ਵਿਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਮਗਰੋਂ ਉਸ ਨੇ ਵਿਵਾਦਤ ਤੇ ਨਫਰਤੀ ਟਵੀਟ ਕੀਤਾ ਸੀ। ਉਸ ਟਵੀਟ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸਮਲਿੰਗੀ ਭਾਈਚਾਰੇ ਪ੍ਰਤੀ ਵੀ ਗਲਤ ਸ਼ਬਦਾਵਲੀ ਵਰਤੀ ਸੀ। ਬੀਤੇ ਦਿਨ ਲਿਬਰਲ ਪਾਰਟੀ ਦੇ ਕੁਝ ਉਮੀਦਵਾਰਾਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਉਮੀਦਵਾਰ ਵਿੱਕੀ ਢਿੱਲੋਂ ਅਤੇ ਗੁਰਵਿੰਦਰ ਸਿੰਘ ਦੁਸਾਂਝ ਨੇ ਵੀ ਆਪਣੀ ਪਾਰਟੀ ਦੀ ਆਗੂ ਬੌਨੀ ਕਰੌਂਬੀ ਨੂੰ ਬਾਂਸਲ ਦੀ ਉਮੀਦਵਾਰੀ ਖਤਮ ਕਰਨ ਦੀ ਅਪੀਲ ਕੀਤੀ ਸੀ। ਵਰਲਡ ਸਿੱਖ ਆਰਗੇਨਾਈਜੇਸ਼ਨ ਅਤੇ ਉਂਟਾਰੀਓ ਗੁਰਦੁਆਰਾ ਕਮੇਟੀ ਦੇ ਆਗੂਆਂ ਵਲੋਂ ਵੀ ਬਾਂਸਲ ਨੂੰ ਪਾਸੇ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਅਜਿਹੇ ਵਿਚ ਬਾਂਸਲ ਨੇ ਬੀਤੇ ਮੰਗਲਵਾਰ ਆਪਣੇ 2023 ਦੇ ਘਟੀਆ ਟਵੀਟ ਬਾਰੇ ਮੁਆਫ਼ੀ ਮੰਗ ਲਈ ਸੀ ਪਰ ਬੀਤੇ ਦਿਨ ਲਿਬਰਲ ਪਾਰਟੀ ਆਫ ਉਂਟਾਰੀਓ ਵਲੋਂ ਬਾਂਸਲ ਦੇ ਚੋਣ ਪ੍ਰਚਾਰ ਨੂੰ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ ਗਿਆ। ਦੂਸਰੀ ਵੱਡੀ ਖ਼ਬਰ ਅਨੁਸਾਰ ਕੈਨੇਡਾ ਵਿਚ ਸੱਤਾਧਾਰੀ ਪਾਰਟੀ ਲਿਬਰਲ ਪਾਰਟੀ ਆਫ ਕੈਨੇਡਾ ਦੇ ਆਗੂ ਅਤੇ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਬਣਨ ਦੀ ਚੋਣ ਵਿਚ ਸ਼ਾਮਿਲ 2004 ਤੋਂ 2011 ਤੱਕ ਬਰੈਂਪਟਨ ਤੋਂ ਸੰਸਦ ਮੈਂਬਰ ਰਹੀ ਰੂਬੀ ਢੱਲਾ ਨੂੰ ਪਾਰਟੀ ਵਲੋਂ ਚੋਣ ਲੜਨ ਤੋਂ ਅਯੋਗ ਕਰਾਰ ਦੇ ਕੇ ਬਾਹਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਾਰਟੀ ਦੇ ਆਗੂ ਦੀ ਚੋਣ 9 ਮਾਰਚ ਨੂੰ ਹੋਵੇਗੀ ਜਿਸ ਵਾਸਤੇ ਹੁਣ ਕੁੱਲ ਚਾਰ ਉਮੀਦਵਾਰ ਮਾਰਕ ਕਾਰਨੀ, ਕ੍ਰਿਸਟੀਆ ਫਰੀਲੈਂਡ, ਕਰੀਨਾ ਗੋਲਡ ਅਤੇ ਫਰੈਂਕ ਬੇਲੀਸ ਰਹਿ ਗਏ ਹਨ। ਜਸਟਿਨ ਟਰੂਡੋ ਪਾਰਟੀ ਦਾ ਨਵਾਂ ਆਗੂ ਚੁਣੇ ਜਾਣ ਤੱਕ ਦੇਸ਼ ਦੇ ਕੰਮਚਲਾਊ ਪ੍ਰਧਾਨ ਮੰਤਰੀ ਹਨ। ਢੱਲਾ ਦੀ ਉਮੀਦਵਾਰੀ ਪਹਿਲੇ ਦਿਨ ਤੋਂ ਹੀ ਚਰਚਾ ਵਿਚ ਸੀ। ਪਾਰਟੀ ਵਲੋਂ ਚੋਣ ਪ੍ਰਚਾਰ ਕਰਨ ਤੇ ਪੈਸੇ ਇਕੱਤਰ ਕਰਨ ਦੇ ਢੰਗਾਂ ਬਾਰੇ ਦੋਸ਼ ਲਗਾਏ ਗਏ ਸਨ, ਜਿਸ ਬਾਰੇ ਉਨ੍ਹਾਂ ਤੋਂ ਸਵਾਲ ਵੀ ਪੁੱਛੇ ਜਾ ਰਹੇ ਸਨ ਅਤੇ ਹਲਫ਼ੀਆ ਬਿਆਨ ਲਏ ਜਾ ਰਹੇ ਸਨ। ਢੱਲਾ ਵਲੋਂ ਸਾਰੇ ਦੋਸ਼ਾਂ ਨੂੰ ਨਕਾਰਿਆ ਜਾ ਰਿਹਾ ਸੀ ਪਰ ਬੀਤੇ ਦਿਨ ਲਿਬਰਲ ਪਾਰਟੀ ਆਫ ਕੈਨਡਾ ਦੀ ਲੀਡਰਸ਼ਿਪ ਵੋਟ ਕਮੇਟੀ ਵਲੋਂ ਸਰਬਸੰਮਤੀ ਨਾਲ ਉਨ੍ਹਾਂ ਦੀ ਉਮੀਦਵਾਰੀ ਨੂੰ ਰੱਦ ਕਰ ਦਿੱਤਾ ਗਿਆ। ਪਾਰਟੀ ਦੇ ਆਪਣੇ ਅਧਿਕਾਰਤ ਬਿਆਨ ਅਨੁਸਾਰ ਢੱਲਾ ਖਿਲਾਫ ਨੈਸ਼ਨਲ ਲੀਡਰਸ਼ਿਪ ਚੋਣ ਅਤੇ ਖਰਚਿਆਂ ਦੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਦੇ 10 ਦੋਸ਼ ਸਨ। ਪਾਰਟੀ ਦਾ ਇਹ ਵੀ ਮੰਨਣਾ ਹੈ ਕਿ ਢਾਲਾ ਨੇ ਕੈਨੇਡਾ ਇਲੈਕਸ਼ਨਜ਼ ਐਕਟ ਦੀ ਵੀ ਉਲੰਘਣਾ ਕੀਤੀ ਹੈ।

# ਭਾਰਤ ਤੇ ਬਰਤਾਨੀਆ ਵੱਲੋਂ ਮੁਕਤ ਵਪਾਰ ਸਮਝੌਤੇ ਬਾਰੇ ਗੱਲਬਾਤ ਅੱਗੇ ਵਧਾਉਣ ਸਬੰਧੀ ਚਰਚਾ

## ਦੋਵੇਂ ਦੇਸ਼ਾਂ ਨੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ

ਨਵੀਂ ਦਿੱਲੀ : ਭਾਰਤ ਤੇ ਬਰਤਾਨੀਆ ਨੇ ਅੱਜ ਮੁਕਤ ਵਪਾਰ ਸਮਝੌਤੇ ਬਾਰੇ ਗੱਲਬਾਤ ਅੱਗੇ ਵਧਾਉਣ ਸਬੰਧੀ ਚਰਚਾ ਕੀਤੀ। ਇਸ ਦੌਰਾਨ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਮਝੌਤਾ ਸੰਤੁਲਿਤ ਤੇ ਆਪਸੀ ਤੌਰ 'ਤੇ ਫਾਇਦੇਮੰਦ ਹੋਵੇ। 'ਐਕਸ' ਉੱਤੇ ਪਾਈ ਇਕ ਪੋਸਟ ਵਿੱਚ ਵਣਜ ਤੇ ਉਦਯੋਗ ਮੰਤਰੀ ਪਿਯੂਸ਼ ਗੋਇਲ ਨੇ ਕਿਹਾ ਕਿ ਦੋਵੇਂ ਦੇਸ਼ਾਂ ਨੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ ਹੈ। ਉਨ੍ਹਾਂ ਇੱਥੇ ਬਰਤਾਨੀਆ ਦੇ ਵਪਾਰ ਤੇ ਕਾਰੋਬਾਰ ਮੰਤਰੀ ਜੋਨਾਥਨ ਰੈਨੋਲਡਜ਼ ਨਾਲ ਮੀਟਿੰਗ ਕੀਤੀ।



ਨਵੀਂ ਦਿੱਲੀ ਵਿੱਚ ਗੱਲਬਾਤ ਕਰਦੇ ਹੋਏ ਭਾਰਤ ਦੇ ਵਣਜ ਤੇ ਉਦਯੋਗ ਮੰਤਰੀ ਪਿਯੂਸ਼ ਗੋਇਲ ਅਤੇ ਬਰਤਾਨੀਆ ਦੇ ਵਪਾਰ ਤੇ ਕਾਰੋਬਾਰ ਮੰਤਰੀ ਜੋਨਾਥਨ ਰੈਨੋਲਡਜ਼।

ਗੋਇਲ ਨੇ ਕਿਹਾ, "ਮੀਟਿੰਗ ਦੌਰਾਨ, ਸਾਡੀ ਚਰਚਾ ਭਾਰਤ-ਬਰਤਾਨੀਆ ਮੁਕਤ ਵਪਾਰ ਸਮਝੌਤੇ ਦੀ ਗੱਲਬਾਤ ਨੂੰ ਅੱਗੇ ਵਧਾਉਣ ਅਤੇ ਇਹ ਯਕੀਨੀ ਬਣਾਉਣ 'ਤੇ ਕੇਂਦਰਿਤ ਸੀ ਕਿ ਸਮਝੌਤਾ ਸੰਤੁਲਿਤ ਤੇ ਆਪਸੀ ਤੌਰ 'ਤੇ ਫਾਇਦੇਮੰਦ ਹੋਵੇ।" ਭਾਰਤ-ਬਰਤਾਨੀਆ ਐੱਫਟੀਏ ਗੱਲਬਾਤ 13 ਜਨਵਰੀ 2022 ਨੂੰ ਸ਼ੁਰੂ ਕੀਤੀ ਗਈ ਸੀ। ਸਮਝੌਤੇ ਦਾ ਉਦੇਸ਼ ਦੁਵੱਲੇ ਵਪਾਰ ਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਹੈ। ਅਜਿਹੇ ਸਮਝੌਤਿਆਂ 'ਚ ਦੋ ਦੇਸ਼ ਆਪਣੇ ਵਿਚਾਲੇ ਆਦਾਨ-ਪ੍ਰਦਾਨ ਕੀਤੀਆਂ ਜਾਣ ਵਾਲੀਆਂ ਜ਼ਿਆਦਾਤਰ ਵਸਤਾਂ 'ਤੇ ਕਸਟਮਜ਼ ਡਿਊਟੀਜ਼ ਨੂੰ ਜਾਂ ਤਾਂ ਖ਼ਤਮ ਕਰ ਦਿੰਦੇ ਹਨ ਜਾਂ ਕਾਫੀ ਘੱਟ ਕਰ ਦਿੰਦੇ ਹਨ। ਉਹ ਸੇਵਾਵਾਂ ਅਤੇ ਦੁਵੱਲੇ ਨਿਵੇਸ਼ ਵਿੱਚ ਵਪਾਰ ਨੂੰ ਬੜ੍ਹਾਵਾ ਦੇਣ ਦੇ ਮਾਪਦੰਡਾਂ ਨੂੰ ਵੀ ਆਸਾਨ ਬਣਾਉਂਦੇ ਹਨ।

ਭਾਰਤ ਤੇ ਬਰਤਾਨੀਆ ਵਿਚਾਲੇ ਦੁਵੱਲਾ ਵਪਾਰ 2022-23 ਵਿੱਚ 20.36 ਅਰਬ ਅਮਰੀਕੀ ਡਾਲਰ ਤੋਂ ਵਧ ਕੇ 2023-24 ਵਿੱਚ 21.34 ਅਰਬ ਅਮਰੀਕੀ ਡਾਲਰ ਹੋ ਗਿਆ ਹੈ। ਬਰਤਾਨੀਆ, ਭਾਰਤ ਵਿੱਚ ਛੇਵਾਂ ਸਭ ਤੋਂ ਵੱਡਾ ਨਿਵੇਸ਼ਕ ਹੈ।

# ਯੂਕਰੇਨ ਜੰਗ ਦੇ ਤਿੰਨ ਵਰ੍ਹੇ ਪੂਰੇ ਹੋਣ 'ਤੇ ਵਿਦੇਸ਼ੀ ਆਗੂਆਂ ਵੱਲੋਂ ਕੀਵ ਦਾ ਦੌਰਾ

## ਟਰੂਡੋ ਅਤੇ ਯੂਰਪ ਦੇ ਹੋਰ ਆਗੂਆਂ ਨੇ ਯੂਕਰੇਨ ਨੂੰ ਦਿੱਤੀ ਹਮਾਇਤ

ਕੀਵ : ਯੂਕਰੇਨ ਜੰਗ ਦੇ ਤਿੰਨ ਵਰ੍ਹੇ ਪੂਰੇ ਹੋਣ ਮੌਕੇ ਅੱਜ ਯੂਰਪ ਅਤੇ ਕੈਨੇਡਾ ਦੇ ਇਕ ਦਰਜਨ ਆਗੂਆਂ ਨੇ ਰਾਜਧਾਨੀ ਕੀਵ ਦਾ ਦੌਰਾ ਕਰਕੇ ਮੁਲਕ ਨੂੰ ਆਪਣੀ ਹਮਾਇਤ ਦਿੱਤੀ। ਯੂਰਪੀਅਨ ਕਮਿਸ਼ਨ ਦੀ ਮੁਖੀ ਉਰਸਲਾ ਵੋਨ ਡੇਰ ਲੇਯੇਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਹੋਰ ਆਗੂਆਂ ਦਾ ਟਰੇਨ ਸਟੇਸ਼ਨ 'ਤੇ ਯੂਕਰੇਨੀ ਵਿਦੇਸ਼ ਮੰਤਰੀ ਆਂਦਰੀ ਸਿਬੀਹਾ ਅਤੇ ਰਾਸ਼ਟਰਪਤੀ ਦੇ ਚੀਫ਼ ਆਫ਼ ਸਟਾਫ ਆਂਦਰੀ ਯੇਰਮਾਕ ਨੇ ਸਵਾਗਤ ਕੀਤਾ। ਲੇਯੇਨ ਨੇ 'ਐਕਸ' 'ਤੇ ਲਿਖਿਆ, "ਯੂਕਰੇਨ ਯੂਰਪ 'ਚ ਪੈਂਦਾ ਹੈ। ਹੋਂਦ ਬਚਾਉਣ ਦੀ ਇਸ ਜੰਗ 'ਚ ਨਾ ਸਿਰਫ਼ ਯੂਕਰੇਨ ਸਗੋਂ ਯੂਰਪ ਦੀ ਕਿਸਮਤ ਵੀ ਦਾਅ 'ਤੇ ਲੱਗੀ ਹੋਈ ਹੈ।" ਕੀਵ ਪੁੱਜੇ ਹੋਰ ਵਿਦੇਸ਼ੀ ਆਗੂਆਂ 'ਚ ਯੂਰਪੀ ਕੌਂਸਲ ਦੇ ਪ੍ਰਧਾਨ ਅੰਟੋਨੀਓ ਕੋਸਟਾ ਅਤੇ ਸਪੇਨ ਦੇ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ। ਉਨ੍ਹਾਂ ਜੰਗ ਦੀ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ 'ਚ ਵੀ ਹਾਜ਼ਰੀ ਭਰੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਹੇਠ ਅਮਰੀਕੀ ਨੀਤੀ 'ਚ ਬਦਲਾਅ ਦਰਮਿਆਨ ਆਗੂਆਂ ਨੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨਾਲ ਯੂਕਰੇਨ ਨੂੰ ਹਮਾਇਤ ਦੇਣ ਬਾਰੇ ਚਰਚਾ ਕੀਤੀ। ਯੂਰਪੀ ਯੂਨੀਅਨ ਦੇ ਸੀਨੀਅਰ ਡਿਪਲੋਮੈਟ ਕਾਜਾ ਕੈਲਸ ਨੇ ਕਿਹਾ ਕਿ ਅਮਰੀਕਾ ਜੰਗ ਖ਼ਤਮ ਕਰਨ ਲਈ ਯੂਕਰੇਨ ਜਾਂ ਯੂਰਪ ਤੋਂ ਬਿਨਾਂ ਕਿਸੇ ਸ਼ਾਂਤੀ ਸਮਝੌਤੇ 'ਤੇ ਨਹੀਂ ਪਹੁੰਚ ਸਕਦਾ ਹੈ।



# ਜਰਮਨੀ ਚੋਣਾਂ: ਫਰੈਡਰਿਕ ਮਰਜ਼ ਦੀ ਕੰਜ਼ਰਵੇਟਿਵ ਪਾਰਟੀ ਜਿੱਤੀ

## ਓਲਫ਼ ਸ਼ੁਲਜ਼ ਚੋਣ ਹਾਰੇ; 'ਅਲਟਰਨੇਟਿਵ ਫਾਰ ਜਰਮਨੀ' ਦੂਜੇ ਨੰਬਰ 'ਤੇ



ਬਰਲਿਨ : ਜਰਮਨੀ ਦੇ ਚਾਂਸਲਰ ਓਲਫ ਸ਼ੁਲਜ਼ ਦੀ ਖੱਬੇਪੱਖੀ ਸੋਸ਼ਲ ਡੈਮੋਕਰੈਟਸ ਪਾਰਟੀ ਨੂੰ ਸੰਸਦੀ ਚੋਣਾਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਨ੍ਹਾਂ ਦੀ ਪਾਰਟੀ ਤੀਜੇ ਸਥਾਨ 'ਤੇ ਰਹੀ। ਵਿਰੋਧੀ ਧਿਰ ਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਫਰੈਡਰਿਕ ਮਰਜ਼ ਨੇ ਐਤਵਾਰ ਨੂੰ ਹੋਈਆਂ ਕੌਮੀ ਚੋਣਾਂ ਵਿਚ ਜਿੱਤ ਦਰਜ ਕੀਤੀ ਹੈ, ਜਦੋਂਕਿ ਅਲਟਰਨੇਟਿਵ ਫਾਰ ਜਰਮਨੀ (ਏਐੱਫਡੀ) ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੱਜੇ-ਪੱਖੀ ਪਾਰਟੀ ਲਈ ਸਭ ਤੋਂ ਮਜ਼ਬੂਤ ਪ੍ਰਦਰਸ਼ਨ ਕਰਦਿਆਂ ਆਪਣੀ ਹਮਾਇਤ ਦੁੱਗਣੀ ਕੀਤੀ ਹੈ।

ਚਾਂਸਲਰ ਓਲਫ ਸ਼ੁਲਜ਼ ਨੇ ਲੋਕਾਂ ਦੇ ਫ਼ਤਵੇ ਨੂੰ 'ਕੌੜਾ ਚੋਣ ਨਤੀਜਾ' ਦੱਸਦਿਆਂ ਆਪਣੀ ਪਾਰਟੀ ਸੋਸ਼ਲ ਡੈਮੋਕਰੈਟਸ ਦੀ ਹਾਰ ਕਬੂਲ ਕੀਤੀ ਹੈ। ਏਆਰਡੀ ਅਤੇ ਜ਼ੈਡਡੀਐੱਫ ਪਬਲਿਕ ਟੈਲੀਵਿਜ਼ਨ ਵੱਲੋਂ ਦਿਖਾਏ ਰੁਝਾਨਾਂ ਵਿਚ ਉਨ੍ਹਾਂ ਦੀ ਪਾਰਟੀ ਆਲਮੀ ਜੰਗ ਤੋਂ ਬਾਅਦ ਸੰਸਦੀ ਚੋਣਾਂ ਵਿੱਚ ਸਭ ਤੋਂ ਮਾੜੇ ਨਤੀਜੇ ਨਾਲ ਤੀਜੇ ਸਥਾਨ 'ਤੇ ਰਹੀ ਹੈ।

ਐਗਜ਼ਿਟ ਪੋਲ ਅਤੇ ਅੰਸ਼ਕ ਗਿਣਤੀ ਦੇ ਆਧਾਰ 'ਤੇ ਲਗਾਏ ਅਨੁਮਾਨ ਵਿੱਚ ਮਰਜ਼ ਦੇ ਯੂਨੀਅਨ ਬਲਾਕ ਨੂੰ ਕਰੀਬ 28.5 ਫੀਸਦ ਅਤੇ ਇਮੀਗ੍ਰੇਸ਼ਨ ਵਿਰੋਧੀ ਅਲਟਰਨੇਟਿਵ ਫਾਰ ਜਰਮਨੀ, ਜਾਂ ਏਐੱਫਡੀ ਨੂੰ 20.5 ਫ਼ੀਸਦ ਸਮਰਥਨ ਮਿਲਿਆ ਹੈ, ਜੋ 2021 ਨਾਲੋਂ ਲਗਪਗ ਦੁੱਗਣਾ ਹੈ। ਸ਼ੁਲਜ਼ ਦੀ ਪਾਰਟੀ ਸੈਂਟਰ ਲੈਫਟ ਸੋਸ਼ਲ ਡੈਮੋਕਰੈਟਸ 12 ਫੀਸਦ ਦੇ ਅੰਕੜੇ ਨਾਲ ਤੀਜੇ ਸਥਾਨ 'ਤੇ ਹੈ। ਜਰਮਨੀ ਵਿਚ ਸੰਸਦੀ ਚੋਣਾਂ ਨਿਰਧਾਰਿਤ ਸਮੇਂ ਤੋਂ ਸੱਤ ਮਹੀਨੇ ਪਹਿਲਾਂ ਹੋਈਆਂ ਹਨ ਕਿਉਂਕਿ ਸ਼ੁਲਜ਼ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਨਵੰਬਰ ਵਿੱਚ ਡਿੱਗ ਗਈ ਸੀ। ਜਰਮਨੀ 27 ਦੇਸ਼ਾਂ ਵਾਲੇ ਯੂਰਪੀਅਨ ਯੂਨੀਅਨ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ ਅਤੇ ਨਾਟੋ ਦਾ ਪ੍ਰਮੁੱਖ ਮੈਂਬਰ ਹੈ।

# ਕਾਲੇ ਕੈਦੀ ਦੀ ਜੇਲ ਵਿਚ ਕੁੱਟਮਾਰ ਦੌਰਾਨ ਹੋਈ ਮੌਤ ਦੇ ਮਾਮਲੇ 'ਚ 6 ਜੇਲ ਅਫਸਰਾਂ ਵਿਰੁੱਧ ਹੱਤਿਆ ਦੇ ਦੋਸ਼ ਤੈਅ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊ ਯਾਰਕ ਵਿਚ ਹੱਥ ਕੜੀਆਂ ਵਿਚ ਜਕੜੇ ਇਕ ਕੈਦੀ ਦੀ ਕੁੱਟਮਾਰ ਦੌਰਾਨ ਹੋਈ ਮੌਤ ਦੇ ਮਾਮਲੇ ਵਿਚ ਜੇਲ ਦੇ 6 ਅਫਸਰਾਂ ਵਿਰੁੱਧ ਹੱਤਿਆ ਦੇ ਦੋਸ਼ ਦਰਜ ਹੋਣ ਦੀ ਖਬਰ ਹੈ। ਸਾਇਰਾਕੂਜ, ਨਿਊ ਯਾਰਕ ਦੇ ਪੂਰਬ ਵਿਚ 50 ਮੀਲ ਦੂਰ ਸਥਿੱਤ ਮਰਸੀ ਦੀ ਸਟੇਟ ਜੇਲ ਵਿੱਚ 43 ਸਾਲਾ ਕਾਲੇ ਵਿਅਕਤੀ ਰਾਬਰਟ ਬਰੁੱਕਸ ਦੀ ਪਿਛਲੇ ਸਾਲ 10 ਦਸੰਬਰ ਨੂੰ ਮੌਤ ਹੋ ਗਈ ਸੀ। ਇਸ ਜੇਲ ਵਿਚ ਕੇਵਲ ਮਰਦ ਕੈਦੀ ਹੀ ਰਖੇ ਜਾਂਦੇ ਹਨ। ਬਰੁੱਕਸ ਜੋ ਇਕ ਹਮਲੇ ਦੇ ਮਾਮਲੇ ਵਿਚ 12 ਸਾਲ ਦੀ ਕੈਦ ਕਟ ਰਿਹਾ ਸੀ, ਨੂੰ ਉਸੇ ਰਾਤ ਨਾਲ ਲੱਗਦੀ ਮੋਹਾਕ ਜੇਲ ਤੋਂ ਮਰਸੀ ਦੀ ਜੇਲ ਵਿਚ ਤਬਦੀਲ ਕੀਤਾ ਗਿਆ ਸੀ। ਜਿਨਾਂ ਅਫਸਰਾਂ ਵਿਰੁੱਧ ਦੂਸਰਾ ਤੇ ਪਹਿਲਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਹਨ ਉਨਾਂ ਵਿਚ ਨਿਕੋਲਸ ਐਂਜ਼ਾਲੋਨ, ਡੇਵਿਡ ਕਿੰਗਸਲੇ, ਐਨਥਨੀ ਫਾਰੀਨਾ, ਕ੍ਰਿਸਟੋਫਰ ਵਾਲਰਥ, ਮੈਥੀਊ ਗਾਲੀਹਰ ਤੇ ਇਕ ਹੋਰ ਪੁਲਿਸ ਅਫਸਰ ਸ਼ਾਮਿਲ ਹੈ। ਗਰੈਂਡ ਜਿਊਰੀ ਨੇ ਦੋਸ਼ ਤੈਅ ਕਰਨ ਸਬੰਧੀ ਦਿੱਤੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਮੁਲਜ਼ਿਮਾਂ ਨੇ ਮਨੁੱਖੀ ਜੀਵਨ ਪ੍ਰਤੀ ਕਰੂਰਤਾ ਵਾਲਾ ਰਵੱਈਆ ਅਪਣਾਇਆ ਤੇ ਕੁਝ ਹੋਰਨਾਂ ਨੇ ਉਨਾਂ ਨੂੰ ਕੁੱਟਮਾਰ ਕਰਨ ਤੋਂ ਰੋਕਿਆ ਨਹੀਂ ਤੇ ਉਨਾਂ ਨੇ ਬਰੁੱਕਸ ਨੂੰ ਤੁਰੰਤ ਡਾਕਟਰੀ ਸਹਾਇਤਾ ਦੇਣ ਲਈ ਕੋਈ ਯਤਨ ਨਹੀਂ ਕੀਤਾ।



ਜੇਲ ਵਿਚ ਰਾਬਰਟ ਬਰੁੱਕਸ ਦੀ ਕੁੱਟਮਾਰ ਦਾ ਇਕ ਦ੍ਰਿਸ਼ ਤੇ ਸੱਜੇ ਬਰੁੱਕਸ ਦੀ ਫਾਈਲ ਤਸਵੀਰ

# ਜਥੇਦਾਰ ਅਕਾਲ ਤਖਤ ਦੇ ਹੁਕਮਨਾਮੇ ਸਿਰਫ਼ ਚਾਰਦੀਵਾਰੀ ਤੱਕ ਸੀਮਤ : ਜਥੇਦਾਰ ਗਿਆਨੀ ਰਘਬੀਰ ਸਿੰਘ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਆਪਣਾ ਅਸਤੀਫ਼ਾ ਵਾਪਸ ਲੈਣ

ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਬਾਰੇ ਉਨ੍ਹਾਂ ਆਪਣੇ ਨਿੱਜੀ ਫੇਸਬੁੱਕ ਖਾਤੇ 'ਤੇ ਪੋਸਟ ਪਾ ਕੇ ਉਨ੍ਹਾਂ ਦੇ ਹੱਕ ਵਿਚ ਆਪਣੇ ਮਨ ਦੇ ਵਲਵਲੇ ਤੇ ਦਸ਼ਾ ਸਾਂਝੀ ਕੀਤੀ ਸੀ, ਪਰ ਸ਼੍ਰੋਮਣੀ ਕਮੇਟੀ ਨੂੰ ਕੋਈ ਆਦੇਸ਼ ਨਹੀਂ ਸੀ ਦਿੱਤਾ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕੀਤਾ ਜਾਣਾ ਦੁਖਦਾਈ ਪਹਿਲੂ ਹੈ, ਐਸਾ ਨਹੀਂ ਸੀ ਹੋਣਾ ਚਾਹੀਦਾ ਤੇ ਸਭ ਨੂੰ ਇਸ ਮਾਮਲੇ 'ਚ ਬਹੁਤ ਸਹਿਜ ਸੰਜਮ ਰੱਖਣਾ ਚਾਹੀਦਾ ਹੈ। ਸੋਸ਼ਲ ਮੀਡੀਆ ਪੋਸਟ ਦੇ ਮੱਦੇਨਜ਼ਰ ਪ੍ਰਧਾਨ ਧਾਮੀ ਵਲੋਂ ਦਿੱਤੇ ਅਸਤੀਫ਼ੇ 'ਤੇ ਵਿਚਾਰ ਕਰਨ ਲਈ ਬੀਤੇ ਦਿਨ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਇਕੱਤਰਤਾ ਉਪਰੰਤ ਮੈਂਬਰਾਂ ਵਲੋਂ ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਸੰਬੰਧ 'ਚ ਜਥੇਦਾਰ ਨੇ ਕਿਹਾ ਕਿ ਉਨ੍ਹਾਂ ਮੇਰੀ ਪੋਸਟ ਪਾਏ ਜਾਣ ਬਾਰੇ ਕਿਹਾ ਸੀ ਕਿ ਇਹ ਨਹੀਂ ਸੀ ਪਾਉਣੀ ਚਾਹੀਦੀ ਤੇ ਜਥੇਦਾਰ ਦੇ ਅਧਿਕਾਰ ਖੇਤਰ ਬਾਰੇ ਵੀ ਦੱਸਿਆ ਕਿ ਤੁਹਡਾ ਅਧਿਕਾਰ ਖੇਤਰ ਇੰਨਾ ਕੁ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਜਥੇਦਾਰਾਂ ਤੇ ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਨ ਸਮੇਤ ਸਭ ਵੱਡੇ ਛੋਟੇ ਮੁਲਾਜ਼ਮਾਂ ਨੂੰ ਲਗਾਉਣ ਤੇ ਲਾਹੁਣ ਦਾ ਅਧਿਕਾਰ ਹੁੰਦਾ ਹੈ, ਪਰ ਜਥੇਦਾਰਾਂ ਦੇ ਅਧਿਕਾਰ ਖੇਤਰ ਸੰਬੰਧੀ ਇਕ ਸਵਾਲ ਦੇ ਜਵਾਬ



'ਚ ਉਨ੍ਹਾਂ ਕੁਝ ਤਲਖ ਭਰੀ ਟਿੱਪਣੀ ਕਰਦਿਆਂ ਕਿਹਾ ਕਿ ਮੈਂ ਤਾਂ ਸਮਝਦਾ ਸੀ ਕਿ ਸ੍ਰੀ ਅਕਾਲ

**ਵਿਸ਼ਵ ਭਰ ਦੇ ਸਿੱਖ ਅਕਾਲ ਤਖਤ ਦੇ ਆਦੇਸ਼-ਸੰਦੇਸ਼ ਨੂੰ ਇਲਾਹੀ ਹੁਕਮ ਕਬੂਲਦੇ ਹਨ ਪਰ ਅੰਤ੍ਰਿਮ ਕਮੇਟੀ ਮੈਂਬਰਾਂ ਨੇ ਬਹੁਤ ਛੋਟਾ ਕਰ ਦਿੱਤਾ**

ਤਖਤ ਦਾ ਹੁਕਮ ਵਿਸ਼ਵ ਵਿਆਪੀ ਸਿੱਖਾਂ 'ਤੇ ਲਾਗੂ ਹੁੰਦਾ, ਪਰ ਕੱਲ੍ਹ (ਅੰਤ੍ਰਿੰਗ ਕਮੇਟੀ ਮੈਂਬਰਾਂ ਦੇ ਮੁਲਾਕਾਤ ਕਰਨ ਤੋਂ ਬਾਅਦ) ਪਤਾ ਲੱਗਾ ਕਿ ਇਹ ਹੁਕਮ ਤਖਤ ਸਾਹਿਬ ਦੀ ਚਾਰਦੀਵਾਰੀ ਦੇ ਅੰਦਰ ਹੁੰਦਾ ਤੇ ਅੰਦਰ ਹੀ ਖ਼ਤਮ ਹੋ ਜਾਂਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਨੈਤਿਕਤਾ ਦੇ ਆਧਾਰ 'ਤੇ ਦਿੱਤੇ ਅਸਤੀਫ਼ੇ ਬਾਰੇ ਉਨ੍ਹਾਂ ਕਿਹਾ ਕਿ ਸ: ਧਾਮੀ ਬਹੁਤ ਵਧੀਆ ਗੁਰਸਿੱਖ, ਨੇਕ ਤੇ ਬੇਦਾਗ ਸ਼ਖ਼ਸੀਅਤ ਹਨ ਤੇ ਉਨ੍ਹਾਂ ਦਾ ਅਸਤੀਫ਼ਾ ਦੇਣਾ ਬੜਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਮੈਂ ਵੀ ਨੈਤਿਕਤਾ ਦੇ ਆਧਾਰ 'ਤੇ ਸ: ਧਾਮੀ ਨੂੰ ਅਪੀਲ ਕਰਦਾ ਹਾਂ ਕਿ ਉਹ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਦਿੱਤਾ ਹੋਇਆ ਅਸਤੀਫਾ ਵਾਪਸ ਲੈ ਕੇ ਮੁੜ ਸੇਵਾ ਸੰਭਾਲਣ ਤੇ ਇਸ ਦੇ ਨਾਲ ਹੀ ਬੀਤੀ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਤੋਂ ਸੱਤ ਮੈਂਬਰੀ ਕਮੇਟੀ ਦੇ ਕਨਵੀਨਰ ਦੀ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਵੀ ਧਾਰਮਿਕ ਫਰਜ਼ ਸਮਝਦਿਆਂ ਡਿਊਟੀ ਸੰਭਾਲਣ ਤੇ ਮੈਂਬਰਾਂ ਨੂੰ ਨਾਲ ਲੈ ਕੇ ਕੰਮ ਸ਼ੁਰੂ ਕਰਨ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਦੀਆਂ ਪਦਵੀਆਂ ਤੇ ਅਹੁਦਿਆਂ ਦਾ ਸਤਿਕਾਰ ਕਾਇਮ ਰੱਖਣਾ ਚਾਹੀਦਾ ਹੈ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਾਡੀ ਖੇਤਰੀ, ਪੰਜਾਬ ਤੇ ਸਿੱਖਾਂ ਦੇ ਹੱਕਾਂ ਦੀ ਗੱਲ ਕਰਨ ਵਾਲੀ ਪਾਰਟੀ ਹੈ, ਸਾਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤੇ ਸ਼ਹੀਦਾਂ ਦੀ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਵੀ ਹਰ ਕੀਮਤ 'ਤੇ ਬਚਾ ਕੇ ਰੱਖਣਾ ਚਾਹੀਦਾ ਹੈ ਤੇ ਇਸ ਦੇ ਮਿਆਰ 'ਚ ਕੋਈ ਕਮੀ ਨਹੀਂ ਆਉਣੀ ਚਾਹੀਦੀ। ਆਪਣਾ ਅਸਤੀਫ਼ਾ ਦੇਣ ਦੀ ਚੱਲ ਰਹੀ ਚਰਚਾ ਸੰਬੰਧੀ ਪੁੱਛੇ ਜਾਣ 'ਤੇ ਜਥੇਦਾਰ ਨੇ ਕਿਹਾ ਕਿ ਜੇਕਰ ਕੋਈ ਐਸਾ ਸਮਾਂ ਬਣਦਾ ਹੈ ਤੇ ਜੋ ਗੁਰੂ ਸਾਹਿਬ ਦਾ ਹੁਕਮ ਹੋਵੇਗਾ।

# ਕਿਸਾਨਾਂ ਦੀ ਭਲਾਈ ਕੇਂਦਰ ਸਰਕਾਰ ਦੀ ਤਰਜੀਹ: ਪੁਰੀ

## ਕੇਂਦਰੀ ਮੰਤਰੀ ਨੇ ਜੀਐਨਡੀਯੂ 'ਚ ਕਰਵਾਏ ਸਮਾਗਮ ਵਿੱਚ ਕੀਤੀ ਸ਼ਿਰਕਤ



ਅੰਮ੍ਰਿਤਸਰ : ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਪੀਐੱਮ ਕਿਸਾਨ ਸਨਮਾਨ ਨਿਧੀ ਯੋਜਨਾ ਦੀ 19ਵੀਂ ਕਿਸ਼ਤ ਜਾਰੀ ਕਰਨ ਦੇ ਸਬੰਧ ਵਿੱਚ ਗੁਰੂ ਨਾਨਕ ਦੇਵ 'ਵਰਸਿਟੀ (ਜੀਐੱਨਡੀਯੂ) ਵਿੱਚ ਕਰਵਾਏ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਸ੍ਰੀ ਪੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਕਿਸਾਨਾਂ ਦੀ ਭਲਾਈ ਹੈ। ਕਿਸਾਨ ਭਾਰਤ ਦੀ ਅਰਥ-ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ। ਕਿਸਾਨ ਧਰਤੀ ਦੇ ਰਖਵਾਲੇ ਹਨ ਤੇ ਸਾਡੀ ਭੋਜਨ ਸੁਰੱਖਿਆ ਦਾ ਆਧਾਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸਾਨ ਹੁਣ ਊਰਜਾ ਉਤਪਾਦਕ ਬਣ ਗਏ ਹਨ। ਪਹਿਲਾਂ ਕੁੱਲ ਇਥਾਨੌਲ ਬਲੈਂਡਿੰਗ 1.5 ਫ਼ੀਸਦੀ ਸੀ ਪਰ ਹੁਣ ਇਹ 19.6 ਫ਼ੀਸਦੀ 'ਤੇ ਪਹੁੰਚ ਗਈ ਹੈ, ਇਸ ਕਰ ਕੇ ਕਿਸਾਨਾਂ ਨੂੰ 90,000 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕੀਤਾ ਗਿਆ ਹੈ।

ਕੇਂਦਰ ਸਰਕਾਰ ਦੇਸ਼ ਭਰ ਵਿੱਚ ਇਥਾਨੌਲ ਬਲੈਂਡਿੰਗ ਵਧਾਉਣ ਲਈ ਕੋਸ਼ਿਸ਼ਾਂ ਕਰ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਹੋਵੇਗਾ। ਕੇਂਦਰੀ ਮੰਤਰੀ ਨੇ ਕਿਸਾਨਾਂ ਹੋਰ ਪਤਵੰਤਿਆਂ ਦਾ ਸਨਮਾਨ ਵੀ ਕੀਤਾ। ਉਹ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵਾਸਤੇ ਵੀ ਗਏ।

# 2 ਦਸੰਬਰ ਦੇ ਹੁਕਮਨਾਮੇ ਪਿਛੇ ਸ਼ਹਾਦਤ ਦੇਣੀ ਪਈ ਤਾਂ ਪਿਛੇ ਨਹੀਂ ਹਟਾਂਗਾ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਅੰਮ੍ਰਿਤਸਰ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਰਾਜਨੀਤਕ ਪਾਰਟੀ ਨਾਲ ਜੁੜਨ ਜਾਂ ਸਿਆਸਤ ਵਿਚ ਆਉਣ ਦਾ ਅਜੇ ਕੋਈ ਇਰਾਦਾ ਨਹੀਂ ਪਰ ਉਹ 2 ਦਸੰਬਰ 2024 ਦੇ ਅਕਾਲ ਤਖਤ ਸਾਹਿਬ ਦੀ 'ਫਸੀਲ' ਤੋਂ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰੱਖਣਗੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰੱਖਣਗੇ ਅਤੇ ਹੁਕਮਨਾਮਾ ਲਾਗੂ ਕਰਵਾਉਣ ਲਈ ਸ਼ਹਾਦਤ ਦੇਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਅਤੇ ਸਿੱਖੀ ਸਿੱਧਾਂਤਾ ਦੀ ਰਾਖੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ 'ਚ ਆਈ ਸੀ ਪਰ ਹੁਣ ਕਾਬਜ਼ ਧੜਾ ਆਪਣੇ ਨਿੱਜੀ ਮੁਫਾਦਾਂ ਦੀ ਪੂਰਤੀ ਲਈ ਕਮੇਟੀ ਦੀ ਦੁਰਵਰਤੋਂ ਕਰ ਰਿਹਾ ਹੈ। ਇਹ ਵਿਚਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਵ. ਭਾਈ ਪ੍ਰਮਜੀਤ ਸਿੰਘ ਖਾਲਸਾ ਦੀ ਯਾਦ 'ਚ ਵਿਰਸਾ ਵਿਹਾਰ ਵਿਖੇ ਕਰਵਾਏ ਗਏ ਵਿਚਾਰ ਗੋਸ਼ਟੀ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਪ੍ਰਗਟਾਏ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦਾਇਰਾ ਵੀ ਸਾਜ਼ਿਸ਼ ਤਹਿਤ ਹੀ ਸੀਮਤ ਕੀਤਾ ਜਾ ਰਿਹਾ ਹੈ ਜਿਸ ਨੂੰ ਲੈ ਕੇ ਸਮੁੱਚੀ ਸਿੱਖ ਕੌਮ 'ਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਪੰਥਕ ਸੰਸਥਾਵਾਂ ਨੂੰ ਬਚਾਉਣ ਲਈ ਨੌਜਵਾਨਾਂ ਅਤੇ ਸੰਗਤਾਂ ਨੂੰ ਜਾਗਰੂਕ ਕਰਨ ਵਾਸਤੇ ਪਿੰਡ-ਪਿੰਡ ਜਾ ਕੇ ਹੋਕਾ ਦਿਆਂਗਾ ਅਤੇ ਨੌਜਵਾਨਾਂ ਦੇ ਜਾਗਰੂਕ ਹੋਣ ਨਾਲ ਹੀ ਪੰਥਕ ਸਿਧਾਂਤਾ ਦੀ ਪਹਿਰੇਦਾਰੀ ਕਰਨ ਵਾਲਾ ਅਕਾਲੀ ਦਲ ਬਣੇਗਾ।

ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਮੇਜਰ ਸਿੰਘ ਖਾਲਸਾ ਤੇ ਪ੍ਰਧਾਨ ਦਲੇਰ ਸਿੰਘ ਡੋਡ ਨੇ ਆਖਿਆ ਕਿ ਸਿੰਘ ਸਾਹਿਬਾਨ ਦੀਆਂ ਨਿਯੁਕਤੀਆਂ ਅਤੇ ਸੇਵਾ ਮੁਕਤੀਆਂ ਨੂੰ ਲੈ ਕੇ ਬਾਦਲ ਧੜੇ ਵਲੋਂ ਜੋ ਮਾਹੌਲ ਸਿਰਜਿਆ ਜਾ ਰਿਹਾ ਹੈ ਉਸ ਖ਼ਿਲਾਫ ਫੈਡਰੇਸ਼ਨ ਇਕ ਜਨ ਅੰਦੋਲਨ ਖੜਾ ਕਰੇਗੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉਚਤਾ ਤੇ ਸਰਬ ਵਿਆਪਕਤਾ ਨੂੰ ਜਿਉਂਦਿਆਂ ਰੱਖੇਗੀ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਜਿੰਦਾ, ਭਾਈ ਪਰਮਪਾਲ ਸਿੰਘ ਸਭਰਾਵਾਂ, ਭਾਈ ਜਸਪਾਲ ਸਿੰਘ ਇਸਲਾਮ ਗੰਜ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਹਰਅਸੀਸ ਸਿੰਘ, ਭਾਈ ਸੁਪ੍ਰੀਤ ਸਿੰਘ, ਭਾਈ ਬਲਜੀਤ ਸਿੰਘ ਬੀਤਾ, ਗੁਰਪ੍ਰਤਾਪ ਸਿੰਘ, ਮਨਿੰਦਰ ਸਿੰਘ, ਧਰਮਿੰਦਰ ਸਿੰਘ ਜੈਤੋਂ, ਬਚਿੱਤਰ ਸਿੰਘ ਪਠਾਨਕੋਟ, ਅਮਰੀਕ ਸਿੰਘ ਖਾਲਸਾ, ਹਰਜੀਤ ਸਿੰਘ ਹੈਪੀ, ਹਰਪ੍ਰੀਤ ਸਿੰਘ ਗੋਲਡੀ, ਸਰਬਜੀਤ ਸਿੰਘ, ਸੁਖਦੇਵ ਸਿੰਘ, ਸੰਦੀਪ ਸਿੰਘ, ਪ੍ਰਮਜੀਤ ਸਿੰਘ ਦਿੱਲੀ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।

# ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਜਨਮ ਲੈਣ ਵਾਲੀ ਪਾਰਟੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਲੱਗੀ : ਗਿਆਨੀ ਹਰਪ੍ਰੀਤ ਸਿੰਘ

ਫ਼ਰੀਦਕੋਟ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਗੁਰਦੁਆਰਾ ਗਰੀਨ ਐਵਿਨਿਊ ਫ਼ਰੀਦਕੋਟ ਵਿਖੇ ਸੰਗਤ ਨੂੰ ਸੰਬੋਧਨ ਹੁੰਦਿਆਂ ਇਹ ਮਾਮਲਾ ਉਠਾਇਆ ਕਿ ਬੜੇ ਦੁੱਖ ਦੀ ਗੱਲ ਹੈ ਕਿ ਜਿਸ ਪਾਰਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਨਮ ਦਿੱਤਾ ਅੱਜ ਉਹੀ ਪਾਰਟੀ ਹੁਣ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਜਿਸ ਘਰ ਦਾ ਪਹਿਰੇਦਾਰ ਹੀ ਘਰ ਨੂੰ ਲੁੱਟਣ ਲਈ ਪੈ ਜਾਵੇ ਤਾਂ ਫ਼ਿਰ ਉਸ ਘਰ ਨੂੰ ਕਿਸ ਤਰ੍ਹਾਂ ਬਚਾਇਆ ਜਾ ਸਕਦਾ ਹੈ। ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫਸੀਲ ਤੋਂ ਹੋਇਆ ਹੈ ਤੇ ਇਸ ਲਈ ਹੋਇਆ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪ੍ਰੰਪਰਾਵਾਂ ਤੇ ਸਿੱਖ ਸਿਧਾਂਤਾਂ ਦੀ ਰਾਖੀ ਕਰੇ। ਅਕਾਲੀ ਦਲ ਦੇ ਕੁਝ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ ਤੇ ਉਹ 2 ਦਸੰਬਰ ਦੇ ਫ਼ੈਸਲੇ ਤੋਂ ਵੀ ਮੁਨਕਰ



ਹੋ ਗਏ ਹਨ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਉਸ ਬਿਆਨ ਦੀ ਵੀ ਚਰਚਾ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਕਿ ਉਹ ਸਮਝਦੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਘੇਰਾ ਵਿਸ਼ਵ ਵਿਆਪੀ ਹੈ ਪ੍ਰੰਤੂ ਅੰਤ੍ਰਿਮ ਕਮੇਟੀ ਮੈਂਬਰਾਂ ਨੇ ਦਸ ਦਿੱਤਾ ਹੈ ਕਿ ਇਸ ਦਾ ਘੇਰਾ ਕੇਵਲ ਚਾਰ ਦੀਵਾਰੀ ਤੱਕ ਹੀ ਹੈ।

# ਅਮਰੀਕਾ ਤੋਂ ਪਨਾਮਾ ਰਸਤੇ ਚਾਰ ਪੰਜਾਬੀ ਡਿਪੋਰਟ

ਅੰਮ੍ਰਿਤਸਰ : ਅਮਰੀਕਾ ਸਰਕਾਰ ਵੱਲੋਂ ਚਾਰ ਹੋਰ ਪੰਜਾਬੀਆਂ ਨੂੰ ਪਨਾਮਾ ਰਸਤਿਓਂ ਵਾਪਸ ਭੇਜਿਆ ਗਿਆ ਹੈ। ਇਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਮਗਰੋਂ ਪੁਲਿਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਨੂੰ ਸੌਂਪਣ ਲਈ ਸਬੰਧਤ ਥਾਣਿਆਂ ਵਿੱਚ ਭੇਜ ਦਿੱਤਾ ਹੈ।

ਮਿਲੀ ਜਾਣਕਾਰੀ ਮੁਤਾਬਕ ਅਮਰੀਕਾ ਤੋਂ ਵਾਪਸ ਭੇਜੇ ਗਏ ਚਾਰ ਨੌਜਵਾਨਾਂ ਵਿੱਚ ਜਤਿੰਦਰ ਸਿੰਘ ਵਾਸੀ ਕੰਸੂ ਕਲਾਂ ਜ਼ਿਲ੍ਹਾ ਪਟਿਆਲਾ, ਮਨਿੰਦਰ ਦੱਤ ਵਾਸੀ ਚਾਂਦਪੁਰ ਜਲੰਧਰ, ਜੁਗਰਾਜ ਸਿੰਘ ਵਾਸੀ ਪਿੰਡ ਚੁਹੜਪੁਰ ਜ਼ਿਲ੍ਹਾ ਗੁਰਦਾਸਪੁਰ ਅਤੇ ਹਰਪ੍ਰੀਤ ਸਿੰਘ ਵਾਸੀ ਪਿੰਡ ਚੀਮਾ ਜ਼ਿਲ੍ਹਾ ਗੁਰਦਾਸਪੁਰ ਸ਼ਾਮਲ ਹਨ। ਜਾਣਕਾਰੀ ਮੁਤਾਬਕ 12 ਵਿਅਕਤੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਿਆ ਗਿਆ ਸੀ ਜਿਨ੍ਹਾਂ ਵਿੱਚ ਇਹ ਚਾਰ ਪੰਜਾਬੀ ਸ਼ਾਮਿਲ ਹਨ। ਇਹ ਸਾਰੇ ਪਨਾਮਾ ਤੋਂ ਇਸਤਾਂਬੁਲ ਰਸਤੇ ਦਿੱਲੀ ਪੁੱਜੇ ਹਨ ਅਤੇ ਦਿੱਲੀ ਹਵਾਈ ਅੱਡੇ ਤੋਂ ਪੰਜਾਬ ਨਾਲ ਸਬੰਧਤ ਇਨ੍ਹਾਂ ਚਾਰ ਵਿਅਕਤੀਆਂ ਨੂੰ ਇੱਕ ਘਰੇਲੂ ਉਡਾਣ ਰਾਹੀਂ ਅੰਮ੍ਰਿਤਸਰ ਭੇਜਿਆ ਗਿਆ ਹੈ।

ਦਸਤਾਵੇਜ਼ੀ ਜਾਂਚ ਤੋਂ ਬਾਅਦ ਪੁਲੀਸ ਪ੍ਰਸ਼ਾਸਨ ਨੇ ਸ਼ਾਮ ਵੇਲੇ ਨੌਜਵਾਨਾਂ ਨੂੰ ਇਨ੍ਹਾਂ ਦੇ ਘਰ ਪਹੁੰਚਾਉਣ ਲਈ ਸਬੰਧਤ ਜ਼ਿਲ੍ਹਿਆਂ ਦੇ ਥਾਣਿਆਂ ਵਿੱਚ ਭੇਜ ਦਿੱਤਾ ਹੈ। ਇਸ ਦੀ ਪੁਸ਼ਟੀ ਪੁਲੀਸ ਦੇ ਇੱਕ ਉੱਚ ਅਧਿਕਾਰੀ ਵੱਲੋਂ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਹੁਣ ਡਿਪੋਰਟ ਕੀਤੇ ਜਾ ਰਹੇ ਵਿਅਕਤੀਆਂ ਨੂੰ ਪਨਾਮਾ ਭੇਜਿਆ ਜਾ ਰਿਹਾ ਹੈ। ਭਾਰਤ ਭੇਜੇ ਗਏ ਇਨ੍ਹਾਂ 12 ਵਿਅਕਤੀਆਂ ਨੂੰ ਕਿਸੇ ਐੱਨਜੀਓ ਦੀ ਮਦਦ ਨਾਲ ਵਾਪਸੀ ਦੀਆਂ ਹਵਾਈ ਟਿਕਟਾਂ ਲੈ ਕੇ ਭਾਰਤ ਭੇਜਿਆ ਗਿਆ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

293, ਪ੍ਰਵਾਨ ਹੋਇਆ ਕਿ ਗੁਰਦੁਆਰਾ ਡੇਹਰਾ ਸਾਹਿਬ ਬਟਾਲਾ ਨੰਬਰ 68 ਦਾ ਮੌਜੂਦਾ ਹਲਕਾ ਚੋਣ ਬਦਲ ਕੇ ਥਾਣਾ ਬਟਾਲਾ ਹਲਕਾ ਚੋਣ ਨੀਅਤ ਕਰਨ ਲਈ ਪੰਜਾਬ ਸਰਕਾਰ ਪਾਸ ਸਿਫਾਰਸ਼ ਕੀਤੀ ਜਾਂਦੀ ਹੈ, ਕਿਉਂਕਿ ਇਸ ਗੁਰਦੁਆਰੇ ਦੀ ਕਮੇਟੀ ਦੇ ਅਧੀਨ ਇਕ ਹੋਰ ਵੱਡਾ ਗੁਰਦੁਆਰਾ ਧਰਮਸ਼ਾਲਾ ਸਤੱਕਰਤਾਰੀਆਂ ਕੀਤਾ ਜਾ ਰਿਹਾ ਹੈ।

294-ਹੇਠ ਲਿਖੇ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਸਾਲ 1936-37 ਦੇ ਬਜਟ ਪੇਸ਼ ਹੋਏ ਅਤੇ ਪ੍ਰਵਾਨ ਕੀਤੇ ਗਏ :

1. ਗੁਰਦੁਆਰਾ ਮੋਹੀ ਨੰ. 159
2. ਗੁਰਦੁਆਰਾ ਜੰਬਲ ਕਲਾਂ ਨੰ. 24
3. ਗੁਰਦੁਆਰਾ ਹੇਰਾ ਨੰ. 168
4. ਗੁਰਦੁਆਰਾ ਬਲਾਕ ਨੰ. 3 ਸਰਗੋਧਾ

295. ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ ਦਾ ਸਾਲ 1936-37 ਦਾ ਬਜਟ ਦਫ਼ਤਰ ਸ਼੍ਰੋਮਣੀ ਕਮੇਟੀ ਵਲੋਂ ਹੋਈ ਸਾਰੀ ਲਿਖਾ ਪੜ੍ਹੀ ਸਮੇਤ ਪੇਸ਼ ਹੋਇਆ ਅਤੇ ਇਸ ਸਬੰਧੀ ਗੁਰਦੁਆਰਾ ਐਕਟ ਦੀ ਦਫ਼ਤਾ 123 (2) ਅਨੁਸਾਰ ਪੜਤਾਲ ਕਰਦਿਆਂ ਹੋਇਆਂ ਅੰਤ੍ਰਿਮ ਕਮੇਟੀ ਦੇ ਨੋਟਸ ਵਿਚ ਆਇਆ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਵੇਰਵਾ ਬਜਟ ਵਿਚ ਦਿੱਤੇ ਤਨਖਾਹਾਂ ਦੇ ਜੋੜ ਨਾਲ ਨਹੀਂ ਮਿਲਦਾ (ਗੁਰਦੁਆਰਾ ਗਜ਼ਟ ਅੰਮ੍ਰਿਤਸਰ (56) ਮਈ 1936) ਅਤੇ ਬਜਟ ਗੁਰਦੁਆਰਾ ਐਕਟ ਦੇ ਰੂਲਾਂ ਵਿਚ ਦਿੱਤੀ ਮਿਆਦ ਤੋਂ ਬਹੁਤ ਚਿਰਕਾ ਪੁੱਜਾ ਹੈ, ਪਾਸ ਹੋਇਆ ਕਿ ਨਨਕਾਣਾ ਸਾਹਿਬ ਕਮੇਟੀ ਨੂੰ ਵਕੀਲ ਰਾਹੀਂ ਨੋਟਿਸ ਦਿੱਤਾ ਜਾਵੇ ਕਿ ਉਹ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਮੁਲਾਜ਼ਮਾਂ ਦੀਆਂ ਤਨਖਾਹਾਂ ਬਜਟ ਦੇ ਮੁਤਾਬਿਕ ਕਰਕੇ ਰਿਪੋਰਟ ਕਰਨ ਅਤੇ ਬਜਟ ਚਿਰਕਾ ਭੇਜਣ ਦੀ ਵਜ੍ਹਾ ਦੱਸਣ, ਨਹੀਂ ਤਾਂ ਉਨ੍ਹਾਂ ਵਿਰੁੱਧ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ।

391. ਸ੍ਰ. ਦਲੇਲ ਸਿੰਘ ਜੀ ਜਮਸ਼ੇਰ ਦੀ ਪੱਤ੍ਰਿਕਾ ਕਿ ਸਤ ਅੱਠ ਸਾਲ ਪਹਿਲੇ ਖ਼ਾਲਸਾ ਬਰਾਦਰੀ ਪ੍ਰਬੰਧਕ ਕਮੇਟੀ ਵਲੋਂ ਖੂਹਾਂ ਦੀ ਆਜ਼ਾਦੀ ਹਿੱਤ ਹਰਗੋਬਿੰਦਪੁਰ ਵਿਚ ਕੀਤੇ ਦੀਵਾਨ ਦੇ ਖਰਚਾਂ ਲਈ ਜਿਸ ਸੱਜਣ ਪਾਸੋਂ ਕਰਜ਼ਾ ਲਿਆ ਸੀ ਉਹ ਹੁਣ ਸਾਡੇ ਵਿਰੁੱਧ ਡਿਗਰੀ ਕਰਾ ਕੇ ਵਸੂਲੀ ਲਈ ਤੰਗ ਕਰ ਰਿਹਾ ਹੈ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ੍ਰ. ਸੁਰਮੁੱਖ ਸਿੰਘ ਜੀ ਚਮਕ- ਡਿਗਰੀਦਾਰ ਨਾਲ ਗੱਲਬਾਤ ਕਰਕੇ ਰਕਮ ਅਦਾ ਕਰ ਦੇਣ।




302. ਪ੍ਰਵਾਨ ਹੋਇਆ ਕਿ ਚਾਂਦਪੁਰ ਅਤੇ ਭੂਪਤਪੁਰ ਵਾਲੇ ਮੁਕੱਦਮਿਕਆਂ ਦਾ ਸਾਰਾ ਖਰਚ ਸਰਬ-ਹਿੰਦ ਪ੍ਰਚਾਰ ਫੰਡ ਵਿਚੋਂ ਕੀਤਾ ਜਾਵੇ, ਕਿਉਂਕਿ ਉਸ ਇਲਾਕੇ ਦੇ ਅਛੂਤਾਂ ਵਿਚੋਂ ਨਵੇਂ ਸੱਜੇ ਸਿੰਘਾਂ ਦੀ ਮਦਦ ਲਈ ਅਤੇ ਉਸ ਇਲਾਕੇ ਵਿਚ ਪ੍ਰਚਾਰ ਦੇ ਵਾਧੇ ਲਈ ਇਨ੍ਹਾਂ ਮੁਕੱਦਮਿਕਆਂ ਦੀ ਪੈਰਵੀ ਕਰਨੀ ਜ਼ਰੂਰੀ ਹੈ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (56) ਮਈ 1936

ਅੰਤ੍ਰਿਮ ਕਮੇਟੀ ਦੀ ਇਕੱਤਰਤਾ

ਮਿਤੀ 10.5.26 ਵਿਚੋਂ

306. ਪ੍ਰਵਾਨ ਹੋਇਆ ਕਿ ਹੇਠ ਲਿਖੀਆਂ ਗੁਰਦੁਆਰਾ ਕਮੇਟੀਆਂ ਦੇ ਸਾਲ 1935-36 ਦਾ ਹਿਸਾਬ ਆਡਿਟ ਕਰਨ ਲਈ ਨਾਲ ਦੱਸੇ ਸੱਜਣ ਆਡੀਟਰ ਮੁਕੱਰਰ ਕੀਤੇ ਜਾਂਦੇ ਹਨ ਅਤੇ ਫੀਸ ਦਾ ਫੈਸਲਾ ਕਰਨ ਦਾ ਅਧਿਕਾਰ ਪ੍ਰਧਾਨ ਸਾਹਿਬ ਨੂੰ ਦਿੱਤਾ ਜਾਂਦਾ ਹੈ- ਨੰ. 1. ਗੁਰਦੁਆਰਾ ਕਮੇਟੀ ਸ੍ਰੀ ਅੰਮ੍ਰਿਤਸਰ, ਆਡੀਟਰ ਮੈਸਰਜ਼ ਸੋਢਬੰਸ ਐਂਡ ਕੋ, ਨੰ. 2. ਗੁਰਦੁਆਰਾ ਕਮੇਟੀ ਨਾਨਕਾਣਾ ਸਾਹਿਬ, ਆਡੀਟਰ ਸ੍ਰ. ਗੁਰਪਾਲ ਸਿੰਘ, ਨੰ. 3. ਗੁਰਦੁਆਰਾ ਕਮੇਟੀ ਲਾਹੌਰ, ਆਡੀਟਰ ਮੈਸਰਜ਼ ਐਸ ਲਾਲ ਐਂਡ ਕੋ., ਨੰ. 4. ਗੁਰਦੁਆਰਾ ਕਮੇਟੀ ਸ੍ਰੀ ਤਰਨ ਤਾਰਨ ਸਾਹਿਬ, ਆਡੀਟਰ ਮੈਸਰਜ਼ ਐਸ.ਐਲ. ਟੈਕਨੇਟ ਐਂਡ ਕੋ, ਨੰ. 5. ਗੁਰਦੁਆਰਾ ਕਮੇਟੀ ਖਰਾ ਸੌਦਾ, ਆਡੀਟਰ ਸ੍ਰ. ਹਰਨਾਮ ਸਿੰਘ, 6. ਗੁਰਦੁਆਰਾ ਕਮੇਟੀ ਹਾਫ਼ਜ਼ਾਬਾਦ, ਆਡੀਟਰ ਸ੍ਰ. ਹਰਨਾਮ ਸਿੰਘ, 7. ਗੁਰਦੁਆਰਾ ਕਮੇਟੀ ਵਜ਼ੀਰਾਬਾਦ, ਆਡੀਟਰ ਸ੍ਰ. ਹਰਨਾਮ ਸਿੰਘ, 8. ਗੁਰਦੁਆਰਾ ਕਮੇਟੀ ਚੋਹਾ ਸਾਹਿਬ, ਆਡੀਟਰ ਸ੍ਰ. ਹਰਨਾਮ ਸਿੰਘ, 9. ਗੁਰਦੁਆਰਾ ਕਮੇਟੀ ਪੰਜਾ ਸਾਹਿਬ, ਆਡੀਟਰ ਸ੍ਰ. ਹਰਨਾਮ ਸਿੰਘ, 10. ਗੁਰਦੁਆਰਾ ਕਮੇਟੀ ਕੇਰ ਬਾਵਾ, ਆਡੀਟਰ ਸ੍ਰ. ਹਰਨਾਮ ਸਿੰਘ, 11. ਗੁਰਦੁਆਰਾ ਕਮੇਟੀ ਨੰਗਲ ਸਾਧਾਂ, ਆਡੀਟਰ ਸ੍ਰ. ਹਰਨਾਮ ਸਿੰਘ, 12. ਗੁਰਦੁਆਰਾ ਕਮੇਟੀ ਖਡੂਰ ਸਾਹਿਬ, ਆਡੀਟਰ ਸ੍ਰ. ਹਰਨਾਮ ਸਿੰਘ (ਗੁਰਦੁਆਰਾ ਗਜ਼ਟ, ਪੰਨਾ 57 ਮਈ 1936), 13. ਗੁਰਦੁਆਰਾ ਕਮੇਟੀ ਗੋਇੰਦਵਾਲ ਸਾਹਿਬ, ਆਡੀਟਰ ਸ੍ਰ. ਹਰਨਾਮ ਸਿੰਘ, 14. ਗੁਰਦੁਆਰਾ ਕਮੇਟੀ ਚੋਹਲਾ ਸਾਹਿਬ, ਆਡੀਟਰ ਸ੍ਰ. ਹਰਨਾਮ ਸਿੰਘ।

307 ਪ੍ਰਵਾਨ ਹੋਇਆ ਕਿ ਸ਼੍ਰੋਮਣੀ ਕਮੇਟੀ ਦੇ ਹੇਠ ਲਿਖੇ ਮੁਲਾਜ਼ਮਾਂ ਨੂੰ 1-4-1936 ਤੋਂ ਨਾਲ ਦੱਸੇ ਅਨੁਸਾਰ ਤਰੱਕੀ ਦਿੱਤੀ ਜਾਵੇ- **(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਭਾਰ ਘਟਾਉਣ ਵਾਲੀਆਂ ਦਵਾਈਆਂ ਤੋਂ ਗੁਰੇਜ਼ ਕਰੋ:**

1. ਜ਼ਿਆਦਾਤਰ ਭਾਰ ਘਟਾਉਣ ਵਾਲੀਆਂ ਦਵਾਈਆਂ ਸਥਿਰ ਨਤੀਜੇ ਨਹੀਂ ਦਿਖਾਉਂਦੀਆਂ।
2. ਇਨ੍ਹਾਂ ਦਵਾਈਆਂ ਦੇ ਨੁਕਸਾਨਦਾਇਕ ਪ੍ਰਭਾਵ ਵੀ ਹੋ ਸਕਦੇ ਹਨ।
3. ਇਨ੍ਹਾਂ ਦਵਾਈਆਂ ਨੂੰ ਛੱਡਣ ਤੋਂ ਬਾਅਦ ਲੋਕਾਂ ਦਾ ਭਾਰ ਹੋਰ ਵੱਧ ਜਾਂਦਾ ਹੈ।
4. ਇਨ੍ਹਾਂ ਕਾਰਨਾਂ ਕਰਕੇ ਹੀ ਕ੍ਰੈਸ਼ ਡਾਈਟ ਕੋਰਸ ਵੀ ਫਾਇਦੇਮੰਦ ਨਹੀਂ ਹਨ।

**ਡਾਕਟਰ ਨੂੰ ਕਦੋਂ ਦਿਖਾਈਏ :**

ਹਾਰਮੋਨਲ ਬਿਮਾਰੀਆਂ ਜਿਵੇਂ ਕਿ ਡਾਇਬੀਟੀਜ਼, ਥਾਈਰੋਇਡ ਗਲੈਂਡ ਜਾਂ ਪਿਚੂਟਰੀ ਗਲੈਂਡ ਦੀਆਂ ਬਿਮਾਰੀਆਂ ਭਾਰ ਨੂੰ ਕਾਬੂ ਵਿੱਚ ਨਾ ਰਹਿਣ ਦਾ ਕਾਰਨ ਬਣਦੀਆਂ ਹਨ। ਇਨ੍ਹਾਂ ਨੂੰ ਖ਼ੂਨ ਦੀ ਜਾਂਚ ਕਰਵਾ ਕੇ ਜਾਣਿਆ ਜਾ ਸਕਦਾ ਹੈ ਅਤੇ ਇਨ੍ਹਾਂ ਦਾ ਇਲਾਜ ਵੀ ਆਸਾਨ ਹੈ। ਇਸ ਲਈ ਡਾਕਟਰ ਨੂੰ ਦਿਖਾਓ, ਜੇ :

1. ਤੁਸੀਂ ਭਾਰ ਨੂੰ ਘਟਾਉਣ ਅਤੇ ਭਾਰ ਨੂੰ ਸੰਤੁਲਨ ਵਿੱਚ ਰੱਖਣ ਦੇ ਉਪਾਅ ਕਰਦੇ ਹੋ, ਪਰ ਫਿਰ ਵੀ ਭਾਰ ਵਧਦਾ ਜਾ ਰਿਹਾ ਹੈ।
2. ਤੁਸੀਂ ਠੀਕ ਖਾਣਾ ਖਾ ਰਹੇ ਹੋ, ਪਰ ਫਿਰ ਵੀ ਤੁਹਾਡਾ ਭਾਰ ਲੋੜ ਤੋਂ ਜ਼ਿਆਦਾ ਘਟਦਾ ਜਾ ਰਿਹਾ ਹੈ।
3. ਤੁਸੀਂ ਹਰ ਸਮੇਂ ਥਕਾਵਟ ਮਹਿਸੂਸ ਕਰਦੇ ਹੋ।

**ਟੀਕਾਕਰਨ**
**(ਇਮਿਊਨਾਈਜੇਸ਼ਨ)**

ਟੀਕਾਕਰਨ ਬਿਮਾਰੀਆਂ ਨੂੰ ਰੋਕਦਾ ਹੈ। ਸਮੇਂ 'ਤੇ ਟੀਕਾਕਰਨ ਕਰਵਾਉਣਾ ਸਮਝਦਾਰੀ ਹੈ। ਅਮੈਰੀਕਨ ਅਕੈਡਮੀ ਆਫ਼ ਪੇਡਿਏਟ੍ਰਿਕਸ (ਬੱਚਿਆਂ ਸੰਬੰਧੀ ਅਮੈਰੀਕਨ ਅਕੈਡਮੀ) ਨੇ




ਹੇਠ ਲਿਖੇ ਟੀਕਾਕਰਨਾਂ ਦਾ ਸੁਝਾਓ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਸੁਝਾਓ ਥੋੜ੍ਹੇ-ਥੋੜ੍ਹੇ ਅਲੱਗ ਵੀ ਹੋ ਸਕਦੇ ਹਨ, ਇਸ ਲਈ ਸਥਾਨਕ ਡਾਕਟਰ ਤੋਂ ਮਸ਼ਵਰਾ ਲਵੋ। ਇਹ ਜਾਣਕਾਰੀ ਸਿਰਫ਼ ਤੁਹਾਡੀ ਸਹਾਇਤਾ ਲਈ ਹੈ।

1. ਡੀ.ਪੀ.ਟੀ. (ਡਿਪਥੀਰੀਆ, ਪਰਟਿਉਸਿਸ, ਟੈਟਨਸ) :
2 ਮਹੀਨੇ, 4 ਮਹੀਨੇ, 6 ਮਹੀਨੇ, 1 ਸਾਲ ਅਤੇ ਆਖ਼ਰੀ ਵਾਰ ਤਕਰੀਬਨ
5 ਸਾਲ ਦੀ ਉਮਰ ਹੋਣ 'ਤੇ ।

2. ਪੋਲੀਓ (ਅਪੰਗਤਾ) :
2 ਮਹੀਨੇ, 4 ਮਹੀਨੇ, 1 ਸਾਲ ਅਤੇ ਆਖ਼ਰੀ ਵਾਰ ਤਕਰੀਬਨ 5 ਸਾਲ ਦੀ ਉਮਰ ਹੋਣ 'ਤੇ।

3. ਐਮ.ਐਮ.ਆਰ. (ਮੀਜ਼ਲਜ਼, ਮੰਮਪਸ, ਰੁਬੈਲਾ) :
1 ਸਾਲ, 5 ਸਾਲ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ ।

4. **ਚਿਕਨਪੌਕਸ (ਛੋਟੀ ਮਾਤਾ) :**
ਤਕਰੀਬਨ 1 ਸਾਲ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ।

5. **ਹੈਪੇਟਾਈਟਸ-ਬੀ :**
ਬੱਚਿਆਂ ਅਤੇ ਵੱਡਿਆਂ ਵਿੱਚ ਤਿੰਨ ਟੀਕੇ। ਦੂਜਾ ਅਤੇ ਤੀਜਾ ਟੀਕਾ, ਪਹਿਲੇ ਟੀਕੇ ਤੋਂ ਇੱਕ ਅਤੇ ਛੇ ਮਹੀਨੇ ਬਾਅਦ।

6. **ਹਿਮੋਫੀਲਸ ਇਨਫਲੁਇੰਜਾ-ਬੀ :**
2 ਮਹੀਨੇ, 4 ਮਹੀਨੇ, 6 ਮਹੀਨੇ ਅਤੇ ਆਖ਼ਰੀ ਵਾਰ 1 ਸਾਲ ਦੀ ਉਮਰ ਹੋਣ 'ਤੇ

7. **ਟੈਟਨਸ :**
ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ ਅਤੇ ਬਾਅਦ ਵਿੱਚ ਹਰ 10 ਸਾਲ ਬਾਅਦ।

8. **ਨਿਉਮੋਕੋਕਲ (ਨਿਮੋਨੀਏ ਤੋਂ ਬਚਾਅ ਲਈ) :**
65 ਸਾਲ ਤੋਂ ਵੱਧ ਦੀ ਉਮਰ ਹੋਣ 'ਤੇ ਸਿਰਫ਼ ਇੱਕ ਵਾਰੀ।

9. ਸ਼ਿੰਗਲਜ ਦੀ ਦਵਾਈ (ਨਵਲ ਦਵਾਈ, ਅਜੇ ਹਰ ਜਗ੍ਹਾ ਮੌਜੂਦ ਨਹਲ ਹੈ) :
60 ਸਾਲ ਦੀ ਉਮਰ ਤੋਂ ਵੱਧ, ਸਿਰਫ਼ ਇੱਕ ਵਾਰੀ।

10. **ਇਨਫਲੁਇੰਜਾ (ਫਲੂ ਦੀ ਦਵਾਈ) :**
ਫਲੂ ਦੇ ਮੌਸਮ ਵਿੱਚ ਹਰ ਸਾਲ।

11. ਐਚ.ਪੀ.ਵੀ. (ਹਿਉਮਨ ਪੈਪੀਲੋਮਾ ਵਾਇਰਸ) ਦੀ ਦਵਾਈ :
11 ਤੋਂ 26 ਸਾਲ ਦੀ ਉਮਰ ਵਿੱਚ ਤਿੰਨ ਟੀਕੇ ਕੁਝ ਅੰਤਰਾਲ ਬਾਅਦ।

**ਜ਼ਰੂਰੀ ਟੈਸਟ**
**(ਬਿਮਾਰੀਆਂ ਤੋਂ ਬਚਾਅ ਲਈ)**

ਇਹ ਸੁਝਾਓ ਵੱਖ-ਵੱਖ ਦੇਸ਼ਾਂ ਵਿੱਚ ਥੋੜ੍ਹੇ-ਥੋੜ੍ਹੇ ਅਲੱਗ ਵੀ ਹੋ ਸਕਦੇ ਹਨ।

ਕਿਰਪਾ ਕਰਕੇ ਆਪਣੇ ਡਾਕਟਰ ਨੂੰ ਇਸਦੀ ਪੁਸ਼ਟੀ ਲਈ ਮਿਲੋ। ਇਹ ਸੁਝਾਓ ਸਿਰਫ਼ ਤੁਹਾਡੀ ਸਹਾਇਤਾ ਲਈ ਹਨ।

1. **ਕੋਲੈਸਟ੍ਰੋਲ ਟੈਸਟ :** 40 ਸਾਲ ਦੀ ਉਮਰ ਤੋਂ ਬਾਅਦ ਹਰ 5 ਸਾਲ ਬਾਅਦ। ਜੇ ਤੁਹਾਡਾ ਕੋਲੈਸਟ੍ਰੋਲ ਜ਼ਿਆਦਾ ਹੈ, ਜਾਂ ਕੋਲੈਸਟ੍ਰੋਲ ਘੱਟ ਕਰਨ ਵਾਲੀ ਦਵਾਈ ਦੀ ਵਰਤੋਂ ਕਰਦੇ ਹੋ ਤਾਂ ਇਹ ਟੈਸਟ ਹਰ ਸਾਲ ਕਰਵਾਓ।
2. **ਬਲੱਡ ਪ੍ਰੈਸ਼ਰ :** 40 ਸਾਲ ਦੀ ਉਮਰ ਤੋਂ ਬਾਅਦ ਹਰ 1-2 ਸਾਲ ਦੇ ਬਾਅਦ। ਜੇਕਰ ਤੁਹਾਡੇ ਪਰਿਵਾਰ ਵਿੱਚ ਪਹਿਲਾਂ ਹੀ ਬਲੱਡ ਪ੍ਰੈਸ਼ਰ ਦੀ ਬਿਮਾਰੀ ਕਿਸੇ ਨੂੰ ਹੈ ਤਾਂ ਤੁਹਾਨੂੰ 20 ਸਾਲ ਦੀ ਉਮਰ ਵਿੱਚ ਹੀ ਇਸਦੀ ਜਾਂਚ ਕਰਵਾਉਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ।
3. **ਅੱਖਾਂ ਦੀ ਜਾਂਚ :** 35 ਸਾਲ ਦੀ ਉਮਰ ਵਿੱਚ ਅਤੇ ਉਸ ਤੋਂ ਬਾਅਦ ਹਰ ਸਾਲ।
4. **ਕੰਨਾਂ ਦੀ ਜਾਂਚ :** 50 ਸਾਲ ਦੀ ਉਮਰ ਵਿੱਚ ਅਤੇ ਉਸ ਤੋਂ ਬਾਅਦ ਹਰ 2-3 ਸਾਲ ਬਾਅਦ।
5. **ਸਿਗਮੌਇਡੋਸਕੋਪੀ (ਆਂਤੜੀ ਦੇ ਕੈਂਸਰ ਦਾ ਟੈਸਟ) :** 50 ਸਾਲ ਦੀ ਉਮਰ ਵਿੱਚ ਅਤੇ ਇਸ ਤੋਂ ਬਾਅਦ ਹਰ 10 ਸਾਲ ਬਾਅਦ। ਪੂਰੀ ਆਂਤੜੀ ਦੀ ਜਾਂਚ (ਕੋਲੋਨੋਸਕੋਪੀ) ਉਦੋਂ ਕੀਤੀ ਜਾਂਦੀ ਹੈ ਜਦੋਂ ਸਿਗਮੌਇਡੋਸਕੋਪੀ ਰਿਪੋਰਟ ਠੀਕ ਨਾ ਆਵੇ। **(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਲੇਖ ਮੁਕਾਬਲੇ 'ਚ ਪਹਿਲਾ ਸਥਾਨ ਹਾਸਿਲ ਕਰਕੇ ਸਿਮਰਤ ਕੌਰ ਨੇ ਰੌਸ਼ਨ ਕੀਤਾ ਸਿੱਖ ਭਾਈਚਾਰੇ ਦਾ ਨਾਂ

ਮਿਲਾਨ : ਇਟਲੀ ਸਰਕਾਰ ਜਿਸ ਸ਼ਲਾਘਾਯੋਗ ਲਹਿਜੇ ਆਪਣੇ ਇਤਿਹਾਸ, ਇਤਿਹਾਸਿਕ ਇਮਾਰਤਾਂ ਤੇ ਸਮਾਰਕਾਂ ਨੂੰ ਸਾਂਭ ਕੇ ਰੱਖਦੀ ਉਸ ਲਹਿਜੇ ਵਿਚ ਇਟਲੀ ਨੂੰ ਸਥਾਪਿਤ ਕਰਨ ਵਾਲਿਆਂ ਨੂੰ ਆਪਣੇ ਦਿਲ ਵਿੱਚ ਵਸਾਕੇ ਰੱਖਦੀ ਹੈ। ਅਜਿਹੀ ਹੀ ਸਖ਼ਸੀਅਤ ਹੋਏ ਹਨ ਪ੍ਰਸਿੱਧ ਰਾਜਨੀਤਿਕ, ਅਰਥ ਸ਼ਾਸ਼ਤਰ ਅਤੇ ਇਟਲੀ ਦੇ ਦੂਸਰੇ ਰਾਸ਼ਟਰਪਤੀ ਲੁਈਜੀ ਈਨਾਉਦੀ ਜਿਹਨਾਂ ਨੇ 1948 ਤੋਂ 1955 ਤੱਕ ਇਟਲੀ ਦੇ ਦੂਜੇ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਹੈ।

ਇਤਾਲਵੀ ਗਣਰਾਜ ਦੇ ਸੰਸਥਾਪਕਾਂ ਵਿੱਚੋਂ ਇੱਕ ਮੰਨੇ ਜਾਂਦੇ ਲੁਈਜੀ ਈਨਾਉਦੀ ਦੇ 150 ਵੇਂ ਜਨਮ ਦਿਨ ਮੌਕੇ ਇਟਲੀ ਸਰਕਾਰ ਨੇ ਉਹਨਾਂ ਨੂੰ ਯਾਦ ਕਰਦਿਆਂ ਪੂਰੀ ਇਟਲੀ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਰਾਸ਼ਟਰਪਤੀ ਲੁਈਜੀ ਈਨਾਉਡੀ ਨੂੰ ਇੱਕ ਪੱਤਰ ਨਾਮ ਹੇਠ ਵਿਸ਼ੇਸ਼ ਪ੍ਰਤੀਯੋਗਤਾ ਕਰਵਾਈ। ਜਿਸ ਵਿੱਚ ਸਭ ਬੱਚਿਆ ਨੂੰ ਪਛਾੜਦਿਆਂ ਗੁਰਸਿੱਖ ਲੜਕੀ ਸਿਮਰਤ ਕੌਰ ਨੇ ਇਹ ਮੁਕਾਬਲਾ ਜਿੱਤ ਕੇ ਸਿੱਖ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਇਟਲੀ ਵਿੱਚ ਨੈਸ਼ਨਲ ਪੱਧਰ 'ਤੇ ਦੂਸਰੇ ਰਾਸ਼ਟਰਪਤੀ ਨੂੰ ਇੱਕ ਪੱਤਰ ਨਾਮ ਹੇਠ ਪ੍ਰਤੀਯੋਗਤਾ ਹੋਈ।

ਜਿਸ ਵਿੱਚ 18 ਸਾਲਾਂ ਸਿਮਰਤ ਕੌਰ ਨੇ ਰਾਸ਼ਟਰਪਤੀ ਲੁਈਜੀ ਈਨਾਉਡੀ ਦੀ ਜੀਵਨੀ 'ਤੇ ਲੇਖ ਲਿਖਿਆ, ਜਿਸ ਨੂੰ ਪੂਰੀ ਇਟਲੀ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਇਆ। ਸਿਮਰਤ ਕੌਰ ਜੋ ਕਿ ਕਰੇਮੋਨਾ ਦੇ ਸਕੂਲ ਵਿੱਚ ਗ੍ਰੈਫਿਕ ਅਤੇ ਕਮਿਊਨੀਕੇਸ਼ਨ ਦੀ ਪੜਾਈ ਕਰ ਰਹੀ ਹੈ। ਉਸ ਦੇ ਇਸ ਕਮਾਲ ਨੇ ਜਿੱਥੇ ਪੂਰੀ ਇਟਲੀ ਵਾਸੀਆ ਨੂੰ ਹੈਰਾਨ ਕਰ ਦਿੱਤਾ ਹੈ। ਉੱਥੇ ਸਿੱਖ ਅਤੇ ਭਾਰਤੀ ਭਾਈਚਾਰਾ ਬੇਹੱਦ ਮਾਣ ਮਹਿਸੂਸ ਕਰ



ਰਿਹਾ ਹੈ। ਗੱਲਬਾਤ ਕਰਦਿਆਂ ਸਿਮਰਤ ਕੌਰ ਦੇ ਪਿਤਾ ਪਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਾਰੇ ਪਰਿਵਾਰ ਨਾਲ ਇਟਲੀ ਦੇ ਕਰੇਮੋਨਾ ਜਿਲੇ ਦੇ ਰਵੇਕੋ ਦੀ ਓਲੀਓ ਵਿਖੇ ਰਹਿੰਦੇ ਹਨ। ਉਹਨਾਂ ਦੀ ਵੱਡੀ ਬੇਟੀ ਸਿਮਰਤ ਜੋ ਕਿ 18 ਵਰ੍ਹਿਆਂ ਦੀ ਹੈ, ਜਿਸਨੇ ਨੈਸ਼ਨਲ ਪੱਧਰ ਲੇਖ ਮੁਕਾਬਲੇ ਵਿੱਚ ਹਿੱਸਾ ਲੈਂਦਿਆ ਪਹਿਲਾ ਸਥਾਨ ਪ੍ਰਾਪਤ ਕੀਤਾ। ਉਹਨਾਂ ਦੱਸਿਆ ਕਿ ਉਹਨਾਂ ਦੀ ਹੋਣਹਾਰ ਧੀ ਪੜਾਈ ਦੇ ਨਾਲ-ਨਾਲ ਬਚਪਨ ਤੋਂ ਹੀ ਗੱਤਕੇ ਵਿੱਚ ਵੀ ਚੰਗੀ ਮੁਹਾਰਤ ਰੱਖਦੀ ਹੈ। ਵਾਹਿਗੁਰੂ ਦੀ ਬਖਸ਼ਿਸ਼ ਨਾਲ ਇਹ ਜਿੱਤ ਪ੍ਰਾਪਤ ਹੋਈ। ਉਹਨਾਂ ਦੱਸਿਆ ਕਿ ਆਉਣ ਵਾਲੀ 28 ਮਾਰਚ ਨੂੰ ਇਟਲੀ ਦੇ ਸ਼ਹਿਰ ਤੋਰੀਨੋ ਵਿਖੇ ਇਸ ਪ੍ਰਤੀਯੋਗਤਾ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਦਾ ਵਿਸ਼ੇਸ਼ ਸਨਾਮਨ ਹੋਵੇਗਾ। ਉਹਨਾਂ ਦੱਸਿਆ ਕਿ ਰੋਵੇਕੋ ਓਲੀਓ ਦੇ ਬਸ਼ਿੰਦੇ, ਕਰੇਮੋਨਾ ਵਿੱਚ ਪੈਂਦੇ ਸਾਰੇ ਸਕੂਲ, ਸਿੱਖ ਭਾਈਚਾਰਾ ਅਤੇ ਭਾਰਤੀ ਭਾਈਚਾਰਾ ਬੇਹੱਦ ਮਾਣ ਮਹਿਸੂਸ ਕਰ ਰਿਹਾ ਹੈ।

# ਵਿਸ਼ਵ ਦੀ ਪਹਿਲੀ ਮਹਿਲਾ ਰਬਾਬ ਵਾਦਕ, ਜਿਸ ਨੂੰ ਇੰਗਲੈਂਡ ਦੀ ਮਹਾਰਾਣੀ ਨੇ ਕੀਤਾ ਸੀ ਸਨਮਾਨਿਤ ?

## *ਸੰਨ 2020 ਵਿਚ ਇੰਗਲੈਂਡ ਦੀ ਤਤਕਾਲੀ ਮਹਾਰਾਣੀ ਐਲਿਜ਼ਾਬੇਥ ਨੇ ਕੀਤਾ ਸੀ ਸਨਮਾਨਿਤ*

ਕਦੇਂ ਰਬਾਬੀ ਮਰਦਾਨਾ ਗੁਰੂ ਨਾਨਕ ਦੇਵ ਜੀ ਨਾਲ ਲੋਕਾਈ ਦੀ ਭਲਾਈ ਲਈ ਚਾਰ ਉਦਾਸੀਆਂ 'ਤੇ ਨਿਕਲੇ ਸਨ। ਜਿਥੇ ਵੀ ਬਾਬਾ ਜੀ ਬਾਣੀ ਉਚਾਰਦੇ, ਉਥੇ ਹੀ ਰਬਾਬੀ ਮਰਦਾਨਾ ਆਪਣੀ ਰਬਾਬ ਦੀਆਂ ਧੁਨਾਂ ਨਾਲ ਮੰਤਰ ਮੁਗਧ ਕਰ ਦਿੰਦੇ।

ਸਮਾਂ ਆਇਆ ਲੋਕਾਂ ਨੇ ਤੰਤੀ ਸਾਜ਼ਾਂ ਨੂੰ ਛੱਡ ਦਿੱਤਾ ਅਤੇ ਆਧੁਨਿਕ ਸਾਜ਼ਾਂ ਦੇ ਰੌਲੇ ਰੱਪੇ ਵਿਚ ਗੁੰਮ ਹੋ ਗਏ ਪਰ ਅੱਜ ਵੀ ਕੁਝ ਅਜਿਹੇ ਸ਼ਖ਼ਸ ਹਨ ਜਿਨ੍ਹਾਂ ਨੂੰ ਰਬਾਬ ਵਰਗੇ ਪੁਰਾਤਨ ਸਾਜ਼ਾਂ ਦੀ ਮੁਹਾਰਤ ਹਾਸਲ ਹੈ ਅਤੇ ਉਹ ਵਿਸ਼ਵ ਪੱਧਰ 'ਤੇ ਆਪਣੀ ਕਲਾ ਦਾ ਡੰਕਾ ਮਨਵਾ ਚੁੱਕੇ ਹਨ। ਅਜਿਹਾ ਹੀ ਇਕ ਨਾਮ ਬੀਬੀ ਜਸਵੀਰ ਕੌਰ ਦਾ ਹੈ। ਜਿਸ ਨੂੰ ਸੰਨ 2020 ਵਿਚ ਇੰਗਲੈਂਡ ਦੀ ਤਤਕਾਲੀ ਮਹਾਰਾਣੀ ਐਲਿਜ਼ਾਬੇਥ ਨੇ ਸਨਮਾਨਿਤ ਕੀਤਾ। ਜਸਵੀਰ ਕੌਰ ਨੂੰ ਇੰਗਲੈਂਡ ਦੀ ਮਹਾਰਾਣੀ ਦੁਆਰਾ ਐਮ.ਬੀ.ਈ. (ਮੈਂਬਰ ਆਫ਼



ਦ ਆਰਡਰ ਆਫ਼ ਦਾ ਬ੍ਰਿਟਿਸ਼ ਐਂਪਾਇਰ) ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਸੰਗੀਤ ਅਤੇ ਸਿੱਖ ਭਾਈਚਾਰੇ ਵਿੱਚ ਉਸ ਦੇ ਸ਼ਾਨਦਾਰ ਯੋਗਦਾਨ ਦਾ ਪ੍ਰਮਾਣ ਹੈ। ਇਹ ਵੱਕਾਰੀ ਸਨਮਾਨ ਵਿਸ਼ਵ ਭਰ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ, ਸਿੱਖ ਸੰਗੀਤਕ ਵਿਰਸੇ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਜਸਵੀਰ ਦੇ ਸਮਰਪਣ ਨੂੰ ਮਾਨਤਾ ਦਿੰਦਾ ਹੈ।

# ਵਿਸ਼ਵ ਭਰ ਦੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਨ : ਅਕਾਲੀ ਦਲ (ਅ) ਯੂ.ਕੇ.

ਲੰਡਨ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂ.ਕੇ. ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰਪਾਲ ਸਿੰਘ ਮੰਗੂਵਾਲ, ਪ੍ਰਬੰਧਕ ਪ੍ਰੀਤ ਕਮਲ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਕਿਹਾ ਕਿ ਵਿਸ਼ਵ ਭਰ ਦੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧੀਨ ਸ਼ਾਇਦ ਇਸ ਸਮੇਂ ਪੰਜਾਬ ਤੇ ਹਿਮਾਚਲ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਹੀ ਰਹਿ ਗਿਆ ਹੈ, ਜਦਕਿ ਭਾਰਤ 'ਚ ਹੀ ਹੋਰ ਕਮੇਟੀਆਂ ਅਤੇ ਪ੍ਰਬੰਧਕੀ ਬੋਰਡ ਹਨ, ਪਾਕਿਸਤਾਨ 'ਚ 173 ਦੇ ਕਰੀਬ ਇਤਿਹਾਸਕ ਗੁਰਦੁਆਰੇ ਹਨ, ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਦੇਸ਼ਾਂ 'ਚ ਇਤਿਹਾਸਕ ਗੁਰਦੁਆਰੇ ਹਨ ਅਤੇ ਵਿਸ਼ਵ ਭਰ ਵਿਚ ਸਿੱਖ ਕੌਮ ਵਸਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਹੁਕਮ ਅਦੂਲੀ ਕਰਨ ਵਾਲਿਆਂ ਅਤੇ ਦਾਇਰੇ ਦੱਸਣ ਵਾਲਿਆਂ ਨੂੰ ਤਨਖ਼ਾਹੀਏ ਕਰਾਰ ਦੇ ਕੇ ਖ਼ਾਲਸਾ ਸਾਜਨਾ ਦਿਵਸ ਤੇ ਸਰਬੱਤ ਖ਼ਾਲਸਾ ਬੁਲਾ ਲੈਣਾ ਚਾਹੀਦਾ ਹੈ ਤਾਂ ਕਿ ਸਪੱਸ਼ਟ ਫੈਸਲਾ ਲਿਆ ਜਾ ਸਕੇ।



# ਚੈਂਪੀਅਨਜ਼ ਟਰਾਫ਼ੀ : ਭਾਰਤ ਦੀ ਪਾਕਿ ’ਤੇ ਧਮਾਕੇਦਾਰ ਜਿੱਤ






ਦੁਬਈ : ਭਾਰਤ ਨੇ ਚੈਂਪੀਅਨਜ਼ ਟਰਾਫ਼ੀ ਦੇ ਆਪਣੇ ਦੂਜੇ ਮੈਚ ’ਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਜਿਥੇ ਚਾਰੋ ਖਾਨੇ ਚਿੱਤ ਕਰਕੇ 6 ਵਿਕਟਾਂ ਨਾਲ ਧਮਾਕੇਦਾਰ ਜਿੱਤ ਦਰਜ ਕੀਤੀ, ਉਥੇ ਹੀ ਟੀਮ ਨੇ 2017 ਚੈਂਪੀਅਨਜ਼ ਟਰਾਫ਼ੀ ਦੇ ਖ਼ਿਤਾਬੀ ਮੁਕਾਬਲੇ ’ਚ ਮਿਲੀ ਦਿਲ ਤੋੜਨ ਵਾਲੀ ਹਾਰ ਦਾ ਹਿਸਾਬ ਵੀ ਬਰਾਬਰ ਕਰ ਦਿੱਤਾ ਹੈ। ਇਸ ਹਾਰ ਦੇ ਨਾਲ ਹੀ ਪਾਕਿਸਤਾਨ ਦਾ ਸੈਮੀਫਾਈਨਲ ਤੋਂ ਬਾਹਰ ਹੋਣਾ ਲਗਭਗ ਤੈਅ ਹੋ ਗਿਆ ਹੈ, ਜਦੋਂਕਿ ਭਾਰਤ ਦਾ ਨਾਕਆਊਟ ’ਚ ਪਹੁੰਚਣਾ ਲਗਭਗ ਤੈਅ ਹੈ। ਵਿਰਾਟ ਕੋਹਲੀ ਦੇ ਅਜੇਤੂ ਸੈਂਕੜੇ (ਦੌੜਾਂ-100*, ਗੇਂਦਾਂ-111, ਚੌਕੇ-7) ਅਤੇ ਸ਼੍ਰੇਅਸ ਅਈਅਰ ਦੇ ਅਰਧ ਸੈਂਕੜੇ (ਦੌੜਾਂ-56, ਗੇਂਦਾਂ-67, ਚੌਕੇ-5, ਛੱਕਾ-1) ਅਤੇ ਇਸ ਤੋਂ ਪਹਿਲਾਂ ਗੇਂਦਬਾਜ਼ਾਂ ਦੇ ਕਮਾਲ ਦੇ ਪ੍ਰਦਰਸ਼ਨ ਦੀ ਬਦੌਲਤ ਭਾਰਤ ਨੇ ਖੇਡ ਦੇ ਕਿਸੇ ਵੀ ਹਿੱਸੇ ’ਚ ਪਾਕਿਸਤਾਨ ਨੂੰ ਟਿਕਣ ਦਾ ਮੌਕਾ ਨਹੀਂ ਦਿੱਤਾ। ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 49.4 ਓਵਰਾਂ ਵਿਚ 241 ਦੌੜਾਂ ਬਣਾਈਆਂ ਸਨ। ਜਵਾਬ ’ਚ ਭਾਰਤ ਨੇ ਇਸ ਟੀਚੇ ਨੂੰ 42.3 ਓਵਰਾਂ ਵਿਚ 244 ਦੌੜਾਂ ਬਣਾ ਕੇ ਪੂਰਾ ਕਰ ਲਿਆ। ਕੋਹਲੀ ਨੇ 111 ਗੇਂਦਾਂ ਦੀ ਪਾਰੀ ਵਿਚ 11 ਚੌਕੇ ਜੜੇ। ਕੋਹਲੀ ਦਾ ਚੈਂਪੀਅਨਜ਼ ਟਰਾਫ਼ੀ ਵਿਚ ਇਹ ਪਲੇਠਾ, ਜਦੋਂਕਿ ਇਕ ਰੋਜ਼ਾ ਕ੍ਰਿਕਟ ਵਿਚ 51ਵਾਂ ਸੈਂਕੜਾ ਹੈ। ਕੋਹਲੀ ਪਾਕਿਸਤਾਨ ਖ਼ਿਲਾਫ਼ ਏਸ਼ੀਆ ਕੱਪ, ਵਿਸ਼ਵ ਕੱਪ ਤੇ ਚੈਂਪੀਅਨਜ਼ ਟਰਾਫ਼ੀ ਵਿਚ ਸੈਂਕੜਾ ਲਾਉਣ ਵਾਲਾ ਪਹਿਲਾ ਬੱਲੇਬਾਜ਼ ਬਣ ਗਿਆ ਹੈ। ਕੋਹਲੀ ਨੇ ਇਕ ਰੋਜ਼ਾ ਕ੍ਰਿਕਟ ਵਿਚ 14,000 ਦੌੜਾਂ ਵੀ ਪੂਰੀਆਂ ਕੀਤੀਆਂ। ਕੋਹਲੀ ਨੂੰ ‘ਪਲੇਅਰ ਆਫ਼ ਦੀ ਮੈਚ’ ਐਲਾਨਿਆ ਗਿਆ। ਸ਼੍ਰੇਅਸ ਅਈਅਰ ਨੇ 67 ਗੇਂਦਾਂ ’ਤੇ 56 ਦੌੜਾਂ ਬਣਾਈਆਂ ਤੇ ਇਸ ਦੌਰਾਨ 5 ਚੌਕੇ ਤੇ ਇਕ ਛੱਕਾ ਜੜਿਆ। ਸ਼ੁਭਮਨ ਗਿੱਲ ਨੇ 46 ਦੌੜਾਂ, ਕਪਤਾਨ ਰੋਹਿਤ ਸ਼ਰਮਾ ਨੇ 20 ਦੌੜਾਂ ਦਾ ਯੋਗਦਾਨ ਪਾਇਆ। ਹਾਰਦਿਕ ਪਟੇਲ ਨੇ 8 ਤੇ ਅਕਸ਼ਰ ਪਟੇਲ ਨੇ ਨਾਬਾਦ 3 ਦੌੜਾਂ ਬਣਾਈਆਂ। ਪਾਕਿਸਤਾਨ ਲਈ ਸ਼ਾਹੀਨ ਸ਼ਾਹ ਅਫ਼ਰੀਦੀ ਨੇ ਦੋ, ਜਦੋਂਕਿ ਅਬਰਾਰ ਅਹਿਮਦ ਤੇ ਖ਼ੁਸ਼ਦਿਲ ਸ਼ਾਹ ਨੇ ਇਕ-ਇਕ ਵਿਕਟ ਹਾਸਲ ਕੀਤੀ। ਅਬਰਾਰ ਅਹਿਮਦ ਨੇ 10 ਓਵਰਾਂ ਵਿਚ 28 ਦੌੜਾਂ ਬਦਲੇ ਇਕ ਵਿਕਟ ਹਾਸਿਲ ਕੀਤੀ। ਇਸ ਤੋਂ ਪਹਿਲਾਂ ਪਾਕਿਸਤਾਨ ਨੇ 49.4 ਓਵਰਾਂ ਵਿਚ 241 ਦੌੜਾਂ ਬਣਾਈਆਂ। ਪਾਕਿਸਤਾਨ ਲਈ ਸੌਕ ਸ਼ਕੀਲ ਨੇ ਸਭ ਤੋਂ ਵੱਧ 62 ਦੌੜਾਂ ਬਣਾਈਆਂ। ਕਪਤਾਨ ਮੁਹੰਮਦ ਰਿਜ਼ਵਾਨ ਨੇ 46 ਦੌੜਾਂ ਦਾ ਯੋਗਦਾਨ ਪਾਇਆ, ਜਦੋਂਕਿ ਹੇਠਲੇ ਕ੍ਰਮ ਵਿਚ ਖ਼ੁਸ਼ਦਿਲ ਨੇ 39 ਗੇਂਦਾਂ ’ਤੇ 38 ਦੌੜਾਂ ਦੀ ਪਾਰੀ ਖੇਡੀ। ਭਾਰਤ ਲਈ ਕੁਲਦੀਪ ਯਾਦਵ ਨੇ ਤਿੰਨ, ਹਾਰਦਿਕ ਪਾਂਡਿਆ ਨੇ ਦੋ, ਜਦੋਂਕਿ ਅਕਸ਼ਰ ਪਟੇਲ, ਰਵਿੰਦਰ ਜਡੇਜਾ ਤੇ ਹਰਸ਼ਿਤ ਰਾਣਾ ਨੇ ਇਕ-ਇਕ ਵਿਕਟ ਲਈ।



ਨਵੀਂ ਦਿੱਲੀ ਵਿੱਚ ਐਤਵਾਰ ਨੂੰ ਆਈਸੀਸੀ ਚੈਂਪੀਅਨਜ਼ ਟਰਾਫੀ 2025-ਗਰੁੱਪ ਏ ਮੈਚ ਵਿੱਚ ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਲੋਕ।





ਰਾਂਚੀ ਦੇ ਐਲਬਰਟ ਏਕਾ ਚੌਕ ਵਿਖੇ ਆਈਸੀਸੀ ਚੈਂਪੀਅਨਜ਼ ਟਰਾਫੀ 2025- ਗਰੁੱਪ ਏ ਮੈਚ ਵਿੱਚ ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਲੋਕ।




ਆਈਸੀਸੀ ਚੈਂਪੀਅਨਜ਼ ਟਰਾਫੀ ਵਿੱਚ ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਲੋਕ



ਪਟਨਾ ਵਿੱਚ ਆਈਸੀਸੀ ਚੈਂਪੀਅਨਜ਼ ਟਰਾਫੀ 2025-ਗਰੁੱਪ ਏ ਮੈਚ ਵਿੱਚ ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਲੋਕ।

# ਦਿੱਲੀ ਸਿੱਖ ਨਸਲਕੁਸ਼ੀ ਮਾਮਲਾ: ਅਦਾਲਤ ਨੇ ਸੱਜਣ ਕੁਮਾਰ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ

## ਪਿਉ ਪੁੱਤਰ ਦੇ ਕਤਲ ਮਾਮਲੇ 'ਚ ਸੁਣਾਈ ਗਈ ਸਜ਼ਾ



ਨਵੀਂ ਦਿੱਲੀ : 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਉਸਨੂੰ 1 ਨਵੰਬਰ, 1984 ਨੂੰ ਸਰਸਵਤੀ ਵਿਹਾਰ ਇਲਾਕੇ ਵਿੱਚ ਇੱਕ ਪਿਤਾ-ਪੁੱਤਰ ਦੀ ਹੱਤਿਆ ਨਾਲ ਸਬੰਧਤ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।

ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ ਨੂੰ 12 ਫਰਵਰੀ ਨੂੰ ਦੰਗੇ, ਗੈਰ-ਕਾਨੂੰਨੀ ਇਕੱਠ ਅਤੇ ਕਤਲ ਆਦਿ ਨਾਲ ਸਬੰਧਤ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ।

ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਦੋ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ ਮੰਗਲਵਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਇੱਥੇ ਕੇਸ ਨਾਲ ਸਬੰਧਤ ਘਟਨਾਵਾਂ ਦਾ ਕਾਲਕ੍ਰਮਿਕ ਬਿਰਤਾਂਤ ਹੈ।

-1991: ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਗਈ।

-8 ਜੁਲਾਈ, 1994: ਦਿੱਲੀ ਦੀ ਅਦਾਲਤ ਨੂੰ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤ ਨਹੀਂ ਮਿਲੇ। ਇਸ ਮਾਮਲੇ ਵਿੱਚ ਕੁਮਾਰ ਵਿਰੁੱਧ ਕੋਈ ਦੋਸ਼ ਪੱਤਰ ਦਾਇਰ ਨਹੀਂ ਕੀਤਾ ਗਿਆ ਸੀ।

-12 ਫ਼ਰਵਰੀ 2015: ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ (SIT) ਬਣਾਈ।

-21 ਨਵੰਬਰ 2016: ਐਸਆਈਟੀ ਨੇ ਅਦਾਲਤ ਨੂੰ ਦੱਸਿਆ ਕਿ ਮਾਮਲੇ ਵਿੱਚ ਹੋਰ ਜਾਂਚ ਦੀ ਲੋੜ ਹੈ।

-6 ਅਪ੍ਰੈਲ, 2021: ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ।

-5 ਮਈ, 2021: ਪੁਲਿਸ ਨੇ ਚਾਰਜਸ਼ੀਟ ਦਾਇਰ ਕੀਤੀ।

-26 ਜੁਲਾਈ: ਅਦਾਲਤ ਨੇ ਚਾਰਜਸ਼ੀਟ ਦਾ ਨੋਟਿਸ ਲਿਆ।

-1 ਅਕਤੂਬਰ: ਅਦਾਲਤ ਨੇ ਦੋਸ਼ਾਂ 'ਤੇ ਸੁਣਵਾਈ ਸ਼ੁਰੂ ਕੀਤੀ।

-16 ਦਸੰਬਰ: ਅਦਾਲਤ ਨੇ ਕਤਲ, ਦੰਗੇ ਅਤੇ ਹੋਰ ਅਪਰਾਧਾਂ ਦੇ ਦੋਸ਼ ਤੈਅ ਕੀਤੇ।

-31 ਜਨਵਰੀ 2024: ਅਦਾਲਤ ਨੇ ਅੰਤਿਮ ਦਲੀਲਾਂ ਦੀ ਸੁਣਵਾਈ ਸ਼ੁਰੂ ਕੀਤੀ।

-8 ਨਵੰਬਰ: ਅਦਾਲਤ ਨੇ ਫੈਸਲਾ ਸੁਰੱਖਿਅਤ ਰੱਖ ਲਿਆ।

-12 ਫਰਵਰੀ, 2025: ਅਦਾਲਤ ਨੇ ਕੁਮਾਰ ਨੂੰ ਦੋਸ਼ੀ ਠਹਿਰਾਇਆ।

-25 ਫਰਵਰੀ: ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਹਿੰਸਾ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਦੀ ਜਾਂਚ ਲਈ ਬਣਾਏ ਗਏ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ, ਦਿੱਲੀ ਵਿੱਚ ਹੋਏ ਦੰਗਿਆਂ ਦੇ ਸਬੰਧ ਵਿੱਚ 587 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਦੰਗਿਆਂ ਵਿੱਚ 2,733 ਲੋਕ ਮਾਰੇ ਗਏ ਸਨ। ਕੁੱਲ ਮਿਲਾ ਕੇ, ਪੁਲਿਸ ਨੇ ਸੁਰਾਗਾਂ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਲਗਭਗ 240 ਐਫਆਈਆਰ ਬੰਦ ਕਰ ਦਿੱਤੀਆਂ ਅਤੇ 250 ਮਾਮਲਿਆਂ ਵਿੱਚ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ।

ਸਿਰਫ਼ 28 ਮਾਮਲਿਆਂ ਵਿੱਚ ਹੀ ਸਜ਼ਾ ਹੋਈ, ਜਿਨ੍ਹਾਂ ਵਿੱਚੋਂ ਲਗਭਗ 400 ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ। ਕੁਮਾਰ ਸਮੇਤ ਲਗਭਗ 50 ਲੋਕਾਂ ਨੂੰ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਕੁਮਾਰ, ਜੋ ਉਸ ਸਮੇਂ ਇੱਕ ਪ੍ਰਭਾਵਸ਼ਾਲੀ ਕਾਂਗਰਸੀ ਨੇਤਾ ਅਤੇ ਸੰਸਦ ਮੈਂਬਰ ਸਨ, 1 ਅਤੇ 2 ਨਵੰਬਰ, 1984 ਨੂੰ ਦਿੱਲੀ ਦੀ ਪਾਲਮ ਕਲੋਨੀ ਵਿੱਚ ਪੰਜ ਲੋਕਾਂ ਦੇ ਕਤਲ ਕੇਸ ਵਿੱਚ ਵੀ ਦੋਸ਼ੀ ਸਨ। ਇਸ ਮਾਮਲੇ ਵਿੱਚ, ਦਿੱਲੀ ਹਾਈ ਕੋਰਟ ਨੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਉਸਦੀ ਅਪੀਲ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹੈ।

ਹੇਠਲੀ ਅਦਾਲਤ ਵੱਲੋਂ ਕੁਮਾਰ ਨੂੰ ਬਰੀ ਕੀਤੇ ਜਾਣ ਵਿਰੁੱਧ ਦਿੱਲੀ ਹਾਈ ਕੋਰਟ ਵਿੱਚ ਇੱਕ ਹੋਰ ਅਪੀਲ ਲੰਬਿਤ ਹੈ, ਜਦੋਂ ਕਿ ਦਿੱਲੀ ਦੀ ਇੱਕ ਅਦਾਲਤ ਇਸ ਸਮੇਂ ਚੌਥੇ ਮਾਮਲੇ ਦੀ ਸੁਣਵਾਈ ਕਰ ਰਹੀ ਹੈ।

# ਬੇਗੁਨਾਹ ਸਿੱਖਾਂ ਦੇ ਕਾਤਲ ਸੱਜਣ ਕੁਮਾਰ ਲਈ ਉਮਰ ਕੈਦ ਦੀ ਸਜ਼ਾ ਨਾਕਾਫ਼ੀ : ਸੁਰਜੀਤ ਸਿੰਘ

## ਫ਼ਾਂਸੀ ਦੀ ਸਜ਼ਾ ਲਈ ਉੱਚ ਅਦਾਲਤ 'ਚ ਜਾਣ ਦਾ ਫ਼ੈਸਲਾ



ਲੁਧਿਆਣਾ : ਸੰਨ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੇ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦੋ ਨਿਰਦੋਸ਼ ਸਿੱਖਾਂ ਦੇ ਕਤਲੇਆਮ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ 'ਤੇ ਨਾਖੁਸ਼ੀ ਪ੍ਰਗਟ ਕਰਦਿਆਂ ਐਲਾਨ ਕੀਤਾ ਹੈ ਕਿ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਅਦਾਲਤ ਦੇ ਇਸ ਫ਼ੈਸਲੇ ਨੂੰ ਉੱਚ ਅਦਾਲਤ ਵਿੱਚ ਚੁਣੌਤੀ ਦੇਵੇਗੀ।

ਅੱਜ ਸੀਆਰਪੀ ਕਲੋਨੀ ਦੁੱਗਰੀ ਵਿੱਚ ਸੋਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਇਸਤਰੀ ਵਿੰਗ ਪ੍ਰਧਾਨ ਬੀਬੀ ਗੁਰਦੀਪ ਦੀਪ ਕੌਰ ਨੇ ਕਿਹਾ ਕਿ ਸੱਜਣ ਕੁਮਾਰ ਵੱਲੋਂ ਕੀਤੇ ਪਾਪ ਦੀ ਅਦਾਲਤ ਨੇ ਬਹੁਤ ਘੱਟ ਸਜ਼ਾ ਸੁਣਾਈ ਹੈ। ਉਨ੍ਹਾਂ ਦੱਸਿਆ ਕਿ ਉਸਨੂੰ ਉਮਰ ਕੈਦ ਤਾਂ ਪਹਿਲਾਂ ਹੀ ਹੋ ਚੁੱਕੀ ਸੀ ਜਦਕਿ ਹੁਣ ਅਦਾਲਤ ਵਿੱਚ ਉਸ ਉਪਰ ਸਰਸਵਤੀ ਵਿਹਾਰ ਰਹਿੰਦੇ ਜਸਵੰਤ ਸਿੰਘ ਅਤੇ ਉਸਦੇ ਪੁੱਤਰ ਤਰੁਣਦੀਪ ਸਿੰਘ ਨੂੰ ਕਤਲ ਕਰਨ ਦੇ ਦੋਸ਼ ਸਹੀ ਸਾਬਿਤ ਹੋਏ ਹਨ ਅਤੇ ਉਸ ਨੂੰ ਘੱਟੋ ਘੱਟ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਜਥੇਬੰਦੀ ਉੱਚ ਅਦਾਲਤ ਵਿੱਚ ਜਾ ਕੇ ਸੱਜਣ ਕੁਮਾਰ ਨੂੰ ਫ਼ਾਂਸੀ ਦੀ ਸਜ਼ਾ ਮੰਗ ਕਰਨ ਵਾਲੀ ਇੱਕ ਪਟੀਸ਼ਨ ਦਾਖਲ ਕਰੇਗੀ।

ਸੁਰਜੀਤ ਸਿੰਘ ਦੁੱਗਰੀ ਨੇ ਕਿਹਾ ਕਿ ਅਦਾਲਤ ਵੱਲੋਂ ਉਸਨੂੰ ਨਾ ਮਾਤਰ 4 ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ ਜੋ ਪੀੜਤ ਪਰਿਵਾਰਾਂ ਨਾਲ ਇੱਕ ਕੋਝਾ ਮਜ਼ਾਕ ਹੈ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਵੀ ਮੰਗ ਕੀਤੀ ਕਿ ਸਿੱਖ ਕਤਲੇਆਮ ਵਿੱਚ ਸ਼ਾਮਲ ਦੱਸੇ ਜਾਂਦੇ ਹੋਰ ਕਾਂਗਰਸੀ ਆਗੂਆਂ ਨੂੰ ਵੀ ਸਖ਼ਤ ਸਜ਼ਾਵਾਂ ਦਿਵਾਉਣ ਲਈ ਤੁਰੰਤ ਇੱਕ ਸਮਾਂਬੱਧ ਟਰੁੱਥ ਕਮਿਸ਼ਨ ਕਾਇਮ ਕੀਤਾ ਜਾਵੇ ਜਿਸ ਵੱਲੋਂ ਬਾਕੀ ਰਹਿੰਦੇ ਮਾਮਲਿਆਂ ਦਾ ਫ਼ੈਸਲਾ ਕਰਕੇ ਕਾਂਗਰਸੀ ਆਗੂਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਇਸ ਮੌਕੇ ਦਲਜੀਤ ਸਿੰਘ ਸੋਨੀ, ਇੰਦਰਪਾਲ ਸਿੰਘ ਵਿੱਕੀ, ਸਤਨਾਮ ਸਿੰਘ ਸੱਤਾ ਅਤੇ ਆਪਣੇ ਘਰ ਦੇ ਛੇ ਜੀਅ ਗਵਾਉਣ ਵਾਲੀ ਵਿਧਵਾ ਭੁਪਿੰਦਰ ਕੌਰ ਸਮੇਤ ਕਈ ਪੀੜਤ ਪਰਿਵਾਰ ਵੀ ਹਾਜ਼ਰ ਸਨ।

# ਸਿੱਖ ਵਿਰੋਧੀ ਦੰਗਿਆ ਦੇ ਦੋਸ਼ੀ ਸੱਜਣ ਕੁਮਾਰ ਨੂੰ ਸੁਣਾਈ ਗਈ ਸਜ਼ਾ ਦਾ ਸੁਆਗਤ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ



ਅੰਮ੍ਰਿਤਸਰ : ਕਾਂਗਰਸ ਦੀ ਸੀਨਅਰ ਲੀਡਰ ਤੇ ਸਾਬਕਾ ਐਮ.ਪੀ ਸਜਨ ਕੁਮਾਰ ਨੂੰ ਦਿਲੀ ਦੀ ਰੋਜ਼ ਐਵਿਨਿਊ ਅਦਾਲਤ ਨੇ ਅੱਜ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ। ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਅਦਾਲਤ ਦੇ ਫੈਸਲੇ ਦਾ ਸੁਆਗਤ ਕਰਦਿਆਂ ਇਸ ਨੂੰ ਦੇਰ ਆਏ ਦਰੁਸਤ ਆਏ ਦਸਿਆ। ਇਥੇ ਇਹ ਵਰਨਣਯੋਗ ਹੈ ਕਿ 31 ਅਕਤੂਬਰ 1984 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ ਸਿੱਖ ਵਿਰੋਧੀ ਦੰਗਿਆਂ ਦੌਰਾਨ ਉਸ ਸਮੇਂ ਦੇ ਕਾਂਗਰਸੀ ਐਮ.ਪੀ ਸਜਣ ਕੁਮਾਰ ਤੇ ਪਹਿਲੀ ਨਵੰਬਰ ਨੂੰ ਸਰਸਵਤੀ ਵਿਹਾਰ ਦੇ ਇਲਾਕੇ ਵਿੱਚ ਜਸਵੰਤ ਸਿੰਘ, ਤਰੁਨਦੀਪ ਸਿੰਘ ਪਿਉ ਪੁੱਤਰ ਦੇ ਕਤਲ ਨਾਲ ਸਬੰਧਤ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਮਾਣਯੋਗ ਅਦਾਲਤ ਵੱਲੋਂ 12 ਫਰਵਰੀ ਨੂੰ ਦੰਗੇ, ਗੈਰ ਕਾਨੂੰਨੀ ਇਕੱਠ ਤੇ ਕਤਲ ਆਦਿ ਨਾਲ ਸਬੰਧਤ ਧਰਾਵਾਂ ਅਧੀਨ ਸਾਬਕਾ ਐਮ.ਪੀ ਸਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ।

ਅੱਜ ਉਸ ਨੂੰ ਅਦਾਲਤ ਵੱਲੋਂ ਦੋਸ਼ੀ ਗਰਦਾਨਦਿਆਂ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪੂਰੇ 41 ਸਾਲਾਂ ਬਾਅਦ ਜਾ ਕੇ ਇਕ ਦੋਸ਼ੀ ਨੂੰ ਸਜ਼ਾ ਸਨਾਈ ਗਈ ਹੈ ਜਦ ਕਿ ਹਜ਼ਾਰਾਂ ਸਿੱਖਾਂ ਨੂੰ ਜਿਉਂਦਿਆਂ ਸਾੜਿਆ ਗਿਆ, ਕਤਲ ਕਰ ਦਿਤਾ ਗਿਆ ਉਨ੍ਹਾਂ ਦੀ ਸੰਪਤੀ ਲੁਟ ਲਈ ਗਈ ਪਰ ਧੱਕੇਸ਼ਾਹੀ ਦੀ ਹੱਦ ਕਿ ਇਕ ਵੀ ਦੋਸ਼ੀ ਨੂੰ ਫਾਂਸੀ ਨਹੀਂ ਹੋ ਸਕੀ।

# ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ: ਪ੍ਰਤਾਪ ਸਿੰਘ



ਅੰਮ੍ਰਿਤਸਰ : ਕਾਂਗਰਸ ਨੇਤਾ ਸੱਜਣ ਕੁਮਾਰ ਨੂੰ 1984 ਸਿੱਖ ਦੰਗਿਆਂ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। 1984 ਸਿੱਖ ਕਤਲੇਆਮ ਮਾਮਲੇ ਦੀ ਪਿਛਲੀ ਸੁਣਵਾਈ ਦੌਰਾਨ ਰਾਊਜ਼ ਐਵੇਨਿਊ ਅਦਾਲਤ ਨੇ ਅੱਜ ਤੱਕ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਸੱਜਣ ਨੂੰ ਇਹ ਸਜ਼ਾ ਸਰਸਵਤੀ ਵਿਹਾਰ 'ਚ 2 ਸਿੱਖਾਂ ਦੇ ਕਤਲ ਦੇ ਮਾਮਲੇ 'ਚ ਦਿੱਤੀ ਗਈ ਹੈ। ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਹਾਲਾਂਕਿ, ਪਟੀਸ਼ਨਕਰਤਾ ਨੇ ਸੱਜਣ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਹੈ। ਇਹ ਮਾਮਲਾ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਰਾਜ ਨਗਰ ਇਲਾਕੇ ਵਿੱਚ ਪਿਤਾ-ਪੁੱਤਰ ਦੇ ਕਤਲ ਨਾਲ ਸਬੰਧਤ ਹੈ, ਜਿਸ ਵਿੱਚ ਕੁਮਾਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੱਜਣ ਕੁਮਾਰ ਨੂੰ ਸਜ਼ਾ ਤਾਂ ਮਿਲੀ ਹੈ ਲੇਕਿਨ ਇਹ ਸਜ਼ਾ ਮਿਲਣ ਦੇ ਵਿੱਚ ਬਹੁਤ ਸਮਾਂ ਲੱਗ ਗਿਆ ਲੇਕਿਨ ਜੋ ਹੁਣ ਸੱਜਣ ਕੁਮਾਰ ਨੂੰ ਸਜ਼ਾ ਦਿੱਤੀ ਗਈ ਹੈ ਉਹ ਸਜ਼ਾ ਵੀ ਘੱਟ ਹੈ ਘੱਟੋ ਘੱਟ ਉਸ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਸੀ।

ਇਸ ਦੇ ਨਾਲ ਹੀ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਮੈਂ ਐਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਵੱਲੋਂ ਅਤੇ ਆਪਣੇ ਵੱਲੋਂ ਉਨ੍ਹਾਂ ਸਾਰੇ ਵਕੀਲਾਂ ਦਾ ਧਨਵਾਦ ਕਰਦਾ ਹਾਂ ਜਿਨ੍ਹਾਂ ਨੇ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਦੇ ਵਿੱਚ ਅਹਿਮ ਭੂਮਿਕਾ ਅਦਾ ਕੀਤੀ ਹੈ। ਉਨ੍ਹਾਂ ਕਿਹਾ ਕਿ 1984 ਵਿੱਚ ਹੋਏ ਦੰਗਿਆਂ ਦੇ ਵਿੱਚ ਪੀੜਿਤ ਪਰਿਵਾਰਾਂ ਦੇ ਜ਼ਖ਼ਮ ਭਰੇ ਤਾਂ ਨਹੀਂ ਜਾ ਸਕਦੇ ਲੇਕਿਨ ਘੱਟੋ ਘੱਟ ਸੱਜਣ ਕੁਮਾਰ ਅਤੇ ਉਸ ਦੇ ਸਾਥੀਆਂ ਨੂੰ ਸਜ਼ਾ ਦੇ ਕੇ ਉਨ੍ਹਾਂ ਪੀੜਿਤ ਪਰਿਵਾਰਾਂ ਦੇ ਜ਼ਖ਼ਮਾਂ ਦੇ ਉੱਤੇ ਮਲ੍ਹਮ ਜ਼ਰੂਰ ਲੱਗੀ ਹੈ।

# ਸੱਜਣ ਕੁਮਾਰ ਤੋਂ ਬਾਅਦ ਅਗਲੀ ਵਾਰੀ ਜਗਦੀਸ਼ ਟਾਈਟਲਰ ਤੇ ਕਮਲ ਨਾਥ ਦੀ: ਮਨਜਿੰਦਰ ਸਿਰਸਾ

## ਸੱਜਣ ਕੁਮਾਰ ਨੂੰ ਉਮਰ ਕੈਦ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਬਾਰੇ ਜਲਦੀ ਕੀਤਾ ਜਾਵੇਗਾ ਵਿਚਾਰ



ਨਵੀਂ ਦਿੱਲੀ : ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕੇਸ ਵਿਚ ਕੋਰਟ ਵੱਲੋਂ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਮਗਰੋਂ ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਚੇਤਾਵਨੀ ਦਿੱਤੀ ਕਿ ਅਗਲੀ ਵਾਰੀ ਹੁਣ ਕਾਂਗਰਸੀ ਆਗੂਆਂ ਜਗਦੀਸ਼ ਟਾਈਟਲਰ ਤੇ ਕਮਲ ਨਾਥ ਦੀ ਹੋ ਸਕਦੀ ਹੈ।

ਸਿਰਸਾ ਨੇ ਕਿਹਾ ਕਿ ਉਹ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਅਪੀਲ ਦਾਖ਼ਲ ਕਰਨ ਬਾਰੇ ਗੌਰ ਕਰਨਗੇ। ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ 1 ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਨੇੜੇ ਤਿੰਨ ਸਿੱਖਾਂ ਦੀ ਹੱਤਿਆ ਮਾਮਲੇ ਵਿਚ ਮੁਕੱਦਮੇ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਿਰਸਾ ਨੇ ਖ਼ਬਰ ਏਜੰਸੀ ਏਐੱਨਆਈ ਨਾਲ ਗੱਲਬਾਤ ਕਰਦਿਆਂ ਕਿਹਾ, "ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੈਂ ਇਸ ਮਾਮਲੇ ਵਿਚ 'ਸਿਟ' ਬਣਾਉਣ ਤੇ ਕੇਸ ਮੁੜ ਖੋਲ੍ਹਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਾ ਹਾਂ। ਇਹ ਕੇਸ 35 ਸਾਲਾਂ ਤੋਂ ਬੰਦ ਪਏ ਸਨ ਤੇ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੇ ਕਮਲ ਨਾਥ ਵਰਗੇ ਲੋਕ ਮੁੱਖ ਮੰਤਰੀ ਤੇ ਸੰਸਦ ਮੈਂਬਰਾਂ ਵਜੋਂ ਸ਼ਰ੍ਹੇਆਮ ਘੁੰਮ ਰਹੇ ਸਨ। ਅਸੀਂ ਮੌਤ ਦੀ ਸਜ਼ਾ ਦੀ ਉਮੀਦ ਕੀਤੀ ਸੀ। ਅਸੀਂ ਮੌਤ ਦੀ ਸਜ਼ਾ ਲਈ ਹਾਈ ਕੋਰਟ ਵਿਚ ਅਪੀਲ ਕਰਨ ਬਾਰੇ ਫੈਸਲਾ ਕਰਾਂਗੇ। ਅਗਲੀ ਵਾਰੀ ਜਗਦੀਸ਼ ਟਾਈਟਲਰ ਤੇ ਕਮਲ ਨਾਥ ਦੀ ਹੈ।"

ਉਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੋਰਟ ਵੱਲੋਂ ਸੁਣਾਏ ਉਮਰ ਕੈਦ ਦੇ ਫੈਸਲੇ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ।

# ਪੋਪ ਫਰਾਂਸਿਸ ਦੀ ਹਾਲਤ ਨਾਜ਼ੁਕ: ਵੈਟੀਕਨ

## ਸਾਹ ਦੀ ਦਿੱਕਤ ਤੇ ਖ਼ੂਨ ਚੜ੍ਹਾਉਣ ਤੋਂ ਬਾਅਦ ਆਈ ਸੀ ਸਮੱਸਿਆ



ਰੋਮ : ਪੋਪ ਫਰਾਂਸਿਸ ਨੇ ਫੇਫੜਿਆਂ ਦੀ ਗੁੰਝਲਦਾਰ ਸਮੱਸਿਆ ਤੇ ਖ਼ੂਨ ਚੜ੍ਹਾਉਣ ਤੋਂ ਬਾਅਦ ਨਾਜ਼ੁਕ ਹੋ ਗਈ, ਉਂਜ ਉਨ੍ਹਾਂ ਬੀਤੀ ਰਾਤ ਆਰਾਮ ਨਾਲ ਕੱਟੀ। ਇਹ ਜਾਣਕਾਰੀ ਵੈਟੀਕਨ ਨੇ ਸਾਂਝੀ ਕੀਤੀ ਹੈ।
ਵੈਟੀਕਨ ਦੇ ਬੁਲਾਰੇ ਮੈਟਿਓ ਬਰੂਨੀ ਦੇ ਇਕ ਲਾਈਨ ਦੇ ਬਿਆਨ ਵਿਚ ਦੱਸਿਆ ਕਿ ਪੋਪ ਨੇ ਰਾਤ ਆਰਾਮ ਨਾਲ ਕੱਟੀ ਪਰ ਉਨ੍ਹਾਂ ਇਹ ਨਹੀਂ ਦੱਸਿਆ ਗਿਆ ਕਿ ਕੀ ਪੋਪ ਚਲ ਫਿਰ ਰਹੇ ਹਨ ਜਾਂ ਕੀ ਉਨ੍ਹਾਂ ਨੇ ਨਾਸ਼ਤਾ ਕੀਤਾ। ਇਸ ਤੋਂ ਪਹਿਲਾਂ ਡਾਕਟਰਾਂ ਨੇ ਕਿਹਾ ਸੀ ਕਿ 88 ਸਾਲਾ ਪੋਪ ਦੀ ਹਾਲਤ ਗੰਭੀਰ ਹੈ। ਜ਼ਿਕਰਯੋਗ ਹੈ ਕਿ ਪੋਪ ਫਰਾਂਸਿਸ (88) ਦੀ ਹਾਲਤ ਕੁਝ ਦਿਨ ਪਹਿਲਾਂ ਗੰਭੀਰ ਹੋ ਗਈ ਸੀ ਅਤੇ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਸਾਹ ਦੀ ਸਮੱਸਿਆ ਆਈ ਜਿਸ ਕਾਰਨ ਉਨ੍ਹਾਂ ਨੂੰ ਆਕਸੀਜਨ ਦੀ ਲੋੜ ਪਈ। ਵੈਟੀਕਨ ਨੇ ਸ਼ਨਿਚਰਵਾਰ ਦੇਰ ਰਾਤ ਇੱਕ ਅਪਡੇਟ 'ਚ ਕਿਹਾ ਸੀ ਕਿ ਫਰਾਂਸਿਸ ਫੇਫੜਿਆਂ ਦੀ ਲਾਗ ਕਾਰਨ ਹਸਪਤਾਲ 'ਚ ਦਾਖ਼ਲ ਹਨ ਅਤੇ ਜਾਂਚ 'ਚ ਪਤਾ ਲੱਗਾ ਹੈ ਕਿ ਉਹ ਅਨੀਮੀਆ ਦੀ ਸਥਿਤੀ 'ਚ ਹਨ, ਜਿਸ ਕਰਕੇ ਉਨ੍ਹਾਂ ਨੂੰ ਖ਼ੂਨ ਵੀ ਚੜ੍ਹਾਇਆ ਗਿਆ।
ਡਾਕਟਰਾਂ ਨੇ ਪਹਿਲਾਂ ਕਿਹਾ ਸੀ ਕਿ ਪੋਪ ਫਰਾਂਸਿਸ ਖ਼ਤਰੇ ਤੋਂ ਬਾਹਰ ਨਹੀਂ ਹਨ। ਡਾਕਟਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਸੈਪਸਿਸ (ਖ਼ੂਨ ਸਬੰਧੀ ਗੰਭੀਰ ਲਾਗ) ਮੁੱਖ ਖ਼ਤਰਾ ਹੈ ਅਤੇ ਉਨ੍ਹਾਂ ਦਾ ਨਮੂਨੀਆ ਵਿਗੜ ਸਕਦਾ ਹੈ। ਇਸ ਤੋਂ ਪਹਿਲਾਂ ਪੋਪ ਫਰਾਂਸਿਸ ਨੂੰ 'ਬ੍ਰੌਂਕਾਇਟਿਸ' ਦੀ ਸਮੱਸਿਆ ਤੋਂ ਬਾਅਦ ਰੋਮ ਦੇ ਜੇਮੇਲੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ।

# ਪੰਜਾਬ 'ਚ ਭਾਜਪਾ ਆਪਣੇ ਦਮ 'ਤੇ ਚੋਣਾਂ ਲੜੇਗੀ: ਸਿਰਸਾ

## ਕੈਬਨਿਟ ਮੰਤਰੀ ਬਣਨ ਮਗਰੋਂ ਮਨਜਿੰਦਰ ਸਿਰਸਾ ਹਰਿਮੰਦਰ ਸਾਹਿਬ, ਨਤਮਸਤਕ



ਅੰਮ੍ਰਿਤਸਰ : ਭਾਜਪਾ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਵਿੱਚ ਕੈਬਨਿਟ ਮੰਤਰੀ ਬਣਨ ਮਗਰੋਂ ਮਨਜਿੰਦਰ ਸਿੰਘ ਸਿਰਸਾ ਨੇ ਅੱਜ ਹਰਿਮੰਦਰ ਸਾਹਿਬ ਵਿੱਚ ਸ਼ੁਕਰਾਨੇ ਵਜੋਂ ਮੱਥਾ ਟੇਕਿਆ ਅਤੇ ਗੁਰੂ-ਘਰ ਦਾ ਆਸ਼ੀਰਵਾਦ ਲਿਆ। ਬਾਅਦ ਵਿੱਚ ਭਾਜਪਾ ਦੇ ਦਫ਼ਤਰ ਖੰਨਾ ਸਮਾਰਕ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਮਨਜਿੰਦਰ ਸਿਰਸਾ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਵਿੱਚ ਸੂਬਾਈ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜੀਆਂ ਜਾਣਗੀਆਂ।
ਉਨ੍ਹਾਂ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਇਸ ਪਾਰਟੀ ਨੇ ਪਹਿਲਾਂ ਦਿੱਲੀ ਵਿੱਚ ਲੋਕਾਂ ਦਾ ਵੱਡਾ ਨੁਕਸਾਨ ਕੀਤਾ ਅਤੇ ਹੁਣ ਦਿੱਲੀ ਮਾਡਲ ਪੰਜਾਬ ਵਿੱਚ ਲਾਗੂ ਕਰਕੇ ਸੂਬੇ ਦਾ ਨੁਕਸਾਨ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ 'ਆਪ' ਸਰਕਾਰ ਬਣਨ ਮਗਰੋਂ ਸੂਬੇ ਸਿਰ ਕਰਜ਼ਾ ਵਧਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹੁਣ ਤੱਕ ਲਗਪਗ ਸਵਾ ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਹ ਪੰਜਾਬ ਦੇ ਵਿਕਾਸ ਦੀ ਥਾਂ 'ਆਪ' ਸੁਪਰੀਮੋ ਕੇਜਰੀਵਾਲ ਦੇ ਵੱਖ-ਵੱਖ ਸੂਬਿਆਂ ਵਿੱਚ ਹਵਾਈ ਦੌਰਿਆਂ, ਉਨ੍ਹਾਂ ਦੇ ਸ਼ੀਸ਼ ਮਹਿਲ ਅਤੇ ਦਿੱਲੀ ਤੇ ਹੋਰ ਸੂਬਿਆਂ ਵਿੱਚ ਚੋਣ ਲੜਨ ਲਈ ਪ੍ਰਚਾਰ ਵਾਸਤੇ ਖ਼ਰਚਿਆ ਗਿਆ। ਉਨ੍ਹਾਂ ਪੰਜਾਬ ਦੀਆਂ ਰਾਜ ਸਭਾ ਸੀਟਾਂ ਵੇਚਣ ਦਾ ਦੋਸ਼ ਵੀ ਲਾਇਆ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਦਿੱਲੀ ਮਗਰੋਂ ਹੁਣ ਪੰਜਾਬ ਦੇ ਸਕੂਲਾਂ ਨੂੰ ਵਿਗਾੜਿਆ ਜਾ ਰਿਹਾ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤੇ ਦੀਆਂ ਸੰਭਾਵਨਾਵਾਂ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਸੂਬਾ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਹੀ ਲੜੀਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਆਗੂ ਗੁਰਪ੍ਰਤਾਪ ਸਿੰਘ ਟਿੱਕਾ, ਮਨਜੀਤ ਸਿੰਘ ਭੋਮਾ, ਅਜੈਬੀਰਪਾਲ ਸਿੰਘ ਰੰਧਾਵਾ ਵੀ ਸਨ।

### 'ਆਪ' ਸਰਕਾਰ 'ਤੇ ਟਰੈਵਲ ਏਜੰਟਾਂ ਨਾਲ ਮਿਲੇ ਹੋਣ ਦਾ ਦੋਸ਼ ਲਾਇਆ


ਪੰਜਾਬ ਵਿੱਚੋਂ ਨੌਜਵਾਨਾਂ ਦੇ ਪਰਵਾਸ ਮਾਮਲੇ ਬਾਰੇ ਗੱਲ ਕਰਦਿਆਂ ਮਨਜਿੰਦਰ ਸਿੰਘ ਸਿਰਸਾ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਦੇ ਪ੍ਰਤੀਨਿਧ ਟਰੈਵਲ ਏਜੰਟਾਂ ਨਾਲ ਮਿਲੇ ਹੋਏ ਹਨ ਅਤੇ ਨੌਜਵਾਨਾਂ ਕੋਲੋਂ ਵੱਡੀ ਰਕਮ ਲੈ ਕੇ ਨਾਜਾਇਜ਼ ਢੰਗ ਨਾਲ ਵਿਦੇਸ਼ ਭੇਜਿਆ ਜਾ ਰਿਹਾ ਹੈ ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਅਮਰੀਕਾ ਵੱਲੋਂ ਡਿਪੋਰਟ ਕੀਤੇ ਜਾਣ ਕਾਰਨ ਭੁਗਤਣਾ ਪਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹੁੰਦੇ ਤਾਂ ਸੂਬੇ ਦੇ ਨੌਜਵਾਨਾਂ ਨੂੰ ਵਿਦੇਸ਼ ਵੱਲ ਪਰਵਾਸ ਨਾ ਕਰਨਾ ਪੈਂਦਾ।

# ਅਮਰੀਕਾ ਜੇਲ੍ਹ ਦੀ ਹਨੇਰ ਕੋਠੜੀ 'ਚ ਚਾਰ ਮਹੀਨੇ ਰਹਿਣ ਤੋਂ ਬਾਅਦ ਪਰਤਿਆ ਪ੍ਰਗਟ ਸਿੰਘ

ਪਾਤੜਾਂ : ਪਟਿਆਲਾ ਜ਼ਿਲ੍ਹੇ ਦੀ ਸਬ-ਡਵੀਜ਼ਨ ਪਾਤੜਾਂ ਦੇ ਪਿੰਡ ਮੌਲਵੀਵਾਲਾ ਦੇ ਅਮਰੀਕਾ ਤੋਂ ਜਬਰੀ ਵਾਪਸ ਭੇਜੇ ਨੌਜਵਾਨ ਪ੍ਰਗਟ ਸਿੰਘ ਦੀ ਕਹਾਣੀ ਵੀ ਬਹੁਤ ਦਰਦਨਾਕ ਹੈ। ਅਮਰੀਕਾ ਦੇ ਜੇਲ੍ਹ ਕੈਂਪ ਵਿਚ ਕਰੀਬ ਚਾਰ ਮਹੀਨੇ ਹਨੇਰ ਕੋਠੜੀ ਵਿਚ ਬਿਤਾ ਕੇ ਵਾਪਸ ਪਰਤੇ ਪ੍ਰਗਟ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਮੈਂ ਪਰਿਵਾਰ ਦੀ ਤਿੰਨ ਏਕੜ ਜ਼ਮੀਨ ਵਿਚੋਂ ਅੱਧੀ ਵੇਚ ਕੇ ਅਮਰੀਕਾ ਜਾਣ ਦਾ ਫ਼ੈਸਲਾ ਦਾ ਕਰ ਲਿਆ। ਏਜੰਟ ਨੇ ਉਸਨੂੰ ਬੀਤੇ ਸਾਲ 7 ਜੂਨ ਨੂੰ ਜਹਾਜ਼ ਚੜ੍ਹਾ ਦਿੱਤਾ। ਉਹ ਕਈ ਮਹੀਨੇ ਦੁਬਈ ਰਹਿਣ ਮਗਰੋਂ ਫਰਾਂਸ ਤੇ ਪਨਾਮਾ ਦੇ ਜੰਗਲਾਂ ਰਸਤੇ ਮੈਕਸੀਕੋ ਪੁੱਜਾ। ਜੰਗਲ ਪਾਰ ਕਰਦੇ ਸਮੇਂ ਕਈ ਲਾਸ਼ਾਂ ਵੀ ਦੇਖੀਆਂ ਤੇ ਖਿੱਲਰੇ ਹੋਏ ਮਨੁੱਖੀ ਪਿੰਜਰ ਵੀ ਦੇਖੇ। ਉਸ ਨੇ ਦੱਸਿਆ ਕਿ ਮੈਕਸੀਕੋ ਵਿਚ ਉਸ ਸਮੇਤ ਕਰੀਬ 40 ਨੌਜਵਾਨਾਂ ਨੂੰ ਮਾਫ਼ੀਏ ਨੇ ਫੜ ਲਿਆ ਤੇ ਪੈਸੇ ਲੈ ਕੇ ਛੱਡਿਆ। ਇਸ ਦੌਰਾਨ ਉਨ੍ਹਾਂ ਨੌਜਵਾਨਾਂ ਨਾਲ ਬਹੁਤ ਕੁੱਟਮਾਰ ਕੀਤੀ ਤੇ ਕਰੰਟ ਵੀ ਲਗਾਇਆ। ਜਦੋਂ ਬਾਰਡਰ ਪਾਰ ਕਰਕੇ ਉਹ ਕੈਂਪ ਵਿਚ ਪੁੱਜੇ ਤਾਂ ਕੁਝ ਦਿਨ ਰੱਖਣ ਮਗਰੋਂ ਉਨ੍ਹਾਂ ਹਨੇਰ ਕੋਠੜੀ ਵਿਚ ਭੇਜ ਦਿੱਤਾ ਜਿੱਥੇ ਕਰੀਬ ਚਾਰ ਮਹੀਨੇ ਉਹ ਕੈਦ ਰਹੇ। ਅਕਤੂਬਰ ਵਿਚ ਉਸਨੂੰ ਜਬਰੀ ਵਾਪਸ ਭੇਜੇ ਜਾਣ ਦੇ ਹੁਕਮ ਆ ਗਏ ਸਨ ਪਰ ਉਸ ਦਾ ਪਾਸਪੋਰਟ ਡੌਂਕਰਾਂ ਵਲੋਂ ਖੋਹ ਲੈਣ ਕਰਕੇ ਨਹੀਂ ਆ ਸਕਿਆ ਤੇ ਹੁਣ ਵੀ ਉਸਨੂੰ ਤਿੰਨ ਹੋਰ ਨੌਜਵਾਨਾਂ ਸਮੇਤ ਭਾਰਤੀ ਅੰਬੈਸੀ ਵਲੋਂ ਜਾਰੀ ਚਿੱਟੇ ਪਾਸਪੋਰਟ ਉੱਤੇ ਹੱਥਕੜੀਆਂ ਲਗਾ ਕੇ ਦਿੱਲੀ ਏਅਰਪੋਰਟ ਉੱਤੇ ਭੇਜਿਆ ਗਿਆ ਹੈ। ਪ੍ਰਗਟ ਸਿੰਘ ਦੇ ਪਿਤਾ ਮੇਜਰ ਸਿੰਘ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪੁੱਤ ਸੁਖੀ ਸਾਂਦੀ ਘਰੇ ਪਹੁੰਚ ਗਿਆ। ਆਪੇ ਮਿਹਨਤ ਕਰਕੇ ਰੋਟੀ ਜੋਗਾ ਗੁਜ਼ਾਰਾ ਕਰ ਲੈਣਗੇ। ਉਨ੍ਹਾਂ ਕਿਹਾ ਕਿ ਏਜੰਟ ਤੋਂ ਸਾਡੇ ਰੁਪਏ ਵਾਪਸ ਦਿਵਾਏ ਜਾਣ ਅਤੇ ਰੋਜ਼ਗਾਰ ਕਰਨ ਲਈ ਸਹਾਇਤਾ ਜਾਂ ਸਰਕਾਰੀ ਨੌਕਰੀ ਦਿੱਤੀ ਜਾਵੇ।



# 'ਆਪ' ਨੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਲੁਧਿਆਣਾ ਪੱਛਮੀ ਤੋਂ ਉਮੀਦਵਾਰ ਐਲਾਨਿਆ



ਲੁਧਿਆਣਾ : ਆਮ ਆਦਮੀ ਪਾਰਟੀ ਵਲੋਂ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਹੋਣ ਵਾਲੀ ਜ਼ਿਮਨੀ ਚੋਣ ਲਈ ਰਾਜ ਸਭਾ ਮੈਂਬਰ ਤੇ ਰੀਅਲ ਅਸਟੇਟ ਕਾਰੋਬਾਰੀ ਸੰਜੀਵ ਅਰੋੜਾ ਨੂੰ ਪਾਰਟੀ ਉਮੀਦਵਾਰ ਐਲਾਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਲੁਧਿਆਣਾ ਪੱਛਮੀ ਦੀ ਵਿਧਾਨ ਸਭਾ ਸੀਟ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਅਚਨਚੇਤ ਹੋਈ ਮੌਤ ਦੇ ਬਾਅਦ ਖਾਲੀ ਹੋਈ ਸੀ। ਲੁਧਿਆਣਾ ਦੇ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਤੋਂ ਕਾਮਰਸ ਸਟਰੀਮ 'ਚ ਗ੍ਰੈਜੂਏਸ਼ਨ ਤੱਕ ਦੀ ਪੜ੍ਹਾਈ ਕਰਨ ਵਾਲੇ 58 ਸਾਲਾ ਸੰਜੀਵ ਅਰੋੜਾ ਲਗਭਗ 30 ਸਾਲ ਤੱਕ ਨਿਰਯਾਤ ਕਾਰੋਬਾਰ ਨਾਲ ਜੁੜੇ ਰਹੇ ਤੇ ਸਾਲ 2006 'ਚ ਆਪਣੀ ਕੰਪਨੀ ਦਾ ਨਾਂਅ ਬਦਲ ਕੇ ਰਿਤੇਸ਼ ਪ੍ਰਾਪਰਟੀਜ਼ ਐਂਡ ਇੰਡਸਟਰੀਜ਼ (ਆਰ.ਪੀ.ਆਈ.ਐਲ.) ਰੱਖ ਕੇ ਰੀਅਲ ਅਸਟੇਟ ਕਾਰੋਬਾਰ 'ਚ ਕਦਮ ਰੱਖਿਆ। ਕਿਸੇ ਤਰ੍ਹਾਂ ਦਾ ਰਾਜਨੀਤਿਕ ਪਿਛੋਕੜ ਨਾ ਹੋਣ ਦੇ ਬਾਵਜੂਦ ਸਾਲ 2022 'ਚ ਆਮ ਆਦਮੀ ਪਾਰਟੀ ਨੇ ਸੰਜੀਵ ਅਰੋੜਾ ਨੂੰ ਰਾਜ ਸਭਾ ਮੈਂਬਰ ਬਣਾਇਆ ਸੀ। ਕਰੋੜਾਂ ਰੁਪਏ ਦੀ ਚੱਲ-ਅਚੱਲ ਸੰਪਤੀ ਦੇ ਮਾਲਕ ਸੰਜੀਵ ਅਰੋੜਾ ਦੀ ਕੰਪਨੀ ਰਿਤੇਸ਼ ਪ੍ਰਾਪਰਟੀਜ਼ ਐਂਡ ਇੰਡਸਟਰੀਜ਼ ਵਲੋਂ ਲੁਧਿਆਣਾ ਦੇ ਚੰਡੀਗੜ੍ਹ ਰੋਡ 'ਤੇ 'ਹੈਂਪਟਨ ਹੋਮਜ਼' ਦੇ ਨਾਂਅ ਨਾਲ ਇਕ ਵਪਾਰਕ ਹੱਬ ਵੀ ਬਣਾਈ ਜਾ ਰਹੀ ਹੈ। ਹੁਣ ਆਮ ਆਦਮੀ ਪਾਰਟੀ ਵਲੋਂ ਹਲਕਾ ਪੱਛਮੀ ਦੀ ਉਪ-ਚੋਣ ਲਈ ਸੰਜੀਵ ਅਰੋੜਾ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

## ਵਿਰੋਧੀਆਂ ਦੀ ਚੁਣੌਤੀ ਤੇ ਆਪਣਿਆਂ ਦੀ ਨਾਰਾਜ਼ਗੀ ਵਿਚਾਲੇ ਸੌਖੀ ਨਹੀਂ ਹੋਵੇਗੀ ਉਪ-ਚੋਣ ਦੀ ਰਾਹ

ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਉਮੀਦਵਾਰ ਐਲਾਨੇ ਜਾਣ ਦੇ ਬਾਅਦ ਵਿਰੋਧੀ ਪਾਰਟੀਆਂ ਵਲੋਂ ਇਸ ਨੂੰ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਬਣਾਏ ਜਾਣ ਨਾਲ ਜੋੜ ਕੇ ਤਿੱਖੇ ਸ਼ਬਦੀ ਹਮਲੇ ਕੀਤੇ ਜਾ ਰਹੇ ਹਨ। 'ਆਪ' ਉਮੀਦਵਾਰ ਸੰਜੀਵ ਅਰੋੜਾ ਲਈ ਵੀ ਉਪ-ਚੋਣ ਦੀ ਰਾਹ ਸੌਖੀ ਵਿਖਾਈ ਨਹੀਂ ਦਿੰਦੀ। ਕਿਉਂਕਿ ਮਰਹੂਮ ਵਿਧਾਇਕ ਗੋਗੀ ਬੱਸੀ ਦੇ ਪਰਿਵਾਰ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਵੀ ਆਪਣੇ ਨਾਲ ਤੋਰਨਾ ਸੰਜੀਵ ਅਰੋੜਾ ਲਈ ਵੱਡੀ ਚੁਣੌਤੀ ਹੋਵੇਗੀ। ਵਿਰੋਧੀਆਂ ਦੀ ਚੁਣੌਤੀ ਅਤੇ ਆਪਣਿਆਂ ਦੀ ਨਾਰਾਜ਼ਗੀ ਤੋਂ ਪਾਰ ਪਾਉਣਾ ਸੰਜੀਵ ਅਰੋੜਾ ਲਈ ਕਾਫ਼ੀ ਮੁਸ਼ਕਿਲ ਭਰਿਆ ਹੋਣ ਵਾਲਾ ਹੈ। ਦੱਸ ਦੇਈਏ ਕਿ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਉਪ-ਚੋਣ ਲਈ ਕਾਂਗਰਸ ਵਲੋਂ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਭਾਜਪਾ ਵਲੋਂ ਐਡਵੋਕੇਟ ਬਿਕਰਮ ਸਿੰਘ ਸਿੱਧੂ, ਸੀਨੀਅਰ ਆਗੂ ਜੀਵਨ ਗੁਪਤਾ, ਰਾਸ਼ੀ ਅਗਰਵਾਲ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਬਕਾ ਮੰਤਰੀ ਦੇ ਬੇਟੇ ਹਿਤੇਸ਼ਇੰਦਰ ਸਿੰਘ ਗਰੇਵਾਲ ਤੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਦੇ ਨਾਂਅ ਚਰਚਾ 'ਚ ਚੱਲ ਰਹੇ ਹਨ।

# ਆਨੰਦਪੁਰ ਸਾਹਿਬ 'ਚ ਹੋਵੇਗਾ ਐਰੀਨਾ ਪੋਲੋ ਚੈਲੇਂਜ ਕੱਪ

## ਕੁਲਤਾਰ ਸੰਧਵਾਂ ਵੱਲੋਂ ਟੂਰਨਾਮੈਂਟ ਦੀ ਟੀ-ਸ਼ਰਟ ਲਾਂਚ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਐਲਾਨ ਕੀਤਾ ਹੈ ਕਿ ਐਰੀਨਾ ਪੋਲੋ ਚੈਲੇਂਜ ਕੱਪ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋਲਾ ਮਹੱਲਾ ਸਮਾਗਮਾਂ ਦੌਰਾਨ ਕਰਵਾਇਆ ਜਾਵੇਗਾ। ਕੱਪ ਵਿੱਚ ਦੇਸ਼ ਭਰ ਦੇ ਘੋੜਸਵਾਰ ਹਿੱਸਾ ਲੈਣਗੇ। ਇਸ ਮੌਕੇ ਸਪੀਕਰ ਨੇ ਟੂਰਨਾਮੈਂਟ ਲਈ ਆਨੰਦਪੁਰ ਸਾਹਿਬ ਪੋਲੋ ਟੀ-ਸ਼ਰਟ ਵੀ ਲਾਂਚ ਕੀਤੀ। ਸ੍ਰੀ ਸੰਧਵਾਂ ਨੇ ਪ੍ਰੈੱਸ ਕਾਨਫਰੰਸ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਇਹ ਟੂਰਨਾਮੈਂਟ 14 ਮਾਰਚ ਨੂੰ ਚਰਨ ਗੰਗਾ ਸਟੇਡੀਅਮ, ਸ੍ਰੀ ਆਨੰਦਪੁਰ ਸਾਹਿਬ ਵਿੱਚ ਕਰਵਾਇਆ ਜਾਵੇਗਾ। ਇਸ ਵੱਕਾਰੀ ਸਮਾਗਮ ਦੌਰਾਨ ਉੱਚ ਪੱਧਰੀ ਪੋਲੋ ਟੀਮਾਂ ਵੱਲੋਂ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਟੂਰਨਾਮੈਂਟ ਵਿੱਚ ਮਾਰਸ਼ਲ ਆਰਟਸ ਪ੍ਰਦਰਸ਼ਨੀ ਅਤੇ ਸਭਿਆਚਾਰਕ ਗਤੀਵਿਧੀਆਂ ਰਾਹੀਂ ਦਰਸ਼ਕ ਮਨੋਰੰਜਨ ਕਰਨਗੇ। ਇਹ ਪੋਲੋ ਟੂਰਨਾਮੈਂਟ ਭਾਰਤ ਵਿੱਚ ਪੋਲੋ ਅਤੇ ਹੋਰ ਘੋੜਸਵਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਪ੍ਰਮੁੱਖ ਸੰਸਥਾ 'ਦਿੱਲੀ ਪੋਲੋ ਐਂਡ ਰਾਈਡਿੰਗ ਕਲੱਬ' ਦੇ ਕਪਤਾਨ ਅਤੇ ਪ੍ਰਸਿੱਧ ਕੌਮਾਂਤਰੀ ਪੋਲੋ ਖਿਡਾਰੀ ਸੋਢੀ ਵਿਕਰਮ ਸਿੰਘ ਵੱਲੋਂ ਕਰਵਾਇਆ ਜਾ ਰਿਹਾ ਹੈ। ਆਨੰਦਪੁਰ ਸਾਹਿਬ ਹੈਰੀਟੇਜ ਫਾਊਂਡੇਸ਼ਨ ਦੇ ਮੈਨੇਜਿੰਗ ਟਰੱਸਟੀ ਸੋਢੀ ਵਿਕਰਮ ਸਿੰਘ ਨੇ ਕਿਹਾ ਕਿ ਇਹ ਸਮਾਗਮ ਪੋਲੋ ਦੇ ਰੋਮਾਂਚ ਭਰੇ ਸੁਭਾਅ ਨੂੰ ਪ੍ਰਦਰਸ਼ਿਤ ਕਰੇਗਾ।



# ਮਹਾਂਕੁੰਭ ਧਰਤੀ ਉਪਰ ਹਿੰਦੂ ਧਰਮ ਦਾ ਸਮੁੰਦਰ ਹੋ ਨਿਬੜਿਆ

- 144 ਸਾਲ ਬਾਅਦ ਆਏ ਇਸ ਮਹਾਂਕੁੰਭ 'ਚ 65 ਤੋਂ 70 ਕਰੋੜ ਸ਼ਰਧਾਲੂਆਂ ਨੇ ਇਸ਼ਨਾਨ ਕੀਤਾ
- ਹਿੰਦੂ ਧਰਮ ਵਿੱਚ ਸਦੀਆਂ ਤੋਂ ਜਾਤ-ਪਾਤ ਅਤੇ ਊਚ-ਨੀਚ ਤੋੜਦੇ ਹੋਏ
- ਤਕਰੀਬਨ ਹਰ ਜਾਤ ਤੇ ਹਰ ਦੇਸ਼ ਦੇ ਲੋਕ ਹੋਏ ਸ਼ਾਮਲ







ਪ੍ਰਯਾਗਰਾਜ/ਇੰਡੀਆ : (ਸਾਡੇ ਲੋਕ) ਪ੍ਰਯਾਗਰਾਜ ਦਾ ਮਤਲਬ ਕੁਰਬਾਨੀਆਂ ਦੀ ਧਰਤੀ ਇਹ ਉਹ ਧਰਤੀ ਹੈ ਜਿਥੇ ਹਿੰਦੂ ਧਰਮ ਮੁਤਾਬਕ ਗੰਗਾਂ ਯਮੁਨਾ ਸਰਸਵਤੀ ਇਕੱਠੀਆਂ ਹੋ ਕੇ ਤ੍ਰਿਵੈਣੀ ਦਾ ਸੰਗਮ ਬਣਾਉਂਦੀਆ। ਇਹ ਉਹ ਹੀ ਤ੍ਰਿਵੈਣੀ ਹੈ ਜਿਸ ਦਾ ਜ਼ਿਕਰ ਪੁਰਾਣਾ ਵਿਚ ਆਉਂਦਾ ਹੈ ਅਤੇ ਇਥੇ ਧਰਤੀ ਦੇ ਪਾਲਣਹਾਰ ਬ੍ਰਹਮਾ ਭਗਵਾਨ ਨੇ ਇਸ਼ਨਾਨ ਕੀਤਾ ਸੀ। ਹਿੰਦੂ ਧਰਮ ਦੇ ਇਸ ਮਹਾਨ ਪਵਿੱਤਰ ਸ਼ਹਿਰ ਅਤੇ ਇਤਿਹਾਸ ਦੀ ਮਹੱਤਤਾ ਨੂੰ ਦੇਖਦੇ ਹੋਏ ਅਤੇ ਹਿੰਦੂਆਂ ਦੀ ਆਸਥਾ ਤੇ ਚੋਟ ਕਰਦੇ ਹੋਏ ਧਾੜਵੀ ਮੁਗਲ ਬਾਦਸ਼ਾਹ ਅਕਬਰ ਨੇ ਇਸ ਦਾ ਨਾਮ ਬਦਲ ਕੇ ਅੱਲ੍ਹਾ ਦੇ ਨਾਮ 'ਤੇ ਅਲਾਹਾਬਾਦ ਰੱਖ ਦਿੱਤਾ ਸੀ। ਜਿਸ ਨੂੰ ਹਿੰਦੂ ਧਰਮ ਦੇ ਵੱਡੇ ਪੈਰੋਕਾਰ ਸੰਨਿਆਸੀ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ 443 ਸਾਲ ਬਾਅਦ ਮੁੜ ਪ੍ਰਯਾਗਰਾਜ ਰੱਖ ਦਿੱਤਾ।

ਕੁੰਭ ਦਾ ਮੇਲਾ ਹਰ 12 ਸਾਲ ਬਾਅਦ ਲੱਗਦਾ ਹੈ ਅਤੇ 12 ਕੁੰਭ ਦੇ ਮੇਲਿਆਂ ਬਾਅਦ ਮਤਲਬ 144 ਸਾਲ ਬਾਅਦ ਮਹਾਂਕੁੰਭ ਆਉਂਦਾ ਹੈ। ਹਿੰਦੂ ਧਰਮ ਦੇ ਵੇਦਾਂ ਅਤੇ ਪੁਰਾਣਾਂ ਮੁਤਾਬਿਕ ਜਦੋਂ ਦੇਵਤਿਆਂ ਅਤੇ ਰਾਖਸ਼ਾਂ ਨੇ ਸਮੁੰਦਰ ਰਿੜਕਿਆ ਤੇ ਕੁਝ ਬੂੰਦਾਂ ਚਾਰ ਜਗ੍ਹਾ ਉਪਰ ਡਿੱਗ ਪਈਆਂ, ਜਿਥੇ ਹੁਣ ਕੁੰਭ ਦਾ ਮੇਲਾ ਲੱਗਦਾ ਹੈ। ਇਨ੍ਹਾਂ ਵਿਚ ਪ੍ਰਯਾਗਰਾਜ, ਉਜੈਨ, ਨਾਸਿਕ ਅਤੇ ਹਰਿਦੁਆਰ ਸ਼ਾਮਲ ਹਨ। ਇਥੇ ਵੱਡੇ-ਵੱਡੇ ਸੰਨਿਆਸੀ ਯੋਗੀ, ਨਾਗੇ ਸਾਧ ਅਤੇ ਆਮ ਲੋਕ ਇਸ਼ਨਾਨ ਕਰਦੇ ਹਨ। ਪਹਿਲਾਂ ਸ਼ੂਦਰਾਂ ਨੂੰ ਨਾ ਉਥੇ ਜਾਣ ਅਤੇ ਨਾ ਨਹਾਉਣ ਦੀ ਆਗਿਆ ਸੀ ਪਰ ਸਮਾਂ ਬੀਤਣ ਅਤੇ ਸ਼ੂਦਰਾਂ ਦੀ ਭਾਰਤ 'ਚ ਵੱਡੀ ਗਿਣਤੀ ਹੋਣ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਹੱਥ ਸਿਆਸੀ ਤਾਕਤ ਹੋਣ ਨਾਲ ਹੁਣ ਜਾਤ-ਪਾਤ ਦਾ ਰੌਲਾ ਪਬਲਿਕ ਥਾਵਾਂ ਉਪਰ ਮੁੱਕਦਾ ਜਾ ਰਿਹਾ ਹੈ ਪਰ ਦਿਲਾਂ ਦਿਮਾਗਾਂ 'ਚ ਅੱਜ ਵੀ 5000 ਸਾਲ ਵਾਂਗ ਉਸੇ ਤਰ੍ਹਾਂ ਕਾਇਮ ਹੈ ।

ਹਜਾਰਾਂ ਸਾਲਾਂ ਤੋਂ ਹਿੰਦੂ ਧਰਮ ਮੁਤਾਬਿਕ ਭਗਤਾਂ ਸੰਗਤਾਂ, ਧਰਮ ਦੇ ਪ੍ਰੇਮੀਆਂ ਦੀ ਇਹ ਆਸਥਾ ਹੈ ਕਿ ਇਸ ਪਵਿੱਤਰ ਮਹਾਕੁੰਭ ਸਮੇਂ ਤ੍ਰਿਵੈਣੀ ਤੱਟ ਉਪਰ ਇਸ਼ਨਾਨ ਕਰਕੇ ਇਨਸਾਨ ਪਾਪ ਮੁਕਤ ਹੋ ਜਾਂਦਾ ਹੈ ਅਤੇ ਨਵਾਂ ਨਰੋਆ ਬਣਕੇ ਇੱਕ ਨਵੇਂ ਜੀਵਨ ਨਾਲ ਬਾਹਰ ਆਉਂਦਾ ਹੈ। ਪ੍ਰਮਾਤਮਾ ਉਸ ਨੂੰ ਇਕ ਮੌਕਾ ਹੋਰ ਦਿੰਦਾ ਹੈ ਕਿ ਬੰਦਿਆਂ ਤੂੰ ਅੱਜ ਵੀ ਸੁਧਰ ਜਾ ਜਿਸ ਕੰਮ ਲਈ ਤੈਨੂੰ ਮਾਤ ਲੋਕ ਭੇਜਿਆ ਹੈ ਉਹ ਕੰਮ ਕਰ ਜਿਥੋਂ ਆਇਆਂ ਤੇ ਜਿਥੇ ਜਾਣਾ ਉਸਦਾ ਧਿਆਨ ਕਰ ਤਾਂ ਤੇਰੀ ਮੁਕਤੀ ਨਿਸਚੈ ਹੈ ਨਹੀਂ ਤਾਂ ਫੇਰ 84 ਲੱਖ ਜੂਨਾਂ ਦਾ ਗੇੜ ਤਾਂ ਪੱਕਾ ਹੈ। ਇਸ ਮਹਾਂਕੁੰਭ ਦੇ ਮੇਲੇ ਉਪਰ ਤਾਂ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ ਪਰ ਅਸੀਂ 13 ਜਨਵਰੀ ਤੋਂ 25 ਫਰਵਰੀ ਤੱਕ ਹਰ ਹਫ਼ਤੇ ਕੁੰਭ ਨੂੰ 'ਸਾਡੇ ਲੋਕ' 'ਚ ਪਾਠਕਾਂ ਲਈ ਲਗਾਤਾਰ ਕਵਰ ਕਰ ਰਹੇ ਹਾਂ। ਅੱਜ ਇਸ ਮਹਾਨ ਪਵਿੱਤਰ ਤਿਉਹਾਰ ਦਾ ਆਖਰੀ ਦਿਨ ਹੈ। ਅਸੀਂ ਇਸ ਦੀ ਸਮੁੱਚੇ ਹਿੰਦੂ ਜਗਤ ਨੂੰ ਵਧਾਈ ਦਿੰਦੇ ਹਾਂ। ਪ੍ਰਮਾਤਮਾ ਹਰ ਇਕ ਨੂੰ ਉਨਤੀ ਤਰੱਕੀ ਤੇ ਖੁਸ਼ਹਾਲੀ ਬਖਸ਼ੇ ਜਿਸਨੇ ਇਸ ਵਿੱਚ ਸ਼ਾਹੀ ਇਸ਼ਨਾਨ ਕੀਤਾ ਅਤੇ ਕਿਸੇ ਕਾਰਨ ਜਿਹੜੇ ਨਹੀਂ ਵੀ ਪਹੁੰਚ ਸਕੇ ਉਹਨਾਂ ਦੀ ਅਰਦਾਸ ਵੀ ਪੂਰੀ ਕਰੇ ਇੱਕ ਵਾਰ ਫੇਰ ਅੱਜ ਇਸ ਪਵਿੱਤਰ ਦਿਨ ਅਤੇ ਮਹਾਸ਼ਿਵਰਾਤਰੀ ਦੀ ਸਮੁੱਚੇ ਹਿੰਦੂ ਜਗਤ ਨੂੰ ਲੱਖ ਲੱਖ ਵਧਾਈਆਂ।

**- ਸਤਨਾਮ ਸਿੰਘ ਖਾਲਸਾ**





ਪ੍ਰਯਾਗਰਾਜ 'ਚ ਬੁੱਧਵਾਰ ਨੂੰ ਚੱਲ ਰਹੇ 'ਮਹਾਕੁੰਭ ਮੇਲੇ 2025' ਦੇ ਆਖਰੀ ਦਿਨ 'ਮਹਾ ਸ਼ਿਵਰਾਤਰੀ' ਦੇ ਮੌਕੇ 'ਤੇ ਤ੍ਰਿਵੇਣੀ ਸੰਗਮ 'ਚ ਇਸ਼ਨਾਨ ਕਰਨ ਲਈ ਵੱਡੀ ਗਿਣਤੀ 'ਚ ਸ਼ਰਧਾਲੂ ਪਹੁੰਚੇ।





# ਅਯੁੱਧਿਆ ਰਾਮ ਮੰਦਿਰ 'ਚ ਭਗਵਾਨ ਸ਼ਿਵ ਦੀ ਪੂਜਾ ਕਰਨ ਲਈ ਸ਼ਰਧਾਲੂਆਂ ਦੀ ਭੀੜ



ਅਯੁੱਧਿਆ 'ਚ ਮਹਾ ਸ਼ਿਵਰਾਤਰੀ ਦੇ ਮੌਕੇ 'ਤੇ ਬੁੱਧਵਾਰ ਨੂੰ ਸ਼੍ਰੀ ਰਾਮ ਜਨਮ ਭੂਮੀ ਮੰਦਰ ਦੇ ਅਹਾਤੇ 'ਚ ਕੁਬੇਰ ਟਿੱਲਾ 'ਤੇ ਬਣੇ ਸ਼ਿਵ ਮੰਦਰ 'ਚ ਭਗਵਾਨ ਸ਼ਿਵ ਦੀ ਪੂਜਾ ਕਰਨ ਲਈ ਸ਼ਰਧਾਲੂਆਂ ਦੀ ਭੀੜ ਲੱਗੀ ਹੋਈ ਹੈ।

# ਗੌਤਮ ਬੁੱਧ ਨਗਰ ਦੇ ਏਡੀਜੀ ਲਕਸ਼ਮੀ ਸਿੰਘ ਯੂਪੀ ਪੁਲਿਸ ਟੀਮ ਦੇ ਖਿਡਾਰੀਆਂ ਨਾਲ ਕੀਤੀ ਗੱਲਬਾਤ



ਨਵੀਂ ਦਿੱਲੀ : ਗੌਤਮ ਬੁੱਧ ਨਗਰ ਦੇ ਏਡੀਜੀ ਲਕਸ਼ਮੀ ਸਿੰਘ ਨੇ ਨਵੀਂ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਪਹਿਲੇ ਆਲ ਇੰਡੀਆ ਪੁਲਿਸ ਟੀ-20 ਕ੍ਰਿਕਟ ਟੂਰਨਾਮੈਂਟ 2024-25 ਵਿੱਚ ਆਪਣੇ ਮੈਚ ਤੋਂ ਪਹਿਲਾਂ ਯੂਪੀ ਪੁਲਿਸ ਟੀਮ ਦੇ ਖਿਡਾਰੀਆਂ ਨਾਲ ਗੱਲਬਾਤ ਕੀਤੀ।

# ਸੰਤਾਂ ਨੇ ਮਹਿਲਾਵਾਂ ਨੂੰ ਸਮਾਜ 'ਚ ਸਨਮਾਨਯੋਗ ਸਥਾਨ ਦਿੱਤਾ: ਮੁਰਮੂ

## *ਲੋਕਾਂ ਨੂੰ ਮਹਿਲਾਵਾਂ ਦੇ ਸ਼ਕਤੀਕਰਨ ਲਈ ਯੋਗਦਾਨ ਪਾਉਣ ਦੀ ਕੀਤੀ ਅਪੀਲ*

ਛਤਰਪੁਰ (ਮੱਧ ਪ੍ਰਦੇਸ਼) : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਭਾਰਤ 'ਚ ਸੰਤਾਂ ਨੇ ਸਮਾਜ ਵਿੱਚ ਮਹਿਲਾਵਾਂ ਲਈ ਸਨਮਾਨਯੋਗ ਸਥਾਨ ਯਕੀਨੀ ਬਣਾਇਆ ਹੈ ਅਤੇ ਦੇਸ਼ ਅੱਜ 'ਮਹਿਲਾਵਾਂ ਦੇ ਵਿਕਾਸ ਤੋਂ ਮਹਿਲਾਵਾਂ ਦੀ ਅਗਵਾਈ ਹੇਠ ਵਿਕਾਸ' ਵੱਲ ਵੱਧ ਰਿਹਾ ਹੈ। ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ 'ਚ ਬਾਗੇਸ਼ਵਰ ਧਾਮ 'ਚ ਇੱਕ ਸਮੂਹਿਕ ਵਿਆਹ ਸਮਾਗਮ ਨੂੰ ਸੰਬੋਧਨ ਕਰਦਿਆਂ ਮੁਰਮੂ ਨੇ ਕਿਹਾ, 'ਸਮਕਾਲੀ ਸੰਤ ਆਤਮ ਨਿਰਭਰ, ਸਦਭਾਵਨਾ ਵਾਲੇ ਤੇ ਵਾਤਾਵਰਨ ਹਮਾਇਤੀ ਭਾਰਤ ਦੇ ਨਿਰਮਾਣ 'ਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ।' ਇਸ ਸਮੂਹਿਕ ਵਿਆਹ ਸਮਾਗਮ 'ਚ 251 ਜੋੜਿਆਂ ਦੇ ਵਿਆਹ ਕਰਵਾਏ ਗਏ। ਮੁਰਮੂ ਨੇ ਕਿਹਾ, 'ਸੰਤ ਭਾਈਚਾਰੇ ਨੇ ਸਮਾਜਿਕ ਬੁਰਾਈਆਂ ਖ਼ ?ਲਾਫ਼ ਆਵਾਜ਼ ਉਠਾ ਕੇ ਉਨ੍ਹਾਂ ਨੂੰ ਦੂਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਸਮਾਜ 'ਚ ਮਹਿਲਾਵਾਂ ਲਈ ਸਨਮਾਨਯੋਗ ਸਥਾਨ ਯਕੀਨੀ ਬਣਾਇਆ ਹੈ।' ਮੁਰਮੂ ਨੇ ਕਿਹਾ, 'ਅੱਜ ਜਦੋਂ ਸਾਡਾ ਦੇਸ਼ ਮਹਿਲਾ ਵਿਕਾਸ ਤੋਂ ਮਹਿਲਾ ਦੀ ਅਗਵਾਈ ਹੇਠ ਵਿਕਾਸ ਵੱਲ ਵੱਧ ਰਿਹਾ ਹੈ ਤਾਂ ਸਾਨੂੰ ਆਪਣੀਆਂ ਧੀਆਂ ਤੇ ਭੈਣਾਂ ਨੂੰ ਮਜ਼ਬੂਤ ਤੇ ਸਮਰੱਥ ਬਣਾਉਣ 'ਚ ਯੋਗਦਾਨ ਪਾਉਣਾ ਚਾਹੀਦਾ ਹੈ।' ਉਨ੍ਹਾਂ ਲੋਕਾਂ




ਨੂੰ ਮਹਿਲਾਵਾਂ ਦੀ ਸਿੱਖਿਆ, ਸਿਹਤ ਤੇ ਸੁਰੱਖਿਆ ਵੱਲ ਧਿਆਨ ਦੇਣ ਦੀ ਅਪੀਲ ਕੀਤੀ। ਰਾਸ਼ਟਰਪਤੀ ਨੇ ਕਿਹਾ, 'ਸਾਡੀਆਂ ਛੋਟੀਆਂ ਛੋਟੀਆਂ ਕੋਸ਼ਿਸ਼ਾਂ ਭੈਣਾਂ ਤੇ ਧੀਆਂ ਨੂੰ ਸਮਰੱਥ ਬਣਾਉਣਗੀਆਂ।' ਉਨ੍ਹਾਂ ਮਹਿਲਾਵਾਂ ਨੂੰ ਉਨ੍ਹਾਂ ਦੀ ਸਿੱਖਿਆ ਤੇ ਆਤਮ ਨਿਰਭਰਤਾ ਲਈ ਲਗਾਤਾਰ ਕੋਸ਼ਿਸ਼ਾਂ ਕਰਨ ਦੀ ਸਲਾਹ ਦਿੱਤੀ। ਮੁਰਮੂ ਨੇ ਕਿਹਾ ਕਿ ਭਾਰਤੀ ਪਰੰਪਰਾ 'ਚ ਸੰਤਾਂ ਨੇ ਸਦੀਆਂ ਤੋਂ ਆਪਣੇ ਕਰਮ ਤੇ ਬਾਣੀ ਰਾਹੀਂ ਮਨੁੱਖਤਾ ਨੂੰ ਰਾਹ ਦਿਖਾਇਆ ਹੈ ਅਤੇ ਉਨ੍ਹਾਂ ਸਮਾਜ 'ਚ ਫੈਲੇ ਅੰਧ ਵਿਸ਼ਵਾਸਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਹੈ, ਛੂਆ-ਛੂਤ ਅਤੇ ਉੱਚੇ-ਨੀਵੇਂ ਦੇ ਭੇਦਭਾਵ ਨੂੰ ਦੂਰ ਕਰਨ ਦੀ ਸਿੱਖਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ, ਸੰਤ ਰਵਿਦਾਸ, ਸੰਤ ਕਬੀਰ ਦਾਸ, ਮੀਰਾ ਬਾਈ ਤੇ ਸੰਤ ਤੁਕਾਰਾਮ ਸਾਰਿਆਂ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਲੋਕਾਂ ਨੂੰ ਸਹੀ ਰਾਹ 'ਤੇ ਚੱਲਣ ਲਈ ਪ੍ਰੇਰਿਆ ਹੈ। ਸਮੂਹਿਕ ਵਿਆਹ ਸਮਾਗਮ ਕਰਾਉਣ ਲਈ ਬਾਗੇਸ਼ਵਰ ਧਾਮ ਦੀ ਸ਼ਲਾਘਾ ਕਰਦਿਆਂ ਮੁਰਮੂ ਨੇ ਕਿਹਾ ਕਿ ਇਨ੍ਹਾਂ ਮਹਿਲਾਵਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਿਲਾਈ ਮਸ਼ੀਨ ਤੇ ਹੋਰ ਜ਼ਰੂਰੀ ਸਾਮਾਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਵੀ ਹਾਜ਼ਰ ਸਨ।

# ਅਮਰੀਕਾ 'ਚ ਫਿੰਗਰ ਪ੍ਰਿੰਟ ਤੇ ਰਜਿਸਟ੍ਰੇਸ਼ਨ ਨਾ ਕਰਵਾਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਮਿਲੇਗੀ ਸਜ਼ਾ

ਵਾਸ਼ਿੰਗਟਨ : ਅਮਰੀਕਾ 'ਚ ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਲਗਾਤਾਰ ਸਖ਼ਤ ਰੁਖ ਅਪਣਾ ਰਿਹਾ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਰਹਿਣ ਵਾਲੇ ਸਾਰੇ ਲੋਕਾਂ ਲਈ ਰਜਿਸਟਰੀ ਦਫ਼ਤਰ ਬਣਾ ਰਿਹਾ ਹੈ ਅਤੇ ਜੋ ਲੋਕ ਇਨ੍ਹਾਂ ਦਫ਼ਤਰਾਂ 'ਚ ਸਵੈ-ਰਿਪੋਰਟ ਨਹੀਂ ਕਰਨਗੇ, ਉਨ੍ਹਾਂ ਨੂੰ ਜੁਰਮਾਨੇ ਜਾਂ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗ੍ਰਹਿ ਸੁਰੱਖਿਆ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਕਿ ਹਰ ਕੋਈ ਜੋ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਹੈ, ਉਸ ਨੂੰ ਰਜਿਸਟਰ ਕਰਨਾ, ਫਿੰਗਰਪ੍ਰਿੰਟ ਦੇਣਾ ਅਤੇ ਪਤਾ ਦੇਣਾ ਲਾਜ਼ਮੀ ਹੈ ਅਤੇ ਇਹ ਆਦੇਸ਼ 14 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ 'ਤੇ ਲਾਗੂ ਹੋਵੇਗਾ। ਬਿਆਨ 'ਚ ਕਿਹਾ ਗਿਆ ਹੈ ਕਿ ਇਕ ਪ੍ਰਵਾਸੀ ਦਾ ਰਜਿਸਟਰ ਕਰਨ 'ਚ ਅਸਫ਼ਲ ਹੋਣਾ ਇਕ ਅਪਰਾਧ ਹੈ, ਜਿਸ ਦੇ ਨਤੀਜੇ ਵਜੋਂ ਜੁਰਮਾਨਾ, ਕੈਦ ਜਾਂ ਦੋਵੇਂ ਹੋ ਸਕਦੇ ਹਨ। ਅਮਰੀਕਾ ਨਾਗਰਿਕਤਾ ਅਤੇ ਪ੍ਰਵਾਸੀ ਸੇਵਾ ਦੀ ਵੈੱਬਸਾਈਟ 'ਚ ਦੱਸਿਆ ਗਿਆ ਹੈ ਕਿ ਉਹ ਰਜਿਸਟ੍ਰੇਸ਼ਨ ਲਈ ਜਲਦੀ ਹੀ ਇਕ ਫਾਰਮ ਤਿਆਰ ਕਰੇਗਾ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ



ਨੇ 20 ਜਨਵਰੀ ਨੂੰ ਆਪਣੇ ਸਹੁੰ ਚੁੱਕ ਸਮਾਗਮ ਦੌਰਾਨ ਪ੍ਰਵਾਸ ਸੰਬੰਧੀ 10 ਕਾਰਜਕਾਰੀ ਆਦੇਸ਼ ਜਾਰੀ ਕੀਤੇ ਸਨ, ਜਿਸ 'ਚੋਂ ਇਕ 'ਚ ਰਜਿਸਟਰੀ ਬਣਾਉਣ ਦੀ ਗੱਲ ਵੀ ਕੀਤੀ ਗਈ ਸੀ। ਹਾਲਾਂਕਿ, ਇਹ ਸਪਸ਼ਟ ਨਹੀਂ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਰੂਪ ਨਾਲ ਰਹਿ ਰਹੇ ਲੋਕ ਸਵੈ-ਇੱਛਾ ਨਾਲ ਸੰਘੀ ਸਰਕਾਰ ਨੂੰ ਇਹ ਜਾਣਕਾਰੀ ਦੇਣਗੇ ਕਿ ਉਹ ਕੌਣ ਹਨ ਅਤੇ ਕਿਥੇ ਰਹਿ ਰਹੇ ਹਨ। ਇਸੇ ਵਿਚਕਾਰ ਵਾਈਟ ਹਾਊਸ ਨੇ ਦਾਅਵਾ ਕੀਤਾ ਹੈ ਕਿ ਅਮਰੀਕੀ ਸਰਹੱਦ ਤੋਂ ਗੈਰ-ਕਾਨੂੰਨੀ ਰੂਪ ਨਾਲ ਦਾਖਲ ਹੋਣ ਦੇ ਮਾਮਲਿਆਂ 'ਚ ਵਰਣਨਯੋਗ ਕਮੀ ਆਈ ਹੈ ਅਤੇ ਇਹ ਪਿਛਲੇ 15 ਸਾਲਾਂ 'ਚ ਸਭ ਤੋਂ ਘੱਟ ਹੈ।

# 44 ਕਰੋੜ ਰੁਪਏ 'ਚ ਮਿਲੇਗੀ ਅਮਰੀਕੀ ਨਾਗਰਿਕਤਾ : ਟਰੰਪ

## 'ਮੇਕ ਅਮਰੀਕਾ ਗ੍ਰੇਟ ਅਗੇਨ' ਤਹਿਤ ਕੀਤਾ ਗੋਲਡ ਕਾਰਡ ਦਾ ਐਲਾਨ

ਸਾਨ ਫਰਾਂਸਿਸਕੋ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਗਰਿਕਤਾ ਲਈ ਨਵੇਂ ਵੀਜ਼ਾ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਇਥੇ ਵ੍ਹਾਈਟ ਹਾਊਸ ਦੇ ਓਵਲ ਆਫਿਸ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ 'ਮੇਕ ਅਮਰੀਕਾ ਗਰੇਟ ਅਗੇਨ' ਦੇ ਨਾਅਰੇ ਤਹਿਤ 'ਗਰੀਨ ਕਾਰਡ' ਦੀ ਤਰਜ਼ 'ਤੇ 'ਗੋਲਡ ਕਾਰਡ' ਵੇਚਣ ਦਾ ਐਲਾਨ ਕੀਤਾ ਹੈ। ਪਿਛਲੀ ਯੋਜਨਾ ਈ.ਬੀ.-5 ਵੀਜ਼ਾ ਪ੍ਰੋਗਰਾਮ ਜੋ ਕਿ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦਾ ਸਭ ਤੋਂ ਆਸਾਨ ਰਸਤਾ ਹੈ, ਲਈ ਲੋਕਾਂ ਨੂੰ ਲਗਭਗ 8.75 ਕਰੋੜ ਰੁਪਏ ਦੇਣੇ ਪੈਂਦੇ ਹਨ। ਇਸਦੇ ਮੁਕਾਬਲੇ ਇਸ ਵਾਰ ਟਰੰਪ ਨਾਗਰਿਕਤਾ ਦੇਣ ਦੇ ਬਦਲੇ 5 ਗੁਣਾ ਜ਼ਿਆਦਾ ਪੈਸੇ ਵਸੂਲਣ ਦੀ ਤਿਆਰੀ 'ਚ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਗੋਲਡ ਕਾਰਡ ਨੂੰ 44 ਕਰੋੜ ਰੁਪਏ 'ਚ ਖਰੀਦਿਆ ਜਾ ਸਕਦਾ ਹੈ। ਗੋਲਡ ਕਾਰਡ ਨੂੰ ਈ.ਬੀ.-5 ਵੀਜ਼ਾ ਪ੍ਰੋਗਰਾਮ ਦਾ ਵਿਕਲਪ ਦੱਸਦਿਆਂ ਉਨ੍ਹਾਂ ਕਿਹਾ ਕਿ ਉਹ ਭਵਿੱਖ 'ਚ 10 ਲੱਖ ਗੋਲਡ ਕਾਰਡ ਵੇਚਣ ਦਾ ਟਿੱਚਾ ਲੈ ਕੇ ਚੱਲ ਰਹੇ ਹਨ। ਟਰੰਪ ਨੇ ਕਿਹਾ ਕਿ ਇਹ ਵੀਜ਼ਾ ਕਾਰਡ ਅਮਰੀਕੀ ਨਾਗਰਿਕਤਾ ਦਾ ਰਾਹ ਖੋਲ੍ਹੇਗਾ। ਵੀਜ਼ਾ ਪ੍ਰੋਗਰਾਮ ਨਾਲ ਸੰਬੰਧਿਤ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕਰਦੇ ਹੋਏ ਟਰੰਪ ਨੇ ਕਿਹਾ ਕਿ ਗੋਲਡ ਕਾਰਡ ਨਾਗਰਿਕਾਂ




ਨੂੰ ਗ੍ਰੀਨ ਕਾਰਡ ਵਰਗੇ ਵਿਸ਼ੇਸ਼ ਅਧਿਕਾਰ ਦੇਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ 2 ਹਫ਼ਤਿਆਂ 'ਚ ਸ਼ੁਰੂ ਹੋਣ ਦੀ ਉਮੀਦ ਹੈ। ਟਰੰਪ ਨੇ ਇਹ ਵੀ ਕਿਹਾ ਕਿ ਨਵੀਂ ਯੋਜਨਾ ਬਾਰੇ ਵੇਰਵੇ ਜਲਦੀ ਹੀ ਆਉਣਗੇ। ਇਸ ਦੌਰਾਨ, ਵਪਾਰਕ ਸਕੱਤਰ ਹਾਵਰਡ ਲੁਟਨਿਕ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਉਨ੍ਹਾਂ ਕਿਹਾ ਕਿ ਨਵਾਂ ਵੀਜ਼ਾ ਪ੍ਰੋਗਰਾਮ ਦੇਸ਼ 'ਚ ਨਿਵੇਸ਼ ਵਧਾਏਗਾ। ਪੱਤਰਕਾਰਾਂ ਨੇ ਜਦੋਂ ਟਰੰਪ ਨੂੰ ਸਵਾਲ ਕੀਤਾ ਕਿ ਕੀ ਰੂਸ ਦੇ ਧਨਾਡ ਅਰਬਪਤੀ ਲੋਕ ਵੀ ਅਮਰੀਕੀ ਨਾਗਰਿਕਤਾ ਹਾਸਿਲ ਕਰਨ ਲਈ ਇਹ ਤਰੀਕਾ ਅਪਣਾ ਸਕਦੇ ਹਨ ਤਾਂ ਟਰੰਪ ਨੇ ਕਿਹਾ ਕਿ ਮੈਂ ਰੂਸ ਦੇ ਬਹੁਤ ਸਾਰੇ ਅਮੀਰਾਂ ਨੂੰ ਜਾਣਦਾ ਹਾਂ ਜੋ ਬਹੁਤ ਚੰਗੇ ਹਨ ਤੇ ਉਹ 'ਗੋਲਡ ਕਾਰਡ' ਵੀ ਲੈ ਸਕਣਗੇ। ਟਰੰਪ ਨੇ ਦਾਅਵਾ ਕੀਤਾ ਕਿ ਅਜਿਹਾ ਹੋਣ ਨਾਲ ਅਮਰੀਕਾ ਸੱਚਮੁੱਚ ਹੋਰ ਗ੍ਰੇਟ ਬਣੇਗਾ ਤੇ ਇਹ ਯੋਜਨਾ ਪੂਰੀ ਤਰਾਂ ਸਫਲ ਹੋਵੇਗੀ।



ਮੰਗਲਵਾਰ ਨੂੰ ਮੰਡੀ ਵਿੱਚ ਮਹਾਂ ਸ਼ਿਵਰਾਤਰੀ ਤਿਉਹਾਰ ਤੋਂ ਪਹਿਲਾਂ ਕੱਢੇ ਗਏ ਧਾਰਮਿਕ ਜਲੂਸ ਦੌਰਾਨ ਸ਼ਰਧਾਲੂ ਪਾਲਕੀ ਲੈ ਕੇ ਜਾਂਦੇ ਹੋਏ।

# ਪੰਜਾਬ ਸਰਕਾਰ ਨੇ ਮੁੱਖ ਵਿਸ਼ੇ ਵਜੋਂ ਪੰਜਾਬੀ ਲਾਜ਼ਮੀ ਕੀਤੀ

## • ਸੀਬੀਐੱਸਈ ਦੇ ਕਦਮ ਮਗਰੋਂ ਪੰਜਾਬ ਵੱਲੋਂ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ : ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐੱਸਈ) ਵੱਲੋਂ ਨਵਾਂ ਪ੍ਰੀਖਿਆ ਪ੍ਰਬੰਧ ਲਿਆ ਕੇ ਖੇਤਰੀ ਭਾਸ਼ਾਵਾਂ 'ਚੋਂ ਪੰਜਾਬੀ ਨੂੰ ਦਰਕਿਨਾਰ ਕੀਤੇ ਜਾਣ ਨਾਲ ਪੰਜਾਬ ਵਿੱਚ ਸਿਆਸੀ ਵਿਵਾਦ ਪੈਦਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਫ਼ੌਰੀ ਇਸ ਕੇਂਦਰੀ ਫ਼ੈਸਲੇ ਨੂੰ ਪੰਜਾਬੀ 'ਤੇ ਹਮਲਾ ਦੱਸਿਆ ਹੈ ਜਦੋਂ ਕਿ ਵਿਰੋਧੀ ਧਿਰਾਂ ਨੇ ਵੀ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਸਿਆਸੀ ਰੌਲਾ-ਰੱਪਾ ਪੈਣ ਮਗਰੋਂ ਸੀਬੀਐੱਸਈ ਨੇ ਸਪੱਸ਼ਟ ਕੀਤਾ ਹੈ ਕਿ ਦਸਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਖਰੜਾ ਮਾਪਦੰਡ ਸਿਰਫ਼ ਸੰਕੇਤਕ ਹਨ ਅਤੇ ਕਿਸੇ ਵੀ ਵਿਸ਼ੇ ਨੂੰ ਛੱਡਿਆ ਨਹੀਂ ਜਾਵੇਗਾ। ਇਸ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵੱਲੋਂ ਆਪਣੀ ਸਿੱਖਿਆ ਨੀਤੀ ਲਿਆਂਦੀ ਜਾਵੇਗੀ ਅਤੇ ਇਸ ਮੰਤਵ ਲਈ ਜਲਦੀ ਹੀ ਮਾਹਿਰਾਂ ਦੀ ਇੱਕ ਕਮੇਟੀ ਬਣਾਈ ਜਾਵੇਗੀ। ਪੰਜਾਬ ਸਰਕਾਰ ਨੇ ਪੰਜਾਬੀ 'ਤੇ ਕੇਂਦਰੀ ਹੱਲੇ ਦਾ ਵਿਰੋਧ ਵੀ ਕੀਤਾ ਅਤੇ ਨਾਲ ਹੀ ਅੱਜ ਇੱਕ ਨੋਟੀਫ਼ਿਕੇਸ਼ਨ ਜਾਰੀ ਕਰਕੇ ਸੂਬੇ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਮੁੱਖ ਵਿਸ਼ਾ ਬਣਾ ਦਿੱਤਾ ਹੈ, ਭਾਵੇਂ ਸਕੂਲ ਕਿਸੇ ਵੀ ਵਿਦਿਅਕ ਬੋਰਡ ਨਾਲ ਸਬੰਧਤ ਰੱਖਦਾ ਹੋਵੇ। ਇਸ ਨੋਟੀਫ਼ਿਕੇਸ਼ਨ ਮੁਤਾਬਕ ਪੰਜਾਬੀ ਨੂੰ ਮੁੱਖ ਵਿਸ਼ੇ ਵਜੋਂ ਨਾ ਪੜ੍ਹਾਉਣ ਵਾਲੇ ਸਕੂਲਾਂ ਦੇ




ਸਰਟੀਫਿਕੇਟਾਂ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇੱਥੇ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਕਿ ਸੀਬੀਐੱਸਈ ਦੇ ਨਵੇਂ ਵਿਦਿਅਕ ਪੈਟਰਨ ਰਾਹੀਂ ਪੰਜਾਬੀ ਨੂੰ ਮਨਫ਼ੀ ਕਰਨ ਦੀ ਇਹ ਇੱਕ ਕੋਝੀ ਚਾਲ ਚੱਲੀ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਨੀਤੀ ਦੇ ਖਰੜੇ ਵਿੱਚ ਪੰਜਾਬੀ ਨੂੰ ਨਜ਼ਰਅੰਦਾਜ਼ ਕੀਤੇ ਜਾਣ ਨੂੰ ਲੈ ਕੇ ਉਹ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਪੱਤਰ ਲਿਖਣਗੇ ਤਾਂ ਜੋ ਸਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਸੂਬਿਆਂ ਦੇ ਹੱਕਾਂ ਅਤੇ ਸੰਘੀ ਢਾਂਚੇ ਦੀ ਉਲੰਘਣਾ ਹੈ ਅਤੇ ਦੇਸ਼ ਦੀ ਭਾਸ਼ਾਈ ਵਿਭਿੰਨਤਾ 'ਤੇ ਸਿੱਧਾ ਹਮਲਾ ਹੈ। ਉਹ ਆਪਣੇ ਦੇਸ਼ 'ਤੇ ਇੱਕ ਵਿਚਾਰਧਾਰਾ ਥੋਪਣ ਦੀ ਇਸ ਕੋਝੀ ਚਾਲ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਮੰਗ ਕੀਤੀ ਕਿ ਪੰਜਾਬੀ ਸਮੇਤ ਸਾਰੀਆਂ ਭਾਸ਼ਾਵਾਂ ਨੂੰ ਬਣਦਾ ਮਹੱਤਵ ਅਤੇ ਸਤਿਕਾਰ ਦਿੱਤਾ ਜਾਵੇ। ਬੈਂਸ ਨੇ ਅੱਜ ਇੱਥੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੋਹਾਲੀ ਦੇ ਪ੍ਰਾਈਵੇਟ ਸਕੂਲ 'ਐਮਿਟੀ ਇੰਟਰਨੈਸ਼ਨਲ ਸਕੂਲ' ਨੂੰ ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਲੈਂਗੂਏਜਿਜ਼ ਐਕਟ, 2008 ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣ 'ਤੇ 50,000 ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਸ ਐਕਟ ਦੀ ਉਲੰਘਣਾ ਕਰਨ ਲਈ ਜਲੰਧਰ ਦੇ ਦੋ ਸਕੂਲਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਗਈ ਸੀ।

## ਸੀ.ਬੀ.ਆਈ.ਈ. ਵਲੋਂ ਪੰਜਾਬੀ ਭਾਸ਼ਾ ਨੂੰ ਪ੍ਰੀਖਿਆ ਵਿਚ ਸ਼ਾਮਲ ਨਾ ਕਰਨ ਦਾ ਮਾਮਲਾ ਭਰਿਆ

ਚੰਡੀਗੜ੍ਹ : ਸੀਬੀਐਸਈ ਵਲੋਂ ਪ੍ਰੀਖਿਆਵਾਂ 'ਚੋਂ ਪੰਜਾਬੀ ਭਾਸ਼ਾ ਨੂੰ ਸ਼ਾਮਲ ਨਾ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਉਣ ਬਾਅਦ ਪੰਜਾਬ 'ਚ ਇਹ ਮਾਮਲਾ ਭਖ ਗਿਆ ਹੈ। ਪੰਜਾਬ ਸਰਕਾਰ ਤੋਂ ਇਲਾਵਾ ਸੂਬੇ ਦੀਆਂ ਵਿਰੋਧੀ ਪਾਰਟੀਆਂ ਨੇ ਇਸ ਵਿਰੁੱਧ ਸਖ਼ਤ ਰੋਸ ਪ੍ਰਗਟ ਕਰਦੇ ਹੋਏ ਭਾਜਪਾ ਉਪਰ ਪੰਜਾਬ ਤੇ ਪੰਜਾਬੀ ਵਿਰੋਧੀ ਹੋਣ ਦੇ ਦੋਸ਼ ਲਾਏ ਹਨ। ਉਧਰ ਮਾਮਲਾ ਭਖ ਜਾਣ ਤੋਂ ਬਾਅਦ ਸੀਬੀਐਸਈ ਨੂੰ ਵੀ ਸਪਸ਼ਟੀਕਰਨ ਦੇਣਾ ਪਿਆ ਹੈ। ਉਧਰ ਭਾਜਪਾ ਦੇ ਬੁਲਾਰੇ ਅਨਿਲ ਸਰੀਨ ਨੇ ਇਸ ਨੂੰ ਤਕਨੀਕੀ ਗਲਤੀ ਦੱਸਦੇ ਹੋਏ ਸਿਆਸੀ ਪਾਰਟੀਆਂ ਨੂੰ ਇਸ ਉਪਰ ਰਾਜਨੀਤੀ ਨਾ ਕਰਨ ਲਈ ਕਿਹਾ ਹੈ। ਸੂਬੇ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਇਸ ਬਾਰੇ ਸਖ਼ਤ ਪ੍ਰਤੀਕਰਮ ਦਿੰਦੇ ਹੋਏ ਕਿਹਾ ਕਿ ਇਸ ਨਾਲ ਕੇਂਦਰ ਸਰਕਾਰ ਦੀ ਭਾਜਪਾ ਸਰਕਾਰ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਰੋਧੀ ਚਿਹਰਾ ਇਕ ਵਾਰ ਫੇਰ ਬੇਨਕਾਬ ਹੋਇਆ ਹੈ। ਉਨ੍ਹਾਂ ਕਿਹਾ ਕਿ ਸੀਬੀਐਸਈ ਦੇ ਹੁਕਮਾਂ ਪਿਛੇ ਭਾਜਪਾ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਸੀਬੀਐਸਈ ਨੇ 10ਵੀਂ ਜਮਾਤ ਲਈ ਇਮਤਿਹਾਨਾਂ ਦੇ ਪੈਟਰਨ 'ਚ ਪੰਜਾਬੀ ਨੂੰ ਬਿਲਕੁਲ ਅਣਗੌਲਿਆ ਕਰ ਦਿੱਤਾ ਹੈ। ਇਹ ਦੇਸ਼ ਦੇ ਫੈਡਰਲ ਸਿਸਟਮ ਉਪਰ ਵੀ ਸਿੱਧਾ ਹਮਲਾ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਪੰਜਾਬੀ ਦਾ ਸਨਮਾਨ ਬਹਾਲ ਕਰਨ ਅਤੇ ਸੀਬੀਐਸਈ 'ਚ ਪੰਜਾਬੀ ਨੂੰ ਪਹਿਲਾਂ ਵਾਂਗ ਸ਼ਾਮਲ ਕਰਨ ਲਈ ਤੁਰੰਤ ਕਦਮ ਚੁੱਕੇ।


## ਜਨਰਲ ਉਪੇਂਦਰ ਦਿਵੇਦੀ ਨੇ ਫਿਊਚਰ ਕੰਬੈਟ ਕਮਾਂਡ ਦਾ ਕੀਤਾ ਦੌਰਾ



ਪੈਰਿਸ : ਫੌਜ ਮੁਖੀ (ਸੀਓਏਐਸ) ਜਨਰਲ ਉਪੇਂਦਰ ਦਿਵੇਦੀ ਮੰਗਲਵਾਰ ਨੂੰ ਪੈਰਿਸ ਵਿੱਚ ਫਿਊਚਰ ਕੰਬੈਟ ਕਮਾਂਡ (ਸੀ.ਸੀ.ਐਫ.) ਦੇ ਦੌਰੇ ਦੌਰਾਨ ਜਨਰਲ ਪੀਅਰੇ ਸ਼ਿਲ, ਸੇਮਟ (ਫਰੈਂਚ ਆਰਮੀ ਚੀਫ) ਦੇ ਨਾਲ।

## ਅਮਰੀਕਾ 'ਚ ਔਰਤ ਨੂੰ ਬੰਧਕ ਬਣਾਉਣ ਉਪਰੰਤ ਹੋਈ ਗੋਲੀਬਾਰੀ 'ਚ ਇਕ ਪੁਲਿਸ ਵਾਲੇ ਦੀ ਮੌਤ-5 ਹੋਰ ਜ਼ਖ਼ਮੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਪੈਨਸਿਲਵਾਨੀਆ ਵਿਚ ਯਾਰਕ ਵਿਖੇ ਯੂ.ਪੀ.ਐਮ.ਸੀ. ਮੈਮੋਰੀਅਲ ਹਸਪਤਾਲ ਵਿਚ ਇਕ ਔਰਤ ਮੁਲਾਜਮ ਨੂੰ ਬੰਧਕ ਬਣਾ ਲੈਣ ਉਪਰੰਤ ਹੋਈ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਦੀ ਮੌਤ ਹੋਣ ਤੇ 2 ਪੁਲਿਸ ਅਫਸਰਾਂ ਸਮੇਤ 5 ਹੋਰਨਾਂ ਦੇ ਜ਼ਖ਼ਮੀ ਹੋ ਜਾਣ ਦੀ ਖ਼ਬਰ ਹੈ। ਦੁਵੱਲੀ ਗੋਲੀਬਾਰੀ ਦੌਰਾਨ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ, ਜਿਸ ਦੀ ਪਛਾਣ ਡਿਓਜੈਨਸ ਆਰਕਐਂਗਲ ਓਰਟਿਜ ਵਜੋਂ ਹੋਈ ਹੈ। ਯਾਰਕ ਕਾਊਂਟੀ ਡਿਸਟਿ?ਕਟ




ਅਟਾਰਨੀ ਟਿਮ ਬਾਰਕਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਖ਼ਮੀ ਹੋਏ 2 ਪੁਲਿਸ ਅਫਸਰਾਂ ਦੀ ਹਾਲਤ ਸਥਿਰ ਹੈ। ਬਾਕੀ ਜ਼ਖ਼ਮੀਆਂ ਵਿਚ ਇਕ ਡਾਕਟਰ, ਇਕ ਨਰਸ ਤੇ ਇਕ ਹੋਰ ਮੁਲਾਜ਼ਮ ਸ਼ਾਮਿਲ ਹੈ।

## ਬੋਰਡ ਪ੍ਰੀਖਿਆਵਾਂ ਦੀ ਸੂਚੀ ਵਿੱਚੋਂ ਪੰਜਾਬੀ ਖੇਤਰੀ ਭਾਸ਼ਾ ਨੂੰ ਹਟਾਉਣਾ ਪੰਜਾਬ ਅਤੇ ਸਾਡੀ ਮਾਂ ਬੋਲੀ 'ਤੇ ਵੱਡਾ ਹਮਲਾ ਹੈ: ਸਰਦਾਰ ਪ੍ਰਗਟ ਸਿੰਘ

### ਸਰਕਾਰ ਨੂੰ ਨਵੀਂ ਸਿੱਖਿਆ ਨੀਤੀ ਰੱਦ ਕਰਨ ਦੀ ਅਪੀਲ

ਚੰਡੀਗੜ੍ਹ : ਕੇਂਦਰ ਸਰਕਾਰ ਦੀ ਰਾਸ਼ਟਰੀ ਸਿੱਖਿਆ ਨੀਤੀ ਦਾ ਨਤੀਜਾ ਹੈ ਕਿ ਸੀਬੀਐਸਈ ਨੇ 10ਵੀਂ ਅਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਲਈ ਭਾਸ਼ਾਵਾਂ ਦੀ ਸੂਚੀ ਵਿੱਚੋਂ ਪੰਜਾਬੀ ਨੂੰ ਖੇਤਰੀ ਭਾਸ਼ਾ ਵਜੋਂ ਹਟਾ ਦਿੱਤਾ ਹੈ। ਇਹ ਪੰਜਾਬ ਅਤੇ ਸਾਡੀ ਮਾਂ ਬੋਲੀ 'ਤੇ ਵੱਡਾ ਹਮਲਾ ਹੈ। ਰਾਜਾਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੀਆਂ ਸਿੱਖਿਆ ਪ੍ਰਣਾਲੀਆਂ ਨੂੰ ਕਮਜ਼ੋਰ ਕਰਨ ਦੀ ਆਰਐਸਐਸ ਦੀ ਮਾਨਸਿਕਤਾ ਦੇ ਵਿਰੁੱਧ, ਮੈਂ ਇਸ ਨੀਤੀ ਨੂੰ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਸੀ। ਬਦਕਿਸਮਤੀ ਨਾਲ ਭਗਵੰਤ ਮਾਨ ਸਰਕਾਰ ਵਿਧਾਨ ਸਭਾ 'ਚ ਇਸ ਮੁੱਦੇ 'ਤੇ ਚੁੱਪ ਰਹੀ। ਇਹ ਸਪੱਸ਼ਟ ਹੈ ਕਿ ਦੋਵੇਂ ਬੀਜੇਪੀ ਅਤੇ ਆਮ ਆਦਮੀ ਪਾਰਟੀ ਮਿਲ ਕੇ ਪੰਜਾਬ 'ਤੇ ਇਸ ਤਰ੍ਹਾਂ ਹਮਲਾ ਕਰ ਰਹੇ ਹਨ। ਮੈਂ ਇਸ ਦਾ ਸਖ਼ਤ ਵਿਰੋਧ ਕਰਦਾ ਹਾਂ ਅਤੇ ਸਾਰੇ ਪੰਜਾਬੀਆਂ ਨੂੰ ਇੱਕਜੁੱਟ ਹੋ ਕੇ ਇਸ ਹਮਲੇ ਦਾ ਟਾਕਰਾ ਕਰਨ ਦੀ ਅਪੀਲ ਕਰਦਾ ਹਾਂ।



ਕਾਂਗਰਸ ਆਗੂ ਪਰਗਟ ਸਿੰਘ ਨੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਪੰਜਾਬ ਸਰਕਾਰ ਨੂੰ ਨਵੀਂ ਸਿੱਖਿਆ ਨੀਤੀ (ਐਨ.ਈ.ਪੀ.) ਨੂੰ ਰੱਦ ਕਰਨ ਦਾ ਸੱਦਾ ਦਿੱਤਾ। ਉਸਨੇ ਨੀਤੀ ਦੀ ਆਲੋਚਨਾ ਕਰਦੇ ਹੋਏ ਦੋਸ਼ ਲਗਾਇਆ ਕਿ ਇਹ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੁਆਰਾ ਸਿੱਖਿਆ ਪ੍ਰਣਾਲੀ 'ਤੇ ਕਬਜ਼ਾ ਕਰਨ ਅਤੇ ਰਾਜਨੀਤਿਕ ਲਾਭ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਸੀ। ਵਿਧਾਨ ਸਭਾ ਵਿੱਚ ਬੋਲਦਿਆਂ ਪ੍ਰਗਟ ਸਿੰਘ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੂੰ ਐਨਈਪੀ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੁਆਰਾ ਪੇਸ਼ ਕੀਤੇ ਗਏ ਨਵੇਂ ਨਿਯਮਾਂ ਦਾ ਵਿਰੋਧ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦਲੀਲ ਦਿੱਤੀ ਕਿ ਨੀਤੀ ਨਾ ਸਿਰਫ਼ ਸਿੱਖਿਆ ਖੇਤਰ ਲਈ ਖਤਰਾ ਪੈਦਾ ਕਰਦੀ ਹੈ ਸਗੋਂ ਰਾਜਾਂ ਦੇ ਅਧਿਕਾਰਾਂ ਦੀ ਵੀ ਉਲੰਘਣਾ ਕਰਦੀ ਹੈ।

ਪਰਗਟ ਸਿੰਘ ਨੇ ਕਿਹਾ ਕਿ ਸਿੱਖਿਆ 'ਤੇ ਕਬਜ਼ਾ ਕਰਨ ਦੀ ਆਰਐਸਐਸ ਦੀ ਨੀਤੀ, ਜੋ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਨਸਿਕਤਾ ਨੂੰ ਆਪਣੇ ਵੋਟ ਬੈਂਕ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ, ਨਾ ਸਿਰਫ ਸਿੱਖਿਆ ਖੇਤਰ ਨੂੰ, ਬਲਕਿ ਰਾਜਾਂ ਦੇ ਅਧਿਕਾਰਾਂ ਨੂੰ ਵੀ ਖ਼ਤਰੇ ਵਿੱਚ ਪਾ ਰਹੀ ਹੈ। ਉਸਨੇ ਅੱਗੇ ਦੱਸਿਆ ਕਿ ਛੇ ਰਾਜ ਪਹਿਲਾਂ ਹੀ ਐਨਈਪੀ ਨੂੰ ਰੱਦ ਕਰ ਚੁੱਕੇ ਹਨ ਅਤੇ ਪੰਜਾਬ ਨੂੰ ਇਸ ਦੀ ਪਾਲਣਾ ਚਾਹੀਦੀ ਹੈ। "ਮੈਂ ਭਗਵੰਤ ਮਾਨ ਸਰਕਾਰ ਅਤੇ ਸਿੱਖਿਆ ਮੰਤਰੀ ਨੂੰ ਵਿਧਾਨ ਸਭਾ ਵਿੱਚ ਨਵੀਂ ਸਿੱਖਿਆ ਨੀਤੀ ਅਤੇ ਨਵੇਂ ਯੂਜੀਸੀ ਨਿਯਮਾਂ ਨੂੰ ਰੱਦ ਕਰਨ ਅਤੇ ਭਾਜਪਾ 'ਤੇ ਦਬਾਅ ਬਣਾਉਣ ਦੀ ਬੇਨਤੀ ਕਰਦਾ ਹਾਂ।

## ਕਸ਼ਮੀਰੀ ਪੰਡਤਾਂ ਨੇ ਪੂਰਨ ਕ੍ਰਿਸ਼ਨ ਭੱਟ ਦੀ ਹੱਤਿਆ ਦਾ ਵਿਰੋਧ ਕੀਤਾ ਪ੍ਰਦਰਸ਼ਨ




ਜੰਮੂ : ਜੰਮੂ ਦੇ ਸ਼ੋਪੀਆਂ 'ਚ ਕਸ਼ਮੀਰੀ ਪੰਡਿਤ ਪੂਰਨ ਕ੍ਰਿਸ਼ਨ ਭੱਟ ਦੀ ਹੱਤਿਆ ਦੇ ਵਿਰੋਧ 'ਚ ਸ਼ਨੀਵਾਰ ਨੂੰ ਕਸ਼ਮੀਰੀ ਪੰਡਤਾਂ ਨੇ ਪ੍ਰਦਰਸ਼ਨ ਕੀਤਾ।

# ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਜਿਊਂਦੇ ਜਾਗਦੇ ਲੋਕਾਂ ਦੀ ਨਿਸ਼ਾਨੀ

## ਡੀਐਮਕੇ ਵਲੋਂ ਤਾਮਿਲਨਾਡ ਉਪਰ 'ਹਿੰਦੀ ਥੋਪਣ' ਨੂੰ ਲੈ ਕੇ ਭਾਰੀ ਰੋਸ ਪ੍ਰਦਰਸ਼ਨ








ਚੇਨਈ : ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਦੇ ਵਿਦਿਆਰਥੀ ਵਿੰਗ ਨੇ ਮੰਗਲਵਾਰ ਨੂੰ ਚੇਨਈ ਵਿੱਚ ਹਿੰਦੀ ਥੋਪਣ ਨੂੰ ਲੈ ਕੇ ਕੇਂਦਰ ਦੇ ਖਿਲਾਫ ਕੁਲੈਕਟਰ ਦਫਤਰ ਦੇ ਨੇੜੇ ਪ੍ਰਦਰਸ਼ਨ ਕੀਤਾ। ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਦੇ ਯੂਥ ਵਿੰਗ ਦੇ ਸਕੱਤਰ ਉਧਯਾਨਿਧੀ ਸਟਾਲਿਨ ਨੇ ਸ਼ਨੀਵਾਰ ਨੂੰ ਚੇਨਈ ਵਿੱਚ ਕੇਂਦਰੀ ਵਿਦਿਅਕ ਅਦਾਰਿਆਂ ਵਿੱਚ ਹਿੰਦੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦੀ ਸੰਸਦੀ ਕਮੇਟੀ ਦੀ ਸਿਫ਼ਾਰਸ਼ ਦੇ ਖ਼ਿਲਾਫ਼ ਪਾਰਟੀ ਸਮਰਥਕਾਂ ਨਾਲ ਭਾਰੀ ਰੋਸ ਮੁਜਾਹਰਾ ਕੀਤਾ।

ਇਸੇ ਦੌਰਾਨ ਸਟੂਡੈਂਟ ਯੂਨੀਅਨਾਂ ਦੇ ਸੰਘ ਨੇ ਕੇਂਦਰ ਵੱਲੋਂ ਹਿੰਦੀ ਲਾਗੂ ਕੀਤੇ ਜਾਣ ਦੇ ਵਿਰੋਧ ਵਿੱਚ ਤਿਰੂਚੀ ਅਤੇ ਸਟੇਟ ਦੇ ਕਈ ਹਿੱਸਿਆਂ ਵਿੱਚ ਪ੍ਰਦਰਸ਼ਨ ਕੀਤਾ ਅਤੇ ਕੇਂਦਰ ਸਰਕਾਰ ਤੋਂ ਤਿੰਨ ਭਾਸ਼ਾਵਾਂ ਦੀ ਨੀਤੀ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਤਾਮਿਲਨਾਡੂ ਨੂੰ ਨਵੀਂ ਸਿੱਖਿਆ ਨੀਤੀ (ਐਨਈਪੀ) ਦੀ ਪਾਲਣਾ ਕਰਨ ਲਈ ਮਜਬੂਰ ਕਰਨ ਲਈ ਕੇਂਦਰ ਸਰਕਾਰ ਦੀ ਨਿੰਦਾ ਕਰਦੇ ਹੋਏ। ਸੱਤਾਧਾਰੀ ਡੀਐਮਕੇ ਅਤੇ ਇਸਦੇ ਸਹਿਯੋਗੀ ਰਾਜ ਭਰ ਵਿੱਚ ਲੜੀਵਾਰ ਪ੍ਰਦਰਸ਼ਨ ਕਰ ਰਹੇ ਹਨ। ਕੇਂਦਰ ਸਰਕਾਰ ਦੇ ਖਿਲਾਫ ਚੱਲ ਰਹੇ ਪ੍ਰਦਰਸ਼ਨ ਅਤੇ ਵਿਰੋਧ ਪ੍ਰਦਰਸ਼ਨ ਨੂੰ ਸਮਰਥਨ ਦੇਣ ਲਈ ਵਿਦਿਆਰਥੀ ਯੂਨੀਅਨਾਂ ਦੇ ਸੰਘ ਜਿਸ ਵਿੱਚ ਡੀਐਮਕੇ ਵਿਦਿਆਰਥੀ ਵਿੰਗ, ਤਾਮਿਲਨਾਡੂ ਸਟੂਡੈਂਟ ਯੂਨੀਅਨ, ਸਟੂਡੈਂਟ ਫੈਡਰੇਸ਼ਨ ਆਫ ਇੰਡੀਆ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ, ਦ੍ਰਾਵਿੜ ਕੜਗਮ ਦੇ ਵਿਦਿਆਰਥੀ ਵਿੰਗ ਅਤੇ ਕਾਲਜਾਂ ਦੀਆਂ ਵੱਖ-ਵੱਖ ਯੂਨੀਅਨਾਂ ਸ਼ਾਮਲ ਹਨ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਕਿਹਾ ਕਿ ਕੇਂਦਰ ਨੇ ਐਨਈਪੀ ਅਤੇ ਤਿੰਨ ਭਾਸ਼ਾਵਾਂ ਵਾਲੀ ਨੀਤੀ ਦੀ ਸਿਫ਼ਾਰਸ਼ ਨੂੰ ਮੰਨਣ ਲਈ ਮਜਬੂਰ ਕਰਕੇ ਹਿੰਦੀ ਨੂੰ ਲਾਜ਼ਮੀ ਲਾਗੂ ਕਰਨ ਦੀ ਯੋਜਨਾ ਬਣਾਈ ਹੈ। ਉਹਨਾ ਕਿਹਾ ਕੀ ਅਸੀ ਇੱਕ ਹੋਰ ਹਿੰਦੀ ਵਿਰੋਧੀ ਸੰਘਰਸ਼ ਲਈ ਤਿਆਰ ਹਾ ਅਤੇ ਸਾਡੀ ਭਾਸ਼ਾ ਉਪਰ ਕੋਈ ਬਾਹਰੀ ਭਾਸ਼ਾ ਥੋਪੀ ਜਾਵੇ ਸਾਨੂੰ ਇਹ ਕਦਾਚਿੱਤ ਮਨਜੂਰ ਨਹੀਂ।



## ਸ਼ਿਕਾਗੋ ਵਿਖੇ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ



ਸ਼ਿਕਾਗੋ : ਸ਼ਿਕਾਗੋ ਲੈਂਡ ਵਿਖੇ ਸੁਖਨਵਰ ਪੰਜਾਬ ਜਥੇਬੰਦੀ ਦੀ ਅਗਵਾਈ ਵਿਚ ਪੰਜਾਬੀ ਮਾਂ ਬੋਲੀ ਦਿਹਾੜਾ ਗਲਿੱਨਡੇਲ ਲਾਇਬ੍ਰੇਰੀ ਵਿਚ ਪੰਜਾਬੀ ਮੁਸ਼ਾਇਰਾ ਕਰਵਾ ਕੇ ਮਨਾਇਆ ਗਿਆ, ਜਿਸ ਵਿਚ ਵੱਖ-ਵੱਖ ਸ਼ਾਇਰਾਂ ਰਾਜ ਰੰਗੂਨੀ, ਬਦਰ ਅਸਲਮ, ਰਾਕਿੰਦ ਕੌਰ, ਗੁਰਲੀਨ ਕੌਰ, ਇਕਬਾਲ ਨਵਾਜ਼, ਰਾਜ ਲਾਲੀ, ਕਸ਼ਿਸ਼ ਹੁਸ਼ਿਆਰਪੁਰੀ, ਗ਼ੁਲਾਮ ਮੁਸਤਫ਼ਾ ਅੰਜੁਮ, ਸਾਜਿਦ ਚੌਧਰੀ, ਆਬਿਦ ਰਸ਼ੀਦ, ਏਜਾਜ ਹੁਸੈਨ ਭੱਟੀ ਨਿਊਯਾਰਕ, ਤਾਹਿਰਾ ਰਿਦਾ, ਰਵਿੰਦਰ ਸਿੰਘ ਸਹਿਰਾਅ ਇੰਡੀਆਨਾ ਆਦਿ ਨੇ ਹਿੱਸਾ ਲਿਆ। ਕਸ਼ਿਸ਼ ਹੁਸ਼ਿਆਰਪੁਰੀ, ਇਜਾਜ਼ ਹੁਸੈਨ ਭੱਟੀ, ਅੰਜੁਮ ਤੇ ਆਬਿਦ ਰਸ਼ੀ ਨੇ ਆਪਣੇ ਸ਼ੇਅਰਾਂ ਨੇ ਕਾਫ਼ੀ ਵਾਹ-ਵਾਹ ਖੱਟੀ। ਮੁਸ਼ਾਇਰੇ ਦੀ ਸ਼ੁਰੂਆਤ ਰਵਿੰਦਰ ਸਿੰਘ ਸਹਿਰਾਅ ਨੇ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਬੋਲਣ ਤੋਂ ਸਾਨੂੰ ਸ਼ਰਮ ਨਹੀਂ ਆਉਣੀ ਚਾਹੀਦੀ। ਇਸ ਵਿਚ ਸਾਡਾ ਵਿਰਸਾ ਅਤੇ ਸੱਭਿਆਚਾਰ ਵਸੇ ਹੋਏ ਹਨ। ਉਨ੍ਹਾਂ ਆਪਣੀ ਨਜ਼ਮ 'ਲਾਹੌਰ ਵਸੇ ਦੀਓ ਕੁੜੀਓ' ਵੀ ਸੁਣਾਈ। ਪ੍ਰਬੰਧਕ ਜਨਾਬ ਆਬਿਦ ਰਸ਼ੀਦ ਨੇ ਸਾਰਿਆਂ ਦਾ ਸ਼ੁਕਰੀਆ ਅਦਾ ਕੀਤਾ। ਰਜਿੰਦਰ ਸਿੰਘ ਮਾਗੋ, ਸਰਵਣ ਸਿੰਘ ਬੋਲੀਨਾ, ਗ਼ਾਲਿਬ ਹੁਸੈਨ ਤੇ ਡਾ. ਤਫ਼ੀਕ ਅਹਿਮਦ ਅਨਸਾਰੀ ਆਦਿ ਨੇ ਵੀ ਸਰੋਤਿਆਂ ਨਾਲ ਸਾਂਝ ਪਾਈ। ਵੱਡੀ ਗਿਣਤੀ ਵਿਚ ਆਏ ਪੰਜਾਬੀ ਅਤੇ ਉਰਦੂ ਪਿਆਰਿਆਂ ਨੇ ਇਸ ਪ੍ਰੋਗਰਾਮ ਦਾ ਨਜ਼ਾਰਾ ਮਾਣਿਆ।

## ਖ਼ਤਰੇ ਵਿਚ ਹੈ ਐਲਨ ਮਸਕ ਦੀ ਕੈਨੇਡੀਅਨ ਨਾਗਰਿਕਤਾ

### ਲੱਖਾਂ ਲੋਕਾਂ ਨੇ ਕੀਤੇ ਪਟੀਸ਼ਨ 'ਤੇ ਦਸਤਖ਼ਤ

ਵਿਨੀਪੈੱਗ : ਅਮਰੀਕਾ ਤੇ ਕੈਨੇਡਾ ਦੇ ਸਬੰਧ ਵਿਗੜਦੇ ਜਾ ਰਹੇ ਹਨ। ਟਰੰਪ ਦੇ ਮੁੜ ਰਾਸ਼ਟਰਪਤੀ ਬਣਨ ਤੋਂ ਬਾਅਦ, ਉਨ੍ਹਾਂ ਦੇ ਸਹਿਯੋਗੀ ਅਤੇ ਉਦਯੋਗਪਤੀ Elon Musk ਉਨ੍ਹਾਂ ਦੇ ਹਰ ਫ਼ੈਸਲੇ ਦਾ ਸਮਰਥਨ ਕਰ ਰਹੇ ਹਨ, ਜਿਸ ਵਿੱਚ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਐਲਾਨਣਾ ਵੀ ਸ਼ਾਮਲ ਹੈ।

ਇਸ ਦੌਰਾਨ ਕੈਨੇਡਾ ਵਿੱਚ ਐਲਨ ਮਸਕ ਖਿਲਾਫ਼ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਦਰਅਸਲ, ਐੱਨਡੀਪੀ ਸੰਸਦ ਮੈਂਬਰ ਚਾਰਲੀ ਐਂਗਸ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਐਲਨ ਮਸਕ ਦੀ ਦੋਹਰੀ ਨਾਗਰਿਕਤਾ ਅਤੇ ਕੈਨੇਡੀਅਨ ਪਾਸਪੋਰਟ ਰੱਦ ਕਰਨ। ਇੰਨਾ ਹੀ ਨਹੀਂ, ਅਰਬਪਤੀ ਕਾਰੋਬਾਰੀ ਦੇ ਮੋਹਰੀ ਨਿੰਦਕਾਂ ਨੇ ਅਜਿਹਾ ਕਰਨ ਲਈ ਇੱਕ ਈ-ਪਟੀਸ਼ਨ ਸ਼ੁਰੂ ਕੀਤੀ ਹੈ, ਜੋ ਕਿ ਤੁਰੰਤ ਪ੍ਰਭਾਵਸ਼ਾਲੀ ਹੈ।

ਪਾਰਲੀਮੈਂਟ ਦੀ ਇਸ ਈ-ਪਟੀਸ਼ਨ ਵਿਚ ਮਸਕ 'ਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਉਹ ਟਰੰਪ ਪ੍ਰਸ਼ਾਸਨ ਵਿਚ ਕੈਨੇਡਾ ਦੀਆਂ ਚੋਣਾਂ ਪ੍ਰਭਾਵਿਤ ਕਰਨ ਲਈ ਆਪਣੇ ਪੈਸੇ ਅਤੇ ਤਾਕਤ ਦੀ ਵਰਤੋਂ ਕਰ ਰਿਹਾ ਹੈ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਮਸਕ ਅਜਿਹੀਆਂ ਸਰਗਰਮੀਆਂ ਵਿਚ ਸ਼ਾਮਲ ਹੈ ਜੋ ਕੈਨੇਡਾ ਦੇ ਰਾਸ਼ਟਰੀ ਹਿੱਤਾਂ ਦੇ ਖ਼ਿਲਾਫ਼ ਹਨ। ਔਨਲਾਈਨ ਪਟੀਸ਼ਨ ਕਹਿੰਦੀ ਹੈ, ਉਹ ਹੁਣ ਇੱਕ ਵਿਦੇਸ਼ੀ ਸਰਕਾਰ ਦਾ ਮੈਂਬਰ ਹੈ ਜਿਹੜੀ ਕੈਨੇਡੀਅਨ ਖ਼ੁਦਮੁਖ਼ਤਿਆਰੀ ਨੂੰ ਮਿਟਾਉਣ ਦੀ ਕੋਸ਼ਿਸ਼ਾਂ ਕਰ ਰਹੀ ਹੈ। ਦੱਸ ਦੇਈਏ ਕਿ ਪਿਛਲੇ ਮਹੀਨੇ ਮਸਕ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ ਕੈਨੇਡੀਅਨ ਸਿਆਸਤ ਬਾਰੇ ਟਿੱਪਣੀ ਕੀਤੀ ਸੀ। ਐੱਨਡੀਪੀ ਨੇਤਾ ਨੇ ਕਿਹਾ ਕਿ ਮਸਕ ਨੇ ਕੰਜ਼ਰਵੇਟਿਵ ਨੇਤਾ ਪੀਅਰੇ ਪੋਲੀਵਰ ਦਾ ਜ਼ੋਰਦਾਰ ਸਮਰਥਨ ਕੀਤਾ ਸੀ ਅਤੇ ਟਰੂਡੋ ਨੂੰ ਇੱਕ ਬੁਰਾ ਨੇਤਾ ਦੱਸਿਆ ਸੀ। ਇਹ ਪਟੀਸ਼ਨ ਹਾਊਸ ਆਫ਼ ਕਾਮਨਜ਼ ਵਿੱਚ ਨਵਾਂ ਸੈਸ਼ਨ ਸ਼ੁਰੂ ਹੋਣ 'ਤੇ ਪੇਸ਼ ਕੀਤੀ ਜਾਵੇਗੀ। ਇਸ 5-5353 ਨਾਮੀ ਪਟੀਸ਼ਨ 'ਤੇ 20 ਫਰਵਰੀ ਨੂੰ ਦਸਤਖ਼ਤਾਂ ਲਈ ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਸ ਖ਼ਬਰ ਦੇ ਛਾਪੇ ਜਾਣ ਤੱਕ 249428 ਤੋਂ ਵੱਧ ਲੋਕ ਦਸਤਖ਼ਤ ਕਰ ਚੁੱਕੇ ਹਨ। ਪਟੀਸ਼ਨ 'ਤੇ 20 ਜੂਨ ਤੱਕ ਦਸਤਖ਼ਤ ਕੀਤੇ ਜਾ ਸਕਦੇ ਹਨ। ਜ਼ਿਕਰਯੋਗ ਹੇ ਕੇ ਪਾਰਲੀਮੈਂਟਰੀ ਈ-ਪਟੀਸ਼ਨਾਂ ਦੀ ਸ਼ੁਰੂਆਤ 2015 ਵਿੱਚ ਹੋਈ ਸੀ। ਹਾਲਾਂਕਿ ਕੁਝ ਪਟੀਸ਼ਨਾਂ ਨੂੰ ਵੱਡਾ ਸਮਰਥਨ ਮਿਲਦਾ ਹੈ, ਪਰ ਇਹ ਸਰਕਾਰ ਨੂੰ ਆਪਣੀ ਨੀਤੀਆਂ ਵਿੱਚ ਕੋਈ ਬਦਲਾਅ ਕਰਨ ਲਈ ਕਾਨੂੰਨੀ ਤੌਰ 'ਤੇ ਪਾਬੰਦ ਨਹੀਂ ਕਰਦੀਆਂ। ਹਾਊਸ ਔਫ਼ ਕਾਮਨਜ਼ ਦੀ ਵੈੱਬਸਾਈਟ ਅਨੁਸਾਰ ਇਹ ਪਟੀਸ਼ਨਾਂ ਜਨਤਾ ਦੀ ਦਿਲਚਸਪੀ ਜਾਂ ਚਿੰਤਾ ਵੱਲ ਧਿਆਨ ਖਿੱਚਣ ਜਾਂ ਕਿਸੇ ਕਾਰਵਾਈ ਦੀ ਮੰਗ ਕਰਨ ਦਾ ਇੱਕ ਤਰੀਕਾ ਹੁੰਦੀਆਂ ਹਨ।



ਐਲਨ ਮਸਕ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਮੁੱਖ ਸਲਾਹਕਾਰ ਹੈ, ਅਤੇ ਗਵਰਨਮੈਂਟ ਐਫ਼ੀਸ਼ੈਂਸੀ ਵਿਭਾਗ ਦਾ ਮੁਖੀ ਹੈ, ਜੋ ਕਿ ਸਰਕਾਰ ਦੇ ਖ਼ਰਚਿਆਂ ਨੂੰ ਘਟਾਉਣ ਲਈ ਸਮਰਪਿਤ ਵਿਭਾਗ ਹੈ। ਮਸਕ ਦੱਖਣੀ ਅਫ਼ਰੀਕਾ ਵਿਚ ਪੈਦਾ ਹੋਇਆ ਸੀ ਪਰ ਉਸ ਦੀ ਮਾਂ ਸਸਕੈਚਵਨ ਦੇ ਰਿਜਾਇਨਾ ਵਿਚ ਰਹਿੰਦੀ ਸੀ ਜਿਸ ਕਰਕੇ ਮਸਕ ਕੋਲ ਕੈਨੇਡੀਅਨ ਨਾਗਰਿਕਤਾ ਵੀ ਹੈ। ਹਾਊਸ ਦੀ ਕਾਰਵਾਈ 24 ਮਾਰਚ ਨੂੰ ਸ਼ੁਰੂ ਹੋਣੀ ਹੈ, ਪਰ ਉਮੀਦ ਕੀਤੀ ਜਾ ਰਹੀ ਹੈ ਕਿ ਐਮਪੀਜ਼ ਦੀ ਵਾਪਸੀ ਤੋਂ ਪਹਿਲਾਂ ਆਮ ਚੋਣਾਂ ਦਾ ਐਲਾਨ ਹੋ ਸਕਦਾ ਹੈ।

# ਉਦੈਨਿਧੀ ਸਟਾਲਿਨ ਨੇ ਮੁੱਖ ਮੰਤਰੀ ਸਟਾਲਿਨ ਦੇ ਜਨਮ ਦਿਨ ’ਤੇ ਔਰਤਾਂ ਨੂੰ ਦਿੱਤੇ ਤੋਹਫ਼ੇ







ਚੇਨਈ : ਤਾਮਿਲਨਾਡੂ ਦੇ ਮੰਤਰੀ ਉਦੈਨਿਧੀ ਸਟਾਲਿਨ ਨੇ ਸ਼ੁੱਕਰਵਾਰ ਨੂੰ ਚੇਨਈ ਦੇ ਚੇਪੌਕ ਵਿਖੇ ਰਾਜ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਦੇ ਜਨਮ ਦਿਨ ਤੋਂ ਪਹਿਲਾਂ ਇੱਕ ਔਰਤ ਨੂੰ ਤੋਹਫ਼ੇ ਦਿੱਤੇ।

# ਮਹਾਂਕੁੰਭ ’ਚ ਇਸ਼ਨਾਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ 60 ਕਰੋੜ ਤੋਂ ਪਾਰ

## ਜੇਪੀ ਨੱਡਾ ‘ਕਾਸ਼ੀ ਤਮਿਲ ਸੰਗਮ’ ਪ੍ਰੋਗਰਾਮ ਵਿੱਚ ਸ਼ਾਮਲ ਹੋਏ






ਪ੍ਰਯਾਗਰਾਜ : ਉੱਤਰ ਪ੍ਰਦੇਸ਼ ਸਰਕਾਰ ਨੇ ਦਾਅਵਾ ਕੀਤਾ ਕਿ ਪ੍ਰਯਾਗਰਾਜ ’ਚ 13 ਜਨਵਰੀ ਤੋਂ ਸ਼ੁਰੂ ਹੋਏ ਮਹਾਂਕੁੰਭ ’ਚ ਹੁਣ ਤੱਕ 60 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਤ੍ਰਿਵੇਣੀ ਸੰਗਮ ’ਚ ਇਸ਼ਨਾਨ ਕੀਤਾ ਹੈ। ਇਸੇ ਦੌਰਾਨ ਅੱਜ ਕੇਂਦਰੀ ਮੰਤਰੀ ਤੇ ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਪਰਿਵਾਰ ਸਮੇਤ ਅਤੇ ਤਾਮਿਲ ਨਾਡੂ ਦੇ ਰਾਜਪਾਲ ਆਰਐੱਨ ਰਵੀ ਨੇ ਵੀ ਤ੍ਰਿਵੇਣੀ ’ਚ ਇਸ਼ਨਾਨ ਕੀਤਾ। ਮੇਲਾ ਪ੍ਰਸ਼ਾਸਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਅੱਜ ਸ਼ਾਮ ਚਾਰ ਵਜੇ ਤੱਕ ਕੁੱਲ 1.11 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਗੰਗਾ ਤੇ ਸੰਗਮ ’ਚ ਇਸ਼ਨਾਨ ਕੀਤਾ ਜਦਕਿ 13 ਜਨਵਰੀ ਤੋਂ ਹੁਣ ਤੱਕ ਕੁੱਲ 60.42 ਕਰੋੜ ਸ਼ਰਧਾਲੂ ਪਵਿੱਤਰ ਇਸ਼ਨਾਨ ਕਰ ਚੁੱਕੇ ਹਨ। ਸ਼ਿਵਰਾਤਰੀ ਮੌਕੇ 26 ਫਰਵਰੀ ਨੂੰ ਹੋਣ ਵਾਲੇ ਆਖਰੀ ਅਹਿਮ ਇਸ਼ਨਾਨ ਤੱਕ ਇਹ ਗਿਣਤੀ 65 ਕਰੋੜ ਤੋਂ ਵੀ ਉੱਪਰ ਪਹੁੰਚ ਸਕਦੀ ਹੈ। ਮਹਾਂਕੁੰਭ ’ਚ 73 ਦੇਸ਼ਾਂ ਦੇ ਆਗੂ ਤੇ ਭੂਟਾਨ ਨਰੇਸ਼ ਨਾਮਗਿਆਲ ਵਾਂਗਚੁਕ ਸਮੇਤ ਕਈ ਮੁਲਕਾਂ ਦੇ ਮਹਿਮਾਨ ਇੱਥੇ ਅੰਮ੍ਰਿਤ ਇਸ਼ਨਾਨ ਕਰਨ ਪੁੱਜੇ। ਨੇਪਾਲ ਤੋਂ ਵੀ 50 ਲੱਖ ਤੋਂ ਵੱਧ ਲੋਕ ਹੁਣ ਤੱਕ ਤ੍ਰਿਵੇਣੀ ’ਚ ਇਸ਼ਨਾਨ ਕਰ ਚੁੱਕੇ ਹਨ।

ਇਸੇ ਦੌਰਾਨ ਅੱਜ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਸੰਗਮ ’ਚ ਪਰਿਵਾਰ ਸਮੇਤ ਇਸ਼ਨਾਨ ਕੀਤਾ। ਇਸ ਮਗਰੋਂ ਉਨ੍ਹਾਂ ਸੂਰਜ ਨੂੰ ਅਰਘ ਦਿੱਤਾ। ਨੱਢਾ ਨਾਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਉਪ ਮੁੱਖ ਮੰਤਰੀ ਬ੍ਰਿਜੇਸ਼ ਪਾਠਕ, ਸੂਬੇ ਦੇ ਮੰਤਰੀ ਸਵਤੰਤਰ ਦੇਵ ਸਿੰਘ ਤੇ ਮੰਤਰੀ ਨੰਦ ਗੋਪਾਲ ਗੁਪਤਾ ਨੇ ਵੀ ਇਸ਼ਨਾਨ ਕੀਤਾ। ਉਹ ਅੱਜ ਦੁਪਹਿਰ ਸਮੇਂ ਪ੍ਰਯਾਗਰਾਜ ਹਵਾਈ ਅੱਡੇ ਪੁੱਜੇ। ਇਸ਼ਨਾਨ ਕਰਨ ਵਾਲਿਆਂ ਵਿੱਚ ਨੱਢਾ ਦੇ ਪਰਿਵਾਰ ਦੇ ਦੋ ਬੱਚੇ ਵੀ ਸ਼ਾਮਲ ਸਨ।

# ਸਲਮਾਨ ਰਸ਼ਦੀ ’ਤੇ ਹਮਲਾ ਕਰਨ ਵਾਲਾ ਦੋਸ਼ੀ ਕਰਾਰ



ਨਿਊਯਾਰਕ : ਇੱਥੇ ਲੈਕਚਰ ਸਟੇਜ ’ਤੇ ਮਸ਼ਹੂਰ ਬ੍ਰਿਟਿਸ਼-ਭਾਰਤੀ ਲੇਖਕ ਸਲਮਾਨ ਰਸ਼ਦੀ ’ਤੇ ਚਾਕੂ ਨਾਲ ਹਮਲਾ ਕਰਨ ਵਾਲੇ ਨਿਊ ਜਰਸੀ ਦੇ ਵਿਅਕਤੀ ਨੂੰ ਜਿਊਰੀ ਵੱਲੋਂ ਕਤਲ ਦੀ ਕੋਸ਼ਿਸ਼ ਤੇ ਹਮਲੇ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਬੀਬੀਸੀ ਦੀ ਰਿਪੋਰਟ ਮੁਤਾਬਕ ਹਾਦੀ ਮਤਾਰ (27) ਨੂੰ 30 ਸਾਲਾਂ ਤੋਂ ਵੱਧ ਦੀ ਸਜ਼ਾ ਸੁਣਾਈ ਜਾ ਸਕਦੀ ਹੈ, ਜਿਸ ’ਤੇ ਇਸ ਮਾਮਲੇ ਤੋਂ ਇਲਾਵਾ ਅਤਿਵਾਦ ਨਾਲ ਸਬੰਧਤ ਦੋਸ਼ ਵੀ ਹਨ। ਅਗਸਤ 2022 ਵਿੱਚ ਲੇਖਕ ਰਸ਼ਦੀ ’ਤੇ ਹੋਏ ਹਮਲੇ ਦੌਰਾਨ ਉਹ ਗੰਭੀਰ ਜ਼ਖਮੀ ਹੋ ਗਏ ਸਨ, ਜਿਸ ਦੌਰਾਨ ਉਨ੍ਹਾਂ ਦੇ ਲਿਵਰ ਨੂੰ ਨੁਕਸਾਨ ਪੁੱਜਣ ਤੋਂ ਇਲਾਵਾ ਜਿੱਥੇ ਇੱਕ ਅੱਖ ਦੀ ਨਿਗਾਹ ਚਲੀ ਗਈ ਸੀ, ਉੱਥੇ ਇੱਕ ਹੱਥ ਵੀ ਨੁਕਸਾਨਿਆ ਗਿਆ ਸੀ। ਜਿਊਰੀ ਵੱਲੋਂ ਇਹ ਫ਼ੈਸਲਾ ਦੋ ਹਫ਼ਤੇ ਚੱਲੇ ਮੁਕੱਦਮੇ ਮਗਰੋਂ ਆਇਆ ਹੈ।

ਜਿਊਰੀ ਨੇ ਮੁਲਜ਼ਮ ਨੂੰ ਇੰਟਰਵਿਊ ਲੈਣ ਵਾਲੇ ਹੈਨਰੀ ਰੀਜ਼ੀ ਨੂੰ ਜ਼ਖਮੀ ਕਰਨ ਦਾ ਦੋਸ਼ੀ ਵੀ ਮੰਨਿਆ ਹੈ, ਜੋ ਲੇਖਕ ਨਾਲ ਸਟੇਜ ’ਤੇ ਹਾਜ਼ਰ ਸਨ। ਇਸ ਹਮਲੇ ਵਿੱਚ ਉਨ੍ਹਾਂ ਦੇ ਸਿਰ ’ਤੇ ਸੱਟ ਵੱਜੀ ਸੀ। ਮਟਰ ਨੂੰ 23 ਅਪਰੈਲ ਨੂੰ ਸਜ਼ਾ ਸੁਣਾਈ ਜਾਵੇਗੀ।

# ਗੁਜਰਾਤ ਕਾਂਗਰਸ ਦੇ ਵਿਧਾਇਕਾਂ ਨੇ ਆਪਣੇ ਆਪ ਨੂੰ ਜੰਜ਼ੀਰਾਂ ਨਾਲ ਬੰਨ੍ਹਿਆ ਅਤੇ ਅਮਰੀਕਾ ਦੇ ਦੇਸ਼ ਨਿਕਾਲੇ ਨੂੰ ਲੈ ਕੇ ਰਾਜ ਵਿਧਾਨ ਸਭਾ ਦੇ ਬਾਹਰ ਕੀਤਾ ਪ੍ਰਦਰਸ਼ਨ



ਗਾਂਧੀਨਗਰ : ਗੁਜਰਾਤ ਕਾਂਗਰਸ ਦੇ ਵਿਧਾਇਕਾਂ ਨੇ ਬੁੱਧਵਾਰ ਨੂੰ ਗਾਂਧੀਨਗਰ ਵਿੱਚ, ਅਮਰੀਕਾ ਤੋਂ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦੇ ਕਥਿਤ ਅਣਮਨੁੱਖੀ ਦੇਸ਼ ਨਿਕਾਲੇ ਦੇ ਵਿਰੋਧ ਵਿੱਚ ਰਾਜ ਵਿਧਾਨ ਸਭਾ ਦੇ ਬਾਹਰ ਆਪਣੇ ਆਪ ਨੂੰ ਬੰਨ੍ਹ ਕੇ ਪ੍ਰਦਰਸ਼ਨ ਕੀਤਾ।

# ਵਿਸ਼ਵ ਨੂੰ ਜੋੜਨ ਦਾ ਤਿਉਹਾਰ ਮਹਾਸ਼ਿਵਰਾਤਰੀ



*ਸ਼ਿਵਰਾਤਰੀ ਦੇ ਮਹਾਨ ਤਿਉਹਾਰ ਨਾਲ ਵੀ ਅਜਿਹਾ ਹੀ ਹੋਇਆ ਜਾਪਦਾ ਹੈ । ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੋਂ ਲੈ ਕੇ ਸਮੁੰਦਰ ਤਕ ਸ਼ਾਇਦ ਹੀ ਕੋਈ ਅਜਿਹਾ ਸਥਾਨ ਹੋਵੇਗਾ ਜਿੱਥੇ ਭਗਵਾਨ ਸ਼ਿਵ ਦੀ ਮੂਰਤੀ ਸਥਾਪਿਤ ਨਾ ਕੀਤੀ ਗਈ ਹੋਵੇ । ਸ਼ਾਇਦ ਹੀ ਕੋਈ ਅਜਿਹਾ ਗ੍ਰੰਥ ਹੋਵੇਗਾ ਜਿਸ 'ਚ ਭਗਵਾਨ ਸ਼ਿਵ ਦੀ ਮਹਿਮਾ ਨਾ ਕੀਤੀ ਗਈ ਹੋਵੇ*

ਅੱਜ, 21 ਵੀਂ ਸਦੀ ਦੇ ਪਹਿਲੇ ਪੜਾਅ ਅਤੇ ਵਿਗਿਆਨ ਦੇ ਯੁੱਗ ਵਿੱਚ, ਮਨੁੱਖ ਬਹੁਤ ਸਾਰੇ ਸਰੀਰਕ ਸੁੱਖਾਂ ਦਾ ਅਨੰਦ ਮਾਣ ਰਿਹਾ ਹੈ, ਪਰ ਇਹ ਮਨੁੱਖ ਅੰਦਰੂਨੀ ਅਨੰਦ ਪ੍ਰਾਪਤ ਕਰਨ ਦੇ ਯੋਗ ਨਹੀਂ ਹੈ, ਜਿਸ ਦਾ ਅਨੁਭਵ ਆਤਮਾ ਪ੍ਰਾਪਤ ਕਰਨਾ ਚਾਹੁੰਦੀ ਹੈ। ਮਨੁੱਖੀ ਜੀਵਨ ਵਿੱਚ ਅੱਜ ਨਿੱਜੀ ਖ਼ੁਸ਼ੀ, ਆਨੰਦ ਅਤੇ ਉਤਸ਼ਾਹ ਦੇ ਜਨਮ, ਸਫਲਤਾ ਅਤੇ ਪੇਸ਼ੇਵਰ ਉੱਨਤੀ ਆਦਿ ਨਾਲ ਸਬੰਧਤ ਹੋਣ ਕਾਰਨ ਆਪਣੇ ਮੌਕੇ ਵਿਗਾੜ ਰਿਹਾ ਹੈ, ਜਦੋਂ ਕਿ ਜਨਤਕ, ਸਮਾਜਿਕ ਅਤੇ ਸੰਗਠਿਤ ਖ਼ੁਸੀ ਦੇ ਅਦਾਨ ਪ੍ਰਦਾਨ, ਸਨੇਹ ਦੀ ਮਜ਼ਬੂਤੀ, ਸਦਭਾਵਨਾ ਅਤੇ ਅਲੌਕਿਕ ਆਨੰਦ ਦੇ ਅਜੋਕੇ ਮੌਕੇ ਹਨ ਜੋ ਅਲੋਪ ਹੋ ਰਹੇ ਹਨ। ਇਸ ਕਾਰਨ ਮਨੁੱਖ ਤਣਾਅ, ਚਿੰਤਾਵਾਂ ਅਤੇ ਵਿਕਾਰਾਂ ਨਾਲ ਜੂਝਦਾ ਹੋਇਆ ਇਕੱਲੇ ਪਰਿਵਾਰ ਅਤੇ ਕਾਰੋਬਾਰ ਦੀਆਂ ਸੀਮਾਵਾਂ ਵਿੱਚ ਕੈਂਦ, ਜੀਵਨ ਦੇ ਬੋਝ ਭਰੇ ਸਫ਼ਰ ਵਿੱਚੋਂ ਲੰਘਣ ਲਈ ਮਜਬੂਰ ਹੋ ਚੁੱਕਾ ਹੈ।

ਅਸਲ ਵਿੱਚ ਉਸ ਦੇ ਜੀਵਨ ਵਿੱਚ ਇਕ ਨਵੀਂ ਰੂਹ, ਉਤਸੁਕਤਾ, ਤਾਜ਼ਗੀ, ਜੋਸ਼, ਉਤਸਾਹ ਅਤੇ ਅਥਾਹ ਖ਼ੁਸ਼ੀਆਂ ਫੈਲਾਉਣ ਲਈ ਮਨੁੱਖ ਨੇ ਤਿਉਹਾਰਾਂ ਦੀ ਸ਼ੁਰੂਆਤ ਕੀਤੀ ਹੋਈ ਹੈ, ਫਿਰ ਦੇਸ਼ ਵਿੱਚ ਸ਼ਰਧਾ, ਪਿਆਰ ਅਤੇ ਸਦਭਾਵਨਾ ਹੋਣ ਬਹੁਤ ਜ਼ਰੂਰੀ ਹੈ, ਹੁਣ ਹੋਲੀ-ਹੌਲੀ ਸ਼ਰਧਾ ਅਤੇ ਪਿਆਰ ਖ਼ਤਮ ਹੋ ਗਿਆ ਹੈ। ਹੁਣ ਇਨ੍ਹਾਂ ਦੀ ਲੋਕਪ੍ਰਿਅਤਾ, ਮੌਲਿਕਤਾ, ਚਿੰਤਾ ਅਤੇ ਜੋਸ਼-ਉਤਸ਼ਾਹ ਲਗਪਗ ਖ਼ਤਮ ਹੋ ਰਿਹਾ ਹੈ, ਜਿਸ ਦਾ ਮੂਲ ਕਾਰਨ ਉਨ੍ਹਾਂ ਤਿਉਹਾਰਾਂ ਦੇ ਅਸਲ ਅਧਿਆਤਮਿਕ ਤੱਤ, ਭੇਦ ਅਤੇ ਪ੍ਰਾਪਤੀਆਂ ਤੋਂ ਅਣਜਾਣਤਾ ਹੀ ਕਿਹਾ ਜਾ ਸਕਦਾ ਹੈ।

ਸ਼ਿਵਰਾਤਰੀ ਦੇ ਮਹਾਨ ਤਿਉਹਾਰ ਨਾਲ ਵੀ ਅਜਿਹਾ ਹੀ ਹੋਇਆ ਜਾਪਦਾ ਹੈ। ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੋਂ ਲੈ ਕੇ ਸਮੁੰਦਰ ਤਕ ਸ਼ਾਇਦ ਹੀ ਕੋਈ ਅਜਿਹਾ ਸਥਾਨ ਹੋਵੇਗਾ ਜਿੱਥੇ ਭਗਵਾਨ ਸ਼ਿਵ ਦੀ ਮੂਰਤੀ ਸਥਾਪਿਤ ਨਾ ਕੀਤੀ ਗਈ ਹੋਵੇ। ਸ਼ਾਇਦ ਹੀ ਕੋਈ ਅਜਿਹਾ ਗ੍ਰੰਥ ਹੋਵੇਗਾ ਜਿਸ 'ਚ ਭਗਵਾਨ ਸ਼ਿਵ ਦੀ ਮਹਿਮਾ ਨਾ ਕੀਤੀ ਗਈ ਹੋਵੇ ਪਰ ਮਨੁੱਖ ਪਰਮ ਆਤਮਾ ਸ਼ਿਵ ਦੀ ਅਸਲ ਜਾਣ ਪਛਾਣ ਅਵਤਾਰ ਅਤੇ ਕਰਤੱਵ ਆਦਿ ਤੋਂ ਅਣਜਾਣ ਹੈ ਜੇਕਰ ਮਨੁੱਖ ਇਨ੍ਹਾਂ ਸਚਾਈਆਂ ਨੂੰ ਜਾਣ ਲਵੇ ਕਿ ਭਗਵਾਨ

**- ਪਵਨ ਕੁਮਾਰ**

ਸ਼ਿਵ ਕੌਣ,ਕਦੋਂ, ਕਿਵੇਂ ਪ੍ਰਗਟ ਹੁੰਦੇ ਹਨ ਅਤੇ ਉਹ ਕੀ ਕਰਦੇ ਹਨ ਤਾਂ ਸਾਰੇ ਮਨੁੱਖ ਭਗਵਾਨ ਸ਼ਿਵ ਤੇ ਆਪਣਾ ਸਭ ਕੁਝ ਕੁਰਬਾਨ ਕੀਤੇ ਬਿਨਾਂ ਨਹੀਂ ਰਹਿ ਸਕਦੇ ਅਤੇ ਸ਼ਿਵਰਾਤਰੀ ਦੇ ਤਿਉਹਾਰ ਰਾਹੀਂ ਸਾਰਾ ਸੰਸਾਰ ਏਕਤਾ ਦੇ ਧਾਗੇ ਵਿੱਚ ਜੁੜ ਸਕਦਾ ਹੈ।

ਸ਼ਿਵਰਾਤਰੀ ਦੀ ਮਹਿਮਾ ਉਸ ਸਮੇਂ ਤੋਂ ਹੈ ਜਦੋਂ ਸੰਸਾਰ ਆਗਿਆਨਤਾ ਦੇ ਹਨੇਰੇ ਵਿੱਚ ਘਿਰਿਆ ਹੋਇਆ ਸੀ। ਭਰਾ ਭਰਾ ਦੇ ਖ਼ੂਨ ਦੇ ਪਿਆਸੇ ਸਨ ਅਤੇ ਔਰਤਾਂ ਸੁਰੱਖਿਅਤ ਨਹੀ ਸਨ। ਧਰਮ ਨੇ ਅਧਰਮ ਦਾ ਰੂਪ ਧਾਰਨ ਕਰ ਲਿਆ ਸੀ। ਮਨੁੱਖੀ ਆਤਮਾਵਾਂ ਦੁੱਖੀ ਹੋ ਚੁੱਕੀਆਂ ਸਨ, ਕੋਈ ਮੁਕਤੀਦਾਤਾ ਨਜ਼ਰ ਨਹੀ ਆ ਰਿਹਾ ਸੀ, ਉਸ ਸਮੇਂ ਬ੍ਰਹਮਲੋਕ ਵਿੱਚੋਂ ਇੱਕ ਅਮਰ ਜੋਤੀ ਉਤਰੀ ਸੀ, ਜਿਸ ਦੇ ਪ੍ਰਕਾਸ਼ ਨੇ ਸਾਰੇ ਸੰਸਾਰ ਨੂੰ ਪ੍ਰਕਾਸ਼ਮਾਨ ਕਰ ਦਿੱਤਾ ਸੀ। ਉਸ ਪ੍ਰਕਾਸ਼ ਦਾ ਨਾਂ ਪਰਮਾਤਮਾ ਸ਼ਿਵ ਸੀ।

ਸ਼ਿਵ ਦਾ ਅਰਥ ਹੈ ਕਲਿਆਣਕਾਰੀ। ਉਸ ਸ਼ਿਵ ਦੀ ਯਾਦਗਾਰ ਵਜੋਂ, ਸ਼ਿਵਰਾਤਰੀ ਦਾ ਤਿਉਹਾਰ ਫੱਗਣ ਮਹੀਨੇ ਦੇ ਪੱਖ ਦੀ ਚੌਦਵੀਂ ਦੀ ਰਾਤ ਦੋ ਨਵੇਂ ਚੰਦਰਮਾ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਫੱਗਣ ਮਹੀਨਾ ਸਾਲ ਦੇ ਅੰਤ ਦਾ ਸੂਚਕ ਹੈ ਅਤੇ ਚੌਦਵੀਂ ਦੀ ਰਾਤ ਅਤਿਅੰਤ ਹਨੇਰੇ ਦਾ ਸੰਕੇਤ ਹੈ। ਪਰਮਾਤਮਾ ਸਰੀਰ ਰਹਿਤ ਹੈ ਅਤੇ ਜਨਮ-ਮਰਨ ਦੇ ਗੇੜ ਵਿੱਚ ਨਹੀਂ ਆਉਂਦਾ। ਉਸ ਦਾ ਨਾਮ ਵੀ ਅਵਿਨਾਸ਼ੀ ਅਤੇ ਬ੍ਰਹਮ ਹੈ। ਉਸ ਦਾ ਰੂਪ ਬ੍ਰਮ ਪ੍ਰਕਾਸ਼ ਦਾ ਬਿੰਦੂ ਹੈ। ਇਸ ਲਈ ਉਸ ਦੀ ਮੂਰਤੀ ਨੂੰ ਜਯੋਤਿਰਿਗ ਜਾਂ ਸ਼ਿਵਿਗ ਕਿਹਾ ਜਾਂਦਾ ਹੈ। ਇਹੀ ਕਾਰਨ ਹੈ ਕਿ ਭਾਰਤ ਦੇ 12 ਮੁੱਖ ਸ਼ਿਵ ਮੰਦਰਾਂ ਨੂੰ ਜ਼ਿਆਰਤੀ ਗਮ ਮੱਠ ਵੀ ਕਿਹਾ ਜਾਂਦਾ ਹੈ।

ਸ਼ਿਵ ਦੀਆਂ ਮੂਰਤੀਆਂ ਭਾਰਤੀ ਇਤਿਹਾਸ, ਧਾਰਮਿਕ ਗ੍ਰੰਥਾਂ ਅਤੇ ਦੇਸ਼ ਦੇ ਹਰ ਕੋਨੇ ਵਿੱਚ ਮਿਲਦੀਆਂ ਹਨ। ਉੱਤਰ ਵਿੱਚ ਅਮਰਨਾਥ (ਕਸ਼ਮੀਰ) ਹਿਮਾਲਿਆ ਗੜ੍ਹਵਾਲ ਵਿੱਚ ਕੇਦਾਰਨਾਥ, ਵਾਰਾਣਸੀ ਵਿੱਚ ਵਿਸ਼ਵਨਾਥ, ਚਿਤਰਕੁਟ ਵਿੱਚ ਗਜੇਤਿਰ, ਪ੍ਰਯਾਗ ਵਿੱਚ ਬ੍ਰਹਮੇਸ਼ਵਰ, ਉਜੈਨ ਵਿੱਚ ਮਹਾਕਾਲੇਸ਼ਵਰ, ਮੱਧ ਪ੍ਰਦੇਸ਼ ਵਿੱਚ ਓਮਕਾਰਨਾਥ, ਬਿਹਾਰ ਵਿੱਚ ਵੈਦਿਆਨਾਥ, ਗੰਗਾ-ਸਾਗਰ ਦੇ ਸੰਗਮ ਤੇ ਸੰਗਮੇਸ਼ਵਰ, ਅਸੁਰਸ਼ਕਰ, ਭੀਮਸਕਰ ਵਿੱਚ, ਆਬੂ ਵਿੱਚ ਸੋਮਨਾਥ, ਚੰਦਰੇਸ਼ਵਰ, ਦਵਾਰਕਾ ਵਿੱਚ ਭੁਵਨੇਸ਼ ਅਤੇ ਦੱਖਣ ਵਿੱਚ ਰਾਮੇਸ਼ਵਰ ਆਦਿ ਜੋਤਿਰਿਗ ਹਨ। ਇਹ ਮੰਦਰ ਦੇਸ਼ ਵਾਸੀਆਂ ਵਿੱਚ ਭਾਵਨਾਤਮਕ ਏਕਤਾ ਲਿਆਉਂਦੇ ਹਨ ਅਤੇ ਪੂਰੇ ਭਾਰਤ ਨੂੰ ਸ਼ਿਵ ਦੀ ਧਰਤੀ ਹੋਣ ਦਾ ਸੰਦੇਸ਼ ਦਿੰਦੇ ਹਨ।

ਭਾਰਤ ਵਿੱਚ ਹਿੰਦੂ ਧਰਮ ਦੇ ਲੋਕ ਹੀ ਨਹੀਂ ਸਾਰੇ ਧਰਮ ਭਗਵਾਨ ਸ਼ਿਵ ਨੂੰ ਬਹੁਤ ਸਤਿਕਾਰ ਦਿੰਦੇ ਹਨ, ਬਲਕਿ ਭਾਰਤ ਤੋਂ ਬਾਹਰਲੇ ਲੋਕ ਜੋ ਹੋਰ ਧਰਮਾਂ ਨੂੰ ਮੰਨਦੇ ਹਨ ਉਹ ਵੀ ਸ਼ਿਵ ਨੂੰ ਬਹੁਤ ਸਤਿਕਾਰ ਦਿੰਦੇ ਰਹੇ ਹਨ। ਮਿਸਰ ਵਿੱਚ ਓਸਈਰਿਸ ਦੀ ਪੂਜਾ ਕੀਤੀ ਜਾਂਦੀ ਹੈ। ਸ਼ਿਵ ਨੂੰ ਸਿਆਨ ਨਾਮ ਨਾਲ ਵੀ ਪੂਜਿਆ ਜਾਂਦਾ ਹੈ। ਜਦੋਂ ਕਿ ਸੀਰੀਆ, ਗ੍ਰੀਸ, ਸਪੇਨ, ਜਰਮਨੀ, ਅਮਰੀਕਾ, ਮੈਕਸੀਕੋ, ਸੁਮਾਤਰਾ ਅਤੇ ਜਾਵਾ ਟਾਪੂ ਵਿੱਚ ਵੀ ਵੱਖ-ਵੱਖ ਥਾਵਾਂ 'ਤੇ ਭਗਵਾਨ ਸ਼ਿਵ ਦੀਆਂ ਯਾਦਗਾਰਾਂ ਦੇਖਣ ਨੂੰ ਮਿਲਦੀਆਂ ਹਨ। ਸਕਾਟਲੈਂਡ ਦੇ ਮਸ਼ਹੂਰ ਸ਼ਹਿਰ ਗਲਾਸਗੋ, ਤੁਰਕਿਸਤਾਨ, ਤਾਜਕੰਦ, ਵੈਸਟ ਇੰਡੀਜ਼, ਗੁਆਨ, ਲੰਕਾ, ਸਿਅਮ ਮਾਹੀਸ਼ ਆਦਿ ਵੀ ਸ਼ਿਵ ?ਗ ਦੀ ਪੂਜਾ ਕਰਦੇ ਹਨ। ਨੇਪਾਲ ਵਿੱਚ ਇਸ ਨੂੰ ਪਸ਼ੂਪਤੀਨਾਥ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਇਕ ਓਮਕਾਰ ਕਿਹਾ ਗਿਆ ਹੈ। ਪਰਮ ਆਤਮਾ ਸ਼ਿਵ ਅਜੰਮਿਆ, ਕਰਤਾ-ਧਰਤਾ, ਭਾਵ ਰਹਿਤ ਅਤੇ, ਬ੍ਰਹਮਲੋਕ ਦਾ ਨਿਵਾਸੀ ਹੈ।

ਇਸ ਨੂੰ ਅੰਜਮਿਆ, ਕਿਹਾ ਜਾਂਦਾ ਹੈ । ਕਿਉਂਕਿ ਇਹ ਮਨੁੱਖ ਅਤੇ ਹੋਰ ਜੀਵ ਜੰਤੂਆਂ ਵਾਂਗ ਜਨਮ ਨਹੀਂ ਲੈਂਦਾ, ਜਿਸ ਦਾ ਕਾਰਨ ਕਰਮ ਬੰਧਨ ਹੁੰਦੇ ਹਨ ਪਰ ਜਦੋਂ ਨਿੰਦਿਆ ਦੇ ਸਮੇਂ 5 ਵਿਕਾਰਾਂ ਕਾਰਨ ਸਾਰੀਆਂ ਮਨੁੱਖੀ ਆਤਮਾਵਾਂ ਉਦਾਸ, ਵਿਆਕੁਲ, ਪਤਿਤ ਅਤੇ ਭਿ ?ਰਸ਼ਟ ਹੋ ਜਾਂਦੀਆਂ ਹਨ ਤਾਂ ਉਹ ਇਸ ਸ਼ਰੀਰਕ ਸੰਸਾਰ ਵਿੱਚ, ਪਰਦੇਸੀ ਇੱਕ ਆਮ ਪੁਰਾਣੇ ਸਰੀਰ ਵਿੱਚ ਦਾਖਲ ਹੁੰਦੇ ਹਨ ਜਾਂ ਅਵਤਾਰ ਲੈਂਦੇ ਹਨ। ਸ਼ਿਵਰਾਤਰੀ ਦਾ ਤਿਉਹਾਰ ਭਗਵਾਨ ਸ਼ਿਵ ਦੇ ਇਸ ਬ੍ਰਹਮ ਅਵਤਾਰ ਦੀ ਪਵਿੱਤਰ ਯਾਦ ਵਿੱਚ ਹੀ ਮਨਾਇਆ ਜਾਂਦਾ ਹੈ। ਇਹ ਰਾਤ ਦੇ 10-12 ਘੰਟੇ ਦੀ ਗੱਲ ਨਹੀਂ ਸਗੋਂ ਅਗਿਆਨਤਾ, ਪਾਪਪੁੰਨ ਅਤੇ ਬੁਰਾਈਆਂ ਦਾ ਪ੍ਰਤੀਕ ਹੈ।

ਸ਼ਿਵਰਾਤਰੀ ਵਾਲੇ ਦਿਨ ਸ਼ਰਧਾਲੂ ਸ਼ਿਵਿਗ ਨੂੰ ਧਤੂਰਾ, ਬੇਲ, ਬੇਲਪੱਤਰ ਆਦਿ ਚੜ੍ਹਾਉਦੇ ਹਨ ਅਤੇ ਸਾਰੀ ਰਾਤ ਜਾਗਦੇ ਰਹਿੰਦੇ ਹਨ ਅਤੇ ਵਰਤ ਰੱਖਦੇ ਹਨ। ਧਤੂਰਾ ਵਿਕਾਰ ਦੀ ਬੇਰੀ ਨਫ਼ਰਤ ਦਾ ਪ੍ਰੀਤਕ ਹੈ। ਬੇਲਪੱਤਰ ਬੁਰਾਈਆਂ ਅਤੇ ਨਸ਼ਿਆਂ ਦਾ ਪ੍ਰਤੀਕ ਹੈ, ਜਿਸ ਨੂੰ ਪਰਮ ਆਤਮਾ ਸ਼ਿਵ ਨੂੰ ਭੇਟ ਕਰਨਾ ਚਾਹੀਦਾ ਹੈ ਅਤੇ ਆਤਮਾ ਦੀ ਜੋਤ ਜਗਾਉਣ ਅਤੇ ਪਵਿੱਤਰ ਰਹਿਣ ਦਾ ਪ੍ਰਣ ਲੈਣਾ ਚਾਹੀਦਾ ਹੈ। ਸ਼ਿਵਰਾਤਰੀ ਸਾਰੇ ਧਰਮਾਂ ਦਾ ਤਿਉਹਾਰ ਹੈ ਅਤੇ ਭਾਰਤ ਸਾਰੇ ਧਰਮਾਂ ਦਾ ਤੀਰਥ ਸਥਾਨ ਹੈ। ਸ਼ਿਵ ਸਮ੍ਰਿਤੀ ਅਸਲ ਵਿੱਚ ਉਹ ਸਮ੍ਰਿਤੀ ਜਾਂ ਤਰਕ ਮੰਤਰ ਹੈ ਜਿਸ ਦੁਆਰਾ ਸਾਰੀਆਂ ਪ੍ਰਾਪਤੀਆਂ ਕੀਤੀ ਜਾ ਸਕਦੀਆਂ ਹਨ।

## ਮਹਾਸ਼ਿਵਰਾਤਰੀ: ਇਸ ਸ਼ੁੱਭ ਮਹੂਰਤ 'ਚ ਕਰੋ ਸ਼ਿਵ ਪੂਜਾ



ਮਹਾਸ਼ਿਵਰਾਤਰੀ ਦਾ ਤਿਉਹਾਰ ਭਗਵਾਨ ਸ਼ੰਕਰ ਜੀ ਦਾ ਪਿਆਰਾ ਅਤੇ ਸਭ ਤੋਂ ਵਧੀਆ ਦਿਨ ਮੰਨਿਆ ਜਾਂਦਾ ਹੈ। ਇਸ ਦਾ ਵਰਤ ਫੱਗਣ ਮਹੀਨੇ ਦੇ ਪਹਿਲੇ ਪੱਖ ਦੀ ਚੌਦਸ਼ ਨੂੰ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਸ਼ੰਕਰ ਇਸ ਦਿਨ ਦੇਸ਼ ਦੇ ਸਭ ਸ਼ਿਵਲਿੰਗਾਂ ਵਿਚ ਪ੍ਰਵੇਸ਼ ਕਰਦੇ ਹਨ। ਇਸ ਦਿਨ ਹਰ ਥਾਂ 'ਤੇ ਸ਼ਿਵ ਮੰਦਰਾਂ ਵਿਚ ਭਗਵਾਨ ਸ਼ਿਵ ਜੀ ਦੀ ਪੂਜਾ ਕੀਤੀ ਜਾਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਹੜਾ ਪ੍ਰਾਣੀ ਇਸ ਸ਼ਿਵਰਾਤਰੀ ਨੂੰ ਨਿਰਜਲ ਰਹਿ ਕੇ ਵਰਤ ਕਰਦਾ ਹੈ, ਸ਼ਿਵ ਜੀ ਦੀ ਪੂਜਾ ਕਰਦਾ ਹੈ, ਰਾਤ ਭਰ ਜਾਗਰਣ ਕਰਕੇ ਸਤਿਸੰਗ ਅਤੇ ਕੀਰਤਨ ਕਰਦਾ ਹੈ, ਉਸ ਨੂੰ ਸ਼ਿਵ ਲੋਕ ਦੀ ਪ੍ਰਾਪਤੀ ਹੁੰਦੀ ਹੈ।

- ਇਸ ਦਿਨ ਕਾਲੇ ਕੱਪੜੇ ਨਹੀਂ ਪਾਉਣੇ ਚਾਹੀਦੇ।
- ਭਗਵਾਨ ਸ਼ਿਵ ਨੂੰ ਸਫੈਦ ਫੁੱਲ ਬਹੁਤ ਪਿਆਰੇ ਹਨ ਪਰ ਕੇਤਕੀ ਦਾ ਫੁੱਲ ਸਫੈਦ ਹੋਣ ਦੇ ਬਾਵਜੂਦ ਭੋਲੇਨਾਥ ਦੀ ਪੂਜਾ ਵਿਚ ਨਹੀਂ ਚੜ੍ਹਾਉਣਾ ਚਾਹੀਦਾ।
- ਭਗਵਾਨ ਸ਼ਿਵ ਦੀ ਪੂਜਾ ਕਰਦੇ ਸਮਾਂ ਸ਼ੰਖ ਨਾਲ ਪਾਣੀ ਅਰਪਿਤ ਨਹੀਂ ਕਰਨਾ ਚਾਹੀਦਾ।
- ਭਗਵਾਨ ਸ਼ਿਵ ਦੀ ਪੂਜਾ ਵਿਚ ਤੁਲਸੀ ਦਾ ਪ੍ਰਯੋਗ ਵਰਜਿਤ ਹੈ।
- ਸ਼ਿਵ ਦੀ ਪੂਜਾ ਵਿਚ ਤਿੱਲ ਨਾ ਚੜ੍ਹਾਓ। ਤਿੱਲ ਭਗਵਾਨ ਵਿਸ਼ਣੂ ਦੇ ਮੈਲ ਤੋਂ ਪੈਦਾ ਹੋਏ ਮੰਨੇ ਜਾਂਦੇ ਹਨ, ਇਸ ਲਈ ਭਗਵਾਨ ਵਿਸ਼ਣੂ ਨੂੰ ਤਿੱਲ ਅਰਪਿਤ ਕੀਤੇ ਜਾਂਦੇ ਹਨ ਪਰ ਸ਼ਿਵ ਜੀ ਨੂੰ ਨਹੀਂ ਚੜ੍ਹਦੇ
- ਸ਼ਿਵ ਪ੍ਰਤੀਮਾ 'ਤੇ ਨਾਰੀਅਲ ਚੜ੍ਹਾ ਸਕਦੇ ਹੋ ਪਰ ਨਾਰੀਅਲ ਦਾ ਪਾਣੀ ਨਹੀਂ।
- ਚੌਲ ਸਫੈਦ ਰੰਗ ਦੇ ਸਾਬੂਤ ਹੋਣੇ ਚਾਹੀਦੇ ਹਨ, ਟੁੱਟੇ ਹੋਏ ਚੌਲਾਂ ਦਾ ਇਸਤੇਮਾਲ ਪੂਜਾ ਵਿਚ ਨਹੀਂ ਕੀਤਾ ਜਾਂਦਾ।
- ਫੁੱਲ ਮੁਰਝਾਏ ਹੋਏ ਨਹੀਂ ਹੋਣੇ ਚਾਹੀਦੇ।







# ਆਬਕਾਰੀ ਨੀਤੀ ਬਾਰੇ ਕੈਗ ਰਿਪੋਰਟ ਦਿੱਲੀ ਵਿਧਾਨ ਸਭਾ 'ਚ ਪੇਸ਼

## ਨੀਤੀ ਕਾਰਨ ਦਿੱਲੀ ਸਰਕਾਰ ਨੂੰ ਦੋ ਹਜ਼ਾਰ ਕਰੋੜ ਰੁਪਏ ਦੇ ਨੁਕਸਾਨ ਦਾ ਦਾਅਵਾ





ਨਵੀਂ ਦਿੱਲੀ : ਦਿੱਲੀ ਵਿਧਾਨ ਸਭਾ 'ਚ ਅੱਜ ਪੇਸ਼ ਕੀਤੀ ਕੈਗ ਦੀ ਰਿਪੋਰਟ ਅਨੁਸਾਰ ਦਿੱਲੀ ਸਰਕਾਰ ਨੂੰ 2021-2022 ਦੀ ਆਬਕਾਰੀ ਨੀਤੀ ਕਾਰਨ ਦੋ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਘਾਟਾ ਹੋਇਆ ਹੈ। ਇਸ ਲਈ ਕਮਜ਼ੋਰ ਨੀਤੀਗਤ ਢਾਂਚੇ ਤੋਂ ਲੈ ਕੇ ਆਬਕਾਰੀ ਨੀਤੀ ਦੇ ਅਮਲ ਵਿਚਲੀਆਂ ਕਮੀਆਂ ਸਮੇਤ ਕਈ ਕਾਰਨ ਜ਼ਿੰਮੇਵਾਰ ਹਨ।

ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠਲੀ ਨਵੀਂ ਸਰਕਾਰ ਵੱਲੋਂ ਪਿਛਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪ੍ਰਦਰਸ਼ਨ ਬਾਰੇ ਪੇਸ਼ ਕੀਤੀਆਂ ਜਾਣ ਵਾਲੀਆਂ 14 'ਚੋਂ ਇੱਕ ਰਿਪੋਰਟ ਵਿੱਚ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ 'ਚ ਉਲੰਘਣਾ ਨੂੰ ਵੀ ਉਭਾਰਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਹੁਣ ਖਤਮ ਹੋ ਚੁੱਕੀ ਨੀਤੀ ਦੇ ਨਿਰਮਾਣ 'ਚ ਤਬਦੀਲੀਆਂ ਸੁਝਾਉਣ ਲਈ ਕਾਇਮ ਮਾਹਿਰਾਂ ਦੀ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਤਤਕਾਲੀ ਉਪ ਮੁੱਖ ਮੰਤਰੀ ਤੇ ਆਬਕਾਰੀ ਮੰਤਰੀ ਮਨੀਸ਼ ਸਿਸੋਦੀਆ ਨੇ ਨਜ਼ਰਅੰਦਾਜ਼ ਕਰ ਦਿੱਤਾ ਸੀ। ਕਥਿਤ ਸ਼ਰਾਬ ਘਪਲੇ ਬਾਰੇ ਰਿਪੋਰਟ 'ਚ 941.53 ਕਰੋੜ ਰੁਪਏ ਦੇ ਮਾਲੀਏ ਦੇ ਨੁਕਸਾਨ ਦਾ ਦਾਅਵਾ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਸ਼ਰਾਬ ਦੇ ਠੇਕਿਆਂ ਦੀ ਇਜਾਜ਼ਤ ਦੇਣ ਵਾਲੇ ਜ਼ਮੀਨੀ ਵਰਤੋਂ ਦੇ ਨਿਯਮਾਂ ਦੀ ਪਾਲਣਾ ਦੀ ਅਣਦੇਖੀ ਕਾਰਨ ਲਾਇਸੈਂਸ ਟੈਕਸ ਦੇ ਰੂਪ 'ਚ ਲਗਪਗ 890.15 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਦਾਅਵਾ ਵੀ ਕੀਤਾ ਗਿਆ ਹੈ।

# ਦਿੱਲੀ ਵਿਧਾਨ ਸਭਾ 'ਚੋਂ 'ਆਪ' ਦੇ 21 ਵਿਧਾਇਕ ਮੁਅੱਤਲ

### ਡਾ. ਅੰਬੇਡਕਰ ਦੀ ਤਸਵੀਰ ਹਟਾਉਣ 'ਤੇ ਹੰਗਾਮਾ; ਉਪ ਰਾਜਪਾਲ ਦੇ ਭਾਸ਼ਣ ਦੌਰਾਨ ਪਾਇਆ ਅੜਿੱਕਾ; 27 ਤੇ 28 ਫਰਵਰੀ ਦੀ ਕਾਰਵਾਈ 'ਚ ਨਹੀਂ ਹੋ ਸਕਣਗੇ ਸ਼ਾਮਲ; 'ਆਪ' ਵਿਧਾਇਕਾਂ ਨੇ ਦਿੱਤਾ ਧਰਨਾ



ਨਵੀਂ ਦਿੱਲੀ : ਦਿੱਲੀ ਵਿਧਾਨ ਸਭਾ 'ਚ ਅੱਜ ਉਪ ਰਾਜਪਾਲ ਵੀਕੇ ਸਕਸੈਨਾ ਦੇ ਉਦਘਾਟਨੀ ਭਾਸ਼ਣ 'ਚ ਅੜਿੱਕਾ ਪਾਉਣ 'ਤੇ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਸਮੇਤ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਤਿੰਨ ਦਿਨ ਲਈ ਮੁਅੱਤਲ ਕਰ ਦਿੱਤਾ ਗਿਆ। ਉਨ੍ਹਾਂ ਦੀ ਮੁਅੱਤਲੀ ਦਾ ਮਤਾ ਦਿੱਲੀ ਲੋਕ ਨਿਰਮਾਣ ਵਿਭਾਗ (ਪੀਡਬਲਿਊਡੀ) ਮੰਤਰੀ ਪ੍ਰਵੇਸ਼ ਵਰਮਾ ਨੇ ਪੇਸ਼ ਕੀਤਾ ਅਤੇ ਸਦਨ 'ਚ ਜ਼ੁਬਾਨੀ ਵੋਟਾਂ ਨਾਲ ਮਤਾ ਪਾਸ ਕਰ ਦਿੱਤਾ ਗਿਆ। ਮੁਅੱਤਲ ਵਿਧਾਇਕਾਂ ਨੂੰ 27 ਤੇ 28 ਫਰਵਰੀ ਨੂੰ ਵਿਧਾਨ ਸਭਾ ਦੀ ਕਾਰਵਾਈ 'ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਅੱਜ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਆਤਿਸ਼ੀ ਨੇ 'ਆਪ' ਦੇ ਹੋਰ ਵਿਧਾਇਕਾਂ ਨਾਲ ਮੁੱਖ ਮੰਤਰੀ ਦਫ਼ਤਰ 'ਚੋਂ ਬੀਆਰ ਅੰਬੇਡਕਰ ਦੀ ਤਸਵੀਰ ਕਥਿਤ ਤੌਰ 'ਤੇ ਹਟਾਉਣ ਦਾ ਵਿਰੋਧ ਕੀਤਾ। 'ਆਪ' ਵਿਧਾਇਕਾਂ ਨੇ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ 'ਤੇ ਅੰਬੇਡਕਰ ਦਾ ਅਪਮਾਨ ਕਰਨ ਦਾ ਦੋਸ਼ ਲਾਇਆ ਤੇ ਉਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਹੰਗਾਮੇ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ, 'ਜਦੋਂ ਵਿਧਾਨ ਸਭਾ ਸੈਸ਼ਨ ਸ਼ੁਰੂ ਹੋਇਆ ਤਾਂ ਸਾਨੂੰ ਉਮੀਦ ਸੀ ਕਿ ਸੱਤਾ ਧਿਰ ਤੇ ਵਿਰੋਧੀ ਧਿਰ ਵਿਕਾਸ ਲਈ ਮਿਲ ਕੇ ਕੰਮ ਕਰਨਗੀਆਂ ਕਿਉਂਕਿ ਅੱਜ ਦੀ ਚਰਚਾ ਬਹੁਤ ਮਹੱਤਵਪੂਰਨ ਸੀ।' ਦਿੱਲੀ ਵਿਧਾਨ ਸਭਾ 'ਚ 'ਆਪ' ਦੇ 22 ਵਿਧਾਇਕ ਹਨ। ਓਖਲਾ ਸੀਟ ਤੋਂ ਵਿਧਾਇਕ ਅਮਾਨਤੁੱਲ੍ਹਾ ਖਾਨ ਨੂੰ ਛੱਡ ਕੇ 'ਆਪ' ਦੇ ਬਾਕੀ ਸਾਰੇ ਵਿਧਾਇਕ ਮੁਅੱਤਲ ਕਰ ਦਿੱਤੇ ਗਏ ਹਨ। ਖਾਨ ਸਦਨ 'ਚ ਹਾਜ਼ਰ ਨਹੀਂ ਸਨ। ਮੁਅੱਤਲੀ ਤੋਂ ਬਾਅਦ 'ਆਪ' ਵਿਧਾਇਕਾਂ ਨੇ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਮੁਜ਼ਾਹਰਾ ਕੀਤਾ। ਆਤਿਸ਼ੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਮੁੱਖ ਮੰਤਰੀ ਦਫ਼ਤਰ 'ਚੋਂ ਬੀ.ਆਰ. ਅੰਬੇਡਕਰ ਦੀ ਤਸਵੀਰ ਹਟਾ ਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਉਨ੍ਹਾਂ ਪ੍ਰੈੱਸ ਵਾਰਤਾ 'ਚ ਕਿਹਾ, 'ਭਾਜਪਾ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਹਟਾ ਕੇ ਆਪਣਾ ਅਸਲੀ ਰੰਗ ਦਿਖਾਇਆ ਹੈ। ਕੀ ਉਹ ਮੰਨਦੀ ਹੈ ਕਿ (ਪ੍ਰਧਾਨ ਮੰਤਰੀ) ਮੋਦੀ ਬਾਬਾ ਸਾਹਿਬ ਦੀ ਥਾਂ ਲੈ ਸਕਦੇ ਹਨ?' ਦੂਜੇ ਪਾਸੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ 'ਆਪ' ਦੇ ਦਾਅਵਿਆਂ ਦਾ ਖੰਡਨ ਕਰਦਿਆਂ ਕਿਹਾ ਕਿ ਅੰਬੇਡਕਰ, ਭਗਤ ਸਿੰਘ, ਮਹਾਤਮਾ ਗਾਂਧੀ ਅਤੇ ਰਾਸ਼ਟਰਪਤੀ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ।

# ਡਾ. ਅੰਬੇਡਕਰ ਅਤੇ ਭਗਤ ਸਿੰਘ ਦੀ ਤਸਵੀਰ ਨੂੰ ਲੈ ਕੇ ਦਿੱਲੀ ਤੋਂ ਪੰਜਾਬ ਤੱਕ ਹੰਗਾਮਾ



ਨਵੀਂ ਦਿੱਲੀ/ਚੰਡੀਗੜ੍ਹ : ਦਿੱਲੀ ਅਤੇ ਪੰਜਾਬ ਦੀ ਵਿਧਾਨ ਸਭਾ ਵਿੱਚ ਮੰਗਲਵਾਰ ਨੂੰ ਉਸ ਸਮੇਂ ਜਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ ਜਦੋਂ ਆਮ ਆਦਮੀ ਪਾਰਟੀ (AAP) ਨੇ ਦੋਸ਼ ਲਾਇਆ ਕਿ ਦਿੱਲੀ ਵਿੱਚ ਸੱਤਾ ਬਦਲਣ ਤੋਂ ਬਾਅਦ ਮੁੱਖ ਮੰਤਰੀ ਦਫਤਰ ਤੋਂ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ। ਇਸ ਮਾਮਲੇ 'ਤੇ ਦਿੱਲੀ ਵਿਧਾਨ ਸਭਾ ਵਿੱਚ ਭਾਰੀ ਹੰਗਾਮਾ ਹੋਇਆ। ਉਧਰ ਪੰਜਾਬ ਵਿਧਾਨ ਸਭਾ ਵਿੱਚ ਵੀ 'ਆਪ' ਵਿਧਾਇਕਾਂ ਨੇ ਇਸਦਾ ਵਿਰੋਧ ਕਰਦਿਆਂ ਪ੍ਰਸਤਾਵ ਲਿਆਉਣ ਦੀ ਮੰਗ ਕੀਤੀ, ਜਿਸਦਾ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਮਰਥਨ ਕੀਤਾ।

ਦਿੱਲੀ ਅਤੇ ਪੰਜਾਬ ਵਿੱਚ ਇੱਕੋ ਸਮੇਂ ਉੱਠੇ ਇਹ ਮਾਮਲੇ ਨੇ ਰਾਜਨੀਤਿਕ ਮਾਹੌਲ ਨੂੰ ਗਰਮਾ ਦਿੱਤਾ ਹੈ। ਭਾਜਪਾ ਨੇ ਆਮ ਆਦਮੀ ਪਾਰਟੀ ਦੇ ਦੋਸ਼ਾਂ ਨੂੰ ਬੇਬੁਨਿਆਦ ਕਿਹਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਨੇ ਇਸਨੂੰ ਜਨਤਾ ਦੇ ਨਾਇਕ ਅੰਬੇਡਕਰ ਦਾ ਨਿਰਾਦਰ ਕਿਹਾ ਹੈ। ਮੰਗਲਵਾਰ ਨੂੰ ਦਿੱਲੀ ਵਿਧਾਨ ਸਭਾ ਸ਼ੁਰੂ ਹੁੰਦਿਆਂ ਹੀ ਇਹ ਮਾਮਲਾ ਗਰਮਾਇਆ ਤਾਂ 'ਆਪ' ਵਿਧਾਇਕ ਅਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਸਮੇਤ ਕਈ ਵਿਧਾਇਕਾਂ ਨੂੰ ਸਦਨ ਤੋਂ ਮੁਅੱਤਲ ਕਰ ਦਿੱਤਾ ਗਿਆ। ਆਤਿਸ਼ੀ ਨੇ ਭਾਜਪਾ 'ਤੇ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਨੂੰ ਹਟਾ ਕੇ ਉਨ੍ਹਾਂ ਦਾ ਨਿਰਾਦਰ ਕੀਤਾ ਹੈ। ਉਨ੍ਹਾਂ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ, "ਭਾਜਪਾ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਨੂੰ ਹਟਾ ਕੇ ਆਪਣਾ ਅਸਲੀ ਰੰਗ ਦਿਖਾਇਆ ਹੈ। ਕੀ ਉਹ ਇਹ ਮੰਨਦੇ ਹਨ ਕਿ ਨਰਿੰਦਰ ਮੋਦੀ ਬਾਬਾ ਸਾਹਿਬ ਦੀ ਥਾਂ ਲੈ ਸਕਦੇ ਹਨ?" ਉਨ੍ਹਾਂ ਕਿਹਾ ਕਿ ਇਹ ਦੁਖਦਾਇਕ ਹੈ ਕਿ ਦਿੱਲੀ ਵਿਧਾਨ ਸਭਾ ਦਾ ਅਗਵਾਈ ਇੱਕ ਐਸੀ ਪਾਰਟੀ ਕਰ ਰਹੀ ਹੈ ਜੋ ਦਲਿਤ ਅਤੇ ਸਿੱਖ ਵਿਰੋਧੀ ਹੈ। ਭਾਜਪਾ ਨੇ ਮੁੱਖ ਮੰਤਰੀ ਦਫਤਰ ਤੋਂ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਹਨ, ਜੋ ਉਨ੍ਹਾਂ ਦੇ ਅਸਲੀ ਆਚਰਨ ਨੂੰ ਦਰਸਾਉਂਦਾ ਹੈ।

# ਦਿੱਲੀ ਨਗਰ ਨਿਗਮ: ਹੰਗਾਮੇ ਦੌਰਾਨ 'ਆਪ' ਵੱਲੋਂ ਦੋ ਮਤੇ ਪੇਸ਼

### ਭਾਜਪਾ ਤੇ 'ਆਪ' ਵੱਲੋਂ ਇੱਕ-ਦੂਜੇ ਖ਼ਿਲਾਫ਼ ਨਾਅਰੇਬਾਜ਼ੀ



ਨਵੀਂ ਦਿੱਲੀ : ਦਿੱਲੀ ਨਗਰ ਨਿਗਮ (ਐੱਮਸੀਡੀ) ਵਿੱਚ ਅੱਜ ਆਮ ਆਦਮੀ ਪਾਰਟੀ (ਆਪ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੌਂਸਲਰਾਂ ਵੱਲੋਂ ਵੱਖ-ਵੱਖ ਮੁੱਦਿਆਂ ਖ਼ਿਲਾਫ਼ ਕੀਤੇ ਗਏ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਕਾਰਨ ਸਦਨ ਵਿੱਚ ਕਾਫੀ ਹੰਗਾਮਾ ਹੋਇਆ। 'ਆਪ' ਆਗੂ ਦੁਰਗੇਸ਼ ਪਾਠਕ ਨੇ ਦੱਸਿਆ ਕਿ ਸਦਨ ਵਿੱਚ ਭਾਜਪਾ ਦੀ 'ਗੁੰਡਾਗਰਦੀ' ਦੇ ਬਾਵਜੂਦ ਕਰਮਚਾਰੀਆਂ ਨੂੰ ਪੱਕਾ ਕਰਨ ਅਤੇ ਹਾਊਸ ਟੈਕਸ ਮੁਆਫ ਕਰਨ ਦੇ ਮਤੇ ਪੇਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ 'ਆਪ' ਕਿਸੇ ਵੀ ਹਾਲ ਵਿੱਚ ਭਾਜਪਾ ਨੂੰ ਦਿੱਲੀ ਵਾਸੀਆਂ ਦਾ ਹੱਕ ਨਹੀਂ ਖੋਹਣ ਦੇਵੇਗੀ। ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਦੋਵਾਂ ਪਾਰਟੀਆਂ ਦੇ ਮੈਂਬਰਾਂ ਨੇ ਬੈਨਰ ਦਿਖਾਉਣੇ ਅਤੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। 'ਆਪ' ਕੌਂਸਲਰਾਂ ਨੇ 'ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ' ਅਤੇ 'ਜੈ ਭੀਮ' ਦੇ ਨਾਅਰੇ ਲਾਏ, ਜਦਕਿ ਭਾਜਪਾ ਸਮਰਥਕਾਂ ਨੇ 'ਅਰਵਿੰਦ ਕੇਜਰੀਵਾਲ ਸ਼ਰਮ ਕਰੋ' ਅਤੇ 'ਮੇਅਰ ਸ਼ਰਮ ਕਰੋ' ਵਰਗੇ ਨਾਅਰੇ ਲਾਏ। ਇਸ ਦੌਰਾਨ 'ਆਪ' ਆਗੂ ਮੁਕੇਸ਼ ਗੋਇਲ ਨੇ ਕਿਹਾ ਕਿ ਸਦਨ ਨੂੰ ਚਲਾਉਣ ਲਈ ਜਿੰਨੇ ਕੌਂਸਲਰ ਚਾਹੀਦੇ ਹਨ, ਓਨੇ ਸਦਨ ਵਿੱਚ ਮੌਜੂਦ ਸਨ ਪਰ ਪ੍ਰਸਤਾਵ ਪੇਸ਼ ਕਰਨ ਦੌਰਾਨ ਭਾਜਪਾ ਨੇ ਹੰਗਾਮਾ ਕੀਤਾ।

# ਕਟਾਸ ਰਾਜ 'ਚ ਸ਼ਿਵਰਾਤਰੀ ਮਨਾਉਣ ਲਈ ਸ਼ਰਧਾਲੂਆਂ ਦਾ ਜਥਾ ਰਵਾਨਾ

## ਪਾਕਿਸਤਾਨ ਹਾਈ ਕਮਿਸ਼ਨ ਨੇ 154 ਯਾਤਰੀਆਂ ਨੂੰ ਦਿੱਤਾ ਵੀਜ਼ਾ; ਦੋ ਮਾਰਚ ਨੂੰ ਵਤਨ ਪਰਤਣਗੇ ਸ਼ਰਧਾਲੂ







ਅੰਮ੍ਰਿਤਸਰ : ਹਿੰਦੂ ਤੀਰਥ ਯਾਤਰੀਆਂ ਦਾ ਜਥਾ ਅੱਜ ਅਟਾਰੀ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਸਥਿਤ ਮੰਦਰ ਕਟਾਸ ਰਾਜ ਦੀ ਯਾਤਰਾ ਵਾਸਤੇ ਰਵਾਨਾ ਹੋਇਆ ਹੈ। ਇਸ ਜਥੇ 'ਚ ਲਗਪਗ 150 ਤੋਂ ਵੱਧ ਯਾਤਰੀ ਸ਼ਾਮਲ ਹਨ। ਇਹ ਜਥਾ ਲਗਪਗ ਹਫ਼ਤੇ ਦੀ ਯਾਤਰਾ ਦੌਰਾਨ ਪਾਕਿਸਤਾਨ ਸਥਿਤ ਕਟਾਸ ਰਾਜ ਸਣੇ ਹੋਰ ਮੰਦਰਾਂ ਦੇ ਦਰਸ਼ਨ ਕਰੇਗਾ ਅਤੇ ਦੋ ਮਾਰਚ ਨੂੰ ਵਾਪਸ ਆਵੇਗਾ।

ਪਾਕਿਸਤਾਨ ਹਾਈ ਕਮਿਸ਼ਨ ਨੇ ਭਾਰਤ ਤੋਂ ਲਗਪਗ 154 ਸ਼ਰਧਾਲੂਆਂ ਨੂੰ ਪਾਕਿਸਤਾਨੀ ਪੰਜਾਬ ਦੇ ਚਕਵਾਲ ਜ਼ਿਲ੍ਹੇ ਵਿੱਚ ਕਟਾਸ ਰਾਜ ਮੰਦਰ ਦੀ ਯਾਤਰਾ ਵਾਸਤੇ ਵੀਜ਼ੇ ਦਿੱਤੇ ਹਨ। ਪੰਜਾਬ ਸਣੇ ਦਿੱਲੀ, ਰਾਜਸਥਾਨ, ਗੁਜਰਾਤ ਅਤੇ ਹੋਰ ਸੂਬਿਆਂ ਦੇ ਇਹ ਸ਼ਰਧਾਲੂ ਅੱਜ ਸਵੇਰੇ ਦੁਰਗਿਆਣਾ ਮੰਦਰ ਨਤਮਸਤਕ ਹੋਣ ਤੋਂ ਬਾਅਦ ਅਟਾਰੀ ਸਰਹੱਦ ਰਸਤੇ ਪਾਕਿਸਤਾਨ ਲਈ ਰਵਾਨਾ ਹੋਏ ਹਨ।

ਸਨਾਤਨ ਧਰਮ ਸਭਾ ਦੇ ਮੁਖੀ ਪੰਡਿਤ ਰਿਤੂ ਕਾਂਤ ਗੋਸਵਾਮੀ ਨੇ ਦੱਸਿਆ ਕਿ ਲਗਪਗ 175 ਤੋਂ ਵੱਧ ਸ਼ਰਧਾਲੂਆਂ ਨੇ ਵੀਜ਼ੇ ਲਈ ਪਾਕਿਸਤਾਨ ਹਾਈ ਕਮਿਸ਼ਨ ਨੂੰ ਅਰਜ਼ੀਆਂ ਦਿੱਤੀਆਂ ਸਨ ਪਰ 154 ਨੂੰ ਵੀਜ਼ੇ ਮਿਲੇ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਵੰਡ ਤੋਂ ਪਹਿਲਾਂ ਕਟਾਸ ਰਾਜ ਵਿੱਚ ਵੱਡੇ ਪੱਧਰ 'ਤੇ ਸ਼ਿਵਰਾਤਰੀ ਤੇ ਹੋਰ ਤਿਉਹਾਰ ਮਨਾਏ ਜਾਂਦੇ ਸਨ। ਇੱਥੇ ਵੱਖ-ਵੱਖ ਥਾਵਾਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਪੁੱਜਦੇ ਸਨ। ਉਨ੍ਹਾਂ ਕਿਹਾ ਕਿ ਭਾਰਤੀ ਸ਼ਰਧਾਲੂਆਂ ਨੂੰ ਪਾਕਿਸਤਾਨ 'ਚ ਸਥਿਤ ਪ੍ਰਾਚੀਨ ਮੰਦਰਾਂ ਦੇ ਦਰਸ਼ਨ ਕਰਨ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ।

ਦੁਰਗਿਆਣਾ ਮੰਦਰ ਪ੍ਰਬੰਧਕ ਕਮੇਟੀ ਦੀ ਮੁਖੀ ਤੇ ਭਾਜਪਾ ਆਗੂ ਲਕਸ਼ਮੀ ਕਾਂਤਾ ਚਾਵਲਾ ਨੇ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਕਟਾਸ ਰਾਜ ਮੰਦਰ ਸਣੇ ਹੋਰ ਤੀਰਥ ਸਥਾਨਾਂ ਵਾਸਤੇ ਹਰ ਸਾਲ ਪੰਜ ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣ। ਉਨ੍ਹਾਂ ਜਥੇ 'ਚ ਸ਼ਾਮਲ ਸ਼ਰਧਾਲੂਆਂ ਨੂੰ ਆਖਿਆ ਕਿ ਉੱਥੇ ਪੰਡਿਤ ਹਕੀਕਤ ਰਾਮ ਦੇ ਸ਼ਹੀਦੀ ਅਸਥਾਨ ਦਾ ਵੀ ਪਤਾ ਕਰਨ, ਜਿੱਥੇ ਵੰਡ ਤੋਂ ਪਹਿਲਾਂ ਹਿੰਦੂ ਸਿੱਖਾਂ ਵੱਲੋਂ ਇਕੱਠੇ ਹੋ ਕੇ ਉਨ੍ਹਾਂ ਦਾ ਸ਼ਹੀਦੀ ਦਿਵਸ ਮਨਾਇਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਜੇ ਇਹ ਸਥਾਨ ਮਿਲੇ ਤਾਂ ਉੱਥੇ ਵੀ ਨਤਮਸਤਕ ਹੋਇਆ ਜਾਵੇ।


ਇਹ ਸ਼ਰਧਾਲੂ ਅੱਜ ਅਟਾਰੀ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਪੁੱਜਣ ਮਗਰੋਂ ਲਾਹੌਰ ਵਿੱਚ ਰਾਤ ਦਾ ਵਿਸ਼ਰਾਮ ਕਰਨਗੇ ਅਤੇ ਅਗਲੇ ਦਿਨ ਜ਼ਿਲ੍ਹਾ ਚਕਵਾਲ ਸਥਿਤ ਕਟਾਸ ਰਾਜ ਮੰਦਰ ਲਈ ਰਵਾਨਾ ਹੋਣਗੇ। ਇੱਥੇ ਉਹ ਸ਼ਿਵਰਾਤਰੀ ਤੱਕ ਰੁਕਣਗੇ ਅਤੇ ਦੋ ਮਾਰਚ ਨੂੰ ਵਾਪਸ ਭਾਰਤ ਆਉਣਗੇ।





# ਰੂਸ-ਯੂਕਰੇਨ ਯੁੱਧ ਦੌਰਾਨ ਨੁਕਸਾਨੀਆਂ ਗਈਆਂ ਇਮਾਰਤਾਂ ਦੀਆਂ ਤਸਵੀਰਾਂ ਦੀ ਲਗਾਈ ਪ੍ਰਦਰਸ਼ਨੀ





ਨਵੀਂ ਦਿੱਲੀ : ਲੋਕ ਸੋਮਵਾਰ ਨੂੰ ਨਵੀਂ ਦਿੱਲੀ ਦੇ ਤ੍ਰਿਵੇਣੀ ਕਲਾ ਸੰਗਮ ਆਡੀਟੋਰੀਅਮ ਵਿਖੇ 'ਰੈਸੋਨੈਂਸ ਆਫ਼ ਰੈਸਿਲਿਏਂਸ: ਏ ਮਿਊਜ਼ੀਕਲ ਟ੍ਰਿਬਿਊਟ ਟੂ ਯੂਕਰੇਨ' ਵਿਖੇ ਰੂਸ-ਯੂਕਰੇਨ ਯੁੱਧ ਦੌਰਾਨ ਨੁਕਸਾਨੀਆਂ ਗਈਆਂ ਇਮਾਰਤਾਂ ਦੀਆਂ ਤਸਵੀਰਾਂ ਦੇਖਦੇ ਹੋਏ।

# ਪਾਰਟੀ ਦੇ ਸੰਸਦ ਮੈਂਬਰ ਰਕੀਬੁਲ ਹੁਸੈਨ 'ਤੇ ਹੋਏ ਹਮਲੇ ਦਾ ਕਾਂਗਰਸੀ ਵਿਧਾਇਕਾਂ ਨੇ ਕੀਤਾ ਵਿਰੋਧ



ਗੁਹਾਟੀ : ਕਾਂਗਰਸ ਵਿਧਾਇਕਾਂ ਨੇ ਸ਼ੁੱਕਰਵਾਰ ਨੂੰ ਗੁਹਾਟੀ 'ਚ ਅਸਾਮ ਵਿਧਾਨ ਸਭਾ ਦੇ ਕੰਪਲੈਕਸ 'ਚ ਰੂਪਹੀਹਾਟ 'ਚ ਪਾਰਟੀ ਦੇ ਸੰਸਦ ਮੈਂਬਰ ਰਕੀਬੁਲ ਹੁਸੈਨ 'ਤੇ ਹੋਏ ਹਮਲੇ ਦੇ ਵਿਰੋਧ 'ਚ ਪ੍ਰਦਰਸ਼ਨ ਕੀਤਾ।

# ਆਰਥਿਕ ਤੰਗੀ ਕਾਰਨ ਕਿਸਾਨ ਵਲੋਂ ਖ਼ੁਦਕੁਸ਼ੀ



ਨੂਰਪੁਰ ਬੇਦੀ (ਰੂਪਨਗਰ) : ਰੂਪਨਗਰ ਜ਼ਿਲ੍ਹੇ ਦੇ ਨੂਰਪੁਰ ਬੇਦੀ ਬਲਾਕ ਦੇ ਪਿੰਡ ਛੱਜਾ ਦੇ ਇੱਕ ਕਿਸਾਨ ਵਲੋਂ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ। ਕਿਸਾਨ ਦਾ ਅੰਤਿਮ ਸਸਕਾਰ ਕੱਲ੍ਹ ਪੋਸਟ ਮਾਰਟਮ ਕਰਨ ਉਪਰੰਤ ਉਨ੍ਹਾਂ ਦੇ ਜੱਦੀ ਪਿੰਡ ਛੱਜਾ ਵਿਖੇ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਛੱਜਾ ਦੇ ਕਿਸਾਨ ਗੁਰਬਖਸ਼ ਸਿੰਘ (50) ਪੁੱਤਰ ਸਿੱਧੂ ਸਿੰਘ ਪਿਛਲੇ ਕਾਫ਼ੀ ਸਮੇਂ ਤੋਂ ਆਰਥਿਕ ਤੰਗੀ ਤੁਰਸ਼ੀ ਦਾ ਸ਼ਿਕਾਰ ਸੀ ਅਤੇ ਉਸ ਦੇ ਸਿਰ 10-12 ਲੱਖ ਦਾ ਕਰਜ਼ਾ ਸੀ। ਗੁਰਬਖਸ਼ ਸਿੰਘ ਦੇ ਰਿਸ਼ਤੇਦਾਰ ਦਲਵੀਰ ਸਿੰਘ ਨੇ ਦੱਸਿਆ ਕਿ ਗੁਰਬਖਸ਼ ਸਿੰਘ ਨੇ ਕਰਜ਼ੇ ਤੋਂ ਤੰਗ ਆ ਕੇ ਬੀਤੀ 22 ਫਰਵਰੀ ਨੂੰ ਘਰ ਵਿਚ ਪਈ ਕੀਟਨਾਸ਼ਕ ਦਵਾਈ ਪੀ ਲਈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਕਿਸਾਨ ਦੇ ਇੱਕ ਲੜਕਾ ਤੇ ਇੱਕ ਲੜਕੀ ਹੈ।

# ਬੀਕੇਯੂ ਉਗਰਾਹਾਂ ਦੇ ਕਾਰਕੁਨਾਂ ਨੇ ਕਬਜ਼ਾ ਕਾਰਵਾਈ ਰੋਕੀ

## *ਕਿਸਾਨ ਦੇ ਘਰ 'ਤੇ ਕਬਜ਼ਾ ਕਰਨ ਆਈ ਸੀ ਬੈਂਕ ਤੇ ਪ੍ਰਸ਼ਾਸਨ ਦੀ ਟੀਮ*



ਸੰਗਰੂਰ : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵਿਰੋਧ ਕਾਰਨ ਅੱਜ ਸ਼ਹਿਰ 'ਚ ਇੱਕ ਕਿਸਾਨ ਦੇ ਘਰ ਦਾ ਵਾਰੰਟ ਕਬਜ਼ਾ ਲੈਣ ਆਈ ਬੈਂਕ ਅਧਿਕਾਰੀਆਂ ਅਤੇ ਪ੍ਰਸ਼ਾਸਨ ਦੀ ਟੀਮ ਨੂੰ ਬੇਰੰਗ ਪਰਤ ਗਈ। ਜਾਣਕਾਰੀ ਅਨੁਸਾਰ ਸ਼ਹਿਰ ਦੀ ਖਲੀਫ਼ਾ ਬਾਗ ਕਲੋਨੀ 'ਚ ਇੱਕ ਕਿਸਾਨ ਦੇ ਘਰ ਦਾ ਵਾਰੰਟ ਕਬਜ਼ਾ ਲਿਆ ਜਾਣਾ ਸੀ। ਵਾਰੰਟ ਕਬਜ਼ੇ ਨੂੰ ਮੁੱਖ ਰੱਖਦਿਆਂ ਭਾਕਿਯੂ ਏਕਤਾ ਉਗਰਾਹਾਂ ਦੇ ਬਲਾਕ ਸੰਗਰੂਰ ਦੇ ਜਨਰਲ ਸਕੱਤਰ ਜਗਤਾਰ ਸਿੰਘ ਲੱਡੀ ਦੀ ਅਗਵਾਈ ਹੇਠ ਕਿਸਾਨ ਪੁੱਜ ਗਏ ਅਤੇ ਘਰ ਦੇ ਮੂਹਰੇ ਡਟ ਗਏ। ਵਾਰੰਟ ਕਬਜ਼ੇ ਦੇ ਆਧਾਰ 'ਤੇ ਮਕਾਨ ਦਾ ਕਬਜ਼ਾ ਲੈਣ ਲਈ ਮੌਕੇ 'ਤੇ ਬੈਂਕ ਅਧਿਕਾਰੀ ਅਤੇ ਡਿਊਟੀ ਮੈਜਿਸਟ ?ਰੇਟ ਪੁਲੀਸ ਫੋਰਸ ਸਮੇਤ ਪੁੱਜ ਗਏ। ਕਿਸਾਨਾਂ ਵਲੋਂ ਕਬਜ਼ਾ ਲੈਣ ਪੁੱਜੀ ਟੀਮ ਦਾ ਵਿਰੋਧ ਕੀਤਾ ਗਿਆ। ਇਸ ਮੌਕੇ ਭਾਕਿਯੂ ਏਕਤਾ ਉਗਰਾਹਾਂ ਬਲਾਕ ਭਵਾਨੀਗੜ੍ਹ ਦੇ ਆਗੂ ਹਰਜਿੰਦਰ ਸਿੰਘ ਘਰਾਚੋਂ ਅਤੇ ਸੰਗਰੂਰ ਬਲਾਕ ਦੇ ਆਗੂ ਚਮਕੌਰ ਸਿੰਘ ਲੱਡੀ ਨੇ ਦੱਸਿਆ ਕਿ ਕਈ ਸਾਲ ਪਹਿਲਾਂ ਕਿਸਾਨ ਕਰਮਜੀਤ ਸਿੰਘ ਨੇ ਸਰਕਾਰੀ ਬੈਂਕ ਤੋਂ 40 ਲੱਖ ਕਰਜ਼ਾ ਪੋਲਟਰੀ ਫਾਰਮ ਲਈ ਅਤੇ 10 ਲੱਖ ਦਾ ਕਰਜ਼ਾ ਮਕਾਨ ਦੀ ਮੁਰੰਮਤ ਵਾਸਤੇ ਲਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਕਿਸਾਨ ਵਲੋਂ ਸਹੀ ਕਿਸ਼ਤਾਂ ਭਰਦੇ ਹੋਏ ਹੁਣ ਤੱਕ 27 ਲੱਖ ਰੁਪਏ ਬੈਂਕ ਨੂੰ ਵਾਪਸ ਮੋੜ ਚੁੱਕਿਆ ਹੈ ਅਤੇ ਹੁਣ ਉਸਨੂੰ ਪੋਲਟਰੀ ਫਾਰਮ ਦੇ ਕਾਰੋਬਾਰ ਵਿਚ ਘਾਟਾ ਪੈ ਗਿਆ ਜਿਸ ਕਾਰਨ ਉਹ ਕਿਸ਼ਤ ਨਹੀਂ ਭਰ ਸਕਿਆ। ਉਨ੍ਹਾਂ ਦੱਸਿਆ ਕਿ ਬੈਂਕ ਵਲੋਂ ਕਿਸਾਨ ਵੱਲ ਇੱਕ ਕਰੋੜ ਤੋਂ ਵੱਧ ਦੀ ਰਕਮ ਬਕਾਇਆ ਦਰਸਾਈ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਨੂੰ ਘਰੋਂ ਬੇਘਰ ਨਹੀਂ ਹੋਣ ਦਿੱਤਾ ਜਾਵੇਗਾ। ਕਿਸਾਨਾਂ ਦੇ ਵਿਰੋਧ ਕਾਰਨ ਕਬਜ਼ਾ ਲੈਣ ਪੁੱਜੇ ਅਧਿਕਾਰੀ ਬੇਰੰਗ ਪਰਤ ਗਏ। ਇਸ ਮੌਕੇ ਕਿਸਾਨ ਆਗੂ ਕਰਮਜੀਤ ਸਿੰਘ ਮੰਗਵਾਲ, ਗੁਰਦੀਪ ਸਿੰਘ ਕੰਮੋਮਾਜਰਾ, ਹਾਕਮ ਸਿੰਘ ਖੇੜੀ, ਕਿਸਾਨ-ਮਜ਼ਦੂਰ ਅਤੇ ਕਿਸਾਨ ਬੀਬੀਆਂ ਵੀ ਸ਼ਾਮਲ ਸਨ।

# ਗੀਤ 'ਮਾਂ' ਲੈ ਕੇ ਹਾਜ਼ਰ ਹੈ ਸ੍ਰ. ਤਾਜ ਸਿੰਘ




ਸ੍ਰ. ਤਾਜ ਸਿੰਘ ਦਾ ਨਾਮ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਉਨ੍ਹਾਂ ਦਾ ਜਨਮ ਪੰਜਾਬ ਵਿੱਚ ਜ਼ਿਲ੍ਹਾ ਜਲੰਧਰ ਤਹਿਸੀਲ ਸ਼ਾਹਕੋਟ ਲੋਹੀਆਂ ਖਾਸ ਪਿੰਡ ਅਲੀਵਾਲ ਵਿਖੇ 02-26-1992 ਨੂੰ ਹੋਇਆ। ਸ੍ਰ. ਤਾਜ ਸਿੰਘ 2022 ਦੇ ਵਿੱਚ ਆਪਣੀ ਫੈਮਿਲੀ ਦੇ ਨਾਲ ਅਮਰੀਕਾ ਆ ਗਿਆ ਸੀ। ਉਨ੍ਹਾਂ ਨੂੰ ਇਥੇ ਆਇਆਂ ਨੂੰ ਤਿੰਨ ਸਾਲ ਹੋ ਚੁੱਕੇ ਹਨ। ਉਹ ਇੱਥੇ ਸਟੇਟ ਕੈਲੀਫੋਰਨੀਆ ਸਿਟੀ ਫਰੀਮਾਂਟ ਵਿੱਚ ਰਹਿੰਦਾ ਹੈ। ਉਹ ਸੰਗੀਤ ਦਾ ਬਚਪਨ ਤੋਂ ਸ਼ੌਕ ਰੱਖਦੇ ਸੀ। ਸੰਗੀਤ ਦਾ ਸਫਰ ਲਗਭਗ 10 ਸਾਲ ਦੀ ਉਮਰ ਤੋਂ ਹੀ ਸ਼ੁਰੂ ਹੋ ਗਿਆ ਸੀ। ਜਦੋਂ ਵਿਆਹ ਸ਼ਾਦੀਆਂ ਦੇ ਵਿੱਚ ਰਿਸ਼ਤੇਦਾਰਾਂ ਨੇ ਇਕੱਠੇ ਹੋਣਾ ਤਾਂ ਉਨ੍ਹਾਂ ਨੂੰ ਗਾਉਣ ਲਈ ਕਹਿਣ ਲੱਗ ਪੈਂਦੇ। ਉਸ ਵੇਲੇ ਉਨ੍ਹਾਂ ਗੀਤ ਗਾਉਣੇ ਤਾਂ ਕਈਆਂ ਨੇ ਪੈਸੇ ਦੇ ਨਾਲ ਮਾਣ ਸਨਮਾਨ ਕਰਨਾ ਅਤੇ ਕਈਆਂ ਨੇ ਢੇਰ ਸਾਰੀਆਂ ਦੁਆਵਾਂ ਦੇਣੀਆਂ ਤੇ ਕਹਿਣਾ ਮਾਲਕ ਤੈਨੂੰ ਤਰੱਕੀ ਬਖਸ਼ੇ ਤੇਨੂੰ ਵੱਡਾ ਕਲਾਕਾਰ ਬਣਾਵੇ। ਉਨ੍ਹਾਂ ਦੇ ਸੰਗੀਤ ਦੇ ਸਫ਼ਰ ਵਿੱਚ ਜੋ ਮੇਰੇ ਪਹਿਲੇ ਉਸਤਾਦ ਜੀ ਸੀ ਉਹ ਉਨ੍ਹਾਂ ਦੇ ਪਿੰਡ ਤੋਂ ਹੀ ਸੀ ਉਹਨਾਂ ਦਾ ਨਾਂ ਮੱਖਣ ਸਿੰਘ ਸੀ। ਉਨ੍ਹਾਂ ਦੀ ਉਮਰ ਉਸ ਵੇਲੇ 15 ਸਾਲ ਦੀ ਸੀ ਜਦੋਂ ਉਹਨਾਂ ਨੇ ਮੈਨੂੰ ਸੰਗੀਤ ਦੀਆਂ ਕਾਫੀ ਸੁਰਾਂ ਦੇ ਨਾਲ ਮੁਖਾਤਿਬ ਕਰਵਾਇਆ। ਉਨ੍ਹਾਂ ਨੂੰ ਇੱਕ ਗੀਤ 'ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ' ਹਰਮੋਨੀਅਮ ਤੇ ਕਢਵਾਇਆ ਤਾਂ ਉਨ੍ਹਾਂ ਦਾ ਮਨ ਬਹੁਤ ਖੁਸ਼ ਹੋਇਆ।



ਉਨ੍ਹਾਂ ਦਾ ਸਫਰ ਇਹ ਇਦਾਂ ਹੀ ਚੱਲਦਾ ਗਿਆ ਤੇ ਇੱਕ ਦਿਨ ਉਨ੍ਹਾਂ ਦੇ ਤਾਇਆ ਜੀ ਜਿਨ੍ਹਾਂ ਦਾ ਨਾਮ ਬਿੰਦਰ ਸਿੰਘ ਸੀ ਸ੍ਰ. ਤਾਜ ਦੇ ਘਰਦਿਆਂ ਨੂੰ ਕਹਿਣ ਲੱਗੇ ਕਿ ਮੁੰਡੇ ਦੀ ਆਵਾਜ਼ ਚੰਗੀ ਹੈ ਕਿਉਂ ਨਾ ਇਸ ਨੂੰ ਆਪਾਂ ਗੁਰਦੁਆਰਾ ਟਾਹਲੀ ਸਾਹਿਬ ਛੱਡ ਆਈਏ ਉੱਥੇ ਕੀਰਤਨ ਦੀ ਸਿਖਲਾਈ ਦਿੰਦੇ ਹਨ ਤਾਂ ਉਹ ਕਹਿਣ ਲੱਗੇ ਕਿ ਕੀਰਤਨ ਵਿੱਚ ਚਾਰ ਪੈਸੇ ਹਨ ਤਾਂ ਇਸ ਤਰ੍ਹਾਂ ਇਹ ਗੁਰਬਾਣੀ ਦੇ ਨਾਲ ਵੀ ਜੁੜ ਜਾਵੇਗਾ। ਜਿਸ ਤਰ੍ਹਾਂ ਕਹਿੰਦੇ ਨੇ ਇੱਕ ਬੱਚੇ ਨੂੰ ਚੋਕਲੇਟ ਦੇ ਕੇ ਕਿਸੇ ਚੰਗੇ ਕੰਮ ਵੱਲ ਲਾਇਆ ਜਾਂਦਾ ਹੈ। ਇਸੇ ਤਰ੍ਹਾਂ ਉਨ੍ਹਾਂ ਨੂੰ ਮਾਇਆ ਦੇ ਲਾਲਚ ਨੇ ਗੁਰਬਾਣੀ ਨਾਲ ਜੋੜ ਦਿੱਤਾ। ਗੁਰਦੁਆਰਾ ਟਾਹਲੀ ਸਾਹਿਬ ਕਾਲੇ ਸੰਗਿਆਂ ਵਿੱਚ ਜੋ ਕਿ ਉਥੋਂ ਦੇ ਮੁਖੀ ਸੰਤ ਬਾਬਾ ਦਇਆ ਸਿੰਘ ਜੀ ਉਹਨਾਂ ਦੀ ਦੇਖ ਰੇਖ ਹੇਠਾਂ ਉਨ੍ਹਾਂ ਨੇ ਉੱਥੇ ਆਪਣੀ ਅੱਠਵੀਂ ਤੇ ਨੌਵੀਂ ਕਲਾਸ ਦੀ ਪੜ੍ਹਾਈ ਪੂਰੀ ਕੀਤੀ ਤੇ ਨਾਲ ਨਾਲ ਉਨ੍ਹਾਂ ਨੂੰ ਗੁਰਬਾਣੀ ਸੰਥਿਆ ਤੇ ਕੀਰਤਨ ਦੀ ਸਿਖਲਾਈ ਦਿੱਤੀ। ਉਸਤਾਦ ਰਾਗੀ ਕੁਲਵੰਤ ਸਿੰਘ ਜੀ ਵੱਲੋਂ ਮਿਲੇ ਉਸਤਾਦ ਜੀ ਨੇ ਮੈਨੂੰ ਕਾਫੀ ਰਾਗ ਸਿਖਾਏ ਅਤੇ ਗਹਿਰੀਆਂ ਸੁਰਾਂ ਦੇ ਨਾਲ ਮੇਰੇ ਗਲੇ ਨੂੰ ਨਿਖਾਰ ਦਿੱਤਾ। ਉਹ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੇ ਮਹਾਂਪੁਰਸ਼ਾਂ ਨਾਲ ਮਿਲਿਆ। ਇੱਕ ਦਿਨ ਹੌਲੀ ਹੌਲੀ ਉਨ੍ਹਾਂ ਦੇ ਦਿਮਾਗ ਨੇ ਗੁਰਬਾਣੀ ਦੀਆਂ ਗਹਿਰਾਈਆਂ ਤੱਕ ਜਾਣਾ ਸ਼ੁਰੂ ਕਰ ਦਿੱਤਾ। ਤੇ ਗੁਰਬਾਣੀ ਉਨ੍ਹਾਂ ਦੇ ਅੰਦਰ ਉਤਰਨ ਲੱਗ ਪਈ। ਤੇ ਉਨ੍ਹਾਂ ਨੇ ਲਗਭਗ 15 ਸਾਲ ਕੀਰਤਨ ਕੀਤਾ ਤੇ ਸੱਚ ਪੁੱਛੋ ਜਿਸ ਮਾਇਆ ਦੇ ਲਾਲਚ ਨੇ ਉਨ੍ਹਾਂ ਨੂੰ ਗੁਰਬਾਣੀ ਨਾਲ ਜੋੜਿਆ ਸੀ। ਅੱਜ ਲੱਖਾਂ ਕਰੋੜਾਂ ਮਿਲਣ ਤੇ ਵੀ ਉਹ ਆਪਣੇ ਗੁਰੂ ਦਾ ਰਾਹ ਨਹੀਂ ਛੱਡਦੀ ਜਿਸ ਤਰ੍ਹਾਂ ਇਹ ਠਾਕੁਰ ਵੱਲੋਂ ਸ਼ਬਦ ਆਉਂਦਾ ਹੈ ਕਿ ਠਾਕੁਰ ਜੀ ਆਖਦੇ ਹਨ ਕਿ ਮੇਰੀ ਬਾਂਧੀ ਭਗਤ ਛਡਾਵੈ ਬਾਧੀ ਭਗਤਿ ਨ ਛੂਟੈ ਮੋਹਿ ਕਿ ਮੇਰਾ ਜੋ ਮਾਇਆ ਦਾ ਜਾਲ ਪਾਇਆ ਹੋਇਆ ਇੱਕ ਗੁਰਮੁਖ ਹੀ ਤੋੜ ਸਕਦਾ ਹੈ। ਜਿਸ ਵੇਲੇ ਗੁਰਮੁਖ ਮਾਇਆ ਦੇ ਜਾਲ ਨੂੰ ਤੋੜ ਕੇ ਪ੍ਰੇਮ ਦੀਆਂ ਡੋਰਾਂ ਪਾ ਲੈਂਦਾ ਹੈ। ਤਾਂ ਇਹ ਫਿਰ ਮੇਰੀ ਮਾਇਆ ਉਸ ਦਾ ਕੁਝ ਵਿਗਾੜ ਨਹੀਂ ਸਕਦੀ। ਸੋ ਨਾ ਤਾਂ ਮੈਂ ਭਗਤ ਹਾਂ ਨਾ ਹੀ ਗੁਰਮੁਖ ਹਾਂ। ਉਹ ਗੁਰਬਾਣੀ ਤੋਂ ਹਰ ਰੋਜ਼ ਗਿਆਨ ਲੈ ਕੇ ਇੱਕ ਚੰਗਾ ਇਨਸਾਨ ਬਣਨ ਦੀ ਕੋਸ਼ਿਸ਼ ਕਰਦਾ ਹੈ ਕਿ ਉਹਨਾਂ ਭਗਤਾਂ ਗੁਰਮੁਖਾਂ ਦੇ ਪੈਰਾਂ ਦੀ ਖਾਕ ਬਣ ਸਕਾਂ। ਉਨ੍ਹਾਂ ਦੇ ਗੁਰਬਾਣੀ ਰੋਮ ਰੋਮ ਵਿੱਚ ਵੱਸਦੀ ਹੈ। ਉਨ੍ਹਾਂ ਕਿਹਾ ਕਿ ਮੈਂ ਅੱਜ ਜੋ ਵੀ ਹਾਂ ਜਿੱਥੇ ਵੀ ਹਾਂ ਗੁਰਬਾਣੀ ਕਰਕੇ ਹਾਂ ਤਾਂ ਸੱਚ ਪੁੱਛੋ ਤਾਂ ਜਿੱਥੇ ਜਿੱਥੇ ਵੀ ਮੇਰਾ ਝੂਠ ਨਾਲ ਸਾਹਮਣਾ ਹੋਇਆ ਤਾਂ ਮੇਰੀ ਜ਼ਮੀਰ ਨੇ ਉਸ ਝੂਠ ਨੂੰ ਮੰਨਣ ਦੀ ਆਗਿਆ ਨਹੀਂ ਦਿੱਤੀ ਤਾਂ ਮੇਰਾ ਰਸਤਾ ਵੀ ਬਦਲਦਾ ਗਿਆ। ਪਰ ਮੈਂ ਸੱਚ ਦਾ ਰਾਹ ਨਹੀਂ ਛੱਡਿਆ। ਤੁਸੀਂ ਮੇਰੇ ਅੰਦਰ ਨੂੰ ਫਰੋਲ ਸਕਦੇ ਹੋ ਮੇਰਾ ਰੋਮ ਰੋਮ ਗੁਰਬਾਣੀ ਨਾਲ ਲੱਤ ਪੱਤ ਹੈ। ਇਸ ਤਰ੍ਹਾਂ ਜ਼ਿੰਦਗੀ ਦੇ ਕਈ ਪੜਾਅ ਪੂਰੇ ਕਰਦਾ ਅੱਜ ਮੈਂ ਸੰਗੀਤ ਦੀ ਦੁਨੀਆਂ ਦੇ ਵਿੱਚ ਪਹੁੰਚਿਆ ਹਾਂ।

ਉਨ੍ਹਾਂ ਕਿਹਾ ਕਿ ਮਾਂ ਪਿਓ ਜੋ ਹੁੰਦੇ ਨੇ ਉਹ ਰੱਬ ਦਾ ਰੂਪ ਹੁੰਦੇ ਨੇ। ਉਹਨਾਂ ਦੇ ਲਈ ਤਾਂ ਮੈਂ ਜਿੰਨਾ ਕਹਿ ਸਕਾਂ ਉਨਾ ਹੀ ਥੋੜਾ ਹੈ। ਉਨ੍ਹਾਂ ਕਿਹਾ ਕਿ ਜਿਸ ਰੁੱਖ ਦੀਆਂ ਜੜਾਂ ਮਜਬੂਤ ਹੋ ਜਾਣ ਤਾਂ ਉਸ ਰੁੱਖ ਨੂੰ ਵਧਣ ਤੋਂ ਕੋਈ ਰੋਕ ਨਹੀਂ ਸਕਦਾ ਉਹ ਨੇ ਮੇਰੇ ਮਾਤਾ ਪਿਤਾ ਜੀ ਜਿਨ੍ਹਾਂ ਨੇ ਮੇਰੀ ਗਾਇਕੀ ਦੀਆਂ ਜੜਾਂ ਨੂੰ ਮਜ਼ਬੂਤ ਕੀਤਾ।

ਓਨ੍ਹਾਂ ਦਾ ਇਕ ਛੋਟਾ ਭਰਾ ਹੈ ਜਿਸ ਦਾ ਨਾਮ ਸੁਲੱਖਣ ਸੁੱਖ ਹੈ ਉਹ ਪੰਜਾਂ ਸਾਲਾਂ ਤੋਂ ਇੱਥੇ ਅਮਰੀਕਾ ਵਿੱਚ ਰਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੇ ਮੇਰੇ ਭਰਾ ਜਿਸਨੇ ਮੈਨੂੰ ਕਦੇ ਡੋਲਣਾ ਨਹੀਂ ਦਿੱਤਾ। ਮੈਂ ਰੱਬ ਅੱਗੇ ਇਹੀ ਅਰਦਾਸ ਕਰਦਾ ਹਾਂ ਕਿ ਮੈਂ ਆਪਣੇ ਭਰਾ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਮੇਸ਼ਾ ਖੜ੍ਹਾ ਰਹਾਂ।

ਉਨ੍ਹਾਂ ਦੀ ਇਕ ਛੋਟੀ ਭੈਣ ਜਿਸਦਾ ਨਾਮ ਗੀਨਾ ਹੈ। ਜਦੋਂ ਵੀ ਆਪਣੀ ਭੈਣ ਨੂੰ ਯਾਦ ਕਰਦਾ ਹੈ ਉਸ ਦੀਆਂ ਅੱਖਾਂ ਦੇ ਵਿੱਚ ਅੱਥਰੂ ਆ ਜਾਂਦੇ ਹਨ। ਉਸਦਾ ਬਹੁਤ ਵੱਡਾ ਦੇਣ ਹੈ ਮੈਨੂੰ ਤਾਜ ਬਣਾਉਣ ਵਿੱਚ।

ਉਨ੍ਹਾਂ ਆਪਣੇ ਹਮਸਫ਼ਰ ਬਾਰੇ ਕਿਹਾ ਕਿ ਉਨ੍ਹਾਂ ਦੇ ਮਿਲਣ ਦੇ ਨਾਲ ਮੇਰੇ ਜੀਵਨ ਦੇ ਸਾਰੇ ਮਸਲੇ ਹੱਲ ਹੋ ਗਏ। ਉਸਦਾ ਨਾਮ ਨੇਹਾ ਕੁਮਾਰੀ ਹੈ ਉਹ ਸੰਗੀਤ ਨਾਲ ਖੁਦ ਬਹੁਤ ਪਿਆਰ ਕਰਦੀ ਹੈ। ਮੇਰੀ ਪਤਨੀ ਸਹਿਣਸ਼ੀਲਤਾ ਤੇ ਸਬਰ ਸੰਤੋਖ ਤੇ ਗੁਣਾਂ ਵਾਲੀ ਹੈ ਉਹ ਮੈਨੂੰ ਬਹੁਤ ਪਿਆਰ ਕਰਦੀ ਹੈ ਤੇ ਮੈਨੂੰ ਹਮੇਸ਼ਾ ਹੀ ਉਸਦੇ ਪਿਆਰ ਤੋਂ ਤਾਕਤ ਮਿਲਦੀ ਹੈ।

ਉਨ੍ਹਾਂ ਕਿਹਾ ਕਿ ਸੰਗੀਤ ਨੂੰ ਚੁਣਨ ਦਾ ਮੇਰਾ ਇੱਕੋ ਹੀ ਮਕਸਦ ਹੈ ਕਿ ਮੈਂ ਆਪ ਸਭ ਨੂੰ ਗੁਰਬਾਣੀ ਵਿੱਚ ਛੁਪੇ ਸੱਚ ਤੋਂ ਜਾਣੂ ਤੇ ਸਮਾਜ ਵਿੱਚ ਜੋ ਹੋ ਰਹੀਆਂ ਕੁਰੀਤੀਆਂ ਦੇ ਖਿਲਾਫ ਆਵਾਜ਼ ਉਠਾ ਸਕਾਂ ਕਿ ਕਿਸ ਤਰ੍ਹਾਂ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ ਕਿਸ ਤਰ੍ਹਾਂ ਧੀਆਂ ਦਾ ਘਾਣ ਹੋ ਰਿਹਾ ਹੈ ਤੇ ਕਿਸ ਤਰ੍ਹਾਂ ਲੋਕਾਂ ਨੂੰ ਕਰਮ ਕਾਂਡਾਂ ਦੇ ਵਿੱਚ ਫਸਾਇਆ ਜਾ ਰਿਹਾ ਹੈ। ਹਰ ਰਿਸ਼ਤਾ ਜੋ ਪਿਆਰ ਦਾ ਪ੍ਰਤੀਕ ਹੁੰਦਾ ਸੀ ਅੱਜ ਉਹ ਪੈਸੇ ਦੇ ਕਰਕੇ ਟੁੱਟ ਰਿਹਾ ਹੈ। ਉਨ੍ਹਾਂ ਦਾ ਇੱਕੋ-ਇੱਕ ਹੀ ਮਕਸਦ ਹੈ ਕਿ ਇਨ੍ਹਾਂ ਵਿਸ਼ਿਆਂ ਨੂੰ ਮੈਂ ਆਪਣੇ ਗੀਤਾਂ ਦੇ ਵਿੱਚ ਪਰੋ ਕਿ ਪ੍ਰੇਮ ਨਾਲ ਸਿੰਝ ਸਕਾਂ।

ਆਪਣੀ ਗਾਇਕੀ ਦੀ ਸ਼ੁਰੂਆਤ ਪਹਿਲਾ ਗੀਤ ਸਮਾਜ ਵਿੱਚ ਹੋ ਰਹੀਆਂ ਕ੍ਰਿਤੀਆਂ ਦੇ ਖਿਲਾਫ਼ ਕੁੜੀਆਂ ਤੇ ਹੋਏ ਅਤਿਆਚਾਰ ਤੇ ਅਤਿਆਚਾਰ ਗੀਤ ਗਾਇਆ ਜੋ ਕੇ ਆਪ ਸੱਭ ਨੇ ਬਹੁਤ ਪਿਆਰ ਬਖਸ਼ਿਆ। ਉਨ੍ਹਾਂ ਕਿਹਾ ਕਿ ਸਮਾਜਿਕ ਗੀਤਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਨਵਾਂ ਗੀਤ ਲੈ ਕੇ ਆ ਰਹੇ ਹਾਂ ਜਿਸ ਦਾ ਟਾਈਟਲ ਮਾਂ ਹੈ ਇਹ ਗੀਤ ਮਾਂ ਦੇ ਪਿਆਰ ਅਤੇ ਇੱਕ ਬਾਪ ਦੇ ਪਿਆਰ ਨੂੰ ਦਰਸਾਉਂਦਾ ਹੈ। ਇਹ ਗੀਤ ਮੈਂ ਜੋ ਕਿ ਸਿਆਟਲ ਤੋਂ ਪੁਸ਼ਪਾ ਰਾਣੀ ਮਾਤਾ ਜੀ ਉਹਨਾਂ ਤੋਂ ਇੰਸਪਾਇਰ ਹੋ ਕੇ ਕਰਨਾ ਸ਼ੁਰੂ ਕੀਤਾ ਮਾਤਾ ਜੀ ਦੇ ਪਿਆਰ ਨੂੰ ਵੇਖ ਕੇ ਸੱਚ ਮੁੱਚ ਹੀ ਮਾਂ ਦੀ ਯਾਦ ਆ ਜਾਂਦੀ ਹੈ ਜੋ ਵਾਕਿਆ ਹੀ ਇੱਕ ਮਾਂ ਦੀ ਮੂਰਤ ਹੈ। ਸੋ ਗੁਰਬਾਣੀ ਵੀ ਸਾਨੂੰ ਇਹੀ ਸਿਖਾਉਂਦੀ ਹੈ ਕਿ ਮਾਂ ਉਹੀ ਮਾਂ ਹੈ ਜੋ ਹਰ ਇੱਕ ਪੁੱਤ ਦੇ ਪੁੱਤ ਨੂੰ ਆਪਣਾ ਪੁੱਤ ਸਮਝੇ ਸੋ ਇਹ ਪਿਆਰ ਮੈਂ ਮਾਤਾ ਜੀ ਵਿੱਚ ਦੇਖ ਕੇ ਇਸ ਗੀਤ ਨੂੰ ਅੱਗੇ ਤੋਰਿਆ। ਇਸ ਗੀਤ ਨੂੰ ਮੰਗੀ ਚੱਕ ਮੁਗਲਾਨੀ ਵੱਲੋਂ ਲਿਖਿਆ ਗਿਆ ਹੈ ਅਤੇ ਇਸ ਗੀਤ ਨੂੰ ਮਿਊਜ਼ਿਕ ਹਿਮਾਂਸ਼ੂ ਸ਼ਰਮਾ ਨੇ ਦਿੱਤਾ ਹੈ।

ਸੋ ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸ ਗੀਤ ਨੂੰ ਵੀ ਬਹੁਤ ਸਾਰਾ ਪਿਆਰ ਦੇਵੋਗੇ ਧੰਨਵਾਦ।





ਸ਼ਾਹ ਮੁਹੰਮਦਾ ਅੰਤ ਨੂੰ ਉਹੀ ਹੋਸੀ ਜੋ ਕਰੇਗਾ ਖਾਲਸਾ ਪੰਥ ਮੀਆਂ

# ਹੁਣ ਸਿਧਾਂਤਕ ਤੇ ਗੈਰ ਸਿਧਾਂਤਕ ਦਾ ਫੈਸਲਾ ਖ਼ਾਲਸਾ ਪੰਥ ਦੀ ਕਚਹਿਰੀ ਵਿੱਚ ਆ ਗਿਆ ਹੈ

- ਬਾਦਲਕਿਆਂ ਦੇ ਸਿਆਸੀ ਜਕੜ ਪੰਜੇ ’ਚ ਜਕੜੀ ਹੋਈ ਸ਼੍ਰੋਮਣੀ ਕਮੇਟੀ ਦੀਆਂ ਹਰਚਰਨ ਬੈਂਸ ਦੀ ਤਰਜ ’ਤੇ ਗੁਮਰਾਹ ਕਰੂ ਵਿਹਾਰ ਚੁਤਰਾਈਆਂ
- ਸ਼੍ਰੋਮਣੀ ਕਮੇਟੀ ਨੇ ਪੁੱਠੇ ਪਾਸਿਓਂ ਕੰਨ ਫੜਕੇ ਇਹ ਤਾਂ ਮੰਨ ਲਿਆ ਹੈ ਕਿ ਧਰਮ ਪ੍ਰਚਾਰ ਕਮੇਟੀ ਨੇ ਇਹ ਮਤਾ ਪਾਸ ਕੀਤਾ ਸੀ
- ਫਿਰ ਇਹ ਮਤਾ ਗੈਰ ਪ੍ਰਮਾਣਿਕ ਦਸਤਾਵੇਜ ਕਿਵੇਂ ਹੈ ?







ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਚੁਣੀ ਧਰਮ ਪ੍ਰਚਾਰ ਕਮੇਟੀ ਦੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਦਾ ਇਹ ਦਾ ਇਹ ਮਤਾ ਰੱਦ ਕਰਨ ਨਾਲ ਕੀ ਮਤਾ ਪਾਸ ਹੋਣ ਦੀ ਸਚਾਈ ਗਲਤ ਸਾਬਤ ਹੁੰਦੀ ਹੈ ?

1999 ਵਿੱਚ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਨੇ ਗੈਰ ਸਿਧਾਂਤਕ ਤੌਰ ’ਤੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਹੁਣ ਵਾਂਗੂੰ ਉਲੰਘਣਾ ਕਰਕੇ ਰੱਦ ਕਰਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਮੁਅੱਤਲ ਕਰਕੇ ਨੋਟਿਸ ਭੇਜ ਚੁੱਕੀ ਸੀ। ਧਰਮ ਪ੍ਰਚਾਰ ਕਮੇਟੀ ਅੰਦਰ ਇਹ ਮਾਮਲਾ ਵਿਚਾਰਕੇ ਹੀ ਵਿਚਾਰ ਅਧੀਨ ਮਤਾ ਸਰਬ ਸੰਮਤੀ ਨਾਲ ਪਾਸ ਕਰਕੇ ਅੰਤਰਿੰਗ ਕਮੇਟੀ ਦੇ ਫੈਸਲਿਆਂ ਨੂੰ ਗ਼ੈਰ ਸਿਧਾਂਤਕ ਤੇ ਗੈਰ ਕਾਨੂੰਨੀ ਕਰਾਰ ਦਿੱਤਾ ਗਿਆ ਸੀ।

ਉਸ ਵੇਲੇ ਜਦੋਂ ਬਾਦਲਕਿਆਂ ਨੇ ਖ਼ਾਲਸਾ ਪੰਥ ਦੇ ਚਾਰੇ ਥੰਮਾਂ ਉਪਰ, ਅਕਾਲ ਤਖਤ, ਸ਼੍ਰੋਮਣੀ ਕਮੇਟੀ ਸਮੇਤ ਅਕਾਲੀ ਦਲ ਤੇ ਜੇ ਬਣੇ ਤਾਂ ਸਰਕਾਰ ਉੱਪਰ ਆਪਣਾ ਸਿਆਸੀ ਜਕੜਪੰਜਾ ਮਜ਼ਬੂਤ ਕਰ ਲਿਆ ਤਾਂ ਉਹਨਾਂ ਆਪਣੇ ਇਸ ਜਕੜਪੰਜੇ ਨੂੰ ਬਣਾਈ ਤੇ ਮਜ਼ਬੂਤ ਰੱਖਣ ਲਈ ਹੀ ਅਜਿਹੇ ਦਰੁਸਤ ਫ਼ੈਸਲੇ ਰੱਦ ਕੀਤੇ ਤੇ ਗਲਤ ਫੈਸਲੇ ਲਏ ਗਏ। ਅਜਿਹੀ ਸਿੱਖ ਵਿਰੋਧੀ ਸਮਝ ਤੇ ਅਮਲ ਕਾਰਨ ਹੀ ਅੱਜ ਬਾਦਲਕਿਆਂ ਤੇ ਸਿੱਖ ਸੰਸਥਾਵਾਂ ਦੀ ਇਹ ਹਾਲਤ ਹੋਈ ਹੈ ਜਿਸ ਲਈ ਦਾਗ਼ੀ ਤੇ ਸਿਰਮੁੰਨੀ ਬਣਾਈ ਕਮੇਟੀ ਹੀ ਜ਼ੁੰਮੇਵਾਰ ਹਨ। ਪਰ ਅਫਸੋਸ ਕਿ ਸਿਰੋਮਣੀ ਕਮੇਟੀ ਇਤਿਹਾਸ ਤੋਂ ਕੋਈ ਸਬਕ ਸਿੱਖਕੇ ਸਹੀ ਰਾਹ ਪੈਣ ਦੀ ਥਾਂ ਉਹੀ ਹੈਂਕੜਬਾਜ਼ੀ ਮੁੜ ਦੁਹਰਾਉਣ ਲਈ ਬਜਿੱਦ ਹੈ। ਪਰ ਹੁਣ ਹਾਲਤ ਉਹੋ ਜਿਹੇ ਨਹੀ ਹਨ। ਹੁਣ ਬਾਦਲਕੇ ਸੱਤਾ ਵਿੱਚ ਨਹੀ ਸਗੋਂ ਸਿਵਿਆਂ ਵਿੱਚ ਖਲੋਤੇ ਹਨ ਤੇ ਖ਼ਾਲਸਾ ਪੰਥ ਮੁੜ ਪੈਰਾਂ ਸਿਰ ਹੋਣ ਦੇ ਰਾਹ ਪੈਣ ਲਈ ਪਰ ਤੋਲ ਰਿਹਾ ਹੈ।



ੴ ਸਤਿਗੁਰ ਪ੍ਰਸਾਦਿ

ਤਾਰ ਦਾ ਪਤਾ :- 'ਸ਼੍ਰੋਮਣੀ' ॥ ੴ ਵਾਹਿਗੁਰੂ ਜੀ ਕੀ ਫ਼ਤਹ ॥ ਟੈਲੀਫ਼ੋਨ- [553952-553957 / 553958-553959] (ਫ਼ੈਕਸ) 0183—552919

ਦਫ਼ਤਰ : ਧਰਮ ਪ੍ਰਚਾਰ ਕਮੇਟੀ,

(ਸ਼੍ਰੋਮਣੀ ਗੁ: ਪ੍ਰ: ਕਮੇਟੀ) ਤੇਜਾ ਸਿੰਘ ਸਮੁੰਦਰੀ ਹਾਲ,

Satinder Singh/SikhHeritageStudies

ਮਤਾ

ਧਰਮ ਪਰਚਾਰ ਕਮੇਟੀ ਦੀ ਅੱਜ ਦੀ ਇਕੱਤਰਤਾ 20-2-99 ਨੂੰ ਫਤਹਿਗੜ੍ਹ ਸਾਹਿਬ ਵਿਖੇ ਹੋਈ। ਇਸ ਵਿਚ ਤਖਤ ਸਾਹਿਬ ਦੀ ਭੂਮਿਕਾ ਨੂੰ ਗੁਰਦੁਆਰਾ ਐਕਟ 1925 ਦੀ ਰੌਸ਼ਨੀ ਵਿਚ ਵਿਚਾਰਿਆ ਗਿਆ। ਵਿਸਥਾਰ ਵਿਚ ਹੋਈ ਵਿਚਾਰ ਚਰਚਾ ਤੋਂ ਧਰਮ ਪਰਚਾਰ ਕਮੇਟੀ ਇਸ ਸਿੱਟੇ ’ਤੇ ਪਹੁੰਚੀ ਕਿ ਗੁਰਦੁਆਰਾ ਐਕਟ 1925 ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਹੈ ਅਤੇ ਤਖਤ ਸਾਹਿਬ ਨੂੰ ਮਹਿਜ਼ ਗੁਰਦੁਆਰੇ ਦੀ ਸੇਵਾ ਸੰਭਾਲ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਪੱਖ ਤੋਂ ਵੇਖਿਆਂ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦੀ ਸਰਬੋਤਮ ਸੰਸਥਾ ਹੈ। ਇਸੇ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਿੱਖਾਂ ਦੀ ਸੰਪੂਰਨ ਜ਼ਿੰਦਗੀ ਦਾ ਨਿਗਾਹਬਾਨ ਵੀ ਤੇ ਨਿਰਦੇਸ਼ਕ ਵੀ ਮੰਨਿਆ ਜਾਂਦਾ ਹੈ। ਤਖਤ ਸਾਹਿਬ ਦੀ ਸੁਤੰਤਰ ਹੋਂਦ ਨੂੰ ਗੁਰਦੁਆਰਾ ਐਕਟ ਦੀਆਂ ਸੀਮਾਵਾਂ ਵਿੱਚ ਕਾਇਮ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਗੁਰਦੁਆਰਾ ਐਕਟ ਵਿਚ ਸਰਬੱਤ ਖਾਲਸਾ, ਗੁਰਮਤਾ ਅਤੇ ਹੁਕਮਨਾਮੇ ਦਾ ਕੋਈ ਵੀ ਹਵਾਲਾ ਨਹੀਂ ਆਇਆ। ਤਖਤ ਸਾਹਿਬ ਨੂੰ ਸੁਤੰਤਰ ਰੱਖਣ ਦੀ ਗੁਰਦੁਆਰਾ ਐਕਟ ਵੀ ਆਗਿਆ ਦਿੰਦਾ ਹੈ। ਸੋ ਧਰਮ ਪਰਚਾਰ ਕਮੇਟੀ ਇਹ ਮਤਾ ਪਾਸ ਕਰਦੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਤਖਤ ਸਾਹਿਬ ਗੁਰਦੁਆਰਾ ਐਕਟ 1925 ਦੇ ਘੇਰੇ ਵਿਚ ਨਹੀਂ ਆਉਂਦੇ। ਤਖਤਾਂ ਦਾ ਘੇਰਾ ਏਸੇ ਕਰਕੇ "ਜਹਾਂ ਜਹਾਂ ਖਾਲਸਾ ਜੀ ਸਾਹਿਬ" ਤਕ ਹੈ ਜਦੋਂ ਕਿ ਗੁਰਦੁਆਰਾ ਐਕਟ ਅਧੀਨ ਬਣਾਈ ਗਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਘੇਰਾ ਬਹੁਤ ਸੀਮਿਤ ਹੈ। ਗੁਰ ਖਾਲਸਾ ਪੰਥ ਨੂੰ ਤਖਤਾਂ ਦੀ ਸੁਤੰਤਰ ਸਥਾਪਨਾ, ਪ੍ਰਾਪਤ ਪਰੰਪਰਾਵਾਂ ਅਤੇ ਸਿੱਖ ਸਿਧਾਂਤ ਮੁਤਾਬਿਕ ਹੋ ਚੁਕੀ ਪਰਵਾਨ ਕਰਦਿਆਂ, ਤਖਤਾਂ ਨੂੰ ਗੁਰਦੁਆਰਾ ਐਕਟ 1925 ਤੋਂ ਮੁਕਤ ਪਰਵਾਨ ਕਰ ਲੈਣਾ ਚਾਹੀਦਾ ਹੈ।

Satinder Singh/SikhHeritageStudies

ਧਰਮ ਪਰਚਾਰ ਕਮੇਟੀ ਦੀ ਸੋਚੀ ਸਮਝੀ ਰਾਇ ਹੈ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਨਾ ਮੁਅੱਤਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਜਵਾਬ ਤਲਬੀ ਕੀਤੀ ਜਾ ਸਕਦੀ ਹੈ। ਇਹ ਅਧਿਕਾਰ ਕੇਵਲ ਤੇ ਕੇਵਲ ਸਰਬੱਤ ਖਾਲਸਾ ਨੂੰ ਹੀ ਹੈ।

## ਸ਼੍ਰੋਮਣੀ ਕਮੇਟੀ ਨੇ ਸੋਸ਼ਲ ਮੀਡੀਆ ’ਤੇ ਵਾਇਰਲ 1999 ਦੇ ਮਤੇ ਬਾਰੇ ਸਪੱਸ਼ਟ ਕੀਤੇ ਤੱਥ

### 30 ਮਾਰਚ 1999 ਦੇ ਜਨਰਲ ਇਜਲਾਸ ’ਚ ਇਹ ਮਤਾ ਕੀਤਾ ਜਾ ਚੁੱਕਾ ਹੈ ਰੱਦ : ਸ. ਮੰਨਣ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਇੱਕ ਮਤਾ ਕੁਝ ਲੋਕਾਂ ਵੱਲੋਂ ਅਸਲੀਅਤ ਜਾਣੇ ਬਿਨਾਂ ਸੋਸ਼ਲ ਮੀਡੀਆ ਉੱਤੇ ਵਾਇਰਲ ਕਰਕੇ ਸਿੱਖ ਜਗਤ ਅੰਦਰ ਦੁਬਿਧਾ ਪਾਉਣ ਦੀ ਕੀਤੀ ਜਾ ਰਹੀ ਹਰਕਤ ਦਾ ਸ਼੍ਰੋਮਣੀ ਕਮੇਟੀ ਨੇ ਨੋਟਿਸ ਲੈਂਦਿਆਂ ਇਸ ਬਾਰੇ ਸਹੀ ਤੱਥ ਸਪੱਸ਼ਟ ਕੀਤੇ ਹਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਜਾਰੀ ਇੱਕ ਬਿਆਨ ਵਿੱਚ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਦੀ 20 ਫ਼ਰਵਰੀ 1999 ਨੂੰ ਹੋਈ ਇਕੱਤਰਤਾ ਦਾ ਮਤਾ ਨੰ: 1457 ਸੋਸ਼ਲ ਮੀਡੀਆ ਉੱਤੇ ਵਾਇਰਲ ਕੀਤਾ ਜਾ ਰਿਹਾ ਹੈ, ਜੋ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਕਸਰ ਹੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੀਆਂ ਮੀਟਿੰਗਾਂ ਵਿੱਚ ਕਈ ਮਤੇ ਪ੍ਰਵਾਨਗੀ ਲਈ ਅਗਾਂਹ ਵਧਾਏ ਜਾਂਦੇ ਹਨ, ਜਿਨ੍ਹਾਂ ਨੂੰ ਨੀਤੀਗਤ ਤੌਰ ’ਤੇ ਲਾਗੂ ਕਰਨ ਲਈ ਅੰਤਿਮ ਪ੍ਰਵਾਨਗੀ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਤੋਂ ਲਈ ਜਾਂਦੀ ਹੈ। ਵਿਸ਼ੇਸ਼ ਕਰਕੇ ਕੋਈ ਨੀਤੀ ਘੜਨ ਸਬੰਧੀ ਮਾਮਲੇ ਵਿੱਚ ਜਨਰਲ ਹਾਊਸ ਦੀ ਮੋਹਰ ਬੇਹੱਦ ਲਾਜ਼ਮੀ ਹੁੰਦੀ ਹੈ। ਜੇਕਰ ਹੇਠਲੀਆਂ ਕਮੇਟੀਆਂ ਤੋਂ ਕੋਈ ਮਤਾ ਗ਼ੈਰ-ਸਿਧਾਂਤਕ ਤੌਰ ’ਤੇ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਜਨਰਲ ਹਾਊਸ ਉਸ ਨੂੰ ਰੱਦ ਕਰਨ ਦੇ ਅਧਿਕਾਰ ਰੱਖਦਾ ਹੈ।

ਉਨ੍ਹਾਂ ਕਿਹਾ ਕਿ 20 ਫ਼ਰਵਰੀ 1999 ਨੂੰ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿੱਚ ਉਕਤ ਮਤਾ ਪਾਸ ਹੋਇਆ ਸੀ, ਜੋ ਕਿ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਸੀ ਆਉਂਦਾ। ਇਸ ਕਰਕੇ ਇਹ ਮਤਾ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਵਿੱਚ 30 ਮਾਰਚ 1999 ਨੂੰ ਹੋਏ ਸਾਲਾਨਾ ਬਜਟ ਇਜਲਾਸ ਵਿੱਚ ਮਤਾ ਨੰ: 201 ਰਾਹੀਂ ਰੱਦ ਕਰਦਿਆਂ ਧਰਮ ਪ੍ਰਚਾਰ ਕਮੇਟੀ ਨੂੰ ਆਪਣੀਆਂ ਸੀਮਾਵਾਂ ਵਿੱਚ ਰਹਿ ਕੇ ਕੰਮ ਕਰਨ ਦਾ ਆਦੇਸ਼ ਕੀਤਾ ਸੀ।

ਸ਼੍ਰੋਮਣੀ ਕਮੇਟੀ ਮੁੱਖ ਸਕੱਤਰ ਨੇ ਸੰਗਤ ਨੂੰ ਅਪੀਲ ਕੀਤੀ ਕਿ ਮੌਜੂਦਾ ਪੰਥਕ ਹਾਲਾਤ ਦੇ ਮੱਦੇਨਜ਼ਰ ਅਜਿਹੀਆਂ ਸ਼ਰਾਰਤਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਿਹਾ ਜਾਵੇ ਅਤੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਕਿਸੇ ਵੀ ਦਸਤਾਵੇਜ਼ ਨੂੰ ਬਿਨਾਂ ਤਸਦੀਕ ਕੀਤੇ ਸੋਸ਼ਲ ਮੀਡੀਆ ਉੱਤੇ ਅਗਾਂਹ ਨਾ ਵਧਾਇਆ ਜਾਵੇ।

ਜਾਰੀ ਕਰਤਾ: ਜਗਤਾਰ ਸਿੰਘ
ਪਬਲੀਸਿਟੀ ਵਿਭਾਗ, ਸ਼੍ਰੋਮਣੀ ਕਮੇਟੀ
81461-01114

## ਸ੍ਰ. ਹਰਜਿੰਦਰ ਸਿੰਘ ਧਾਮੀ ਨੇ ਹਮੇਸ਼ਾਂ ਪੰਥ ਤੇ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ-ਮਜੀਠੀਆ ਧਾਮੀ ਦੇ ਗ੍ਰਹਿ ਵਿਖੇ ਕੀਤੀ ਮੁਲਾਕਾਤ

ਹੁਸ਼ਿਆਰਪੁਰ : ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਅਹੁਦਿਆਂ ’ਤੇ ਲੰਮਾ ਸਮਾਂ ਸੇਵਾਵਾਂ ਨਿਭਾਈਆਂ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਡਟ ਕੇ ਕੰਮ ਕੀਤਾ ਹੈ। ਐਡਵੋਕੇਟ ਧਾਮੀ ਮੇਰੇ ਲਈ ਸਤਿਕਾਰਯੋਗ ਹਨ ਤੇ ਮੈਂ ਕੋਈ ਪਹਿਲੀ ਵਾਰ ਉਨ੍ਹਾਂ ਦੇ ਘਰ ਨਹੀਂ ਆਇਆ ਹਾਂ। ਇਹ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਇੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਗ੍ਰਹਿ ਵਿਖੇ ਉਨ੍ਹਾਂ ਨਾਲ ਮੁਲਾਕਾਤ ਕਰਨ ਉਪਰੰਤ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਉਹ ਐਡਵੋਕੇਟ ਧਾਮੀ ਦੇ ਅਸਤੀਫ਼ੇ ਨੂੰ ਨਹੀਂ



ਮੰਨਦੇ ਹਨ ਤੇ ਉਨ੍ਹਾਂ ਨੂੰ ਆਸ ਹੈ ਕਿ ਹੁਣ ਵੀ ਐਡਵੋਕੇਟ ਧਾਮੀ ਕੌਮ ਤੇ ਪੰਥ ਦੀ ਚੜ੍ਹਦੀ ਕਲਾ ਲਈ ਆਪਣੀਆਂ ਵਡਮੁੱਲੀਆਂ ਸੇਵਾਵਾਂ ਜਾਰੀ ਰੱਖਣਗੇ। ਮੁੱਖ ਮੰਤਰੀ ਭਗਵੰਤ ਮਾਨ ਦੀ ‘ਕੁਰਸੀ’ ਸਬੰਧੀ ਪੁੱਛੇ ਸਵਾਲ ਦੇ ਜਵਾਬ ’ਚ ਮਜੀਠੀਆ ਨੇ ਕਿਹਾ ਕਿ ਉਨ੍ਹਾਂ ਨੂੰ ਹੁਣ ਕੋਈ ਵੀ ਬਚਾਅ ਨਹੀਂ ਸਕਦਾ।

## ਕਿਸਾਨਾਂ ਨੂੰ ਹੱਕ ਮਿਲਣੇ ਚਾਹੀਦੇ ਹਨ: ਅਬਦੁੱਲਾ

### ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਹਰਿਮੰਦਰ ਸਾਹਿਬ ਨਤਮਸਤਕ

ਅੰਮ੍ਰਿਤਸਰ : ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ ਦੇ ਮੁਖੀ ਡਾਕਟਰ ਫਾਰੂਕ ਅਬਦੁੱਲਾ ਨੇ ਕਿਹਾ ਕਿ ਸਾਰਕ ਨੂੰ ਸੁਰਜੀਤ ਕਰਨ ਦੀ ਲੋੜ ਹੈ ਤਾਂ ਜੋ ਇਸ ਦੇ ਮੈਂਬਰ ਦੇਸ਼ ਆਪਣੀਆਂ ਸਮੱਸਿਆਵਾਂ ਆਪਸ ਵਿੱਚ ਮਿਲ ਬੈਠ ਕੇ ਹੱਲ ਕਰ ਸਕਣ। ਉਹ ਅੱਜ ਇੱਥੇ ਹਰਿਮੰਦਰ ਸਾਹਿਬ ’ਚ ਨਤਮਸਤਕ ਹੋਣ ਪੁੱਜੇ ਸਨ। ਇਸ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਕੁਝ ਕੌਮਾਂਤਰੀ ਤਾਕਤਾਂ ਜੰਮੂ ਕਸ਼ਮੀਰ ਵਿੱਚ ਸ਼ਾਂਤੀ ਸਥਾਪਿਤ ਨਹੀਂ ਹੋਣ ਦੇਣਾ ਚਾਹੁੰਦੀਆਂ। ਇਹ ਤਾਕਤਾਂ ਕਸ਼ਮੀਰ ਮਸਲੇ ਨੂੰ ਕਾਇਮ ਰੱਖਣਾ ਚਾਹੁੰਦੀਆਂ ਹਨ ਤਾਂ ਜੋ ਇਹ ਭਾਰਤ ਅਤੇ ਪਾਕਿਸਤਾਨ ਦੋਵਾਂ ਮੁਲਕਾਂ ਨੂੰ ਆਪਣੇ ਹਥਿਆਰ ਵੇਚ ਸਕਣ। ਕਿਸਾਨ ਅੰਦੋਲਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ



ਕਿ ਕਿਸਾਨ ਅੰਦੋਲਨ ਖ਼ਤਮ ਹੋਣ ਸਮੇਂ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਉਹ ਪੂਰੇ ਕਰਨੇ ਚਾਹੀਦੇ ਹਨ। ਜੰਮੂ ਕਸ਼ਮੀਰ ਵਿੱਚ ਧਾਰਾ-370 ਖ਼ਤਮ ਕਰਨ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੂੰ ਸੂਬੇ ਦਾ ਦਰਜਾ ਮਿਲਣਾ ਚਾਹੀਦਾ ਹੈ। ਉਨ੍ਹਾਂ ਅਮਰੀਕਾ ਵੱਲੋਂ ਭਾਰਤੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਨੀਤੀ ਦੀ ਆਲੋਚਨਾ ਕੀਤੀ ਹੈ। ਇਸ ਮਗਰੋਂ ਪੰਜਾਬ ਰੂਰਲ ਡਿਵੈਲਪਮੈਂਟ ਸੁਸਾਇਟੀ ਦੇ ਚੇਅਰਮੈਨ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇੱਥੇ ਸਰਕਟ ਹਾਊਸ ਵਿੱਚ ਡਾ. ਫਾਰੂਕ ਅਬਦੁੱਲਾ ਨਾਲ ਮੀਟਿੰਗ ਕੀਤੀ ਹੈ।

# ਨਵੇਂ ਵਰ੍ਹੇ ਦਾ ਕੈਲੰਡਰ





ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com

ਗਿਆਨੀ ਰਘਬੀਰ ਸਿੰਘ ਜੀ,
ਜਥੇਦਾਰ, ਅਕਾਲ ਤਖਤ ਸਾਹਿਬ
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

**ਵਿਸ਼ਾ:- ਨਵੇਂ ਵਰ੍ਹੇ ਦਾ ਕੈਲੰਡਰ**

ਸਤਿਕਾਰਯੋਗ ਗਿਆਨੀ ਰਘਬੀਰ ਸਿੰਘ ਜੀ ਬੇਨਤੀ ਇਹ ਹੈ ਕਿ 20 ਫਰਵਰੀ 2025 ਈ: ਦਿਨ ਬੁੱਧਵਾਰ ਨੂੰ ਆਪ ਜੀ ਵੱਲੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਗਿਆ ਨਵੇਂ ਵਰ੍ਹੇ (ਸੰਮਤ ੫੫੭ ਨ:ਸ:) ਦਾ ਕੈਲੰਡਰ ਜਾਰੀ ਕੀਤਾ ਸੀ। ਇਸ ਸਮੇਂ ਆਪ ਜੀ ਨੇ ਸਿੱਖ ਕੌਮ ਨੂੰ ਇਸੇ ਕੈਲੰਡਰ ਮੁਤਾਬਕ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਉਣ ਦਾ ਆਦੇਸ਼ ਵੀ ਦਿੱਤਾ ਸੀ।

"ਕੈਲੰਡਰ ਜਾਰੀ ਕਰਨ ਮੌਕੇ ਆਪ ਜੀ ਨੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ। ਆਪ ਜੀ ਨੇ ਕਿਹਾ ਕਿ ਹਰ ਕੌਮ ਦਾ ਆਪਣਾ ਕੈਲੰਡਰ ਹੁੰਦਾ ਹੈ, ਜਿਸ ਅਨੁਸਾਰ ਕੌਮਾਂ ਆਪਣੇ ਧਰਮ ਇਤਿਹਾਸ ਦੇ ਦਿਹਾੜੇ ਮਨਾਉਂਦੀਆਂ ਹਨ। ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ।

ਗਿਆਨੀ ਰਘਬੀਰ ਸਿੰਘ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਗਿਆ ਅਤੇ ਆਪ ਜੀ ਵੱਲੋਂ ਜਾਰੀ ਕੀਤਾ ਇਹ ਕੈਲੰਡਰ, ਨਾਨਕਸ਼ਾਹੀ ਕੈਲੰਡਰ ਨਹੀਂ ਹੈ। ਕੀ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਦੇ ਵਿਦਵਾਨਾਂ ਨੇ ਇਹ ਜਾਣਕਾਰੀ ਨਹੀਂ ਦਿੱਤੀ? ਕੈਲੰਡਰ ਉੱਪਰ 'ਨਾਨਕਸ਼ਾਹੀ' ਲਿਖਣ ਨਾਲ ਹੀ ਇਹ ਕੈਲੰਡਰ, ਨਾਨਕਸ਼ਾਹੀ ਕੈਲੰਡਰ ਨਹੀਂ ਬਣ ਜਾਂਦਾ। ਇਹ ਕੈਲੰਡਰ ਨਾ ਤਾਂ ਨਾਨਕਸ਼ਾਹੀ ਕੈਲੰਡਰ ਹੈ ਅਤੇ ਨਾ ਹੀ ਸੂਰਜੀ ਬਿਕ੍ਰਮੀ। ਇਹ ਮਿਲਗੋਭਾ ਕੈਲੰਡਰ ਹੈ।

ਇਸ ਦੇ ਸਾਲ ਦੀ ਲੰਬਾਈ 365.2563 ਦਿਨ, ਜਿਸ ਕਾਰਨ ਇਸ ਨੂੰ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ) ਕਿਹਾ ਜਾ ਸਕਦਾ ਹੈ। ਪਰ ਨਵੇਂ ਸਾਲ ਦਾ ਆਰੰਭ ੧ ਚੇਤ ਤੋਂ, ਜਦੋਂ ਕਿ ਬਿਕ੍ਰਮੀ ਕੈਲੰਡਰ ਦੇ ਸਾਲ ਦਾ ਆਰੰਭ ੧ ਵੈਸਾਖ ਤੋਂ ਹੁੰਦਾ ਹੈ। ਮਹੀਨੇ ਦਾ ਆਰੰਭ ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ (29 ਤੋਂ 32 ਦਿਨ) ਸੂਰਜ ਦੇ ਨਵੀਂ ਰਾਸ਼ੀ ਵਿੱਚ ਪ੍ਰਵੇਸ਼ ਕਰਨ ਨਾਲ ਨੱਥੀ ਹੋਣ ਕਰਕੇ, ਹਰ ਸਾਲ ਬਦਲਦੀ ਰਹਿੰਦੀ ਹੈ। ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਾਈ 365.2563 ਦਿਨ), ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ (ਸਾਲ ਦੀ ਲੰਬਾਈ 354 ਦਿਨ, ਤੀਜੇ-ਚੌਥੇ ਸਾਲ 384 ਦਿਨ) ਅਤੇ ਕੁਝ ਦਿਹਾੜੇ ਅੰਗਰੇਜ਼ੀ ਤਾਰੀਖਾਂ ਮੁਤਾਬਕ (ਸਾਲ ਦੀ ਲੰਬਾਈ 365.2425 ਦਿਨ) ਨਿਰਧਾਰਤ ਕੀਤੇ ਜਾਂਦੇ ਹਨ; ਪਰ ਦਰਜ ਪ੍ਰਵਿਸ਼ਟਿਆਂ ਵਿੱਚ ਹੀ ਕੀਤੇ ਜਾਂਦੇ ਹਨ। ਇਸ ਕਾਰਨ ਬਹੁਤੇ ਦਿਹਾੜਿਆਂ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਸਰਹਿੰਦ ਫ਼ਤਹਿ ਦਿਵਸ ਸੰਮਤ ੫੫੬ 'ਚ ੩੦ ਵੈਸਾਖ ਸੀ ਪਰ ੫੫੭ 'ਚ ੨੯ ਵੈਸਾਖ ਹੈ। ਕੀ ਇਹੀ ਸਾਡੀ ਵਿਲੱਖਣਤਾ ਦੀ ਨਿਸ਼ਾਨੀ ਹੈ ਕਿ ਸਾਡੀਆਂ ਇਤਿਹਾਸਕ ਤਾਰੀਖ਼ਾਂ ਹਰ ਸਾਲ ਬਦਲ ਜਾਦੀਆਂ ਹਨ? ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ, ਗੁਰਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਅਧਾਰਿਤ 365.2425 ਦਿਨ, ਮਹੀਨਿਆਂ ਦੀ ਤਰਤੀਬ ਗੁਰਬਾਣੀ ਮੁਤਾਬਕ ਚੇਤ ਤੋਂ ਫੱਗਣ, ਮਹੀਨੇ ਦਾ ਆਰੰਭ ਅਤੇ ਦਿਨਾਂ ਦੀ ਗਿਣਤੀ ਸਦਾ ਵਾਸਤੇ ਪੱਕੀ। ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ ਦਾ ਅਸਲ ਪ੍ਰਵਿਸ਼ਟਾ, ਜਦੋਂ ਕੋਈ ਘਟਨਾ ਵਾਪਰੀ ਸੀ, ਦਰਜ ਕੀਤਾ ਗਿਆ ਹੈ।

ਸਤਿਕਾਰ ਯੋਗ ਸਿੰਘ ਸਾਹਿਬ ਜੀ, ਗੁਰੂ ਕਾਲ ਵੇਲੇ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। 1964 ਈ: ਵਿੱਚ ਹਿੰਦੂ ਵਿਦਵਾਨਾਂ ਵੱਲੋਂ ਸੋਧ ਕਰਕੇ, ਸਾਲ ਦੀ ਲੰਬਾਈ ਵਿੱਚ 365.2563 ਦਿਨ (ਦ੍ਰਿਕ ਗਣਿਤ ਸਿਧਾਂਤ) ਮੰਨ ਲਈ ਗਈ ਸੀ। ਇਹ ਸੋਧ, ਸ਼੍ਰੋਮਣੀ ਕਮੇਟੀ ਨੇ ਅੱਖਾਂ ਬੰਦ ਕਰਕੇ ਮੰਨ ਲਈ। ਅੱਜ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ਦਾ ਆਰੰਭ ੧ ਚੇਤ ਤੋਂ ਮੰਨਿਆ ਜਾਂਦਾ ਹੈ, ਪਰ ਪਹਿਲਾਂ ਇਸ ਸੰਮਤ ਦਾ ਆਰੰਭ ਕੱਤਕ ਦੀ ਪੂੰਨਿਆ ਤੋਂ ਕੀਤਾ ਜਾਂਦਾ ਸੀ। (ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ, ਸ਼੍ਰੋਮਣੀ ਜੰਤਰੀ, 1992 ਈ:) ਇਹ ਸੋਧ ਕਦੋਂ ਅਤੇ ਕਿਸ ਨੇ ਕੀਤੀ ਹੈ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਡੇਢ ਦਹਾਕੇ ਤੋਂ (੫੪੨ ਨ: ਸ਼:) ਜਿਹੜਾ ਕੈਲੰਡਰ ਛਾਪਿਆ ਜਾਂਦਾ ਰਿਹਾ ਹੈ ਉਸ ਵਿੱਚ ਪ੍ਰਵਿਸ਼ਟੇ ਅਤੇ ਤਾਰੀਖਾਂ ਹੀ ਦਰਜ ਹੁੰਦੀਆਂ ਸਨ। ਹੈਰਾਨੀ ਹੋਈ ਆਪ ਜੀ ਵੱਲੋਂ ਜਾਰੀ ਕੀਤੇ ਨਵੇ ਸਾਲ (੫੫੭ ਨ: ਸ:) ਦੇ ਕੈਲੰਡਰ ਨੂੰ ਵੇਖ ਕੇ, ਇਸ ਵਿੱਚ ਪ੍ਰਵਿਸ਼ਟੇ ਅਤੇ ਤਾਰੀਖਾਂ ਦੇ ਨਾਲ-ਨਾਲ ਵਦੀ-ਸੁਦੀ ਵੀ ਦਰਜ ਕੀਤੀ ਗਈ ਹੈ।

ਗਿਆਨੀ ਰਘਬੀਰ ਸਿੰਘ ਜੀ, ਦੇਸ਼-ਵਿਦੇਸ਼ ਦੀਆਂ ਸੰਗਤਾਂ ਇਹ ਜਾਨਣਾ ਚਾਹੁੰਦੀਆਂ ਹਨ ਕਿ ਇਹ ਸੋਧ ਕਿਸ ਦੇ ਇਸ਼ਾਰੇ 'ਤੇ ਕੀਤੀ ਗਈ ਹੈ? ਇਹ ਸੋਧ ਕਰਨ ਲਈ ਕਿਸੇ ਵੱਲੋਂ ਆਏ ਸੁਝਾਓ, ਇਸ ਲਈ ਧਰਮ ਪ੍ਰਚਾਰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ, ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਸੋਧ ਲਈ ਅਕਾਲ ਤਖਤ ਸਾਹਿਬ ਦੀ ਪ੍ਰਵਾਨਗੀ, ਇਹ ਸਾਰੇ ਦਸਤਾਵੇਜ਼ ਜਨਤਕ ਕੀਤੇ ਜਾਣ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰਾਂ ਵਿੱਚ ਹਰ ਸਾਲ, 'ਨੀਂਹ ਪੱਥਰ ਸੱਚਖੰਡ ਸ੍ਰੀ ਦਰਬਾਰ ਸਾਹਿਬ' ਤਾਂ ੧ ਮਾਘ ਦਾ ਦਰਜ ਹੁੰਦਾ ਹੈ। ਪਰ 'ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ' ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। (554-੧੮ ਹਾੜ, 555-੨੫ ਜੇਠ, 556-੨੩ ਹਾੜ, 557-੨ ਹਾੜ) ਇਸ ਦਾ ਕੀ ਕਾਰਨ ਹੈ? ਜੇ 'ਨੀਂਹ ਪੱਥਰ ਸੱਚਖੰਡ ਸ੍ਰੀ ਦਰਬਾਰ ਸਾਹਿਬ' ਹਰ ਸਾਲ ੧ ਮਾਘ ਨੂੰ ਮਨਾਇਆ ਜਾ ਸਕਦਾ ਹੈਂ ਤਾਂ 'ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ' ਹਰ ਸਾਲ, ੧੮ ਹਾੜ ਨੂੰ ਕਿਉਂ ਨਹੀਂ ਮਨਾਇਆ ਜਾ ਸਕਦਾ? ਭਗਤ ਧੰਨਾ ਜੀ ਦਾ ਜਨਮ ਦਿਹਾੜਾ ਤਾਂ ਹਰ ਸਾਲ ੮ ਵੈਸਾਖ ਦਾ ਹੀ ਦਰਜ ਕੀਤਾ ਜਾਂਦਾ ਹੈ। ਪਰ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਐਸਾ ਕਿਉਂ?

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਆਪ ਜੀ ਦਾ ਇਹ ਆਦੇਸ਼, "ਸਿੱਖ ਜਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ। ਸਬੰਧੀ ਇਕ ਸਵਾਲ ਸਾਹਮਣੇ ਆ ਗਿਆ ਹੈ। ਉਹ ਇਹ ਕਿ ਆਪ ਜੀ ਵੱਲੋਂ ਜਾਰੀ ਕੀਤੇ ਗਏ ਨਵੇਂ ਸਾਲ ਦੇ ਕੈਲੰਡਰ ਵਿੱਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ੧੩ ਪੋਹ (27 ਦਸੰਬਰ) ਦਾ ਦਰਜ ਹੈ। ਇਸੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ (੧੩ ਪੋਹ) ਦਰਜ ਹੈ। ਕੀ ਇਹ ਦੋਵੇਂ ਦਿਹਾੜੇ ਇਕੋ ਦਿਨ (੧੩ ਪੋਹ) ਨੂੰ ਮਨਾਏ ਜਾਣਗੇ ਜਾਂ ਕਿਸੇ ਇਕ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਬਦਲੀ ਜਾਵੇਗੀ? ਇਸ ਕੈਲੰਡਰ ਵਿੱਚ ਹੋਲਾ ਮਹੱਲਾ ਦੋ ਵਾਰ (2 ਚੇਤ ਅਤੇ 21 ਫੱਗਣ) ਦਰਜ ਕੀਤਾ ਹੋਇਆ ਹੈ। ਇਹ ਛਪਾਈ ਦੀ ਗਲਤੀ ਹੈ ਜਾਂ ਕੋਈ ਹੋਰ ਕਾਰਨ ਹੈ? ਚੇਤ ਦੇ ਮਹੀਨੇ ਵਿੱਚ, 18 ਚੇਤ ਨੂੰ ਚੇਤ ਸੁਦੀ 2 ਅਤੇ 3 ਇਕ ਦਿਨ ਵਿੱਚ ਹੀ ਦਰਜ ਹਨ। 1 ਵੈਸਾਖ ਅਤੇ 2 ਵੈਸਾਖ ਨੂੰ ਦੋਵੇਂ ਦਿਨ ਹੀ ਵੈਸਾਖ ਵਦੀ 1 ਦਰਜ ਹੈ। ਇਹੋ ਜਿਹੀਆਂ ਘੱਟੋ ਘੱਟ 20 ਗਲਤੀਆਂ ਹੋਰ ਹਨ। ਦੱਸੋ ਇਸ ਵਿੱਚ ਕਿਹੜੀ ਮੌਲਿਕਤਾ, ਵਿਲੱਖਣਤਾ ਅਤੇ ਮਾਣ ਵਾਲੀ ਗੱਲ ਹੈ?

ਆਪ ਜੀ ਦੇ ਬਚਨ, "ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ।

ਸਤਿਕਾਰਯੋਗ ਸਿੰਘ ਸਾਹਿਬ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਛਾਪੇ ਗਏ ਅਤੇ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਗਏ ਕੈਲੰਡਰ ਸਬੰਧੀ ਕੁਝ ਜਾਣਕਾਰੀ ਲੈਣ ਲਈ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਹਾਂ। ਦਾਸ, ਪਿਛਲੇ ਕਈ ਸਾਲਾਂ ਤੋਂ ਪੱਤਰ ਲਿਖ ਰਿਹਾ ਹੈ। ਪਰ ਹਰ ਵਾਰ ਨਿਰਾਸ਼ਾ ਹੀ ਪੱਲੇ ਪਈ ਹੈ। ਆਪ ਜੀ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬ ਜੀ ਵੱਲੋਂ, ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ 2 ਦਸੰਬਰ ਨੂੰ ਸੁਣਾਏ ਗਏ ਸਿਧਾਂਤਕ ਫੈਸਲੇ ਸੁਣ ਕੇ, ਇਹ ਆਸ ਬਣੀ ਹੈ ਕਿ ਹੁਣ ਅਕਾਲ ਤਖਤ ਸਾਹਿਬ ਨੂੰ ਭੇਜੇ ਗਏ ਬੇਨਤੀ ਪੱਤਰ, ਰੱਦੀ ਦੀ ਟੋਕਰੀ ਵਿੱਚ ਨਹੀਂ ਸੁੱਟੇ ਜਾਣਗੇ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਨਿਰਾਸ਼ ਨਹੀਂ ਕਰੋਗੇ।

ਉਸਾਰੂ ਸੇਧਾਂ ਦੀ ਉਡੀਕ ਵਿੱਚ

ਸਤਿਕਾਰ ਸਹਿਤ
ਸਰਵਜੀਤ ਸਿੰਘ ਸੈਕਰਾਮੈਂਟੋ
12 ਫੱਗਣ, ੫੫੬ ਨ: ਸ:
(23 ਫਰਵਰੀ 2025)

# ਸ. ਤਰਲੋਚਨ ਸਿੰਘ ਜੀ ਨੂੰ ਨਾਨਕਸ਼ਾਹੀ ਕੈਲੰਡਰ ਸੰਬੰਧੀ ਪੱਤਰ



ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com



ਸ. ਤਰਲੋਚਨ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

**ਵਿਸ਼ਾ:- ਨਾਨਕਸ਼ਾਹੀ ਕੈਲੰਡਰ**

ਸ. ਤਰਲੋਚਨ ਸਿੰਘ ਜੀ,
ਬੇਨਤੀ ਇਹ ਹੈ ਕਿ, ਆਪ ਜੀ ਦੇ ਵਿਚਾਰ ਵੱਖ-ਵੱਖ ਵਿਸ਼ਿਆਂ ਉੱਪਰ, ਪੜ੍ਹਨ/ ਸੁਨਣ ਨੂੰ ਮਿਲਦੇ ਰਹਿੰਦੇ ਹਨ। ਖਾਸ ਤੌਰ 'ਤੇ ਸਿਆਸਤ ਬਾਰੇ, ਆਪ ਜੀ ਜੋ ਪਿਛਲੇ 7 ਦਹਾਕਿਆਂ ਦਾ ਖਜ਼ਾਨਾ ਸਾਂਭੀ ਬੈਠੇ ਹੋ। ਉਸ ਵਿੱਚੋਂ ਬਹੁਤ ਕੁਝ ਸਿੱਖਣ/ ਸਮਝਣ ਨੂੰ ਮਿਲਦਾ ਹੈ। ਅਕਾਲ ਪੁਰਖ ਜੀ ਅੱਗੇ ਅਰਦਾਸ ਬੇਨਤੀ ਹੈ ਕਿ ਆਪ ਜੀ ਨੂੰ ਚੜ੍ਹਦੀ ਕਲਾ ਬਖ਼ਸ਼ਣ, ਤਾਂਕਿ ਆਪ ਜੀ ਕੌਮ ਦੀ ਅਗਵਾਈ ਕਰਦੇ ਰਹੋ।

ਸ. ਤਰਲੋਚਨ ਸਿੰਘ ਜੀ, ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 19 ਫ਼ਰਵਰੀ 2025 ਈ: ਦਿਨ ਬੁੱਧਵਾਰ ਨੂੰ ਆਯੋਜਿਤ ਕੀਤੀ ਗਈ, "ਆਲ ਇੰਡੀਆ ਪੰਥਕ ਕਨਵੈਨਸ਼ਨ' ਵਿੱਚ ਆਪ ਜੀ ਦੇ ਵਿਚਾਰ ਸੁਨਣ ਦਾ (ਘਰ ਬੈਠਿਆਂ ਹੀ) ਮੌਕਾ ਮਿਲਿਆ। ਆਪ ਜੀ ਵੱਲੋਂ ਦਿੱਤਾ ਗਿਆ ਸੁਝਾਓ, ਜੋ ਅੱਜ ਦੋ ਦਹਾਕੇ ਪਹਿਲਾਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੇ ਵੀ ਦਿੱਤਾ ਸੀ, ਬਹੁਤ ਵਧੀਆ ਸੀ। ਆਸ ਕਰਦੇ ਹਾਂ ਕਿ ਪੰਥ ਇਸ ਸੁਝਾਓ 'ਤੇ ਅਮਲ ਕਰਨ ਲਈ ਹੋਰ ਘੌਲ ਨਹੀਂ ਕਰੇਗਾ।

ਸ. ਤਰਲੋਚਨ ਸਿੰਘ ਜੀ, ਆਪ ਜੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਨਾਨਕਸ਼ਾਹੀ ਕੈਲੰਡਰ ਦਾ ਜਿਕਰ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਸੀ, "ਜਿਹੜੇ ਪਾਲੀਟੀਸ਼ਨ ਆਪਣੀ ਜਾਤ ਲਈ, ਜਿਵੇਂ ਕਾਹਲੋਂ ਸਾਬ੍ਹ ਨੇ ਕਿਹਾ ਕਿ ਸਾਡੇ ਦਿੱਲੀ 'ਚ ਵੀ ਬੜੇ ਨੇ ਐਥੇ, ਜਿਨ੍ਹਾਂ ਨੇ ਦਿੱਲੀ ਸ਼ਹਿਰ 'ਚ ਵੰਡੀਆਂ ਪਾ ਦਿੱਤੀਆਂ ਕਿ ਦੋ ਵਾਰ ਇੱਥੇ ਸੰਗਰਾਂਦਾਂ ਮਨਾਓ, ਗੁਰੂ ਅਰਜਨ ਸਾਹਿਬ ਜੀ ਦੇ ਗੁਰਪੁਰਬ ਦੋ ਵਾਰ ਮਨਾਓ, ਇੱਥੇ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਨ, ਜਿਸ ਦਿਨ ਪਟਨਾ ਸਾਹਿਬ ਮਨਾਉਂਦਾ, ਉਸ ਦਿਨ ਸਾਡੇ ਸਕੂਲ ਖੁੱਲ੍ਹੇ ਰਹੇ ਸਿੱਖਾਂ ਦੇ। ਨਹੀਂ ਜੀ, ਸਾਡਾ ਦਿਨ ਹੋਰ ਹੈ। ਉਹ ਸ਼ਕਤੀਆਂ ਵੀ ਖਤਮ ਹੋਣ। ਪੰਥ ਇਕੱਠਾ ਹੋਵੇ।

ਆਪ ਜੀ ਦੇ ਇਨ੍ਹਾਂ ਵਿਚਾਰਾਂ ਵਿੱਚ ਦਿੱਲੀ ਦੀ ਲੋਕਲ ਸਿੱਖ ਸਿਆਸਤ ਦੀ ਝਲਕ ਸਪੱਸ਼ਟ ਵਿਖਾਈ ਦਿੰਦੀ ਹੈ। ਸਿਆਸੀ ਵਿਅਕਤੀਆਂ ਦਾ ਧਰਮ ਨਾਲ ਕੋਈ ਬਹੁਤਾ ਸਬੰਧ ਨਹੀਂ ਹੁੰਦਾ, ਉਹ ਤਾਂ ਮੌਕੇ ਦੀ ਤਲਾਸ਼ ਵਿੱਚ ਭਟਕਦੇ ਰਹਿੰਦੇ ਹਨ। ਇਨ੍ਹਾਂ ਦੇ ਸਿਆਸੀ ਛੜੱਪਿਆਂ ਕਾਰਨ ਹੀ ਅੱਜ ਸਿਆਸਤ ਏਨੀ ਗੰਧਲੀ ਹੋ ਚੁੱਕੀ ਹੈ। ਕੋਈ ਪਤਾ ਨਹੀਂ ਕਿ ਕੌਣ, ਕਦੋਂ ਕਿਧਰ ਛੜੱਪਾ ਮਾਰ ਜਾਵੇ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਅੱਜ ਵਾਲੇ ਸਮੀਕਰਨ ਵੀ ਸਦਾ ਨਹੀਂ ਰਹਿਣੇ। ਖੈਰ...

ਸ. ਤਰਲੋਚਨ ਸਿੰਘ ਜੀ! ਮੇਰਾ ਇਹ ਪੱਤਰ ਲਿਖਣ ਦਾ ਅਸਲ ਮਕਸਦ ਇਹ ਹੈ ਕਿ ਆਪ ਜੀ, ਅਕਾਲ ਤਖਤ ਸਾਹਿਬ ਵੱਲੋਂ ਪ੍ਰਵਾਨ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 2003 ਈ: ਵਿੱਚ ਜਾਰੀ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਜੋ 2009-10 ਤਾਈਂ ਲਾਗੂ ਰਿਹਾ, ਨਾਲ ਤਾਂ ਸਹਿਮਤ ਸੀ। ਪਰ ਜਦੋਂ ਇਕ ਸਿਆਸੀ ਧਿਰ ਨੇ, ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ, ਆਪਣੇ ਸਿਆਸੀ ਲਾਭ ਖਾਤਰ ਸੰਤ ਸਮਾਜ ਦੀ ਸ਼ਰਤ ਮੰਨ ਕੇ, ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ ਮਿਲਗੋਭਾ ਕੈਲੰਡਰ ਲਾਗੂ ਕਰ ਦਿੱਤਾ, ਉਸ ਨਾਲ ਵੀ ਸਹਿਮਤੀ ਪ੍ਰਗਟ ਕਰ ਰਹੇ ਹੋ। ਆਪ ਜੀ ਵਰਗੇ ਸੂਝਵਾਨ ਇਨਸਾਨ ਵੱਲੋਂ ਅਪਣਾਇਆ ਇਹ ਪੈਂਤੜਾ, ਸਮਝੋਂ ਬਾਹਰ ਹੈ।

ਸ. ਤਰਲੋਚਨ ਸਿੰਘ ਜੀ, ਬੇਨਤੀ ਹੈ ਕਿ ਜਿਵੇਂ ਆਪ ਜੀ ਹਰ ਵਿਸ਼ੇ ਤੇ ਖੁੱਲ੍ਹ ਕੇ ਵਿਚਾਰ ਪ੍ਰਗਟ ਕਰਦੇ ਹੋ। ਇਸੇ ਤਰ੍ਹਾਂ ਹੀ ਕੈਲੰਡਰ ਬਾਰੇ ਵੀ ਸਪੱਸ਼ਟ ਕਰੋ। ਇਸ ਆਪੂੰ ਸਹੇੜੀ ਸਮੱਸਿਆ ਕਾਰਨ, ਅੱਜ ਦੇਸ-ਵਿਦੇਸ਼ ਦੀ ਸੰਗਤ ਦੋ ਧੜਿਆਂ ਵਿੱਚ ਵੰਡੀ ਹੋਈ ਹੈ। ਮਾਰਚ 2010 ਈ: ਤੋਂ ਅੱਜ ਤਾਈਂ, ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਵਾਉਣ ਵਾਲੀ ਧਿਰ ਦੀ ਨੁਮਾਇੰਦਗੀ ਕਰਦੇ ਸੱਜਣਾਂ ਵੱਲੋਂ ਉਸਾਰੂ ਸਹਿਯੋਗ ਨਾ ਮਿਲਣ ਕਰਕੇ, ਇਹ ਕੌਮੀ ਮਸਲਾ ਲਟਕ ਰਿਹਾ ਹੈ। ਇਸ ਨੂੰ ਹੋਰ ਲਟਕਾਉਣਾ, ਕੌਮ ਦੇ ਹਿੱਤ ਵਿੱਚ ਨਹੀਂ ਹੋਵੇਗਾ।

ਸ. ਤਰਲੋਚਨ ਸਿੰਘ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਅਗਵਾਈ ਕਰੋ, ਤਾਂ ਜੋ ਕਿਸੇ ਸਰਬ ਪ੍ਰਮਾਣਿਤ ਸਿੱਟੇ ਤੇ ਪੁੱਜਿਆ ਜਾ ਸਕੇ। ਅੱਜ ਸਾਡੇ ਪਾਸ ਬਹੁਤ ਸਾਧਨ ਹਨ। ਦੁਨੀਆਂ ਭਰ ਦੇ ਵੀਚਾਰਵਾਨ ਸਿੱਖ, ਘਰ ਬੈਠੇ ਹੀ ਇਸ ਵਿਚਾਰ ਚਰਚਾ ਵਿੱਚ ਉਸਾਰੂ ਰੋਲ ਨਿਭਾ ਸਕਦੇ ਹਨ। ਇਸ ਸੰਵਾਦ ਦਾ ਆਰੰਭ ਕਰਨ ਲਈ ਸੁਝਾਓ ਰੂਪੀ ਬੇਨਤੀ ਹੈ ਕਿ;

ਕੀ ਸਿੱਖ ਕੌਮ ਦਾ ਆਪਣਾ ਕੈਲੰਡਰ ਹੋਣਾ ਚਾਹੀਦਾ ਹੈ ਜਾਂ ਨਹੀਂ?

ਜੇ ਹੋਣਾ ਚਾਹੀਦਾ ਹੈ ਤਾਂ ਕਿਹੜਾ (LUNER, SOLER or Lunisolar) ਕੈਲੰਡਰ ਚਾਹੀਦਾ ਹੈ।

ਜੇ ਨਹੀਂ ਤਾਂ ਕਿਉਂ?

ਆਸ ਕਰਦੇ ਹਾਂ ਕਿ ਆਪ ਜੀ ਆਪਣੇ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ, ਇਸ ਕੌਮੀ ਮੁੱਦੇ ਦੇ ਹੱਲ ਲਈ ਬੇਨਤੀ ਪ੍ਰਵਾਨ ਕਰੋਗੇ।

**ਧੰਨਵਾਦ**
**ਉਸਾਰੂ ਸੇਧਾਂ ਦੀ ਉਡੀਕ ਵਿੱਚ**
**ਸਰਵਜੀਤ ਸਿੰਘ ਸੈਕਰਾਮੈਂਟੋ**
**ਫੱਗਣ 9, ਸੰਮਤ 554 ਨਾਨਕਸ਼ਾਹੀ**
(20 /2/2025)

# ਵਿੰਟੇਜ ਕਾਰਾਂ ਦੇ ਮਾਲਕ '21 ਗਨ ਸਲੂਟ ਕੋਨਕੋਰਸ ਡੀ' ਐਲੀਗੈਂਸ' ਦੇ 11ਵੇਂ ਐਡੀਸ਼ਨ 'ਚ ਲਿਆ ਭਾਗ

## ਕੇਂਦਰੀ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਵਿੰਟੇਜ ਅਤੇ ਕਲਾਸਿਕ ਆਟੋਮੋਬਾਈਲਜ਼ ਦੀ ਪਰੇਡ ਦਾ ਕੀਤਾ ਉਦਘਾਟਨ













ਨਵੀਂ ਦਿੱਲੀ : ਵਿੰਟੇਜ ਕਾਰ ਮਾਲਕਾਂ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਦੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ '21 ਗਨ ਸਲੂਟ ਕੌਨਕੌਰਸ ਡੀ' ਐਲੀਗੈਂਸ' ਦੇ 11ਵੇਂ ਐਡੀਸ਼ਨ ਦੌਰਾਨ ਕਾਰਤਵਯ ਮਾਰਗ ਦਾ ਆਨੰਦ ਮਾਣਿਆ। ਇਸ ਸਮਾਗਮ ਦਾ ਉਦਘਾਟਨ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਕੀਤਾ, ਜਿਨ੍ਹਾਂ ਨੇ ਹਰਿਆਣਾ ਦੇ ਸੈਰ-ਸਪਾਟਾ ਉਦਯੋਗ ਨੂੰ ਮੁੜ ਸੁਰਜੀਤ ਕਰਨ ਲਈ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਗੁਰੂਗ੍ਰਾਮ: 21 ਗਨ ਸਲੂਟ ਕੋਨਕੋਰਸ ਡੀ'ਐਲੀਗੈਂਸ ਵਿੰਟੇਜ ਕਾਰ ਸ਼ੋਅ ਦਾ 11ਵਾਂ ਐਡੀਸ਼ਨ ਸ਼ੁੱਕਰਵਾਰ ਨੂੰ ਗੁਰੂਗ੍ਰਾਮ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਭਾਰਤ ਅਤੇ ਦੁਨੀਆ ਭਰ ਦੀਆਂ 125 ਤੋਂ ਵੱਧ ਦੁਰਲੱਭ ਵਿੰਟੇਜ ਕਾਰਾਂ ਅਤੇ 50 ਕਲਾਸਿਕ ਮੋਟਰਸਾਈਕਲਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇੰਡੀਆ ਗੇਟ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਹੋਣ ਤੋਂ ਬਾਅਦ, ਜਿੱਥੇ ਕੇਂਦਰੀ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਵਿੰਟੇਜ ਅਤੇ ਕਲਾਸਿਕ ਆਟੋਮੋਬਾਈਲਜ਼ ਦੀ ਪਰੇਡ ਦਾ ਉਦਘਾਟਨ ਕੀਤਾ, ਤਿੰਨ ਦਿਨਾਂ ਦਾ ਪ੍ਰੋਗਰਾਮ ਐਂਬੀਐਂਸ ਗੋਲਫ ਗ੍ਰੀਨਜ਼ ਵਿਖੇ ਚੱਲੇਗਾ, ਮਾਮਲੇ ਤੋਂ ਜਾਣੂ ਲੋਕਾਂ ਨੇ ਦੱਸਿਆ।

ਇਸ ਸਮਾਗਮ ਦਾ ਉਦਘਾਟਨ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਕੀਤਾ, ਜਿਨ੍ਹਾਂ ਨੇ ਹਰਿਆਣਾ ਦੇ ਸੈਰ-ਸਪਾਟਾ ਉਦਯੋਗ ਨੂੰ ਮੁੜ ਸੁਰਜੀਤ ਕਰਨ ਲਈ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। "ਹਰਿਆਣਾ ਕਿਸੇ ਸਮੇਂ ਭਾਰਤ ਵਿੱਚ ਸੈਰ-ਸਪਾਟੇ ਵਿੱਚ ਸਭ ਤੋਂ ਅੱਗੇ ਸੀ, ਪਰ ਹਾਲ ਹੀ ਦੇ ਸਾਲਾਂ ਵਿੱਚ, ਇਸ ਵਿੱਚ ਗਿਰਾਵਟ ਦੇਖੀ ਗਈ ਹੈ। 21 ਗਨ ਸਲੂਟ ਕੋਨਕੋਰਸ ਡੀ ਐਲੀਗੈਂਸ ਵਰਗੀਆਂ ਘਟਨਾਵਾਂ ਨਾ ਸਿਰਫ਼ ਆਟੋਮੋਬਾਈਲਜ਼ ਦੀ ਸ਼ਾਨ ਨੂੰ ਉਜਾਗਰ ਕਰਦੀਆਂ ਹਨ ਬਲਕਿ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਵੀ ਮਨਾਉਂਦੀਆਂ ਹਨ, ਸੈਲਾਨੀਆਂ ਨੂੰ ਆਕਰਸ਼ਿਤ ਕਰਦੀਆਂ ਹਨ ਅਤੇ ਸਥਾਨਕ ਸੈਰ-ਸਪਾਟੇ ਨੂੰ ਹੁਲਾਰਾ ਦਿੰਦੀਆਂ ਹਨ। ਮੈਨੂੰ ਉਮੀਦ ਹੈ ਕਿ ਅਜਿਹੇ ਯਤਨ ਹਰਿਆਣਾ ਦੇ ਸੈਰ-ਸਪਾਟਾ ਖੇਤਰ ਨੂੰ ਉੱਚਾ ਚੁੱਕਣ ਲਈ ਜਾਰੀ ਰਹਿਣਗੇ, ਉਸਨੇ ਕਿਹਾ।

ਐਂਬੀਏਂਸ ਗੋਲਫ ਗ੍ਰੀਨਜ਼ ਦੀ ਪਿੱਠਭੂਮੀ ਦੇ ਵਿਰੁੱਧ ਸੈੱਟ ਕੀਤੀ ਗਈ, ਇਸ ਪ੍ਰਦਰਸ਼ਨੀ ਵਿੱਚ ਦੁਨੀਆ ਦੀਆਂ ਸਭ ਤੋਂ ਮਸ਼ਹੂਰ ਵਿੰਟੇਜ ਆਟੋਮੋਬਾਈਲਜ਼ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੁਰਾਣੇ ਭਾਰਤੀ ਰਾਇਲਟੀ ਨਾਲ ਸਬੰਧਤ ਸਨ। ਸ਼ੋਅ ਸਟਾਪਰਾਂ ਵਿੱਚ, 1939 ਡੇਲਾਹਾਏ (ਫਿਗੋਨੀ ਐਟ ਫਲਾਸਚੀ), 1903 ਡੀ ਡੀਓਨ ਬੋਟਨ (ਈਵੈਂਟ ਵਿੱਚ ਸਭ ਤੋਂ ਪੁਰਾਣੀ ਕਾਰ), 1917 ਫੋਰਡ ਮਾਡਲ ਟੀ ਰੋਡਸਟਰ, ਅਤੇ 1935 ਕੈਡਿਲੈਕ ਫਲੀਟਵੁੱਡ, ਹਰ ਇੱਕ ਆਟੋਮੋਟਿਵ ਕਾਰੀਗਰੀ ਅਤੇ ਇਤਿਹਾਸਕ ਸਾਰਥਕਤਾ ਦੀ ਵਿਲੱਖਣ ਕਹਾਣੀ ਦੱਸਦੀ ਹੈ।

ਇਸ ਸਾਲ ਦਾ ਇੱਕ ਮੁੱਖ ਆਕਰਸ਼ਣ ਰੋਲਸ-ਰਾਇਸ ਦੇ 120 ਸਾਲਾਂ ਨੂੰ ਦਰਸਾਉਂਦੀ ਇੱਕ ਵਿਸ਼ੇਸ਼ ਸ਼ਰਧਾਂਜਲੀ ਹੈ, ਜਿਸ ਵਿੱਚ 1922 ਸਿਲਵਰ ਗੋਸਟ ਲਿਮੋ, 1926 ਸਿਲਵਰ ਗੋਸਟ ਟਿਲਬਰੀ ਸੇਡਾਨ, 1929 ਪੀ1 ਸੇਡਾਨ ਡੇਵਿਲ, ਅਤੇ 1936 ਪੀ3 ਲੈਂਡਕੇਰਾ ਦੁਆਰਾ 1936 ਦੇ ਸਿਲਵਰ ਘੋਸਟ ਟਿਲਬਰੀ ਸੇਡਾਨ ਸਮੇਤ, ਧਿਆਨ ਨਾਲ ਰੀਸਟੋਰ ਕੀਤੇ ਨੌਂ ਮਾਡਲਾਂ ਦੀ ਵਿਸ਼ੇਸ਼ਤਾ ਹੈ। ਇਸ ਤੋਂ ਇਲਾਵਾ, MG ਮੋਟਰਜ਼ ਦੇ 100 ਸਾਲਾਂ ਨੂੰ ਸਮਰਪਿਤ ਕਲਾਸ ਦੇ ਨਾਲ 1938 MGTA ਟਿਕਫੋਰਡ 483, 1947 MGTC, ਅਤੇ 1953 MG TD ਨੂੰ ਪ੍ਰਦਰਸ਼ਿਤ ਕਰਦੇ ਹੋਏ, ਆਈਕਾਨਿਕ ਬ੍ਰਾਂਡ ਦੇ ਵਿਕਾਸ ਨੂੰ ਦਰਸਾਉਂਦੇ ਹੋਏ ਮਨਾਇਆ ਜਾ ਰਿਹਾ ਹੈ।

ਇੱਕ ਅੰਤਰਰਾਸ਼ਟਰੀ ਜਿਊਰੀ ਪੈਨਲ, ਜਿਸ ਵਿੱਚ ਕ੍ਰਿਸ਼ਚੀਅਨ ਕ੍ਰੈਮਰ, ਵਿਟਨੀ ਓਵਰੋਕਰ, ਸ਼ਿਨੀਚੀ ਏਕੋ ਅਤੇ ਐਲੇਕਸ ਵਾਨ ਮੋਜ਼ਰ ਸ਼ਾਮਲ ਹਨ, ਵਾਹਨਾਂ ਦੀ ਪ੍ਰਮਾਣਿਕਤਾ, ਬਹਾਲੀ ਦੀ ਗੁਣਵੱਤਾ ਅਤੇ ਇਤਿਹਾਸਕ ਮੁੱਲ ਦੇ ਆਧਾਰ 'ਤੇ ਮੁਲਾਂਕਣ ਕਰ ਰਿਹਾ ਹੈ।

"21 ਗਨ ਸਲੂਟ ਕੋਨਕੋਰਸ ਡੀ ਐਲੀਗੈਂਸ ਇੱਕ ਪ੍ਰਦਰਸ਼ਨੀ ਤੋਂ ਵੱਧ ਹੈ - ਇਹ ਭਾਰਤ ਦੀ ਅਮੀਰ ਮੋਟਰਿੰਗ ਵਿਰਾਸਤ ਨੂੰ ਸ਼ਰਧਾਂਜਲੀ ਹੈ। 21 ਗਨ ਸਲੂਟ ਹੈਰੀਟੇਜ ਟਰੱਸਟ ਦੇ ਚੇਅਰਮੈਨ ਅਤੇ ਮੈਨੇਜਿੰਗ ਟਰੱਸਟੀ ਮਦਨ ਮੋਹਨ ਨੇ ਕਿਹਾ, 'ਦੁਨੀਆ ਦੀਆਂ ਸਭ ਤੋਂ ਵਧੀਆ ਵਿੰਟੇਜ ਕਾਰਾਂ, ਜੋਸ਼ੀਲੇ ਕੁਲੈਕਟਰਾਂ, ਅਤੇ ਗਲੋਬਲ ਮਾਹਿਰਾਂ ਨੂੰ ਇਕੱਠਾ ਕਰਕੇ, ਅਸੀਂ ਭਾਰਤ ਨੂੰ ਇਤਿਹਾਸਕ ਆਟੋਮੋਬਾਈਲ ਸੁਰੱਖਿਆ ਦੇ ਵਿਸ਼ਵ ਨਕਸ਼ੇ 'ਤੇ ਲਿਆਉਣ ਦਾ ਟੀਚਾ ਰੱਖਦੇ ਹਾਂ।'









'21 ਗਨ ਸਲੂਟ ਕੋਨਕੋਰਸ ਡੀ' ਐਲੀਗੈਂਸ' ਦੇ 11ਵੇਂ ਐਡੀਸ਼ਨ ਦੌਰਾਨ ਇੱਕ ਔਰਤ ਵਿੰਟੇਜ ਕਾਰ ਨਾਲ ਪੋਜ਼ ਦਿੰਦੀ ਹੋਈ।



ਭਰਤਨਾਟਿਅਮ ਕਲਾਕਾਰ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਦੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿੱਚ '21 ਗਨ ਸਲੂਟ ਕੋਨਕੋਰਸ ਡੀ' ਐਲੀਗੈਂਸ' ਦੇ 11ਵੇਂ ਐਡੀਸ਼ਨ ਦੌਰਾਨ ਵਿੰਟੇਜ ਕਾਰਾਂ ਦੀ ਪ੍ਰਦਰਸ਼ਨੀ ਦੇ ਨਾਲ ਪੋਜ਼ ਦਿੰਦੇ ਹੋਏ।

# ਪਰਵਾਸ ਦਾ ਵਧਦਾ ਰੁਝਾਨ ਲਾਲਸਾ ਜਾਂ ਮਜਬੂਰੀ !

## ਕਿਵੇਂ ਸ਼ੁਰੂ ਹੋਇਆ ਵਿਦੇਸ਼ ਜਾਣ ਦਾ ਰੁਝਾਨ




ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਠੀਕ ਤਾਂ ਨਹੀਂ ਕਿਹਾ ਜਾ ਸਕਦਾ ਪਰ ਜਿਸ ਢੰਗ ਨਾਲ ਅਮਰੀਕਾ ਸਰਕਾਰ ਨੇ 5 ਫਰਵਰੀ ਨੂੰ 104 ਪ੍ਰਵਾਸੀਆਂ ਨੂੰ ਅੰਮ੍ਰਿਸਤਰ ਹਵਾਈ ਅੱਡੇ 'ਤੇ ਫ਼ੌਜ ਦੇ ਜਹਾਜ਼ ਵਿਚ ਫ਼ੌਜੀਆਂ ਦੀ ਅਗਵਾਈ 'ਚ ਉਨ੍ਹਾਂ ਦੇ ਹੱਥਾਂ-ਪੈਰਾਂ ਨੂੰ ਬੇੜੀਆਂ ਬੰਨ੍ਹ ਕੇ 26 ਘੰਟੇ ਦੇ ਕਠਿਨਦਾਈ ਸਫ਼ਰ ਕਰਵਾ ਕੇ ਲਿਆਂਦਾ, ਉਹ ਬਹੁਤ ਨਿੰਦਣਯੋਗ ਹੈ।

ਦੁਨੀਆਂ ਭਰ 'ਚ ਪ੍ਰਵਾਸ ਕਰਨ ਦੀ ਕਾਰਵਾਈ ਪਿਛਲੇ 150 ਕੁ ਸਾਲਾਂ ਤੋਂ ਬੜੀ ਤੇਜ਼ੀ ਨਾਲ ਜਾਰੀ ਹੈ। ਭਾਰਤ ਵਸੋਂ ਦੇ ਭਾਰ ਨਾਲ ਜੂਝ ਰਿਹਾ ਘੱਟ ਵਿਕਸਤ ਦੇਸ਼ ਹੋਣ ਕਰਕੇ ਇੱਥੋਂ ਗਏ ਪ੍ਰਵਾਸੀਆਂ ਦੀ ਗਿਣਤੀ ਦੁਨੀਆ ਭਰ ਵਿਚ ਚੀਨ ਤੋਂ ਬਾਅਦ ਤੀਸਰੇ ਨੰਬਰ 'ਤੇ ਹੈ। ਕਿਸੇ ਵਕਤ ਇੰਗਲੈਂਡ ਤੋਂ ਆਸਟ ?ਰੇਲੀਆ ਅਤੇ ਕੈਨੇਡਾ 'ਚ ਵੀ ਇੰਗਲੈਂਡ ਵਾਸੀ ਉਨ੍ਹਾਂ ਦੇਸ਼ਾਂ ਦੀ ਵਿਸ਼ਾਲਤਾ ਕਾਰਨ ਗਏ ਸਨ ਤੇ ਬਾਅਦ ਵਿਚ ਇੰਗਲੈਂਡ ਨੇ ਉਨ੍ਹਾਂ ਦੇਸ਼ਾਂ 'ਤੇ ਕਬਜ਼ਾ ਹੀ ਕਰ ਲਿਆ ਤੇ ਬੜੇ ਲੰਮੇ ਸਮੇਂ ਬਾਅਦ ਉਹ ਦੇਸ਼ ਫਿਰ ਸੁਤੰਤਰ ਹੋਏ। ਸੰਨ 1960 ਵਿਚ ਅਤੇ ਉਸ ਤੋਂ ਬਾਅਦ ਇੰਗਲੈਂਡ ਨੇ ਆਪ ਹੀ ਦੁਨੀਆ ਭਰ ਤੋਂ ਤਕਨੀਕੀ ਮਾਹਿਰ ਤੇ ਵੱਖ-ਵੱਖ ਪੇਸ਼ਿਆਂ 'ਚ ਯੋਗਤਾ ਪ੍ਰਾਪਤ ਵਿਅਕਤੀਆਂ ਨੂੰ ਇੰਗਲੈਂਡ ਵਿਚ ਸੱਦਿਆ।

ਸਾਲ 1970 ਤੋਂ ਬਾਅਦ ਭਾਰਤ ਵਿਚ ਕੇਂਦਰ ਸਰਕਾਰ ਵੱਲੋਂ ਵਿਦੇਸ਼ਾਂ 'ਚ ਨੌਕਰੀ ਦਾ ਵਿਭਾਗ ਖੋਲ੍ਹਿਆ ਸੀ, ਜਿਸ ਵਿਚ ਅਫ਼ਰੀਕੀ ਦੇਸ਼ਾਂ ਵੱਲੋਂ ਅਧਿਆਪਕਾਂ ਨੂੰ ਸੱਦਿਆ ਗਿਆ ਸੀ। ਸ਼ਾਇਦ ਹੋਰ ਸਮਰੱਥ ਲੋਕਾਂ ਨੂੰ ਵੀ ਸੱਦਿਆ ਗਿਆ ਹੋਵੇ ਪਰ ਅਧਿਆਪਕਾਂ ਵਾਲਾ ਮੈਨੂੰ ਤਾਂ ਯਾਦ ਹੈ ਕਿ ਮੈਂ ਉਸ ਵਕਤ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦਾ ਸੀ ਤੇ ਇਸ ਸਕੀਮ ਅਧੀਨ ਮੈਂ ਵੀ ਅਰਜ਼ੀ ਦਿੱਤੀ ਸੀ ਤੇ ਮੈਨੂੰ ਇੰਟਰਵਿਊ 'ਤੇ ਬੁਲਾਇਆ ਵੀ ਗਿਆ ਸੀ। ਅੱਜ-ਕੱਲ੍ਹ ਭਾਰਤ ਹੋਰ ਵਿਕਸਿਤ ਦੇਸ਼ਾਂ ਦੀਆਂ ਕੰਪਨੀਆਂ ਨੂੰ ਆਪਣੇ ਦੇਸ਼ 'ਚ ਫੈਕਟਰੀਆਂ ਲਾਉਣ ਲਈ ਸੱਦੇ ਦਿੰਦਾ ਹੈ। ਉਹ ਕੋਈ ਸਮਾਜਸੇਵੀ ਸੰਸਥਾਵਾਂ ਨਹੀਂ ਸਗੋਂ ਲਾਭ ਕਮਾਉਣ ਲਈ ਆਉਂਦੀਆਂ ਹਨ।

**ਕਿਵੇਂ ਸ਼ੁਰੂ ਹੋਇਆ ਵਿਦੇਸ਼ ਜਾਣ ਦਾ ਰੁਝਾਨ :** ਭਾਰਤ 'ਚੋਂ ਵਿਦੇਸ਼ਾਂ ਵੱਲ ਪਰਵਾਸ ਦਾ ਸਿਲਸਿਲਾ ਉਦੋਂ ਸ਼ੁਰੂ ਹੋਇਆ, ਜਦੋਂ ਸਾਡਾ ਦੇਸ਼ ਬਰਤਾਨਵੀ ਹਾਕਮਾਂ ਦਾ ਗ਼ੁਲਾਮ ਸੀ। ਉਸ ਵੇਲੇ ਗ਼ੁਲਾਮ ਪ੍ਰਥਾ ਚੱਲਦੀ ਸੀ ਤੇ ਬਰਤਾਨਵੀ ਹਕੂਮਤ ਆਪਣੇ ਅਧੀਨ ਗ਼ੁਲਾਮ ਦੇਸ਼ਾਂ ਦੇ ਲੋਕਾਂ ਨੂੰ ਜਬਰੀ ਆਪਣੇ ਕੰਮਾਂ ਲਈ ਲਿਜਾਂਦੇ ਸਨ। 1833 'ਚ ਬਰਤਾਨਵੀ ਹਕੂਮਤ ਨੇ ਗ਼ੁਲਾਮ ਪ੍ਰਥਾ ਬੰਦ ਕਰ ਦਿੱਤੀ ਪਰ ਗ਼ੁਲਾਮਾਂ ਨੂੰ ਲਿਜਾਣ ਲਈ ਨਵਾਂ ਢੰਗ ਲੱਭ ਲਿਆ ਤੇ ਭਾਰਤੀਆਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਆਪਣੀ ਲੋੜ ਮੁਤਾਬਿਕ ਬਰਤਾਨੀਆ ਜਾਂ ਆਪਣੇ ਅਧੀਨ ਹੋਰ ਮੁਲਕਾਂ 'ਚ ਭੇਜਣਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਵੇਲਿਆਂ ਦੇ ਕੁਝ ਅਮੀਰ ਲੋਕ ਆਪਣੇ ਬੱਚਿਆਂ ਨੂੰ ਵਲਾਇਤ ਪੜ੍ਹਨ ਲਈ ਵੀ ਭੇਜਦੇ ਸਨ। ਹੌਲੀ-ਹੌਲੀ ਲੋਕ ਵੱਖ-ਵੱਖ ਢੰਗਾਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਨ ਲੱਗੇ, ਜਿਨ੍ਹਾਂ 'ਚ ਇਸ ਵੇਲੇ ਵਿਦੇਸ਼ ਜਾਣ ਦਾ ਕਾਨੂੰਨੀ ਢੰਗ ਸਟੱਡੀ ਵੀਜ਼ਾ, ਵਰਕ ਪਰਮਿਟ, ਪੀਆਰ, ਬਿਜ਼ਨੈੱਸ ਵੀਜ਼ਾ ਆਦਿ ਬਣ ਚੁੱਕੇ ਹਨ, ਜਦੋਂਕਿ ਗ਼ੈਰ-ਕਾਨੂੰਨੀ ਢੰਗ ਨਾਲ ਵੀ ਲੋਕ ਯੂਰਪੀ ਦੇਸ਼ਾਂ ਤੇ ਅਮਰੀਕਾ 'ਚ ਪਰਵਾਸ ਕਰ ਰਹੇ ਹਨ। ਹਰ ਸਾਲ ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ 'ਚੋਂ ਲੱਖਾਂ ਨੌਜਵਾਨ ਵਿਦੇਸ਼ਾਂ 'ਚ ਜਾ ਰਹੇ ਹਨ।

**ਪਰਵਾਸੀ ਭਾਰਤੀ ਦਿਵਸ ਦਾ ਮਹੱਤਵ :** ਪ੍ਰਵਾਸੀ ਭਾਰਤੀ ਦਿਵਸ ਹਰ ਸਾਲ 9 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਮਹਾਤਮਾ ਗਾਂਧੀ ਦੇ 1915 ਵਿੱਚ ਦੱਖਣੀ ਅਫ਼ਰੀਕਾ ਤੋਂ ਭਾਰਤ ਵਾਪਸੀ ਦੀ ਯਾਦ 'ਚ ਚੁਣਿਆ ਗਿਆ। ਇਸ ਦਿਨ ਨੂੰ ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ (ਪ੍ਰਵਾਸੀਆਂ) ਦੇ ਯੋਗਦਾਨ ਨੂੰ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ। ਇਹ ਭਾਰਤ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਦੇ ਅਨੁਭਵਾਂ ਨੂੰ ਸਾਂਝਾ ਕਰਨ ਲਈ ਕਰਵਾਇਆ ਜਾਂਦਾ ਹੈ। ਪਰਵਾਸੀ ਭਾਰਤੀ ਦਿਵਸ ਇਸ ਲਈ ਅਹਿਮ ਹੈ ਕਿਉਂਕਿ ਇਹ ਨਾ ਸਿਰਫ਼ ਐੱਨਆਰਆਈਜ਼ ਨੂੰ ਉਨ੍ਹਾਂ ਦੇ ਮੂਲ ਨਾਲ ਜੋੜਦਾ ਹੈ ਸਗੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਵੀ ਮਾਨਤਾ ਦਿੰਦਾ ਹੈ। ਇਹ ਦਿਨ ਦੂਜੇ ਦੇਸ਼ਾਂ ਵਿਚ ਕੰਮ ਕਰ ਰਹੇ ਭਾਰਤੀ ਪਰਵਾਸੀਆਂ ਦੁਆਰਾ ਅਨੁਭਵ ਕੀਤੀਆਂ ਚੁਣੌਤੀਆਂ ਨੂੰ ਵੀ ਮਾਨਤਾ ਦਿੰਦਾ ਹੈ।

**ਗ਼ੈਰ-ਕਾਨੂੰਨੀ ਪ੍ਰਵਾਸ :** ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਠੀਕ ਤਾਂ ਨਹੀਂ ਕਿਹਾ ਜਾ ਸਕਦਾ ਪਰ ਜਿਸ ਢੰਗ ਨਾਲ ਅਮਰੀਕਾ ਸਰਕਾਰ ਨੇ 5 ਫਰਵਰੀ ਨੂੰ 104 ਪ੍ਰਵਾਸੀਆਂ ਨੂੰ ਅੰਮ੍ਰਿਸਤਰ ਹਵਾਈ ਅੱਡੇ 'ਤੇ ਫ਼ੌਜ ਦੇ ਜਹਾਜ਼ ਵਿਚ ਫ਼ੌਜੀਆਂ ਦੀ ਅਗਵਾਈ 'ਚ ਉਨ੍ਹਾਂ ਦੇ ਹੱਥਾਂ-ਪੈਰਾਂ ਨੂੰ ਬੇੜੀਆਂ ਬੰਨ੍ਹ ਕੇ 26 ਘੰਟੇ ਦੇ ਕਠਿਨਦਾਈ ਸਫ਼ਰ ਕਰਵਾ ਕੇ ਲਿਆਂਦਾ, ਉਹ ਬਹੁਤ ਨਿੰਦਣਯੋਗ ਹੈ। ਇਸ ਦੌਰਾਨ ਮਨੁੱਖੀ ਅਧਿਕਾਰਾਂ ਨੂੰ ਬਿਲਕੁਲ ਵੀ ਧਿਆਨ 'ਚ ਨਹੀਂ ਰੱਖਿਆ ਗਿਆ ਅਤੇ ਨਾ ਉਨ੍ਹਾਂ ਪ੍ਰਵਾਸੀਆਂ ਦੀ ਮਾਨਸਿਕ ਹਾਲਤ ਦਾ ਧਿਆਨ ਕੀਤਾ, ਜਿਹੜੇ ਕਿਸੇ ਮਜਬੂਰੀ ਵੱਸ ਵੱਖ-ਵੱਖ ਦੇਸ਼ਾਂ ਰਾਹੀਂ ਹੋ ਕੇ ਜਾਨ ਤਲੀ 'ਤੇ ਰੱਖ ਕੇ ਜੰਗਲਾਂ ਤੇ ਬਿਖੜੇ ਰਾਹਾਂ ਅਤੇ ਦਰਿਆਵਾਂ ਨੂੰ ਪਾਰ ਕਰ ਕੇ ਕਿਰਤ ਕਰਨ ਲਈ ਨਾ ਕਿ ਕਿਸੇ

**- ਡਾ. ਸ.ਸ.ਛੀਨਾ**

ਸਮਗਲਿੰਗ ਜਾਂ ਗ਼ਲਤ ਧੰਦੇ ਲਈ ਪਹੁੰਚੇ ਸਨ। ਉਸ ਅਣਮਨੁੱਖੀ ਵਿਵਹਾਰ ਨੂੰ ਸਾਰੀ ਦੁਨੀਆ ਨੂੰ ਨਿੰਦਣਾ ਚਾਹੀਦਾ ਹੈ। ਇਨ੍ਹਾਂ 104 ਯਾਤਰੀਆਂ ਵਿਚ ਪੰਜਾਬ ਦੇ 30, ਜਦੋਂਕਿ ਗੁਜਰਾਤ ਅਤੇ ਹਰਿਆਣਾ ਦੇ ਵੀ 33/33 ਪ੍ਰਵਾਸੀ ਸਨ। ਇਸ ਤੋਂ ਪਹਿਲਾਂ ਹੀ ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀ ਵਾਪਸ ਆਉਂਦੇ ਰਹੇ ਹਨ। ਉਨ੍ਹਾਂ ਨੂੰ ਕਦੇ ਵੀ ਇਸ ਤਰ੍ਹਾਂ ਨਹੀਂ ਸੀ ਭੇਜਿਆ ਗਿਆ। ਗ਼ੈਰ-ਕਾਨੂੰਨੀ ਪ੍ਰਵਾਸ ਕਰਦਿਆਂ ਉਨ੍ਹਾਂ ਵਿੱਚੋਂ ਹਰ ਇਕ ਨੇ ਕਠਿਨ ਸਥਿਤੀਆਂ ਦਾ ਮੁਕਾਬਲਾ ਅਤੇ ਕੈਦਾਂ ਵੀ ਕੱਟੀਆਂ ਸਨ। ਉਨ੍ਹਾਂ ਲੋਕਾਂ ਦੀ ਇਸ ਵੱਡੇ ਜੋਖ਼ਮ ਵਿੱਚ ਪੈਣ ਦੀ ਅਕਲ ਮਾਨਸਿਕ ਸਥਿਤੀ ਨੂੰ ਮਹਿਸੂਸ ਕਰਨ ਦੀ ਲੋੜ ਹੈ, ਜਿਹੜੀ ਉਨ੍ਹਾਂ ਦੀ ਹਮਦਰਦੀ ਦਾ ਕਾਰਨ ਬਣਦੇ ਹਨ। ਜਦੋਂ ਇਨ੍ਹਾਂ ਸਧਾਰਨ ਘਰਾਂ ਦੇ ਨੌਜਵਾਨਾਂ ਨੂੰ ਆਪਣੇ ਦੇਸ਼ ਵਿਚ ਨੌਕਰੀ ਨਹੀਂ ਮਿਲਦੀ, ਜਿਸ ਦੇ ਉਹ ਯੋਗ ਹਨ ਤਾਂ ਉਹ ਆਪਣੇ ਮਾਂ-ਬਾਪ ਦਾ ਸਹਾਰਾ ਬਣਨ ਦੀ ਬਜਾਏ ਉਨ੍ਹਾਂ 'ਤੇ ਬੋਝ ਬਣ ਜਾਂਦੇ ਹਨ। ਆਪਣੇ ਖੇਤਰ ਦੇ ਹੋਰ ਪ੍ਰਦੇਸਾਂ ਵਿਚ ਗਏ ਨੌਜਵਾਨ ਉਨ੍ਹਾਂ ਸਾਹਮਣੇ ਉਜਵਲ ਭਵਿੱਖ ਦੀ ਮਿਸਾਲ ਬਣ ਜਾਂਦੇ ਹਨ, ਜਿਸ ਲਈ ਉਹ ਆਪਣੀ ਰਹਿ ਗਈ ਜ਼ਮੀਨ-ਜਾਇਦਾਦ ਵੇਚ ਕੇ ਪਹਿਲਾਂ ਹਰ ਕਾਨੂੰਨੀ ਢੰਗ ਤੇ ਮਗਰੋਂ ਇਸ ਤਰ੍ਹਾਂ ਦਾ ਜੋਖ਼ਮ ਲੈਣ ਲਈ ਵੀ ਤਿਆਰ ਹੋ ਜਾਂਦੇ ਹਨ। ਇਸ ਤਰ੍ਹਾਂ ਦਾ ਕਾਨੂੰਨੀ ਪ੍ਰਵਾਸ ਕਈ ਦਹਾਕਿਆਂ ਤੋਂ ਹੋ ਰਿਹਾ ਹੈ। ਉਸ ਦਿਨ ਇਧਰ ਲਿਆਂਦੇ ਗਏ ਪ੍ਰਵਾਸੀਆਂ ਨੂੰ ਇਕ ਵਾਰ ਵੀ ਨੋਟਿਸ ਨਹੀਂ ਦਿੱਤਾ ਗਿਆ ਕਿ ਉਹ ਅਮਰੀਕਾ ਛੱਡ ਜਾਣ, ਨਹੀਂ ਤਾਂ ਜ਼ਬਰਦਸਤੀ ਉਹ ਕਿਸੇ ਦੇਸ਼ ਵਿਚ ਨਹੀਂ ਰਹਿ ਸਕਦੇ।

**ਮਾਲਟਾ ਕਿਸ਼ਤੀ ਕਾਂਡ :** 1980 ਦੇ ਕਰੀਬ ਮਾਲਟਾ ਕਿਸ਼ਤੀ ਕਾਂਡ ਵਾਪਰਿਆ ਸੀ, ਜਿਸ ਵਿਚ ਗ਼ਲਤ ਢੰਗ ਨਾਲ ਯੂਰਪ ਜਾਣ ਵਾਲੇ 265 ਪ੍ਰਵਾਸੀ ਇਟਲੀ ਦੇ ਨਜ਼ਦੀਕ ਮਾਲਟਾ ਦੇ ਟਾਪੂ ਨਜ਼ਦੀਕ ਕਿਸ਼ਤੀ ਉਲਟ ਜਾਣ ਨਾਲ ਮਾਰੇ ਗਏ ਸਨ। ਬਲਵੰਤ ਸਿੰਘ ਖੇੜਾ, ਜੋ ਹੁਸ਼ਿਆਰ ਦਾ ਵਸਨੀਕ ਸੀ, ਉਸ ਨੇ ਉਸ ਕੇਸ ਨੂੰ ਚੁੱਕਿਆ। ਸਿਰਫ਼ ਭਾਰਤ ਨਹੀਂ, ਦੁਨੀਆ ਦੇ ਹੋਰ ਗ਼ੈਰ-ਵਿਕਸਿਤ ਦੇਸ਼ਾਂ ਦੇ ਪ੍ਰਵਾਸੀ ਵੀ ਇਸ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰਦੇ ਹਨ। ਉਸ ਕਾਂਡ ਵਿਚ ਭਾਰਤ, ਪਾਕਿਸਤਾਨ, ਨੇਪਾਲ, ਸ਼੍ਰੀਲੰਕਾ ਅਤੇ ਬੰਗਲਾ ਦੇਸ਼ ਦੇ ਤਕਰਬੀਨ 550 ਵਿਅਕਤੀ ਸਨ, ਜਿਹੜੇ ਅੰਤਰਰਾਸ਼ਟਰੀ ਵੱਡੇ ਏਜੰਟਾਂ ਦੇ ਚੁੰਗਲ ਵਿਚ ਫਸ ਗਏ ਸਨ। ਉਨ੍ਹਾਂ ਯਾਤਰੀਆਂ ਨੂੰ ਵੱਖ-ਵੱਖ ਦੇਸ਼ਾਂ ਤੋਂ ਛੋਟੇ ਜਹਾਜ਼ 'ਚ ਚੜ੍ਹਾ ਕੇ ਪੈਸੇ ਬਚਾਉਣ ਦੀ ਖ਼ਾਤਰ ਏਜੰਟਾਂ ਨੇ ਵੱਡੇ ਜਹਾਜ਼ ਵਿਚ ਇਕ ਜਗ ?ਹਾ ਚੜ੍ਹਾ ਲਿਆ। ਜਹਾਜ਼ 'ਚ ਚੜ੍ਹਾਉਣ ਤੋਂ ਬਾਅਦ ਉਹ ਕਿਸੇ ਸੁਰੱਖਿਅਤ ਦੇਸ਼ ਦੇ ਕੰਢੇ ਲਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਕੋਈ ਸੁਰੱਖਿਅਤ ਜਗ੍ਹਾ ਨਹੀਂ ਸੀ ਲੱਭ ਰਹੀ। ਉਹ ਯਾਤਰੀ ਇਕ ਹਫ਼ਤਾ ਨਹੀਂ, ਕਈ ਹਫ਼ਤੇ ਸਮੁੰਦਰ ਵਿਚ ਹੀ ਚੱਕਰ ਕੱਢਦੇ ਰਹੇ। ਉਨ੍ਹਾਂ ਦੀ ਇਕ ਹੋਰ ਸਮੱਸਿਆ ਇਹ ਸੀ ਕਿ ਵੱਡਾ ਜ਼ਹਾਜ ਥੋੜ੍ਹੇ ਪਾਣੀ ਵਿਚ ਚੱਲ ਨਹੀਂ ਸਕਦਾ। ਇਸ ਲਈ ਉਨ੍ਹਾਂ ਯਾਤਰੀਆਂ ਨੂੰ ਫਿਰ ਕਿਸ਼ਤੀਆਂ ਵਿਚ ਚਾੜ੍ਹਨਾ ਪੈਂਦਾ ਸੀ ਤਾਂ ਜੋ ਕਿਸੇ ਬੀਚ (ਸਮੁੰਦਰੀ ਤੱਟ) 'ਤੇ ਉਤਾਰਿਆ ਜਾ ਸਕੇ। ਇਟਲੀ ਦੀ ਬੀਚ ਨੇੜੇ 25 ਦਸੰਬਰ ਨੂੰ ਉਹ ਜਹਾਜ਼ ਪਹੁੰਚ ਗਿਆ। 25 ਦਸੰਬਰ ਨੂੰ ਕ੍ਰਿਸਮਸ ਕਰਕੇ ਢਿੱਲ ਦਾ ਫ਼ਾਇਦਾ ਉਠਾਉਣ ਲਈ ਉਨ੍ਹਾਂ ਨੇ ਕਿਸ਼ਤੀਆਂ ਮੰਗਵਾਈਆਂ। ਇਸ ਕਿਸ਼ਤੀ ਵਿਚ ਲਗਪਗ 125 ਵਿਅਕਤੀ ਜਾ ਸਕਦੇ ਸਨ ਪਰ ਕਈ ਹਫ਼ਤੇ ਸਮੁੰਦਰ ਵਿਚ ਰਹਿ ਕੇ ਉਹ ਯਾਤਰੀ ਤੰਗ ਪਏ ਹੋਏ ਸਨ। ਕਿਸ਼ਤੀ ਦੇ ਨਜ਼ਦੀਕ ਆਉਂਦਿਆਂ ਸਾਰਿਆਂ ਨੇ ਇਕ-ਦੂਜੇ ਤੋਂ ਅੱਗੇ ਵੱਧ ਕੇ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਾਡੇ ਕੋਈ 300 ਦੇ ਕਰੀਬ ਵਿਅਕਤੀ ਉਸ ਕਿਸ਼ਤੀ ਵਿਚ ਚੜ੍ਹ ਗਏ। ਕੁਦਰਤੀ ਉਸ ਵਕਤ ਤੂਫ਼ਾਨ ਆ ਗਿਆ। ਭਾਰ ਕਾਰਨ ਕਿਸ਼ਤੀ ਡੁੱਬਣ ਲੱਗੀ। ਕੁਝ ਲੋਕ ਛਾਲਾਂ ਮਾਰ ਕੇ ਤਰ ਕੇ ਕੰਢੇ 'ਤੇ ਪਹੁੰਚ ਗਏ। ਕੁਝ ਕੁ ਫਿਰ ਸੰਗਲ ਫੜ ਕੇ ਪਿਛਲੇ ਜਹਾਜ਼ 'ਚ ਪਹੁੰਚ ਗਏ ਅਤੇ ਬਾਕੀ 265 ਡੁੱਬ ਗਏ, ਜਿਸ ਵਿਚ ਉਨ੍ਹਾਂ ਸਾਰਿਆਂ ਹੀ ਦੇਸ਼ਾਂ ਦੇ ਵਿਅਕਤੀ ਸਨ। ਇਹ ਬਲਵੰਤ ਸਿੰਘ ਖੇੜਾ ਦੀ ਹਿੰਮਤ ਸੀ ਕਿ ਉਸ ਨੇ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਦੀ ਹਮਦਰਦੀ ਦਿਵਾਈ। ਉਨ੍ਹਾਂ ਮ੍ਰਿਤਕਾਂ ਦੇ ਘਰ ਕਈ ਕਿਸਮ ਦੀਆਂ ਪਰੇਸ਼ਾਨੀਆਂ 'ਚ ਘਿਰੇ ਹੋਏ ਸਨ ਕਿਉਂਕਿ ਕਿਸੇ ਦੀ ਲਾਸ਼ ਨਹੀਂ ਸੀ ਮਿਲੀ। ਫਿਰ ਜਿੱਥੋਂ ਉਹ ਗਏ ਸਨ, ਉਥੋਂ ਗ਼ੈਰ-ਕਾਨੂੰਨੀ ਤੌਰ 'ਤੇ ਜਾਣ ਕਰਕੇ ਉਨ੍ਹਾਂ ਦਾ ਕੋਈ ਰਿਕਾਰਡ ਨਹੀਂ ਸੀ ਮਿਲਿਆ। ਉਨ੍ਹਾਂ ਦੀ ਮੌਤ ਦਾ ਸਰਟੀਫ਼ਿਕੇਟ ਨਹੀਂ ਸੀ ਮਿਲ ਰਿਹਾ। ਉਨ੍ਹਾਂ ਦੀਆਂ ਵਿਧਵਾ ਔਰਤਾਂ ਲਈ ਹੋਰ ਵੀ ਕਈ ਮੁਸ਼ਕਲਾਂ ਸਨ। ਫਿਰ ਖੇੜਾ ਸਾਬ੍ਹ ਦੀ ਅਗਵਾਈ 'ਚ ਕੋਰਟਾਂ ਵਿਚ ਕੇਸ ਲੜੇ ਗਏ ਅਤੇ ਉਨ੍ਹਾਂ ਨੂੰ ਮੌਤ ਦੇ ਸਰਟੀਫ਼ਿਕੇਟ ਮਿਲੇ ਅਤੇ ਸਰਕਾਰ ਵੱਲੋਂ ਹੋਰ ਵੀ ਮਦਦ ਕੀਤੀ ਗਈ। ਕਈ ਵਾਰ ਹੋਰ ਵੀ ਘਟਨਾਵਾਂ, ਜਿਵੇਂ ਜੰਗਲ, ਸਮੁੰਦਰਾਂ ਵਿਚ ਅਤੇ ਬਾਰਡਰ ਪਾਰ ਕਰਦਿਆਂ ਮਰਨ ਆਦਿ ਅਨੇਕਾਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ।

**ਗ਼ਦਰ ਲਹਿਰ ਸ਼ੁਰੂ ਕਰਨ ਲਈ ਘੱਤੀਆਂ ਦੇਸ਼ ਵੱਲ ਵਹੀਰਾਂ :** ਬਰਤਾਨਵੀ ਹਕੂਮਤ ਦੌਰਾਨ ਗ਼ੁਲਾਮਾਂ ਵਾਲੀਆਂ ਤਰਸਯੋਗ ਹਾਲਤਾਂ 'ਚੋਂ ਨਿਕਲ ਕੇ ਕਈ ਨੌਜਵਾਨਾਂ ਨੇ ਵਿਦੇਸ਼ਾਂ ਵੱਲ ਰੁਖ਼ ਕੀਤਾ। ਬਹੁਤੇ ਨੌਜਵਾਨ ਅਮਰੀਕਾ ਤੇ ਕੈਨੇਡਾ ਦੀ ਧਰਤੀ 'ਤੇ ਪਰਵਾਸ ਕਰ ਕੇ ਚਲੇ ਗਏ। ਉਨ੍ਹਾਂ 'ਚੋਂ ਕਈਆਂ ਨੇ ਉਥੋਂ ਦਾ ਰਹਿਣ-ਸਹਿਣ ਤੇ ਵਧੀਆ ਜੀਵਨ ਵੇਖ ਕੇ ਭਾਰਤੀ ਲੋਕਾਂ ਦੇ ਮਾੜੀਆਂ ਹਾਲਤਾਂ ਵਾਲੇ ਜੀਵਨ ਨਾਲ ਤੁਲਨਾ ਕੀਤੀ ਤੇ ਉਨ੍ਹਾਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਜਾਗਿਆ ਤਾਂ ਉਨ੍ਹਾਂ ਨੇ ਦੇਸ਼ ਨੂੰ ਬਰਤਾਨਵੀ ਹਕੂਮਤ ਦੀ ਗ਼ੁਲਾਮੀ ਦੀਆ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਲਈ ਅੰਗਰੇਜ਼ ਹਾਕਮਾਂ ਵਿਰੁੱਧ ਸੰਘਰਸ਼ ਆਰੰਭਿਆ, ਜਿਸ ਨੂੰ ਗ਼ਦਰ ਲਹਿਰ ਦਾ ਨਾਂ ਦਿੱਤਾ ਗਿਆ। ਇਸ ਤਰ੍ਹਾਂ 20ਵੀਂ ਸਦੀ ਦੇ ਸ਼ੁਰੂਆਤ 'ਚ ਫਰਵਰੀ 1913 'ਚ ਗ਼ਦਰ ਪਾਰਟੀ ਦਾ ਗਠਨ ਕੀਤਾ ਗਿਆ ਤੇ ਇਸ ਨਾਲ ਜੁੜਨ ਵਾਲੇ ਦੇਸ਼ ਭਗਤਾਂ ਨੂੰ ਗ਼ਦਰੀ ਬਾਬਿਆਂ ਦਾ ਨਾਂ ਦਿੱਤਾ ਗਿਆ। ਇਨ੍ਹਾਂ ਗ਼ਦਰੀ ਬਾਬਿਆਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਵਾਸਤੇ ਅੰਗਰੇਜ਼ ਹਾਕਮਾਂ ਨਾਲ ਸਿੱਧੀ ਟੱਕਰ ਲੈਣ ਲਈ ਗ਼ਦਰ ਲਹਿਰ ਦੀ ਸ਼ੁਰੂਆਤ ਕਰਨ ਦੇ ਉਦੇਸ਼ ਨਾਲ ਦੇਸ਼ ਵੱਲ ਵਹੀਰਾਂ ਘੱਤ ਲਈਆਂ।

**ਘਰ-ਬਾਰ ਛੱਡ ਕੇ ਵਿਦੇਸ਼ ਜਾਣਾ ਕਿੰਨਾ ਔਖਾ :** ਭਾਵੇਂ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਪਰ ਇਸ ਗੱਲ ਦੀ ਕਦੇ ਡੂੰਘਾਈ ਨਾਲ ਵਿਚਾਰ ਹੀ ਨਹੀਂ ਕੀਤੀ ਗਈ ਕਿ ਜੇ ਉਹ ਤਕਰੀਬਨ 30 ਲੱਖ ਪੰਜਾਬੀ ਨੌਜਵਾਨ ਜਿਹੜੇ ਵਿਦੇਸ਼ਾਂ ਵਿੱਚ ਸਖ਼ਤ ਮਿਹਨਤ ਕਰ ਕੇ ਭਾਰਤ ਦੇ ਵਿਦੇਸ਼ੀ ਕਰੰਸੀ ਦੇ ਭੰਡਾਰ ਭਰ ਰਹੇ ਹਨ, ਉਹ ਨੌਕਰੀਆਂ ਚਾਹੁਣ ਵਾਲਿਆਂ ਦੀ ਲਿਸਟ ਵਿਚ ਪੰਜਾਬ 'ਚ ਹੀ ਹੁੰਦੇ ਤਾਂ ਸਥਿਤੀ ਕਿਸ ਤਰ੍ਹਾਂ ਦੀ ਬਣਦੀ ? ਇਸ ਤਰ੍ਹਾਂ ਹੀ ਹੋਰ ਸੂਬਿਆਂ ਦੀ ਹਾਲਤ ਹੈ। ਫਿਰ ਇਹ ਸਥਿਤੀ ਬਣੀ ਹੀ ਕਿਉਂ ? ਕਦੇ ਵੀ ਇਸ ਗੱਲ 'ਤੇ ਵਿਚਾਰ ਨਹੀਂ ਕੀਤੀ ਗਈ ਕਿ ਵਿਦੇਸ਼ਾਂ ਵਿਚ ਆਪਣਾ ਘਰ-ਬਾਰ, ਪਰਿਵਾਰ ਛੱਡ ਕੇ ਜਾਣਾ ਕਿੰਨਾ ਔਖਾ ਹੈ। ਭਾਰਤ 'ਚ ਹੀ ਦੂਜੇ ਸ਼ਹਿਰ ਜਾਂ ਪ੍ਰਾਂਤ ਵਿਚ ਬੱਚਿਆਂ ਨੂੰ ਛੱਡ ਕੇ ਜਾਣ ਲਈ ਦਿਲ ਨਹੀਂ ਕਰਦਾ ਪਰ ਪ੍ਰਦੇਸ਼ਾਂ ਵਿਚ ਰੋਟੀ ਕਮਾਉਣ ਲਈ ਜਾਣਾ ਜਿਸ ਦੀ ਮਜਬੂਰੀ ਹੈ, ਕੀ ਇਹ ਸਥਿਤੀ ਠੀਕ ਹੋ ਸਕਦੀ ਹੈ ?

**ਸਲਾਹ ਦੀ ਬਜਾਏ ਕੀਤਾ ਜਾਵੇ ਸਮੱਸਿਆ ਦਾ ਹੱਲ :** ਨੇਤਾ ਕਹਿੰਦੇ ਨੇ ਕਿ ਆਪਣੇ ਮੁਲਕ ਵਿਚ ਹੀ ਰਹਿਣਾ ਚਾਹੀਦਾ। ਇਹ ਸਲਾਹ ਉਨ੍ਹਾਂ ਦਾ ਰੋਟੀ, ਕੱਪੜਾ, ਘਰ ਅਤੇ ਪਰਿਵਾਰਕ ਮੈਂਬਰਾਂ ਦੀਆਂ ਦਵਾਈਆਂ ਦੀ ਪੂਰਤੀ ਨਹੀਂ ਕਰ ਸਕਦੀ। ਉਹ ਸੁੱਚੀ ਕਿਰਤ ਕਰਨਾ ਚਾਹੁੰਦੇ ਹਨ ਪਰ ਇਹ ਕਿਰਤ ਉਨ੍ਹਾਂ ਨੂੰ ਆਪਣੇ ਦੇਸ਼ 'ਚ ਨਹੀਂ ਮਿਲਦੀ। ਵਿਦੇਸ਼ ਜਾਣਾ ਉਨ੍ਹਾਂ ਦੀ ਮਜਬੂਰੀ ਦਾ ਕਾਰਨ ਹੈ। ਇਸ ਲਈ ਸਲਾਹਾਂ ਦੇਣ ਦੀ ਬਜਾਏ ਉਸ ਸਥਿਤੀ ਨੂੰ ਇਸ ਤਰ੍ਹਾਂ ਦਾ ਯੋਗ ਬਣਾਇਆ ਜਾਵੇ ਕਿ ਉਹ ਬੱਚੇ ਆਪਣੇ ਦੇਸ਼ 'ਚ ਹੀ ਕਿਰਤ ਕਰ ਕੇ ਉਹੋ ਕੁਝ ਕਮਾ ਸਕਣ, ਜਿਸ ਲਈ ਉਹ ਜਾਨ ਤਲੀ 'ਤੇ ਰੱਖ ਕੇ ਵਿਦੇਸ਼ਾਂ ਵਿਚ ਠੋਕਰਾਂ ਖਾ ਰਹੇ ਹਨ।



# ਅਮਰੀਕਾ ਤੋਂ ਡਿਪੋਰਟ ਹੋਏ ਲੋਕ, ਕਸੂਰ ਵਾਰ ਕੌਣ ?

ਭਵਨਦੀਪ ਸਿੰਘ ਪੁਰਬਾ

ਅੱਜ-ਕੱਲ੍ਹ ਇੱਕ ਬਹੁੱਤ ਹੀ ਖਾਸ ਮੁੱਦਾ ਭਖਿਆ ਹੋਇਆ ਹੈ ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਬਾਰੇ। ਵੇਖਿਆ ਜਾਵੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਇਹ ਗਲਤ ਨਹੀਂ ਠੀਕ ਹੀ ਕੀਤਾ ਗਿਆ ਹੈ। ਏਨ੍ਹਾਂ ਖਰਚਾ ਕਰ ਕੇ ਗਏ ਭਾਰਤੀਆਂ ਦੇ ਡਿਪੋਰਟ ਹੋਣ ਤੇ ਸਾਨੂੰ ਉਨ੍ਹਾਂ ਨਾਲ ਹਮਦਰਦੀ ਹੈ ਪਰ ਇਸ ਵਿੱਚ ਕਸੂਰ ਕਿਸ ਦਾ ਹੈ? ਸਾਡੇ ਘਰ ਦੀ ਕੰਧ ਟੱਪ ਕੇ ਕੋਈ ਸਾਡੇ ਘਰ ਵੜ ਜਾਵੇ ਅਸੀਂ ਉਸ ਦਾ ਕੁੱਟ-ਕੁੱਟ ਬੁਰਾ ਹਾਲ ਕਰ ਦਿੰਦੇ ਹਾਂ ਫਿਰ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿੰਦੇ ਹਾਂ। ਇਹ ਤਾਂ ਫਿਰ ਕਿਸੇ ਦੇਸ਼ ਦੀ ਹੱਦ ਟੱਪ ਕੇ ਗਏ ਹਨ, ਉਹ ਵੀ ਸੰਯੁਕਤ ਰਾਸ਼ਟਰ ਦੀ। ਕੀ ਇਨ੍ਹਾਂ ਦਾ ਕਸੂਰ ਨਹੀਂ ਹੈ। ਸ਼ੁਕਰ ਕਰੋ ਅਮਰੀਕਾ ਨੇ ਡਿਪੋਰਟ ਕੀਤਾ ਹੈ। ਜੇਕਰ ਪਾਕਿਸਤਾਨ ਹੁੰਦਾਂ ਤਾਂ ਉਨ੍ਹਾਂ ਨੇ ਤਾਂ ਗੋਲੀ ਹੀ ਮਾਰ ਦੇਣੀ ਸੀ।

ਕਿਸੇ ਫੁਕਰੇ ਗਾਇਕ ਨੇ ਗੀਤ ਗਾਇਆ ਸੀ, "ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ। ਅਗਲੇ ਨੇ ਰੋਕ ਕੇ ਵਿਖਾ ਦਿੱਤਾ। ਟਰੰਪ ਨੇ ਜਹਾਜ ਭਰ-ਭਰ ਕੇ ਪੰਜਾਬੀ ਭੇਜ ਦਿੱਤੇ ਵਾਪਸ। ਜਦੋਂ ਆਪਾਂ ਕਿਸੇ ਨਾਲ ਗਲਤ ਕਰਾਂਗੇ, ਕਿਸੇ ਖਿਲਾਫ ਗਲਤ ਸ਼ਬਦਾਵਲੀ ਵਰਤਾਂਗੇ ਤਾਂ ਅਗਲਾ ਭੇਜੂਗਾ ਹੀ। ਇਸ ਗਾਣੇ ਦਾ ਕੀ ਮਤਲਬ ਹੈ? ਇਹ ਗਾਣਾ ਕੋਈ ਸ਼ੋਭਾ ਦਿੰਦਾ ਹੈ। "ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ" ਤੁਸੀਂ ਅਗਲੇ ਦੇ ਘਰ ਜ਼ਬਰਦਸਤੀ ਵੜੋ ਤੇ ਕਹੋ ਕਿ ਤੂੰ ਰੋਕ ਨਹੀਂ ਸਕਦਾ, ਫਿਰ ਤਾਂ ਅਗਲਾ ਜੁੱਤੀਆਂ ਮਾਰੂਗਾ ਹੀ। ਜਿਹੜਾ ਇਹ ਗੀਤ ਜਿਸ ਨੇ ਵੀ ਲਿ ?ਖਆ ਤੇ ਗਾਇਆ ਹੈ ਉਸ ਸਭ ਤੋਂ ਵੱਡੀ ਗਲਤੀ ਕੀਤੀ ਹੈ। ਇਹ ਗੀਤ ਟਰੰਪ ਨੂੰ ਚੈਲੇਂਜ ਹੈ। ਉਹ ਵੀ ਸੰਯੁਕਤ ਰਾਸ਼ਟਰ ਦੇ ਪ੍ਰੈਜੀਡੈਂਟ ਨੂੰ। ਫੁਕਰਿਓ ਤੁਹਾਡੀ ਔਕਾਤ ਹੈ ਤੁਸੀਂ ਅਮਰੀਕਾ ਦੇ ਰਾਸ਼ਟਰਪਤੀ ਨੂੰ ਚੈਲੇਂਜ ਕਰੋ! ਜਾਂਦੀ ਤਾਂ ਉਥੇ ਹਰ ਕਮਿਉਨਟੀ ਹੈ। ਪਰ ਨਲਾਇਕ ਗੀਤਕਾਰਾਂ ਤੇ ਗਾਇਕਾਂ ਨੇ ਪੰਜਾਬੀਆਂ ਨੂੰ ਬਦਨਾਮ ਕਰ ਦਿੱਤਾ। ਗੁਜਰਾਤੀ ਤੇ ਸਾਊਥ ਇੰਡੀਅਨ ਜਿਆਦਾ ਜਾਂਦੇ ਹਨ ਪਰ ਬਦਨਾਮ ਪੰਜਾਬੀ ਹੋ ਗਏ। ਟਰੰਪ ਨੂੰ ਉਸ ਦੇ ਵਜੀਰਾਂ ਨੇ ਇਹ ਗਾਣਾ ਟਰਾਂਸਲੇਟ ਕਰ ਕੇ ਸੁਣਾ ਦਿੱਤਾ "ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ। ਅਗਲੇ ਨੇ ਫਿਰ ਰੋਕ ਕੇ ਵਿਖਾ ਦਿੱਤਾ।

ਹੁਣ ਡਿਪੋਰਟ ਹੋਏ ਲੋਕ ਕਹਿ ਰਹੇ ਆ ਅਸੀਂ ਲੱਖਾਂ ਰੁਪਏ ਦੇ ਕੇ ਅਮਰੀਕਾ ਗਏ ਹਾਂ। ਲੱਖਾਂ, ਕਰੋੜਾਂ ਰੁਪਏ ਤੁਸੀਂ ਏਜੰਟਾਂ ਨੂੰ ਦਿੱਤੇ ਹਨ ਨਾ ਕਿ ਅਮਰੀਕਾ ਕੰਟਰੀ ਨੂੰ ! ਤੁਸੀਂ ਲੱਖਾਂ, ਕਰੋੜਾਂ ਰੁਪਏ ਏਜੰਟਾਂ ਨੂੰ ਦੇ ਕੇ ਗਲਤ ਤਰੀਕੇ ਨਾਲ ਗਏ ਇਸ ਵਿੱਚ ਅਮਰੀਕਾ ਜਾਂ ਟਰੰਪ ਦਾ ਕੀ ਕਸੂਰ? ਇਸ ਵਿੱਚ ਏਜੈਂਟਾਂ ਦਾ ਵੀ ਕੀ ਕਸੂਰ! ਏਜੈਂਟਾਂ ਨੇ ਕੁਮੈਟਮੈਂਟ ਕੀਤੀ ਸੀ ਤੁਹਾਨੂੰ ਅਮਰੀਕਾ ਪਹੁੰਚਾਉਣ ਦੀ, ਉਹ ਉਨ੍ਹਾਂ ਨੇ ਪੂਰੀ ਕਰ ਦਿੱਤੀ। ਤੁਸੀਂ ਅਮਰੀਕਾ ਪਹੁੰਚ ਗਏ, ਬਾਅਦ ਵਿੱਚ ਜੇ ਟਰੰਪ ਨੇ ਤੁਹਾਨੂੰ ਡਿਪੋਰਟ ਕਰ ਦਿੱਤਾ ਇਸ ਵਿੱਚ ਏਜੈਂਟਾਂ ਦਾ ਕੀ ਕਸੂਰ? ਏਜੈਂਟ ਨੇ ਉਹ ਪੈਸਾ ਅਮਰੀਕਾ ਪਹੁੰਚਾਉਣ ਦਾ ਲਿਆ ਸੀ ਅਗਲੇ ਨੇ ਜਿੰਦਾਂ ਕਿੱਦਾ ਪਹੁੰਚਾ ਦਿੱਤਾ। ਏਜੰਟ ਦਾ ਤਾ ਕੰਮ ਖਤਮ ਹੋ ਗਿਆ। ਕਿਹੜਾ ਏਜੈਂਟ 50 ਲੱਖ ਵਾਪਸ ਕਰ ਦੇਵੇਗਾ। ਉਹ ਨਾ ਪਹੁੰਚੇ ਹੋਏ ਦੇ ਪੈਸੇ ਵਾਪਸ ਨਹੀਂ ਕਰਦੇ, ਜਿਹੜੇ ਰਸਤੇ 'ਚ ਮੁੱਕ ਜਾਂਦੇ ਹਨ ਉਹਨਾਂ ਦੇ ਪੈਸੇ ਵਾਪਸ ਨਹੀਂ ਕਰਦੇ। ਇਹ ਤਾਂ ਅਮਰੀਕਾ ਪਹੁੰਚ ਵੀ ਗਏ ਸਨ। ਇਹ ਹੁਣ ਵੱਖਰੀ ਗੱਲ ਆ ਟਰੰਪ ਨੇ ਦੁਬਾਰਾ ਇੰਡੀਆ ਤੋਰ ਦਿੱਤੇ। ਸ਼ੁਕਰ ਕਰੋ ਟਰੰਪ ਨੇ ਟਿਕਟ ਦੇ ਪੈਸੇ ਨਹੀਂ ਲਏ। ਫਰੀ ਵਿੱਚ ਵਾਪਿਸ ਭੇਜਿਆ ਉਹ ਵੀ ਸਹੀ ਸਲਾਮਤ। ਜੇਕਰ ਪਾਕਿਸਤਾਨ ਜਾਂ ਇਦਾ ਦੇ ਕਿਸੇ ਹੋਰ ਦੇਸ਼ ਦੇ ਹੱਥ ਚੜ੍ਹ ਜਾਦੇ ਤਾਂ ਉਨ੍ਹਾਂ ਨੇ ਹੁਣ ਤਾ ਘੁਸਪੈਠੀਏ ਕਹਿ ਕੇ ਗੋਲੀ ਮਾਰ ਦੇਣੀ ਸੀ।

ਪੰਜਾਬੀ ਤਾਂ ਜਹਾਜ਼ ਦੇ ਟਾਇਰਾਂ ਨਾਲ ਲਮਕ ਕੇ ਜਾਣ ਤੋਂ ਵੀ ਨਹੀਂ ਟਲਦੇ। ਅੱਜ ਤੋਂ ਕਈ ਸਾਲ ਪਹਿਲਾਂ ਮਾਲਟਾ ਕਾਂਡ ਹੋਇਆ ਸੀ ਜਿਸ ਵਿੱਚ ਸਵਾਰ 400 ਪੰਜਾਬੀ ਮਰ ਗਿਆ ਸੀ। ਅਸੀਂ ਅਜਿਹੀਆਂ ਘਟਨਾਵਾਂ ਤੋਂ ਕਦੀ ਵੀ ਸਬਕ ਨਹੀਂ ਲਿਆ। ਹੁਣ ਕੁੱਝ ਲੋਕ ਕਹਿ ਰਹੇ ਹਨ ਕਿ ਟਰੰਪ ਨੇ ਗਲਤ ਕੀਤਾ। ਤੁਹਾਨੂੰ ਕਿਸ ਨੇ ਕਿਹਾ ਕਿ ਤੁਸੀਂ 30 ਲੱਖ 40 ਲੱਖ ਰੁਪਏ ਲਾ ਦੇ ਕੇ ਗਲਤ ਤਰੀਕੇ ਨਾਲ ਬਾਹਰ ਜਾਉ। ਜੇ ਤੁਹਾਡੇ ਕੋਲ 30-40 ਲੱਖ ਰੁਪਏ ਹੈਗਾ ਤਾਂ ਇਥੇ ਕੋਈ ਕਾਰੋਬਾਰ ਕਰ ਲਵੋ। ਕਿਉਂ ਗਲਤ ਤਰੀਕੇ ਨਾਲ ਬਾਹਰ ਜਾਣ ਲਾਈ ਆਪਣੀ ਜਾਨ ਖਤਰੇ ਵਿੱਚ ਪਾ ਰਹੇ ਹੋ। ਗਲਤ ਤਰੀਕੇ ਨਾਲ ਬਾਹਰ ਜਾਣਾ ਜਿਸ ਨੂੰ 'ਡੌਂਕੀ ਲਾਉਣਾ' ਕਹਿੰਦੇ ਹਨ। ਡੌਂਕੀ ਲਾਉਦੇ ਸਮੇਂ ਕੁਝ ਹੋ ਜਾਵੇ ਤਾਂ ਕੌਣ ਜਿੰਮੇਵਾਰ ਹੁੰਦਾ ਹੈ? ਤੁਹਾਨੂੰ ਆਈਡੀਆ ਹੈ ਕਿ ਡੌਂਕੀ ਕਿੱਦਾਂ ਲਵਾਉਂਦੇ ਹਨ। ਕਈ ਵੀਡੀਓ ਵਾਈਰਲ ਹੋਈਆਂ ਹਨ ਜਿਨ੍ਹਾਂ ਵਿੱਚ ਸਾਫ ਦਿੱਖ ਰਿਹਾ ਹੈ ਕਿ ਡੌਂਕੀ ਲਗਾਉਣ ਲਈ ਜੰਗਲਾਂ ਵਿੱਚੋ ਦੀ ਜਾਣਾ ਪੈਦਾ ਹੈ, ਕਈ ਕਈ ਦਿਨ ਭੁੱਖੇ ਵੀ ਰਹਿਣਾ ਪੈਦਾ ਹੈ। ਜੇਕਰ ਥਕਾਨ ਤੇ ਭੁੱਖ ਕਾਰਨ ਤੁਹਾਡੇ ਕੋਲੋ ਨਹੀਂ ਤੁਰਿਆ ਜਾਂਦਾ ਤਾਂ ਤੁਹਾਡੇ ਏਜੰਟ ਜੋ ਡੌਂਕੀ ਲਵਾ ਰਹੇ ਹਨ, ਉਹ ਤੁਹਾਨੂੰ ਗੋਲੀ ਵੀ ਮਾਰ ਦਿੰਦੇ ਹਨ ਕਿਉਕਿ ਉਨ੍ਹਾਂ ਨੇ ਅਗਲੇ ਬੰਦਿਆਂ ਨੂੰ ਵੀ ਲੈ ਕੇ ਜਾਣਾ ਹੁੰਦਾਂ ਹੈ। ਚਲੋ ਜੇ ਤੁਸੀਂ ਉੱਥੇ ਕਿਤੇ ਬਚ ਗਏ ਤੁਸੀਂ ਡੌਂਕੀ ਲਗਾ ਕੇ ਮੈਕਸੀਕੋ ਤੱਕ ਪਹੁੰਚ ਗਏ ਉਸ ਤੋਂ ਬਾਅਦ ਉਹ ਜਿਹੜੀ ਕੰਧ ਹੈ। (ਲੋਕੀ ਕਹਿੰਦੇ ਆਪਾਂ ਤਾਂ ਦੇਖੀ ਨਹੀਂ) ਉਹ ਕੰਧ ਟੱਪਣੀ ਬੜੀ ਔਖੀ ਹੈ। ਉੱਥੇ ਵੀ ਮਿਲਟਰੀ ਦਾ ਪਹਿਰਾ ਹੈ। ਉਥੇ ਉਹ ਨਿਕਲਣ ਤੋਂ ਬਾਅਦ ਬੱਚਿਆਂ ਨੂੰ ਫਰੀਜ਼ਰਾਂ ਦੇ ਵਿੱਚ ਲਗਾ ਕੇ ਲੈ ਕੇ ਅੱਗੇ ਲੈ ਜਾਂਦੇ ਹਨ। ਟਰੱਕਾਂ ਦੀਆਂ ਸੀਟਾਂ ਦੇ ਵਿੱਚ ਲੰਮੇ ਪਾ ਕੇ ਲੈ ਕੇ ਜਾਂਦੇ ਹਨ। ਥੱਲੇ ਕਈਆਂ ਦੇ ਸਾਹ ਘੁੱਟਣ ਨਾਲ ਮੌਤ ਹੋ ਜਾਂਦੀ ਹੈ, ਕਈਆਂ ਦੀ ਫਰੀਜ਼ਰ ਦੇ ਵਿੱਚ ਜਿਆਦਾ ਟੈਂਪਰੇਚਰ ਕਰਕੇ ਮੌਤ ਹੋ ਜਾਂਦੀ ਹੈ। ਕੋਈ ਕਿਸਮਤ ਵਾਲਾ ਬੰਦਾ ਉਥੇ ਪਹੁੰਚ ਵੀ ਗਿਆ ਤਾਂ ਉਸ ਦੀ ਜਿੰਦਗੀ ਅਗਲੇ 10 ਸਾਲ, 15 ਸਾਲ ਬਹੁੱਤ ਹੀ ਜਿਆਦਾ ਮੁਸ਼ਕਲ ਵਾਲੇ ਹੋਣਗੇ। ਕਿਉਂਕਿ ਉਸ ਨੂੰ ਜਾਂਦੇ ਹੀ ਤਾਂ ਵਰਕ ਪਰਮਿਟ ਜਾਂ ਪੀ.ਆਰ. ਮਿਲ ਨਹੀਂ ਜਾਣੀ। ਪਹਿਲਾ ਕਈ ਸਾਲ ਚੋਰੀ ਛੂਪੇ ਕੰਮ ਕਰੇਗਾ, ਫਿਰ ਵਕੀਲਾਂ ਨੂੰ ਮੋਟੀਆ ਰਕਮਾ (ਪੈਸੇ) ਦੇ ਕੇ ਕੋਈ ਕੇਸ ਅਪਲਾਈ ਕਰੇਗਾ। ਵਕੀਲਾਂ ਨੂੰ ਪੈਸੇ ਕੇ ਸਾਈਲਮ ਪਵਾਏਗਾ। ਸਾਈਲਮ ਤੋਂ ਆਏਗਾ ਫਿਰ ਉਸ ਤੋਂ ਬਾਅਦ ਉਹਦਾ ਕੇਸ ਕੋਰਟ ਦੇ ਵਿੱਚ ਚੱਲੇਗਾ। ਕਈ ਸਾਲ ਇਸੇ ਤਰ੍ਹਾਂ ਨਿਕਲ ਜਾਣਗੇ ਉਹ ਵਾਪਿਸ ਵੀ ਨਹੀਂ ਆ ਸਕੇਗਾ। 20-25 ਸਾਲ ਦਾ ਨੌਜਵਾਨ 40-45 ਸਾਲ ਬਾਅਦ ਸੈਂਟ ਹੋ ਵੀ ਗਿਆ ਤਾਂ ਉਸ ਦੀ ਲਾਈਫ ਤਾਂ ਨਿੱਕਲ ਗਈ। ਉਸ ਤੋਂ ਬਾਅਦ ਮੈਰਿਜ ਦੀ ਲਾਈਫ ਨਹੀਂ ਰਹਿੰਣੀ।



ਡਿਪੋਰਟ ਕੀਤੇ ਗਏ ਭਾਰਤੀ ਲੋਕਾਂ ਦਾ ਅੰਮ੍ਰਿਤਸਰ ਵਿਖੇ ਉਤਰੇ ਜਹਾਜ ਦਾ ਬੜਾ ਜ਼ਿਕਰ ਆ ਕਿ ਹੱਥ ਕੜੀਆਂ ਲਾ ਕੇ ਮਿਲਟਰੀ ਜਹਾਜ ਤੇ ਵਾਪਸ ਕਰਕੇ ਗਏ ਆ। ਪਰ ਬਈ ਓਹ ਗਏ ਕਿਹੜੇ ਸੇਰੇ ਲਾ ਕੇ ਸੀ। ਜੰਗਲਾ ਵਿੱਚ 100 ਕਿਲੋਮੀਟਰ ਤੋਂ ਜਿਆਦਾ ਪੈਦਲ ਤੁਰ ਕੇ ਪਣਾਮਾ ਦੇ ਜੰਗਲਾਂ ਵਿਚ ਹੱਡੀਆਂ, ਕੰਕਰਾਂ ਤੇ ਪੈਰ ਰੱਖ ਕੇ ਪਹਾੜੀਆਂ ਨੂੰ ਟੱਪ ਕੇ ਕਈ ਦਿਨਾਂ ਬਾਅਦ ਅਮਰੀਕਾ ਵਿੱਚ ਵੜੇ ਸੀ ਉਹਨਾਂ ਦੀ ਕੰਧ ਟੱਪ ਕੇ। ਜਿਸ ਕਿਸੇ ਨੇ ਕਿਸੇ ਦੇ ਘਰ ਦੀ ਕੰਧ ਟੱਪੀ ਹੋਵੇ ਉਹ ਤਾਂ ਫਿਰ ਇਦਾਂ ਦਾ ਸਲੂਕ ਕਰੇਗਾ ਹੀ। ਸਾਡੇ ਕਸੂਰ ਵੀ ਬਥੇਰੇ ਹਨ। ਕੱਧ ਤਾਂ ਟੱਪੀ ਹੀ ਸੀ ਫਿਰ ਉਥੇ ਵੀਡੀਓ ਵੀ ਬਣਾਈ। ਏਜੈਂਟ ਦਾ ਨਾਂ ਲਿਆ ਤੇ ਫਲਾਣੇ ਦੀ ਗੇਮ ਆ ਅਤੇ ਅਸੀਂ ਇਨ੍ਹੇ ਜੱਦੋ ਜਹਿਦ (ਸਟਰਗਲ) ਨਾਲ ਅਮਰੀਕਾ ਪਹੁੰਚੇ। ਤੁਹਾਨੂੰ ਕੀ ਲੱਗਦਾ ਤੁਹਾਡੀਆਂ ਫੁਕਰੀਆਂ ਦੀਆਂ ਵੀਡੀਓ ਟਰੰਪ ਤੱਕ ਨਹੀਂ ਪਹੁੰਚਦੀਆਂ। ਅਗਲੇ ਨੇ ਸਭ ਕੁੱਝ ਟਰੇਸ ਕਰ ਲਿਆ। ਪਰ ਸਮਝ ਨਹੀਂ ਆਉਦੀ ਕਿ ਜਿਹੜਾ ਬੰਦਾ 50 ਲੱਖ ਲਾ ਕੇ ਅਮਰੀਕਾ ਜਾ ਰਿਹਾ ਉਸ ਨੂੰ ਅਮਰੀਕਾ ਜਾਣ ਦੀ ਲੋੜ ਕੀ ਹੈ। ਉਸ ਦੇ ਇਹ 50 ਲੱਖ ਕਦੋਂ ਪੂਰੇ ਹੋਣਗੇ। ਫਿਰ ਰਿਸਕ ਇੰਨ੍ਹਾਂ ਵੱਡਾ, ਜਾਨ ਦੀ ਜਮ੍ਹਾਂ ਵੀ ਪਰਵਾਹ ਹੀ ਨਹੀਂ। ਫੜੇ ਗਏ ਜੇਲ ਵਿੱਚ ਜਾਓਗੇ, ਮਾਰੇ ਗਏ ਤਾਂ ਰਸਤੇ ਵਿੱਚ ਹੀ ਖੱਪ ਜਾਓਗੇ। ਤੁਸੀਂ 50 ਲੱਖ ਦੇ ਵਿੱਚ ਇਥੇ ਕੀ ਕੁਝ ਨਹੀਂ ਕਰ ਸਕਦੇ। ਕਿੱਡਾ ਵੱਡਾ ਬਿਜ਼ਨਸ ਖੜਾ ਕਰ ਸਕਦੇ ਹੋ ਪਰ ਸਾਡੇ ਕੀੜਾ ਹੈ ਬਾਹਰ ਜਾਣ ਦਾ, ਉਹ ਕਿਵੇਂ ਨਿਕਲੇ। ਕਸੂਰਵਾਰ ਮਾਪੇ ਹਨ, ਕਸੂਰਵਾਰ ਹਨ ਜਾਣ ਵਾਲੇ। ਇੱਥੇ ਕਸੂਰਵਾਰ ਉਹ ਟਰੈਵਲ ਏਜੰਟ ਨਹੀਂ, ਟਰੈਵਲ ਏਜੰਟ ਘਰ-ਘਰ ਜਾ ਕੇ ਹੋਕੇ ਨਹੀਂ ਦਿੰਦੇ ਫਿਰਦੇ ਕਿ ਆਓ ਤੁਹਾਨੂੰ ਅਮਰੀਕਾ ਭੇਜੀਏ। ਤੁਸੀਂ ਟਰੈਵਲ ਏਜੰਟ ਨੂੰ ਲੱਭਦੇ ਆ ਫਿਰ ਤੁਰ ਕੇ, ਪੁੱਛ ਪਛਾ ਕਰਕੇ।

ਜਿਹੜੇ ਮਾਪੇ ਇਨਾ ਪੈਸਾ ਲਗਾ ਕੇ ਉਹਨਾਂ ਨੇ ਬੱਚਿਆਂ ਨੂੰ ਭੇਜ ਰਹੇ ਹਨ ਇਹ ਵੀ ਇੱਕ ਭੇਡਚਾਲ ਹੀ ਹੈ। ਜਿਨ੍ਹੇ ਪੈਸੇ ਲਗਾ ਜੇ ਸਟੱਡੀ ਬੇਸ ਤੇ ਲੋਕ ਕੈਨੇਡਾ, ਅਮਰੀਕਾ ਜਾਂ ਅਸਟ ?ਰੇਲੀਆ ਜਾ ਰਹੇ ਹਨ। ਉਨ੍ਹੇ ਰੁਪਏ ਨਾਲ ਭਾਰਤ ਵਿੱਚ ਜਿਹੜੀ ਮਰਜੀ ਉੱਚ ਵਿਦਿਆ ਲੈ ਲਵੋ। ਇਨ੍ਹੇ ਰੁਪਇਆਂ ਨਾਲ ਕੋਈ ਕਾਰੋਬਾਰ ਸ਼ੁਰੂ ਕਰ ਲਵੋਂ ਤੁਸੀ ਜੋਸ ਬਣ ਕੇ ਕੰਮ ਕਰੋਗੇ। ਜਿਹੜੇ ਬੱਚੇ ਆਈ-ਲੈਟਸ ਕਰ ਸਕਦੇ ਹਨ ਉਹ ਆਈ.ਪੀ.ਐਸ. ਜਾਂ ਪੀ.ਸੀ.ਐਸ, ਐਲ.ਐਲ.ਬੀ., ਲਾਅ ਵਗੈਰਾ ਵੀ ਅਸਾਨੀ ਨਾਲ ਕਰ ਸਕਦੇ ਹਨ। ਉਹ ਕਿਉਂ ਇਥੇ ਅਫਸਰ ਨਾ ਬਣ ਕੇ ਕੈਨੇਡਾ ਵਿੱਚ ਦਿਹਾੜੀਆਂ ਕਰਨ ਨੂੰ ਤਿਆਰ ਹਨ। ਬੱਸ! ਇੱਕ ਭੇਡ-ਚਾਲ ਹੈ, ਵਿਦੇਸ਼ਾ ਦੀ ਦੂਰ ਬੈਠਿਆਂ ਨੂੰ ਦਿਸ ਰਹੀ ਚਮਕ ਦਮਕ ਹੈ। ਪੜ੍ਹੇ-ਲਿਖੇ ਮਾਪੇ ਵੀ ਆਪਣੇ ਬੱਚਿਆਂ ਨੂੰ ਸਮਝਾਉਣ ਦੀ ਬਜਾਏ ਉਨ੍ਹਾਂ ਨੂੰ ਜਲਦੀ-ਜਲਦੀ ਦੇਸ਼ ਨਿਕਾਲਾ ਦੇਣ ਨੂੰ ਤਿਆਰ ਹਨ। ਚੰਗੀਆਂ-ਭਲੀਆਂ ਵਧੀਆਂ ਨੌਕਰੀਆਂ ਛੱਡ ਕੇ ਬਾਹਰ ਨੂੰ ਭੱਜਣ ਲਈ ਤਿਆਰ ਹਨ। ਉਥੇ ਜਾਂ ਕੇ ਨਰਕ ਭਰੀ ਜਿੰਦਗੀ ਜਿਆਉਂਦੇ ਹਨ। ਪਰ ਇਥੇਂ ਗੱਲ ਸੁਨਣ ਨੂੰ ਤਿਆਰ ਨਹੀਂ। ਇਸ ਵਿਦੇਸ਼ੀ ਰੁਝਾਣ ਨੂੰ ਕਿੱਦਾ ਠੱਲ ਪਾਈ ਜਾ ਸਕਦੀ ਹੈ? ਕੌਣ ਪਾ ਸਕਦਾ ਹੈ ? ਲੋਕ ਪਾ ਸਕਦੇ ਹਨ ਜਾਂ ਸਰਕਾਰ ਪਾ ਸਕਦੀ ਹੈ? ਇਹ ਵੀ ਚਰਚਾ ਦਾ ਵਿਸ਼ਾ ਹੈ। ਇਹ ਤਾਂ ਤਾਹੀ ਹੋ ਸਕਦਾ ਹੈ ਜੇਕਰ ਸਾਡੀ ਪੰਜਾਬੀਆਂ ਦੀ ਸੋਚ ਬਦਲੇਗੀ। ਸਾਡੀ ਪੰਜਾਬੀਆਂ ਦੀ ਸੋਚ ਕਦੋਂ ਬਦਲੇਗੀ? ਇਹ ਤਾਂ ਰੱਬ ਹੀ ਜਾਣੇ!

# ਪਰਵਾਸ ਅਤੇ ਗੈਰ-ਕਾਨੂੰਨੀ ਪਰਵਾਸ ਦੇ ਮਸਲੇ

ਹਰਪ੍ਰੀਤ ਕੌਰ ਸੰਧੂ

ਅਮਰੀਕਾ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਪੁੱਜੇ ਕਈ ਲੋਕਾਂ ਨੂੰ ਡਿਪੋਰਟ ਕਰ ਰਿਹਾ ਹੈ। ਗੈਰ-ਕਾਨੂੰਨੀ ਤੌਰ 'ਤੇ ਜਾਣ ਵਾਲਾ ਕਦੇ ਵੀ ਖੁਸ਼ੀ ਨਾਲ ਨਹੀਂ ਜਾਂਦਾ। ਉਸ ਦੀ ਕੋਈ ਨਾ ਕੋਈ ਮਜਬੂਰੀ ਜ਼ਰੂਰ ਹੁੰਦੀ ਹੈ। ਜੇ ਬੰਦੇ ਨੂੰ ਆਪਣੇ ਦੇਸ਼ ਵਿੱਚ ਕੰਮ ਅਤੇ ਰਿਜ਼ਕ ਮਿਲਦਾ ਹੋਵੇ ਤਾਂ ਉਹ ਵਿਦੇਸ਼ ਕਿਉਂ ਜਾਵੇਗਾ? ਸਾਡੇ ਸਮਾਜ ਦੀ ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਉਨ੍ਹਾਂ ਦੀ ਲਿਆਕਤ ਅਨੁਸਾਰ, ਕੰਮ ਨਹੀਂ ਦੇ ਸਕੇ। ਸਾਡੀਆਂ ਸਰਕਾਰਾਂ ਵੀ ਇਸ ਕੰਮ ਵਿੱਚ ਨਾ-ਕਾਮਯਾਬ ਹੋਈਆਂ ਹਨ। ਜਦੋਂ ਕਿਸੇ ਨੂੰ ਰੁਜ਼ਗਾਰ ਨਾ ਮਿਲੇ ਤਾਂ ਉਸ ਕੋਲ ਪਰਵਾਸ ਤੋਂ ਸਿਵਾਇ ਦੂਜਾ ਕੋਈ ਰਾਹ ਨਹੀਂ ਹੁੰਦਾ। ਖੁਸ਼ੀ ਨਾਲ ਪਰਵਾਸ ਬਹੁਤ ਘੱਟ ਕੀਤਾ ਜਾਂਦਾ ਹੈ; ਗੈਰ-ਕਾਨੂੰਨੀ ਤੌਰ 'ਤੇ ਤਾਂ ਬਿਲਕੁਲ ਹੀ ਨਹੀਂ।

ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਬਹੁਤ ਮਾੜੇ ਢੰਗ ਨਾਲ ਵਾਪਸ ਭੇਜਿਆ ਗਿਆ ਹੈ। ਹੱਥਕੜੀਆਂ ਲਾ ਕੇ ਅਤੇ ਬੇੜੀਆਂ ਪਾ ਕੇ ਫੌਜ ਦੇ ਜਹਾਜ਼ ਵਿੱਚ ਬਿਠਾ ਕੇ ਵਾਪਸ ਭੇਜਣਾ ਇੱਕ ਤਰ੍ਹਾਂ ਨਾਲ ਇਨਸਾਨੀਅਤ ਦਾ ਘਾਣ ਹੈ। ਉਹ ਮੁਲਕ ਜਿੱਥੇ ਜਾਨਵਰਾਂ ਦੇ ਹਕੂਕ ਦੀ ਵੀ ਰੱਖਿਆ ਕੀਤੀ ਜਾਂਦੀ ਹੈ ਉੱਥੇ ਮਨੁੱਖਾਂ ਨਾਲ ਅਜਿਹਾ ਵਰਤਾਓ ਬਹੁਤ ਮੰਦਭਾਗਾ ਹੈ।

ਪਰਵਾਸ ਦੇ ਕਾਰਨ ਕੁਝ ਵੀ ਹੋਣ, ਗੈਰ-ਕਾਨੂੰਨੀ ਤਰੀਕੇ ਨਾਲ ਜਾਣ ਦੀ ਵਜ ?ਹਾ ਕੋਈ ਵੀ ਹੋਵੇ ਪਰ ਇਸ ਤਸ਼ੱਦਦ ਨੂੰ ਕੀ ਉਹ ਜ਼ਿੰਦਗੀ ਵਿੱਚ ਕਦੀ ਭੁੱਲ ਸਕਣਗੇ? ਉਨ੍ਹਾਂ ਲਈ ਇਸ ਮਾਨਸਿਕ ਦੁੱਖ ਵਿੱਚੋਂ ਨਿਕਲ ਸਕਣਾ ਬਹੁਤ ਮੁਸ਼ਕਿਲ ਹੈ। ਸਮਾਜ ਵਿੱਚ ਉਨ੍ਹਾਂ ਨਾਲ ਹਮਦਰਦੀ ਨਹੀਂ ਕੀਤੀ ਜਾਵੇਗੀ। ਹੁਣ ਵੀ ਜਿਸ ਤਰ੍ਹਾਂ ਪੱਤਰਕਾਰ ਉਨ੍ਹਾਂ ਤੋਂ ਪੁੱਛ-ਗਿੱਛ ਰਹੇ ਹਨ, ਜਿਸ ਤਰ੍ਹਾਂ ਲੋਕ ਉਨ੍ਹਾਂ ਬਾਰੇ ਗੱਲਾਂ ਕਰ ਰਹੇ ਹਨ, ਉਸ ਨਾਲ ਤਾਂ ਉਨ੍ਹਾਂ ਦੀ ਹਿੰਮਤ ਹੋਰ ਟੁੱਟ ਜਾਵੇਗੀ। ਨਾ ਪੰਜਾਬ ਸਰਕਾਰ, ਨਾ ਭਾਰਤ ਅਤੇ ਨਾ ਹੀ ਅਮਰੀਕਾ ਦੀ ਸਰਕਾਰ ਇਸ ਗੱਲ ਤੋਂ ਨਾ-ਵਾਕਿਫ ਸੀ ਕਿ ਗੈਰ-ਕਾਨੂੰਨੀ ਢੰਗ ਨਾਲ ਲੋਕ ਉਥੇ ਪਹੁੰਚਦੇ ਹਨ। ਉਹ ਘੱਟ ਪੈਸਿਆਂ ਵਿੱਚ ਕੰਮ ਕਰਦੇ ਹਨ। ਜਿਸ ਦੇਸ਼ ਵਿੱਚ ਉਹ ਜਾਂਦੇ ਹਨ, ਉਸ ਦੇਸ਼ ਦੇ ਸਰਮਾਏ ਨੂੰ ਵਧਾਉਂਦੇ ਹਨ। ਉਨ੍ਹਾਂ ਦੀ ਮਿਹਨਤ ਦਾ ਪੂਰਾ ਮੁੱਲ ਨਹੀਂ ਪੈਂਦਾ। ਉੱਥੇ ਉਨ੍ਹਾਂ ਦੀ ਜ਼ਿੰਦਗੀ ਬਹੁਤੀ ਚੰਗੀ ਨਹੀਂ ਹੁੰਦੀ। ਫਿਰ ਵੀ ਖੁਸ਼ਹਾਲ ਜ਼ਿੰਦਗੀ ਦਾ ਸੁਫਨਾ ਉਨ੍ਹਾਂ ਨੂੰ ਪਰਵਾਸ ਵੱਲ ਤੋਰਦਾ ਹੈ।

ਕਾਰਨ ਭਾਵੇਂ ਕੁਝ ਵੀ ਹੋਣ ਪਰ ਜੋ ਸ਼ਖ਼ਸ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਕਿਸੇ ਦੂਜੇ ਦੇਸ਼ ਵਿੱਚ ਆਪਣੀ ਜ਼ਿੰਦਗੀ ਬਿਹਤਰ ਬਣਾਉਣ ਦੇ ਇਰਾਦੇ ਨਾਲ ਜਾਂਦਾ ਹੈ, ਉਸ ਦਾ ਇਸ ਤਰ੍ਹਾਂ ਵਾਪਸ ਆਉਣਾ ਬਹੁਤ ਤਕਲੀਫਦੇਹ ਹੈ। ਇਸ ਮਾਨਸਿਕ ਤਸ਼ੱਦਦ ਨੂੰ ਸ਼ਾਇਦ ਉਹ ਜ਼ਿੰਦਗੀ ਵਿੱਚ ਕਦੀ ਨਹੀਂ ਭੁੱਲ ਸਕੇਗਾ। ਹੁਣ ਉਨ੍ਹਾਂ ਲਈ ਜ਼ਿੰਦਗੀ ਹੋਰ ਵੀ ਔਖੀ ਹੋ ਜਾਵੇਗੀ। ਸਿਰ ਚੜਿਆ ਕਰਜ਼ਾ ਕਿਵੇਂ ਲਾਹੁਣਾ ਹੈ, ਇਹ ਉਨ੍ਹਾਂ ਨੂੰ ਸਮਝ ਨਹੀਂ ਆਉਣੀ। ਜੋ ਕੋਲ ਸੀ, ਉਹ ਗੁਆ ਬੈਠੇ ਹਨ; ਜਿਸ ਦੀ ਉਮੀਦ ਸੀ, ਉਹ ਮਿਲਿਆ ਨਹੀਂ। ਪਰਵਾਸ ਤੇ ਉਹ ਵੀ ਗੈਰ-ਕਾਨੂੰਨੀ ਢੰਗ ਨਾਲ ਹਮੇਸ਼ਾ ਹੁੰਦਾ ਆਇਆ ਹੈ। ਇਹ ਕੋਈ ਨਵਾਂ ਵਰਤਾਰਾ ਨਹੀਂ। ਜੇਕਰ ਅਮਰੀਕਾ ਸਰਕਾਰ ਉਨ੍ਹਾਂ ਨੂੰ ਵਾਪਸ ਹੀ ਭੇਜਣਾ ਚਾਹੁੰਦੀ ਸੀ ਤਾਂ ਉਸ ਦਾ ਕੋਈ ਬਿਹਤਰ ਤਰੀਕਾ ਵੀ ਹੋ ਸਕਦਾ ਸੀ। ਜਦੋਂ ਫੌਜੀ ਜਹਾਜ਼ ਵਿੱਚ ਹੀ ਲੈ ਕੇ ਆਉਣਾ ਸੀ, ਫਿਰ ਹੱਥ ਪੈਰ ਬੰਨ੍ਹਣ ਦੀ ਤਾਂ ਲੋੜ ਹੀ ਨਹੀਂ ਸੀ। ਫੌਜ ਦੇ ਜਹਾਜ਼ ਵਿੱਚੋਂ ਉਨ੍ਹਾਂ ਨੇ ਕਿੱਥੇ ਨੱਠ ਜਾਣਾ ਸੀ। ਉਹ ਦੇਸ਼ ਜੋ ਗੁਨਾਹ ਦੀ ਸਜ਼ਾ ਦੇਣ ਲੱਗਿਆਂ ਵੀ ਮਨੁੱਖੀ ਅਧਿਕਾਰਾਂ ਦਾ ਖਿਆਲ ਰੱਖਦਾ ਹੈ, ਇੰਨਾ ਨਿਰਦਈ ਕਿਸ ਤਰ੍ਹਾਂ ਹੋ ਸਕਦਾ ਹੈ? ਜਿਸ ਸੂਬੇ ਦੇ ਲੋਕ ਵਾਪਸ ਪਰਤੇ ਹਨ, ਉਸ ਸੂਬੇ ਦੇ ਸਮਾਜ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਲੋਕਾਂ ਦੀ ਸਾਂਭ-ਸੰਭਾਲ ਕੀਤੀ ਜਾਵੇ। ਸਰਕਾਰ ਨੂੰ ਵੀ ਉਨ੍ਹਾਂ ਵਿਅਕਤੀਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਾਡੇ ਨੌਜਵਾਨ ਸਾਡਾ ਸਰਮਾਇਆ ਹਨ। ਇਹ ਦੇਸ਼ ਦਾ ਭਵਿੱਖ ਹਨ। ਇਨ੍ਹਾਂ ਪ੍ਰਤੀ ਸਾਨੂੰ ਸਾਰਿਆਂ ਨੂੰ ਸੁਹਿਰਦ ਹੋਣ ਦੀ ਲੋੜ ਹੈ। ਇਨ੍ਹਾਂ ਨੂੰ ਵਾਰ-ਵਾਰ ਇਹੀ ਸਵਾਲ ਪੁੱਛ-ਪੁੱਛ ਕੇ ਮਾਨਸਿਕ ਪੀੜ ਵਧਾਈ ਨਾ ਜਾਵੇ। ਉਨ੍ਹਾਂ ਦੀ ਤਕਲੀਫ ਨੂੰ ਮਹਿਸੂਸ ਕਰਦੇ ਹੋਏ ਉਨ੍ਹਾਂ ਨਾਲ ਹਮਦਰਦੀ ਰੱਖਦੇ ਹੋਏ ਸਾਨੂੰ ਉਨ੍ਹਾਂ ਲਈ ਰੁਜ਼ਗਾਰ ਦੀ ਵਿਵਸਥਾ ਕਰਨੀ ਚਾਹੀਦੀ ਹੈ। ਅੱਜ ਪੰਜਾਬ ਦਾ ਜੋ ਹਾਲ ਹੈ, ਉਸ ਲਈ ਅਸੀਂ ਸਾਰੇ ਵੀ ਕਿਤੇ ਨਾ ਕਿਤੇ ਜਿ ?ਮੇਵਾਰ ਹਾਂ। ਸਾਨੂੰ ਆਪਣੇ ਸਮਾਜਿਕ ਦਾਇਰਿਆਂ ਵਿੱਚੋਂ ਨਿਕਲਣ ਦੀ ਲੋੜ ਹੈ। ਅੱਜ ਜੇ ਕਿਸਾਨ ਦਾ ਪੁੱਤ ਬਰਗਰ ਦੀ ਰੇੜ੍ਹੀ ਲਾ ਲਵੇ ਤਾਂ ਸਮਾਜ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਪਰ ਕੋਈ ਪਰਵਾਸੀ ਮਜ਼ਦੂਰ ਆ ਕੇ ਇਹੀ ਕੰਮ ਕਰੇ ਤਾਂ ਮਨਜ਼ੂਰ ਹੈ। ਬਹੁਤ ਜ਼ਰੂਰੀ ਹੈ ਕਿ ਅਸੀਂ ਕਿਰਤ ਨੂੰ ਮੁੱਖ ਰੱਖ ਕੇ ਆਪਣੀ ਸੋਚ ਬਦਲੀਏ। ਬਾਬਾ ਨਾਨਕ ਤਾਂ ਬਹੁਤ ਪਹਿਲਾਂ ਸਾਨੂੰ ਇਹ ਦੱਸ ਗਏ ਸਨ ਕਿ ਕਿਰਤ ਕਰਨੀ ਜ਼ਰੂਰੀ ਹੈ।

ਅੱਜ ਸਾਡੇ ਸਮਾਜਿਕ ਢਾਂਚੇ ਨੂੰ ਬਦਲਣ ਦੀ ਲੋੜ ਹੈ ਤਾਂ ਕਿ ਕਿਸੇ ਨੌਜਵਾਨ ਨੂੰ ਪਰਵਾਸ ਦੀ ਲੋੜ ਹੀ ਨਾ ਪਵੇ। ਅਸੀਂ ਆਪਣੇ ਬੱਚਿਆਂ ਨੂੰ ਇਸ ਕਾਬਲ ਬਣਾਈਏ ਕਿ ਉਹ ਕੋਈ ਵੀ ਕੰਮ ਕਰਨ ਵਿੱਚ ਸ਼ਰਮ ਨਾ ਮਹਿਸੂਸ ਕਰਨ। ਇਸ ਲਈ ਸਾਨੂੰ ਆਪਣੀ ਸੋਚ ਅਤੇ ਸਮਾਜ ਨੂੰ ਬਦਲਣ ਦੀ ਜ਼ਰੂਰਤ ਹੈ। ਜੇ ਅਸੀਂ ਸਮਾਜ ਦੇ ਤੌਰ 'ਤੇ ਆਪਣੇ ਅੰਦਰ ਸੁਧਾਰ ਕਰੀਏ ਤਾਂ ਸਾਡੇ ਨੌਜਵਾਨਾਂ ਨੂੰ ਪਰਵਾਸ ਦੀ ਜ਼ਰੂਰਤ ਹੀ ਨਹੀਂ ਰਹੇਗੀ।

# ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਅਤੇ ਸੰਭਾਵਨਾਵਾਂ




***ਅਫ਼ਸਰਸ਼ਾਹੀ ਵੀ ਆਪਣੀ ਸੰਵਿਧਾਨਿਕ ਪ੍ਰਤੀਬੱਧਤਾ ਅਤੇ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਸਮੇਂ ਦੀ ਸਰਕਾਰ ਪ੍ਰਤੀ ਹੀ ਪ੍ਰਤੀਬੱਧਤਾ ਵਿਖਾਉਣ ਵਿਚ ਆਪਣਾ ਭਲਾ ਸਮਝਦੀ ਹੈ। ਜੇਕਰ ਕੁਝ ਗਿਣੇ-ਚੁਣੇ ਅਫ਼ਸਰ (ਕਦੀ ਕਦਾਈਂ) ਠੀਕ ਸਲਾਹ ਦੇਣ ਦੀ ਜੁਰਅੱਤ ਵੀ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਨਾਰੇ ਕਰ ਦਿੱਤਾ ਜਾਂਦਾ ਹੈ। ਨਿੱਤ ਵੱਧ ਰਹੀ ਰਿਸ਼ਵਤਖੋਰੀ ਅਤੇ ਵਿਕਾਸ ਫੰਡਾਂ ਵਿਚ ਧੜੱਲੇ ਨਾਲ ਹੋ ਰਹੀ ਘਪਲੇਬਾਜ਼ੀ ਅਤੇ ਨਿੱਘਰ ਰਹੀ ਪ੍ਰਸ਼ਾਸਨਿਕ ਅਵਸਥਾ ਵੀ ਅਫ਼ਸਰਸ਼ਾਹੀ ਅਤੇ ਸਿਆਸੀ ਨੇਤਾਵਾਂ ਦੀ ਮਿਲੀਭੁਗਤ ਦਾ ਹੀ ਨਤੀਜਾ ਹੈ।***

**ਡਾ. ਰਣਜੀਤ ਸਿੰਘ ਘੁੰਮਣ**

ਪੰਜਾਬ ਅਤੇ ਪੰਜਾਬੀਆਂ ਨੂੰ ਦਰਪੇਸ਼ ਚੁਣੌਤੀਆਂ ਉਂਝ ਤਾਂ ਕੋਈ ਨਵੀਂ ਗੱਲ ਨਹੀਂ। ਪਰ ਤਦ ਅਤੇ ਹੁਣ ਵਿਚ ਬਹੁਤ ਵੱਡਾ ਅੰਤਰ ਵੇਖਣ ਨੂੰ ਮਿਲ ਰਿਹਾ ਹੈ। ਭੂਤਕਾਲ ਵਿਚ ਜਦੋਂ-ਜਦੋਂ ਵੀ ਪੰਜਾਬ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਤਦ-ਤਦ ਹੀ ਪੰਜਾਬ ਦੇ ਹਰ ਖੇਤਰ ਦੇ ਰਹਿਬਰਾਂ ਨੇ ਚੁਣੌਤੀਆਂ ਦੀ ਸਹੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਸਵੀਕਾਰਿਆ ਅਤੇ ਲੋਕਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਹੱਲ ਕਰਨ ਦੇ ਯਤਨ ਕੀਤੇ। ਪਰ ਪਿਛਲੇ ਕੁਝ ਦਹਾਕਿਆਂ ਤੋਂ ਸਾਡੇ ਰਹਿਬਰ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੀ ਨਾ ਤਾਂ ਸਹੀ ਨਿਸ਼ਾਨਦੇਹੀ ਕਰ ਰਹੇ ਹਨ ਅਤੇ ਨਾ ਹੀ ਮੰਨ ਰਹੇ ਹਨ। ਨਤੀਜਾ ਸਪੱਸ਼ਟ ਹੈ, ਚੁਣੌਤੀਆਂ ਹੱਲ ਹੋਣ ਦੀ ਬਜਾਏ ਦਿਨ-ਬ-ਦਿਨ ਪੇਚੀਦਾ ਹੁੰਦੀਆਂ ਜਾ ਰਹੀਆਂ ਹਨ। ਇਸ ਵਿਚ ਸਭ ਤੋਂ ਪਹਿਲੀ ਜ਼ਿੰਮੇਵਾਰੀ ਸਿਆਸੀ ਪਾਰਟੀਆਂ ਦੀ, ਦੂਜੀ ਅਫ਼ਸਰਸ਼ਾਹੀ ਦੀ, ਤੀਜੀ ਅਕਾਦਮਿਕ ਰਹਿਬਰਾਂ ਅਤੇ ਬੁੱਧੀਜੀਵੀਆਂ ਦੀ ਅਤੇ ਚੌਥੀ ਸਮੁੱਚੇ ਪੰਜਾਬੀਆਂ ਦੀ ਹੈ। ਸਿਆਸੀ ਨੇਤਾ, ਸਟੇਟਸਮੈਨ ਦੀ ਥਾਂ ਕੇਵਲ ਸੌੜੀ ਅਤੇ ਹਲਕੀ ਸਿਆਸੀ ਮੁਕਾਬਲੇਬਾਜ਼ੀ ਵਿਚ ਰੁਝ ਗਏ ਹਨ ਅਤੇ ਇਕ ਚੋਣ ਤੋਂ ਦੂਜੀ ਚੋਣ ਤੱਕ ਹੀ ਫਿਕਰਮੰਦ ਰਹਿੰਦੇ ਹਨ, ਜਦਕਿ ਸਟੇਟਸਮੈਨ (ਦੂਰਅੰਦੇਸ਼ ਰਾਜਨੇਤਾ) ਅਗਲੀਆਂ ਪੀੜ੍ਹੀਆਂ ਤੱਕ ਲਈ ਫਿਕਰਮੰਦ ਹੁੰਦੇ ਹਨ। ਦੁਖਾਂਤ ਇਹ ਹੈ ਕਿ ਅੱਜ ਪੰਜਾਬ ਵਿਚ ਇਕ ਵੀ ਸਿਆਸੀ ਨੇਤਾ ਸਟੇਟਸਮੈਨ ਵਾਲੀ ਦੂਰ-ਦ੍ਰਿਸ਼ਟੀ (vision) ਨਹੀਂ ਰੱਖਦਾ।

ਸਟੇਟਸਮੈਨ ਤਾਂ ਦੂਰ ਦੀ ਗੱਲ, ਅੱਜ ਪੰਜਾਬ ਵਿਚ ਕਿਸੇ ਵੀ ਸਿਆਸੀ ਪਾਰਟੀ ਅਤੇ ਕਿਸੇ ਵੀ ਸਿਆਸੀ ਨੇਤਾ ਦੀ ਕੋਈ ਭਰੋਸੇਯੋਗਤਾ ਹੀ ਨਹੀਂ ਹੈ। ਪਿਛਲੇ ਕੁਝ ਸਾਲਾਂ ਤੋਂ ਸਿਆਸਤਦਾਨਾਂ ਦੀਆਂ ਜਿਸ ਤਰੀਕੇ ਨਾਲ ਸਿਆਸੀ ਦਲਬਦਲੀਆਂ ਵੇਖਣ ਨੂੰ ਮਿਲ ਰਹੀਆਂ ਹਨ, ਉਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਨਾ ਤਾਂ ਕਿਸੇ ਪਾਰਟੀ ਨਾਲ ਅਤੇ ਨਾ ਹੀ ਪੰਜਾਬ ਦੇ ਬੁਨਿਆਦੀ ਮੁੱਦਿਆਂ ਪ੍ਰਤੀ ਕੋਈ ਵਫ਼ਾਦਾਰੀ ਹੈ। ਜੇਕਰ ਕੋਈ ਵਫ਼ਾਦਾਰੀ ਹੈ ਤਾਂ ਉਹ ਕੇਵਲ ਸੱਤਾ ਅਤੇ ਕੁਰਸੀ ਨਾਲ। ਸਿਆਸੀ ਪਾਰਟੀਆਂ ਇਕ-ਦੂਜੇ ਤੋਂ ਵੱਧ-ਚੜ੍ਹ ਕੇ ਵਾਅਦੇ ਕਰ ਰਹੀਆਂ ਹਨ ਤੇ ਗਾਰੰਟੀਆਂ ਦੇ ਰਹੀਆਂ ਹਨ ਅਤੇ ਲੋਕ ਅਜਿਹੇ ਬਹਿਕਾਵਿਆਂ ਦੇ ਚੱਕਰ ਵਿਚ ਫਸ ਰਹੇ ਹਨ ਜਿਵੇਂ ਮੱਛੀ 'ਬੇਟ' (ਦਾਣੇ) ਨੂੰ ਵੇਖ ਕੇ ਜਾਲ ਵਿਚ ਫਸ ਜਾਂਦੀ ਹੈ। ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਥਾਂ ਗੈਰ-ਵਾਜਿਬ ਅਤੇ ਗੈਰ-ਤਰਕਸੰਗਤ ਮੁਫ਼ਤਖੋਰੀਆਂ ਅਤੇ ਸਬਸਿਡੀਆਂ ਦੀ ਸ਼ੁਰੂਆਤ ਅਤੇ ਭਰਮਾਰ ਅਜਿਹੇ ਮਾਹੌਲ ਵਿਚੋਂ ਹੀ ਹੁੰਦੀ ਹੈ। ਅਸਲ ਵਿਚ ਅਜਿਹੀਆਂ ਮੁਫ਼ਤਖੋਰੀਆਂ ਪ੍ਰਤੀ ਮੰਗ ਪਹਿਲਾਂ ਸਿਆਸੀ ਪਾਰਟੀਆਂ ਵਲੋਂ (ਸੱਤਾ ਹਾਸਿਲ ਕਰਨ ਲਈ) ਹੀ ਪੈਦਾ ਕੀਤੀ ਜਾਂਦੀ ਹੈ। ਇਕ ਵਾਰ ਸ਼ੁਰੂ ਕੀਤੀਆਂ ਮੁਫ਼ਤਖੋਰੀਆਂ ਅਤੇ ਹੋਰ ਗੈਰ-ਵਾਜ਼ਿਬ ਸਹੂਲਤਾਂ ਦੇ ਕੇ ਵਾਪਸ ਲੈਣੀਆਂ ਅਸੰਭਵ ਬਣ ਜਾਂਦੀਆਂ ਹਨ। ਅਜਿਹੇ ਆਪੋ-ਧਾਪੀ ਵਾਲੇ ਮਾਹੌਲ ਵਿਚ ਪੰਜਾਬ ਦੇ ਬੁਨਿਆਦੀ ਮੁੱਦੇ ਤਾਂ ਅਲੋਪ ਹੀ ਹੋ ਗਏ ਹਨ।

ਅਫ਼ਸਰਸ਼ਾਹੀ ਵੀ ਆਪਣੀ ਸੰਵਿਧਾਨਿਕ ਪ੍ਰਤੀਬੱਧਤਾ ਅਤੇ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਸਮੇਂ ਦੀ ਸਰਕਾਰ ਪ੍ਰਤੀ ਹੀ ਪ੍ਰਤੀਬੱਧਤਾ ਵਿਖਾਉਣ ਵਿਚ ਆਪਣਾ ਭਲਾ ਸਮਝਦੀ ਹੈ। ਜੇਕਰ ਕੁਝ ਗਿਣੇ-ਚੁਣੇ ਅਫ਼ਸਰ (ਕਦੀ ਕਦਾਈਂ) ਠੀਕ ਸਲਾਹ ਦੇਣ ਦੀ ਜੁਰਅੱਤ ਵੀ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਨਾਰੇ ਕਰ ਦਿੱਤਾ ਜਾਂਦਾ ਹੈ। ਨਿੱਤ ਵੱਧ ਰਹੀ ਰਿਸ਼ਵਤਖੋਰੀ ਅਤੇ ਵਿਕਾਸ ਫੰਡਾਂ ਵਿਚ ਧੜੱਲੇ ਨਾਲ ਹੋ ਰਹੀ ਘਪਲੇਬਾਜ਼ੀ ਅਤੇ ਨਿੱਘਰ ਰਹੀ ਪ੍ਰਸ਼ਾਸਨਿਕ ਅਵਸਥਾ ਵੀ ਅਫ਼ਸਰਸ਼ਾਹੀ ਅਤੇ ਸਿਆਸੀ ਨੇਤਾਵਾਂ ਦੀ ਮਿਲੀਭੁਗਤ ਦਾ ਹੀ ਨਤੀਜਾ ਹੈ। ਅਫ਼ਸਰਸ਼ਾਹਾਂ ਵਿਚੋਂ ਬਹੁਤੇ ਆਪਣੇ ਸੇਵਾ-ਕਾਲ ਦੌਰਾਨ ਆਪਣੀ ਸੰਵਿਧਾਨਿਕ ਪ੍ਰਤੀਬੱਧਤਾ ਨਿਭਾਉਣ ਅਤੇ ਵਿਕਾਸ ਪੱਖੀ ਫ਼ੈਸਲੇ ਲੈਣ ਦੀ ਥਾਂ ਜਾਂ ਤਾਂ ਪੈਰ ਪਿੱਛੇ ਖਿੱਚਦੇ ਰਹਿੰਦੇ ਹਨ ਜਾਂ ਜਨਤਕ ਵਿੱਤ ਦੀ ਬਰਬਾਦੀ ਅਤੇ ਲੁੱਟ ਵਿਚ ਭਾਗੀਦਾਰ ਬਣ ਜਾਂਦੇ ਹਨ।

ਅਕਾਦਮਿਕ ਰਹਿਬਰ ਅਤੇ ਬੁੱਧੀਜੀਵੀ ਵੀ ਆਪਣੀ ਭੂਮਿਕਾ ਭੁੱਲ ਗਏ ਹਨ। ਉਨ੍ਹਾਂ ਵਿਚ ਵੱਡੀ ਗਿਣਤੀ 'ਚ ਆਪਣੇ-ਆਪਣੇ ਸੁੱਖ ਆਰਾਮ ਤੱਕ ਹੀ ਮਹਿਦੂਦ ਹਨ। ਕੁਝ ਕੁ ਸੋਸ਼ਲ ਮੀਡੀਆ 'ਤੇ ਕੁਮੈਂਟ ਅਤੇ ਪੋਸਟਾਂ ਪਾਉਣ ਤੱਕ ਅਤੇ ਡਰਾਇੰਗ ਰੂਮ ਦੀਆਂ ਬਹਿਸਾਂ ਤੱਕ ਸੀਮਿਤ ਹਨ। ਬਹੁਤੇ 'ਬੁੱਧੀਜੀਵੀ' ਤਾਂ ਹਵਾ ਦਾ ਰੁਖ਼ ਵੇਖ ਕੇ ਹੀ ਬੋਲਦੇ ਅਤੇ ਲਿਖਦੇ ਹਨ। ਜੋ ਚੰਦ ਕੁ ਉਪਰੋਕਤ ਵਰਤਾਰੇ ਤੋਂ ਬਾਹਰ ਹੋ ਕੇ ਪੰਜਾਬ ਨੂੰ ਦਰਪੇਸ਼ ਬੁਨਿਆਦੀ ਚੁਣੌਤੀਆਂ ਪ੍ਰਤੀ ਬੇਬਾਕੀ ਨਾਲ ਬੋਲਦੇ ਅਤੇ ਲਿਖਦੇ ਹਨ ਉਨ੍ਹਾਂ ਵਿਚੋਂ ਵੀ ਬਹੁਤੇ ਥੱਕ-ਹਾਰ ਕੇ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਸ਼ਾਇਦ ਪੰਜਾਬ ਵਿਚ ਕੁਝ ਨਹੀਂ ਹੋ ਸਕਦਾ।

ਜਿਥੋਂ ਤੱਕ ਲੋਕਾਂ ਦਾ ਸੁਆਲ ਹੈ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਤਾਂ ਰੋਜ਼ੀ-ਰੋਟੀ ਕਮਾਉਣ ਅਤੇ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣ ਤੋਂ ਹੀ ਵਿਹਲ ਨਹੀਂ ਮਿਲਦੀ। ਇਸ ਲਈ ਉਨ੍ਹਾਂ ਵਿਚੋਂ ਬਹੁਤੇ ਪੰਜਾਬ ਨੂੰ ਦਰਪੇਸ਼ ਬੁਨਿਆਦੀ ਚੁਣੌਤੀਆਂ ਪ੍ਰਤੀ ਨਾ ਤਾਂ ਜਾਗਰੂਕ ਹੁੰਦੇ ਹਨ, ਅਤੇ ਨਾ ਹੀ ਇਸ ਦੀਆਂ ਗੁੰਝਲਾਂ ਸਮਝਦੇ ਹਨ। ਲੋਕ ਤਾਂ ਕੁਝ ਕੁ ਸਹੂਲਤਾਂ ਅਤੇ ਛੋਟੀਆਂ ਮੋਟੀਆਂ ਰਿਆਇਤਾਂ ਲੈ ਕੇ ਹੀ ਖੁਸ਼ ਹੋ ਜਾਂਦੇ ਹਨ ਅਤੇ ਉਸ ਸਿਆਸੀ ਪਾਰਟੀਆਂ ਨੂੰ ਰਾਜਨੀਤਕ ਸੱਤਾਂ ਸੌਂਪ ਦਿੰਦੇ ਹਨ ਜੋ ਬਹੁਤੇ ਵਾਅਦੇ ਅਤੇ ਗਾਰੰਟੀਆਂ ਕਰਦੀ ਹੈ। ਪਰ ਜਦ ਲੋਕ ਸਥਾਪਤ ਸਿਆਸੀ ਪਾਰਟੀਆਂ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਤੋਂ ਉਚਾਟ ਅਤੇ ਉਪਰਾਮ ਹੋ ਜਾਂਦੇ ਹਨ ਤਾਂ ਉਹ ਸਿਆਸੀ ਬਦਲਾਅ ਵੀ ਲਿਆਉਂਦੇ ਹਨ, ਜਿਵੇਂ ਕਿ 2022 ਦੀਆਂ ਅਸੈਂਬਲੀ ਚੋਣਾਂ ਵਿਚ ਹੋਇਆ ਸੀ। ਪਰ ਲਗਦਾ ਹੈ ਕਿ ਉਹ ਬਦਲਾਅ ਵੀ ਮਹਿਜ਼ ਸਿਆਸੀ ਬਦਲਾਅ ਹੀ ਹੋ ਗੁਜ਼ਰਿਆ ਹੈ, ਕਿਉਂਕਿ 'ਬਦਲਾਅ' ਵਾਲੀ ਸਰਕਾਰ ਵਲੋਂ ਵੀ ਪੰਜਾਬ ਦੇ ਬੁਨਿਆਦੀ ਮਸਲਿਆਂ ਅਤੇ ਚੁਣੌਤੀਆਂ ਪ੍ਰਤੀ ਕੋਈ ਸੰਜੀਦਾ ਪਹੁੰਚ ਨਹੀਂ ਅਪਣਾਈ ਗਈ। ਪੰਜਾਬ ਦੇ ਲੋਕਾਂ ਵਿਚ ਇਕ ਵਾਰ ਫਿਰ ਉਦਾਸੀ, ਲਾਚਾਰਗੀ, ਨਿਰਾਸਤਾ ਅਤੇ ਉਦਾਸੀਨਤਾ ਵੇਖਣ ਨੂੰ ਨਜ਼ਰ ਆ ਰਹੀ ਹੈ।

1970ਵਿਆਂ ਤੋਂ 1990ਵਿਆਂ ਦੇ ਸ਼ੁਰੂ ਤੱਕ ਪੰਜਾਬ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਮੋਹਰੀ ਸੂਬਾ ਸੀ ਪਰ ਹੁਣ ਹਰ ਪੱਖੋਂ ਹੇਠਾਂ ਖਿਸਕ ਰਿਹਾ ਹੈ। ਪੰਜਾਬ ਦੀ ਵਿਕਾਸ ਦਰ 1992-93 ਤੋਂ ਲੈ ਕੇ ਲਗਾਤਾਰ ਦੇਸ਼ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹਿ ਰਹੀ ਹੈ। ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਪੰਜਾਬ 2001-02 (ਤਿੰਨ ਸਾਲਾਂ ਦੀ ਔਸਤ) ਵਿਚ ਦੇਸ਼ ਦੇ 18 ਮੁੱਖ ਸੂਬਿਆਂ ਵਿਚੋਂ ਪਹਿਲੇ ਸਥਾਨ 'ਤੇ ਸੀ, ਜੋ 2006-07 ਵਿਚ ਤੀਜੇ, 2012-13 ਵਿਚ ਛੇਵੇਂ, 2018-19 ਵਿਚ ਨੌਂਵੇਂ ਅਤੇ 2022-23 ਵਿਚ ਦਸਵੇਂ ਸਥਾਨ 'ਤੇ ਪਹੁੰਚ ਗਿਆ। ਪੰਜਾਬ ਦਾ ਨਿਵੇਸ਼ ਅਤੇ ਆਮਦਨ ਅਨੁਪਾਤ (ਇਨਵੈਸਟਮੈਂਟ-ਜੀ.ਐਸ.ਡੀ.ਪੀ. ਅਨੁਪਾਤ, ਜਿਸ ਉਪਰ ਵਿਕਾਸ ਦਰ ਨਿਰਭਰ ਕਰਦੀ ਹੈ) ਵੀ 1994-95 ਤੋਂ ਹਮੇਸ਼ਾ ਹੀ ਦੇਸ਼ ਦੀ ਔਸਤ ਨਾਲੋਂ ਘੱਟ ਰਿਹਾ ਹੈ। ਪੰਜਾਬ ਵਿਚ ਸਮੁੱਚੇ ਪੂੰਜੀ ਨਿਰਮਾਣ (ਜੋ ਇਕ ਤਰ੍ਹਾਂ ਨਾਲ ਨਿਵੇਸ਼-ਆਮਦਨ ਅਨੁਪਾਤ ਹੀ ਹੈ) ਦੀ ਦਰ 1995-96 ਦੌਰਾਨ 25 ਫ਼ੀਸਦੀ ਤੋਂ ਘਟਦੀ-ਘਟਦੀ 2011-12 ਵਿਚ 13.4 ਫ਼ੀਸਦੀ ਹੋ ਗਈ, ਜਦ ਕਿ ਉਸੇ ਸਾਲ ਭਾਰਤ ਦੀ ਔਸਤ ਪੂੰਜੀ ਨਿਰਮਾਣ ਦਰ 39.8 ਫ਼ੀਸਦੀ ਸੀ। ਉਸ ਤੋਂ ਬਾਅਦ ਵਾਲੇ ਸਾਲਾਂ ਵਿਚ ਪੰਜਾਬ ਦੀ ਪੂੰਜੀ ਨਿਰਮਾਣ ਦਰ 14 ਤੋਂ 18 ਫ਼ੀਸਦੀ ਵਿਚਕਾਰ ਹੀ ਰਹੀ।

ਲੰਮੇ ਸਮੇਂ ਤੱਕ ਪੂੰਜੀ ਨਿਰਮਾਣ ਦਰ ਅਤੇ ਵਿਕਾਸ ਦਰ ਦੇ ਨੀਵੇਂ ਪੱਧਰ ਕਾਰਨ ਰੁਜ਼ਗਾਰ ਦੇ ਮੌਕਿਆਂ ਵਿਚ ਵੀ ਕਮੀ ਆਈ ਹੈ। ਨੀਵੀਂ ਪੂੰਜੀ ਨਿਰਮਾਣ ਦਰ ਕਾਰਨ ਪੰਜਾਬ ਵਿਚ ਹਰ ਸਾਲ (ਦੇਸ਼ ਦੀ ਔਸਤ ਦੇ ਮੁਕਾਬਲੇ) ਨਿਵੇਸ਼ ਦੀ ਘਾਟ ਰਹੀ। ਉਦਾਹਰਨ ਦੇ ਤੌਰ 'ਤੇ 21ਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਜੇ ਪੰਜਾਬ ਦੀ ਪੂੰਜੀ ਨਿਰਮਾਣ ਦਰ ਦੇਸ਼ ਦੀ ਔਸਤ ਦੇ ਬਰਾਬਰ ਵੀ ਰਹਿੰਦੀ ਤਾਂ ਪੰਜਾਬ ਵਿਚ ਹਰ ਸਾਲ ਔਸਤਨ 17488 ਕਰੋੜ ਰੁਪਏ ਦਾ ਵੱਧ ਨਿਵੇਸ਼ ਹੋਣਾ ਚਾਹੀਦਾ ਸੀ। ਉਸ ਤੋਂ ਅਗਲੇ ਦਹਾਕੇ ਦੌਰਾਨ ਹਰ ਸਾਲ 69806 ਕਰੋੜ ਰੁਪਏ ਦਾ ਵੱਧ ਨਿਵੇਸ਼ ਹੋਣਾ ਚਾਹੀਦਾ ਸੀ। ਇਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਪੰਜਾਬ ਵਿਚ ਸਾਲਾਨਾ ਬਜਟ ਵਿਚੋਂ 1975-76 ਦੌਰਾਨ 72 ਫ਼ੀਸਦੀ ਵਿਕਾਸ ਕਾਰਜਾਂ ਉਪਰ ਖਰਚ ਕੀਤਾ ਗਿਆ, ਜੋ ਘਟਦਾ-ਘਟਦਾ 1990-91 ਵਿਚ 66 ਫ਼ੀਸਦੀ ਅਤੇ 2000-01 ਵਿਚ 44.24 ਫ਼ੀਸਦੀ ਰਹਿ ਗਿਆ। ਉਸ ਤੋਂ ਬਾਅਦ ਵਾਲੇ ਸਾਲਾਂ ਦੌਰਾਨ ਵਿਕਾਸ ਕਾਰਜਾਂ ਉਪਰ ਖਰਚਾ 44 ਤੋਂ 50 ਫ਼ੀਸਦੀ ਵਿਚਕਾਰ ਘੁੰਮਦਾ ਰਿਹਾ। ਸੂਬੇ ਦੀ ਸਮੁੱਚੀ ਵਿਕਾਸ ਦਰ ਦੇ ਹੇਠਾਂ ਰਹਿਣ ਦੇ ਪਿੱਛੇ ਨਿਵੇਸ਼ ਦਰ ਦਾ ਘੱਟ ਰਹਿਣਾ ਅਤੇ ਵਿਕਾਸ ਕਾਰਜਾਂ ਉਪਰ ਘੱਟ ਖਰਚਾ ਹੀ ਹੈ। ਇਸ ਦੇ ਨਾਲ ਹੀ 1980ਵਿਆਂ ਦੇ ਖਾੜਕੂਵਾਦ ਦੇ ਦਹਾਕੇ ਤੋਂ ਸੂਬੇ ਦਾ ਜ਼ਿਆਦਾ ਰੁਝਾਨ ਵਿਕਾਸ ਤੋਂ ਕਾਨੂੰਨ ਵਿਵਸਥਾ ਵੱਲ ਹੋ ਗਿਆ, ਜੋ ਅੱਜ ਤੱਕ ਉਵੇਂ ਹੀ ਚਲ ਰਿਹਾ ਹੈ।

ਉਪਰੋਕਤ ਸਾਰੇ ਕਾਰਨਾਂ ਕਰਕੇ ਪੰਜਾਬ ਸਿਰ ਜਨਤਕ ਕਰਜ਼ੇ ਦੀ ਪੰਡ ਵੀ ਭਾਰੀ ਹੁੰਦੀ ਗਈ। ਸਾਲ 1990-91 ਵਿਚ ਸਰਕਾਰ ਸਿਰ 7102 ਕਰੋੜ ਰੁਪਏ ਦਾ ਕਰਜ਼ਾ ਸੀ, ਜੋ 2001 ਵਿਚ 34063 ਕਰੋੜ ਰੁਪਏ ਅਤੇ 2011-12 ਵਿਚ 83099 ਕਰੋੜ ਰੁਪਏ ਹੋ ਗਿਆ। ਅਗਲੇ ਦਸ ਸਾਲਾਂ ਦੌਰਾਨ ਹਰ ਸਾਲ ਔਸਤਨ 19867 ਕਰੋੜ ਰੁਪਏ ਦੀ ਦਰ ਨਾਲ ਕਰਜ਼ੇ ਵਿਚ ਵਾਧਾ ਹੋਇਆ। ਜੋ ਕਰਜ਼ਾ 2021-22 ਵਿਚ 281773 ਕਰੋੜ ਰੁਪਏ ਸੀ, ਦਸੰਬਰ 2024 ਵਿਚ 374000 ਕਰੋੜ ਰੁਪਏ ਤੱਕ ਪਹੁੰਚ ਗਿਆ। ਸਾਲ 2022-23 ਵਿਚ ਕਰਜ਼ੇ ਉਪਰ ਵਿਆਜ ਦੀ ਕਿਸ਼ਤ ਹੀ ਮਾਲੀ ਆਮਦਨ ਦੇ 22.72 ਪ੍ਰਤੀਸ਼ਤ ਦੇ ਬਰਾਬਰ ਸੀ। ਭਾਰਤੀ ਰਿਜ਼ਰਵ ਬੈਂਕ ਅਨੁਸਾਰ ਪੰਜਾਬ ਵਿਚ ਕਰਜ਼ੇ ਅਤੇ ਆਮਦਨ ਦਾ ਅਨੁਪਾਤ 50 ਪ੍ਰਤੀਸ਼ਤ ਦੇ ਨੇੜੇ-ਤੇੜੇ ਪਹੁੰਚ ਚੁੱਕਾ ਹੈ, ਜੋ ਦੇਸ਼ ਦੇ ਹੋਰ ਕਿਸੇ ਵੀ ਸੂਬੇ ਦੇ ਮੁਕਾਬਲੇ ਜ਼ਿਆਦਾ ਹੈ। ਇਸੇ ਤਰ੍ਹਾਂ ਪੰਜਾਬ ਵਿਚ ਪ੍ਰਤੀ ਜੀਅ ਕਰਜ਼ਾ ਵੀ ਦੂਜੇ ਸੂਬਿਆਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਹੈ। ਨੀਤੀ-ਆਯੋਗ ਦੁਆਰਾ 2025 ਵਿਚ 18 ਮੁੱਖ ਸੂਬਿਆਂ ਸੰਬੰਧੀ ਵਿੱਤੀ-ਸਿਹਤ ਸੂਚਕ ਸੰਬੰਧੀ ਦਿੱਤੀ ਗਈ ਜਾਣਕਾਰੀ ਅਨੁਸਾਰ ਪੰਜਾਬ ਦਾ 18ਵਾਂ ਸਥਾਨ ਹੈ। ਕਰਜ਼ੇ ਵਿਚ ਇੰਨਾ ਜ਼ਿਆਦਾ ਵਾਧਾ ਹੋਣ ਦੇ ਅਤੇ ਵਿੱਤੀ-ਸਿਹਤ ਸੂਚਕ ਵਿਚ ਫਾਡੀ ਰਹਿਣ ਦੇ ਮੁੱਖ ਕਾਰਨ ਹਨ :

- ਵਿਕਾਸ ਪ੍ਰਤੀ ਘਟਦੀ ਪ੍ਰਾਥਮਿਕਤਾ
- ਨਿਵੇਸ਼ ਅਤੇ ਵਿਕਾਸ ਦਰ ਦਾ ਨੀਵਾਂ ਪੱਧਰ
- ਸਰਕਾਰੀ ਖਜ਼ਾਨੇ ਵਿਚ ਵਿੱਤੀ ਸਾਧਨਾਂ ਦਾ ਸੰਭਾਵਨਾ ਨਾਲੋਂ ਘੱਟ ਆਉਣਾ
- ਵਿੱਤੀ ਸਾਧਨਾਂ ਦੀ ਬਦ-ਇੰਤਜ਼ਾਮੀ ਅਤੇ ਫਜ਼ੂਲ ਖਰਚੀ,
- ਵਿਕਾਸ-ਫੰਡਾਂ ਵਿਚ ਘਪਲੇਬਾਜ਼ੀ ਅਤੇ ਰਿਸ਼ਵਤਖੋਰੀ
- ਪੰਜਾਬ ਦੇ ਬੁਨਿਆਦੀ ਮੁੱਦਿਆਂ ਨੂੰ ਸਿੱਧੇ ਮੁਖਾਤਿਬ ਹੋਣ ਅਤੇ ਹੱਲ ਕਰਨ ਦੀ ਥਾਂ ਲਿਪਾ-ਪੋਚੀ ਰਾਹੀਂ ਸਾਰਨਾ, ਸੱਤਾ ਹਾਸਿਲ ਕਰਨਾ ਅਤੇ ਫਿਰ ਅਗਲੀਆਂ ਚੋਣਾਂ ਦੀ ਤਿਆਰੀ ਵਿਚ ਰੁੱਝ ਜਾਣਾ।

**ਮੁੱਖ ਮੁੱਦੇ ਤੇ ਚੁਣੌਤੀਆਂ**

- ਬੇਰੁਜ਼ਗਾਰੀ, ਖਾਸ ਕਰਕੇ ਨੌਜੁਆਨਾਂ ਦੀ ਵੱਡੀ ਬੇਰੁਜ਼ਗਾਰੀ ਅਤੇ ਉਪਲਬਧ ਰੁਜ਼ਗਾਰ ਪ੍ਰਤੀ ਘਟ ਰਿਹਾ ਰੁਝਾਨ
- ਜਨਤਕ ਖੇਤਰ ਵਿਚ ਠੇਕੇ ਅਤੇ ਮੁਢਲੀ ਤਨਖਾਹ 'ਤੇ ਭਰਤੀ
- ਨਸ਼ਿਆਂ ਦਾ ਪ੍ਰਕੋਪ
- ਪਰਵਾਸ (ਸਮੇਤ ਗ਼ੈਰ-ਕਾਨੂੰਨੀ) ਪ੍ਰਤੀ ਵਧਦਾ ਰੁਝਾਨ ਅਤੇ ਸਮਾਜ ਦੇ ਵੱਡੇ ਹਿੱਸੇ ਵਲੋਂ ਪੰਜਾਬ ਨੂੰ ਤਿਆਗਣਾ,
- ਖੇਤੀ ਅਤੇ ਕਿਸਾਨੀ ਸੰਕਟ ਅਤੇ ਇਸ ਨਾਲ ਜੁੜੇ ਹੋਏ ਮੁੱਦੇ ਜਿਵੇਂ ਪਾਣੀ ਦਾ ਡਿੱਗਦਾ ਪੱਧਰ, ਫ਼ਸਲੀ ਵਿਭਿੰਨਤਾ, ਖੇਤੀ ਵਿਚ ਰੁਜ਼ਗਾਰ ਅਤੇ ਆਮਦਨ ਦਾ ਘਟਣਾ ਆਦਿ
- ਉਦਯੋਗਿਕ ਖੇਤਰ ਵਿਚ ਲਘੂ, ਛੋਟੀਆਂ ਅਤੇ ਮੱਧਲੀਆਂ ਉਦਯੋਗਿਕ ਇਕਾਈਆਂ ਦੀਆਂ ਸਮੱਸਿਆਵਾਂ ਪ੍ਰਤੀ ਬੇਰੁਖੀ
- ਗੈਰ ਸੰਗਠਿਤ ਅਤੇ ਸੇਵਾਵਾਂ ਦੇ ਖੇਤਰ ਵਿਚ ਕੰਮ ਕਰਨ ਦੀਆਂ ਮਾੜੀਆਂ ਹਾਲਤਾਂ ਅਤੇ ਘੱਟ ਉਜਰਤਾਂ
- ਕੰਮ ਸੱਭਿਆਚਾਰ ਵਿਚ ਨਿਘਾਰ
- ਜਨਤਕ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਗੁਣਵੱਤਾ ਦਾ ਘਟਣਾ ਅਤੇ ਵੱਡੀ ਪੱਧਰ 'ਤੇ ਖਾਲੀ ਅਸਾਮੀਆਂ ਖਾਲੀ ਰੱਖਣਾ
- ਵੱਡੇ ਪੱਧਰ 'ਤੇ ਰਿਸ਼ਵਤਖੋਰੀ ਅਤੇ ਜਨਤਕ ਵਿਕਾਸ ਕਾਰਜਾਂ ਵਿਚ ਘਪਲੇਬਾਜ਼ੀ
- ਸਭ ਤੋਂ ਵੱਡੀ ਚੁਣੌਤੀ ਸਿਆਸੀ ਜਮਾਤ ਵਿਚ ਸਟੇਟਸਮੈਨ ਲੱਭਣੇ, ਤਾਂ ਕਿ ਪੰਜਾਬ ਦੀ ਨਿੱਘਰੀ ਹੋਈ ਅਤੇ ਪਟੜੀਓਂ ਲੱਥੀ ਸਿਆਸਤ ਨੂੰ ਮੁੜ ਤੋਂ ਠੀਕ ਲੀਹਾਂ 'ਤੇ ਤੋਰਿਆ ਜਾ ਸਕੇ।

ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਸਿਆਸਤ ਨੂੰ ਠੀਕ ਲੀਹਾਂ 'ਤੇ ਤੋਰਨਾ ਪਵੇਗਾ। ਇਸ ਲਈ ਸੰਸਥਾਗਤ ਢਾਂਚਾ ਠੀਕ ਕਰਨਾ, ਨਿਵੇਸ਼ ਲਈ ਹਾਂ-ਪੱਖੀ ਮਾਹੌਲ ਸਥਾਪਤ ਕਰਨਾ, ਟੈਕਸਾਂ ਦੀ ਠੀਕ ਉਗਰਾਹੀ ਕਰਨਾ, ਸਰਕਾਰੀ ਖਜ਼ਾਨੇ ਵਿਚ ਸਮੁੱਚੇ ਸੰਭਾਵਿਤ ਵਿੱਤੀ ਸਾਧਨ ਲਿਆਉਣਾ, ਜਨਤਕ ਵਿੱਤੀ ਸਾਧਨਾਂ ਦਾ ਢੁਕਵਾਂ ਉਪਯੋਗ, ਮੁਫ਼ਤਖੋਰੀਆਂ ਅਤੇ ਸਬਸਿਡੀਆਂ ਨੂੰ ਤਰਕਸ਼ੀਲ ਬਣਾਉਣਾ, ਕੇਂਦਰੀ ਸਕੀਮਾਂ ਤੋਂ ਵੱਧ ਤੋਂ ਵੱਧ ਫਾਇਦਾ ਚੁੱਕਣਾ, ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ, ਖੇਤੀ ਖੇਤਰ ਅਤੇ ਲਘੂ ਅਤੇ ਛੋਟੇ ਉਦਯੋਗਾਂ ਦੀ ਉੱਨਤੀ ਲਈ ਢੁਕਵਾਂ ਮਾਹੌਲ ਤਿਆਰ ਕਰਨਾ, ਵਾਹਗਾ-ਅਟਾਰੀ ਬਾਰਡਰ ਰਾਹੀਂ ਵਪਾਰ ਵਧਾਉਣਾ ਆਦਿ ਕੁਝ ਜ਼ਰੂਰੀ ਪਹਿਲਕਦਮੀਆਂ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਕਰਜ਼ੇ ਦੇ ਬੋਝ ਨੂੰ ਯੋਜਨਾਬੱਧ ਵਿਧੀ ਰਾਹੀਂ ਘਟਾਉਣਾ ਅਤੇ ਸਮੁੱਚੀ ਆਰਥਿਕਤਾ ਦਾ ਵਿਕਾਸ ਅਤਿਅੰਤ ਲਾਜ਼ਮੀ ਹੈ। ਇਸ ਲਈ ਲੋੜੀਂਦੀ ਸਿਆਸੀ ਇੱਛਾ ਸ਼ਕਤੀ ਅਤੇ ਦੂਰ-ਦ੍ਰਿਸ਼ਟੀ ਦਾ ਹੋਣਾ ਪਹਿਲੀ ਸ਼ਰਤ ਹੈ। ਪੰਜਾਬ ਵਿਚ ਨੀਤੀ-ਖੜੋਤ ਨੂੰ ਤੋੜਨਾ ਵੀ ਜ਼ਰੂਰੀ ਹੈ। ਦੇਸ਼ ਦੀ ਅੰਨ-ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਵਿਚ ਅਹਿਮ ਭੂਮਿਕਾ ਨਿਭਾਉਣ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੂੰ ਪੰਜਾਬ ਦੇ ਵਿਕਾਸ ਵੱਲ ਬਣਦਾ ਧਿਆਨ ਅਤੇ ਸਹਿਯੋਗ ਦੇਣ ਦੀ ਵੀ ਜ਼ਰੂਰਤ ਹੈ।

# ਮਨੁੱਖੀ ਜੀਵਨ ਵਿਚ ਧਰਮ ਦੀ ਮਹੱਤਤਾ



**ਜਸਵੰਤ ਸਿੰਘ ਸੈਣੀ**

ਸੰਸਾਰ ਦੇ ਵੱਖ-ਵੱਖ ਪੱਖਾਂ ਦੀ ਜਾਣਕਾਰੀ ਪ੍ਰਾਪਤ ਕਰਦਿਆਂ ਇਹ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਸੰਸਾਰ ਦੇ ਲੋਕਾਂ ਨੇ ਵੱਖ-ਵੱਖ ਧਰਮ ਅਪਣਾਏ ਹੋਏ ਹਨ। ਕਿਸੇ ਧਰਮ ਵਿਸ਼ੇਸ਼ ਦੇ ਧਾਰਨੀ ਬਣਨਾ ਮੋਟੇ ਤੌਰ 'ਤੇ ਦੋ ਗੱਲਾਂ 'ਤੇ ਨਿਰਭਰ ਕਰਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਬੰਦੇ ਦੀ ਪੈਦਾਇਸ਼ ਜਿਸ ਧਰਮ ਦੇ ਮੰਨਣ ਵਾਲੇ ਮਾਤਾ-ਪਿਤਾ ਜਾਂ ਪਰਿਵਾਰ 'ਚ ਹੋਈ ਹੁੰਦੀ ਹੈ, ਉਸ ਵਿਅਕਤੀ ਦਾ ਛੋਟੇ ਹੁੰਦੇ ਹੋਏ ਹੀ ਕੋਈ ਧਰਮ ਵਿਸ਼ੇਸ਼ ਤੈਅ ਹੋ ਜਾਂਦਾ ਹੈ। ਦੂਜੀ ਗੱਲ ਇਹ ਹੈ ਕਿ ਬੰਦਾ ਵੱਡਾ ਹੋ ਕੇ ਕਿਸੇ ਹੋਰ ਧਰਮ ਤੋਂ ਪ੍ਰਭਾਵਿਤ ਹੋ ਕੇ ਆਪਣੇ ਜਨਮ ਤੋਂ ਮਿਲਿਆ ਧਰਮ ਛੱਡ ਦੂਜੇ ਧਰਮ ਨੂੰ ਅਪਣਾਉਂਦਾ ਹੈ। ਕਿਸੇ ਧਰਮ ਵਿਸ਼ੇਸ਼ ਦੇ ਧਾਰਨੀ ਬਣਨਾ ਨਿਰੋਲ ਨਿੱਜੀ ਮਾਮਲਾ ਹੈ। ਕਿਤੇ-ਕਿਤੇ ਫਿਰ ਵੀ ਦਬਾਅ ਥੱਲੇ ਜਾਂ ਮਜਬੂਰੀਵੱਸ ਧਰਮ ਬਦਲਣ ਦੀਆਂ ਗੱਲਾਂ ਵੀ ਵਾਪਰਦੀਆਂ ਹਨ।

ਧਰਮ ਅਸਲ 'ਚ ਕੁਝ ਨਿਯਮਾਂ ਜਾਂ ਸਿਧਾਂਤਾਂ ਦੀ ਪਾਲਣਾ ਕਰਨ ਦਾ ਦੂਜਾ ਨਾਂਅ ਹੈ। ਬਗੈਰ ਕੁਝ ਦੁਨਿਆਵੀ ਨਿਯਮ ਅਪਣਾਇਆਂ ਅੱਛਾ ਸਮਾਜ ਸਿਰਜਿਆ ਹੀ ਨਹੀਂ ਜਾ ਸਕਦਾ। ਦੁਨਿਆਵੀ ਸਮਾਜ ਦੇ ਨਿਰਧਾਰਿਤ ਕੀਤੇ ਨਿਯਮਾਂ ਦੀ ਤੁਲਨਾ 'ਚ ਧਰਮ ਰਾਹੀਂ ਨਿਰਧਾਰਿਤ ਕੀਤੇ ਨਿਯਮ ਜਾਂ ਸਿਧਾਂਤ ਸਭ ਤੋਂ ਜ਼ਿਆਦਾ ਪਿਆਰੇ, ਵਜ਼ਨਦਾਰ ਅਤੇ ਅਸਰਦਾਇਕ ਹੁੰਦੇ ਹਨ। ਧਰਮ ਬੰਦੇ ਨੂੰ ਜੀਵਨ ਜਾਚ ਦੱਸਦਾ ਹੈ ਕਿ ਜੀਵਨ ਕਿਵੇਂ ਜਿਊਣਾ ਚਾਹੀਦਾ ਹੈ। ਧਰਮ ਕੇਵਲ ਦੁਨਿਆਦਾਰੀ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਇਸ 'ਚ ਅਧਿਆਤਮਕ ਜਾਂ ਰੂਹਾਨੀ ਸਿਧਾਂਤਾਂ ਦੀਆਂ ਡੂੰਘੀਆ ਰਮਜ਼ਾਂ ਸ਼ਾਮਿਲ ਹੁੰਦੀਆਂ ਹਨ। ਹਰ ਧਰਮ ਸੱਚ ਦਾ ਪੱਲਾ ਪਕੜ ਕੇ ਜ਼ਿੰਦਗੀ ਜਿਊਣ ਦੀ ਸਿੱਖਿਆ ਦਿੰਦਾ ਹੈ। ਸੱਚ ਦਾ ਸਿਧਾਂਤ ਅਪਨਾਉਣ ਨਾਲ ਹੀ ਬੰਦਾ ਸਬਰ ਸੰਤੋਖ ਅਤੇ ਭਟਕਣ ਰਹਿਤ ਜ਼ਿੰਦਗੀ ਜੀਅ ਸਕਦਾ ਹੈ। ਜੇਕਰ ਧਰਮ ਨਾ ਹੋਵੇ ਤਾਂ ਬੰਦਾ ਝੂਠ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਸਕਦਾ ਹੈ ਅਤੇ ਫਿਰ ਸਮਾਜ 'ਚ ਅਫਰਾ-ਦਫਰੀ ਹੋਣੀ ਯਕੀਨੀ ਹੈ। ਕੇਵਲ ਸੰਸਾਰੀ ਕੰਮਕਾਜ ਰਾਹੀਂ ਹਾਸਿਲ ਕੀਤੀਆਂ ਪ੍ਰਾਪਤੀਆਂ ਦਾ ਕੋਈ ਹੱਦ ਬੰਨ੍ਹਾ ਨਹੀਂ ਹੁੰਦਾ ਅਤੇ ਇੱਛਾਵਾਂ ਦਾ ਹੋਰ ਵਾਧਾ ਹੁੰਦਾ ਰਹਿੰਦਾ ਹੈ। ਮਨ ਦਾ ਟਿਕਾਅ ਪ੍ਰਾਪਤ ਕਰਨ ਵਾਸਤੇ ਕਿਸੇ ਨਾ ਕਿਸੇ ਧਰਮ ਦਾ ਪੱਲਾ ਫੜਨਾ ਪੈਂਦਾ ਹੈ, ਕਿਉਂਕਿ ਧਰਮ ਹੀ ਇਕ ਵਾਹਦ ਤਰੀਕਾ ਹੈ, ਜਿਹੜਾ ਬੰਦੇ ਦੇ ਮਨ ਅੰਦਰ ਸ਼ਾਂਤੀ ਤੇ ਸਬਰ-ਸੰਤੋਖ ਦੀ ਗੱਲ ਵਸਾਉਂਦਾ ਹੈ ਹਰ ਜੀਵਿਤ ਪ੍ਰਾਣੀ ਦੇ ਆਖਰ ਫ਼ਨਾਹ ਹੋਣ ਦੀ ਅਟੱਲ ਸਚਾਈ ਦੀ ਗੱਲ ਧਰਮ ਹੀ ਬੜੀ ਸਹਿਜਤਾ ਨਾਲ ਸਿਖਾਉਂਦਾ ਹੈ । ਦੁਨੀਆ 'ਚ ਕਈ ਧਰਮ ਹੋਂਦ 'ਚ ਆਏ, ਜਿਨ੍ਹਾਂ ਦੀਆਂ ਸਿੱਖਿਆਵਾਂ 'ਚ ਵੀ ਥੋੜ੍ਹਾ-ਬਹੁਤ ਫ਼ਰਕ ਮਿਲਦਾ ਹੈ, ਪਰੰਤੂ ਸਦਾਚਾਰਕ ਜੀਵਨ ਜਿਊਣਾ ਸਾਰੇ ਧਰਮਾਂ 'ਚ ਲਗਪਗ ਇਕੋ ਜਿਹਾ ਹੈ। ਹਰ ਧਰਮ ਦੇ ਸਮੇਂ-ਸਮੇਂ ਸਿਰ ਆਏ ਰਹਿਬਰਾਂ ਦੀਆਂ ਸਿੱਖਿਆਵਾਂ ਰਾਹੀਂ ਮਨੁੱਖ ਜਾਤੀ ਨੂੰ ਲਾਭ ਪੁੱਜਾ ਹੈ ਅਤੇ ਉਸ ਦਾ ਵਿਕਾਸ ਹੋਇਆ ਹੈ। ਤਾਅਸਬ ਜਾਂ ਅੰਧ ਵਿਸ਼ਵਾਸ ਕਰਕੇ ਕਿਸੇ ਧਰਮ ਨੂੰ ਨਿੰਦਣਾ ਬਹੁਤ ਗ਼ਲਤ ਹੈ। ਹਾਂ, ਕਿਸੇ ਧਰਮ 'ਚ ਜਿੱਥੇ-ਜਿੱਥੇ ਆਧੁਨਿਕ ਲੀਹਾਂ ਤੇ ਵਿਵੇਕਸ਼ੀਲ ਬਦਲਾਅ ਜਾਂ ਸੁਧਾਰ ਦੀ ਲੋੜ ਹੈ, ਉਨ੍ਹਾਂ ਸੁਝਾਵਾਂ ਦੀ ਤਰਕ ਨਾਲ ਗੱਲ ਕਰਨੀ ਗ਼ਲਤ ਨਹੀਂ ਹੈ।

ਲਗਪਗ ਸਾਰੇ ਧਰਮ ਅਤੇ ਉਨ੍ਹਾਂ ਨੂੰ ਮੰਨਣ ਵਾਲੀ ਸਮੁੱਚੀ ਲੋਕਾਈ ਰੱਬ ਦੀ ਹੋਂਦ ਨੂੰ ਮੰਨਦੀ ਹੈ। ਸਭ ਧਰਮਾਂ ਦੇ ਪੈਰੋਕਾਰਾਂ ਦਾ ਇਹ ਮੱਤ ਹੈ ਕਿ ਰੱਬ ਦੀ ਹਸਤੀ ਸਮੁੱਚੀ ਸ੍ਰਿਸ਼ਟੀ ਦੀ ਰਚਨਹਾਰ ਅਤੇ ਪਾਲਣਹਾਰ ਹੈ। ਉਹ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ। ਕੁਝ ਲੋਕ ਰੱਬ ਦਾ ਦੂਜਾ ਨਾਂਅ ਕੁਦਰਤ ਵੀ ਦਿੱਤਾ ਜਾਣਾ ਸਹੀ ਸਮਝਦੇ ਹਨ। ਕਿਤੇ-ਕਿਤੇ ਲੋਕੀਂ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ। ਉਨ੍ਹਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ। ਪਰੰਤੂ ਦੁਨੀਆ ਦੇ ਬਹੁਸੰਖਿਆ ਲੋਕੀਂ ਨੇਕ ਇਨਸਾਨ ਬਣਨ ਅਤੇ ਅੱਛੀ ਸਦਾਚਾਰਕ ਜ਼ਿੰਦਗੀ ਜਿਊਣ ਲਈ ਕਿਸੇ ਨਾ ਕਿਸੇ ਧਰਮ ਦਾ ਧਾਰਨੀ ਹੋਣਾ ਜ਼ਰੂਰੀ ਸਮਝਦੇ ਹਨ।

ਪ੍ਰਾਚੀਨ ਸਮੇਂ ਦੇ ਸ਼ੁਰੂਆਤੀ ਦੌਰ 'ਚ ਸੰਸਾਰ 'ਚ ਕੋਈ ਧਰਮ ਨਹੀਂ ਹੁੰਦਾ ਸੀ। ਹੌਲੀ-ਹੌਲੀ ਬਾਅਦ 'ਚ ਅੱਛਾ ਜੀਵਨ ਜਿਊਣ ਲਈ ਪ੍ਰਮਾਤਮਾ ਦੀ ਆਸਥਾ ਲੋਕਾਂ ਦੇ ਮਨਾਂ 'ਚ ਘਰ ਕਰਨ ਲਗ ਪਈ। ਹੌਲੀ-ਹੌਲੀ ਲੋਕਾਂ 'ਚ ਇਹ ਸਮਝ ਪੈਣੀ ਸ਼ੁਰੂ ਹੋ ਗਈ ਕਿ ਅੱਛਾ ਜੀਵਨ ਜਿਊਣਾ ਤਾਂ ਹੀ ਸੰਭਵ ਹੋਵੇਗਾ, ਜੇਕਰ ਸਮਾਜ ਦੇ ਲੋਕੀਂ ਆਪਸ 'ਚ ਮੇਲ ਮਿਲਾਪ ਅਤੇ ਮਿੱਠ-ਪਿਆਰ ਨਾਲ ਰਹਿਣ। ਸੁੱਖ-ਸ਼ਾਂਤੀ ਨਾਲ ਜਿਊਣ ਲਈ ਧਰਮ ਨੂੰ ਅਪਨਾਉਣ ਤੇ ਉਸ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਵਿਚਾਰਧਾਰਾ ਨੂੰ ਸਹੀ ਪਾਇਆ ਗਿਆ।

ਅੱਡ-ਅੱਡ ਧਰਮਾਂ ਦੀ ਹੋਂਦ ਬਾਰੇ ਹੋਰ ਵਿਸਤ੍ਰਿਤ ਗਿਆਨ ਪ੍ਰਾਪਤ ਕਰਨ ਲਈ ਸੰਸਾਰ ਦੇ ਪ੍ਰਾਚੀਨ ਇਤਿਹਾਸ ਬਾਰੇ ਗੱਲ ਕਰਨ ਦੀ ਲੋੜ ਹੈ। ਹਜ਼ਾਰਾਂ ਸਾਲ ਪਹਿਲਾਂ ਸੰਸਾਰ ਵੱਖਰੇ ਕਿਸਮ ਦਾ ਸੀ। ਪੁਰਾਤਨ ਸਮਿਆਂ 'ਚ ਸੰਸਾਰ ਅਸਲ 'ਚ ਲੜਾਈ-ਝਗੜਿਆਂ ਅਤੇ ਆਪਸੀ ਤਾਕਤ ਦੀ ਕਸ਼ਮਕਸ਼ ਦਾ ਅਖਾੜਾ ਹੁੰਦਾ ਸੀ। ਦੁਨੀਆ 'ਚ ਚਾਰ ਚੁਫੇਰੇ ਅਫਰਾ-ਤਫਰੀ ਅਤੇ ਬੇਤਰਤੀਬੀ ਦਾ ਆਲਮ ਸੀ। ਉਦੋਂ ਜੀਵਤ ਪ੍ਰਾਣੀਆਂ ਦਾ ਇਕੋ-ਇਕ ਮਕਸਦ ਹੁੰਦਾ ਸੀ ਕਿ ਕਿਸੇ ਵੀ ਕੀਮਤ 'ਤੇ ਆਪਣੀ ਪੇਟ ਦੀ ਅੱਗ ਬੁਝਾਉਣੀ ਅਤੇ ਆਪਣੇ-ਆਪ ਨੂੰ ਜਿਊਂਦਾ ਰੱਖਣਾ। ਜੰਗਲੀ ਜਾਨਵਰ, ਪੰਛੀ, ਕੀੜੇ-ਮਕੌੜੇ ਆਦਿ ਜੀਵਤ ਪ੍ਰਾਣੀ ਜਿਹੜੇ ਸਰੀਰੋਂ ਤਕੜੇ ਹੁੰਦੇ ਸਨ, ਉਹ ਆਪਣੇ ਤੋਂ ਕਮਜ਼ੋਰ ਨੂੰ ਜਾਨੋਂ ਮਾਰ ਕੇ ਉਨ੍ਹਾਂ ਦਾ ਖ਼ੂਨ, ਮਾਸ, ਆਦਿ ਖਾ ਕੇ ਆਪਣਾ ਪੇਟ ਭਰਦੇ ਸਨ। 'ਤਕੜਾ ਹੀ ਜਿਊਂਦਾ ਰਹਿ ਸਕਦਾ ਸੀ' ਦਾ ਬੋਲਬਾਲਾ ਸੀ। ਮਨੁੱਖ ਜਾਤੀ ਦੇ ਪ੍ਰਾਣੀਆਂ ਦੀ ਮਾਨਸਿਕਤਾ ਵੀ ਇਹੋ ਸੀ ਕਿ ਖਾਣ ਲਈ ਹੀ ਜ਼ਿੰਦਗੀ ਜਿਊਣੀ ਹੁੰਦੀ ਹੈ ਨਾ ਕਿ ਸਰੀਰ ਦੀ ਲੋੜ ਪੂਰੀ ਕਰਨ ਲਈ ਹੀ ਖਾਣਾ ਖਾਣਾ ਜ਼ਰੂਰੀ ਹੁੰਦਾ ਹੈ। ਉਸ ਜ਼ਮਾਨੇ ਦੇ ਲੋਕਾਂ ਦੇ ਆਪਸੀ ਝਗੜੇ ਜ਼ਰ, ਜ਼ੋਰੂ ਅਤੇ ਜ਼ਮੀਨ ਪ੍ਰਾਪਤੀ ਵਾਸਤੇ ਹੀ ਹੋਇਆ ਕਰਦੇ ਸਨ ਜਾਂ ਇਹ ਕਹਿ ਲਓ ਕਿ ਵਧ ਤੋਂ ਵਧ ਧਨ-ਦੌਲਤ, ਜ਼ਮੀਨ-ਜਾਇਦਾਦ ਅਤੇ ਸੋਹਣੀ ਲੱਗਣ ਵਾਲੀ ਔਰਤ ਨੂੰ ਆਪਣੇ ਕਬਜ਼ੇ 'ਚ ਕਰਨਾ ਹੁੰਦਾ ਸੀ ਪਰੰਤੂ ਇਹ ਸਾਰਾ ਕੁਝ ਬੇਤਰਤੀਬੇ ਅਤੇ ਹਫੜਾ-ਦਫੜੀ 'ਚ ਹੀ ਕੀਤਾ ਜਾਂਦਾ ਸੀ ਅਤੇ ਚਾਰ-ਚੁਫੇਰੇ ਅਨੁਸ਼ਾਸਨਹੀਣਤਾ ਦਾ ਪਸਾਰਾ ਹੀ ਵੇਖਣ ਨੂੰ ਮਿਲਦਾ ਸੀ। ਇਸ ਨੂੰ 'ਜੰਗਲ ਰਾਜ' ਵੀ ਕਿਹਾ ਜਾਂਦਾ ਹੈ। ਉਨ੍ਹਾਂ ਪੁਰਾਤਨ ਸਮਿਆਂ 'ਚ ਲੋਕੀਂ ਸੱਭਿਅਕ ਨਹੀਂ ਹੁੰਦੇ ਸਨ। ਸ਼ਕਤੀ ਪ੍ਰਦਰਸ਼ਨ ਕਰਨਾ ਅਤੇ ਲੜਾਈ-ਝਗੜੇ ਕਰਨਾ ਆਮ ਗੱਲ ਸੀ। ਕਿਸੇ ਕਾਨੂੰਨੀ ਵਿਵਸਥਾ ਦੇ ਨਾ ਹੁੰਦਿਆਂ ਚਾਰ ਚੁਫੇਰੇ ਖਿਚੜੀ ਪੱਕ ਰਹੀ ਹੁੰਦੀ ਸੀ। ਸਮਾਜ ਨੂੰ ਸੱਭਿਅਕ ਬਣਾਉਣ ਅਤੇ ਅਨੁਸ਼ਾਸਨਬੱਧ ਕਰਨ ਲਈ ਆਮ ਲੋਕਾਂ ਨੂੰ ਸਾਂਝੇ ਨਿਯਮਾਂ 'ਤੇ ਸਹਿਮਤ ਹੋਣ ਦੀ ਸਖ਼ਤ ਲੋੜ ਸੀ। ਇਹ ਮਹਾਨ ਕਾਰਜ ਕੇਵਲ ਧਰਮ ਹੀ ਕਰ ਸਕਦਾ ਸੀ, ਕਿਉਂਕਿ ਇਕੱਲੇ-ਦੁਕੱਲੇ ਮਨੁੱਖ ਦੀ ਕੋਈ ਗੱਲ ਸੁਣਨ ਜਾਂ ਮੰਨਣ ਲਈ ਤਿਆਰ ਨਹੀਂ ਸੀ। ਇਸ ਸਭ ਕੁਝ ਲਈ ਧਰਮ ਰਾਹੀਂ ਹੀ ਵੱਡੀ ਦਾਰਸ਼ਨਿਕ ਵਿਚਾਰਧਾਰਾ ਪੈਦਾ ਕੀਤੀ ਜਾ ਸਕਦੀ ਸੀ। ਰੱਬ ਨੂੰ ਮੰਨਣ ਵਾਲੇ ਇਨ੍ਹਾਂ ਦੈਵੀ ਗੁਣਾਂ ਨੂੰ ਸੰਗ੍ਰਹਿਤ ਕਰਕੇ ਸਿਧਾਂਤਾਂ ਦਾ ਨਾਂਅ ਦਿੰਦੇ ਹਨ ਅਤੇ ਉਹ ਸਿਧਾਂਤ ਹੀ ਕੋਈ ਧਰਮ ਵਿਸ਼ੇਸ਼ ਕਹਿਲਾਉਂਦਾ ਸੀ।

ਇਨਸਾਨੀ ਹੋਂਦ ਦੇ ਰਹੱਸ ਦੀਆਂ ਗੁੱਥੀਆਂ ਧਰਮ ਹੀ ਖੋਲ੍ਹਦੇ ਹਨ। ਇਹ ਠੀਕ ਹੈ ਕਿ ਮਨੁੱਖ ਹੋਰ ਜੀਵਿਤ ਪ੍ਰਾਣੀਆਂ ਦੀ ਤਰ੍ਹਾਂ ਕੁਦਰਤ ਜਾਂ ਜੀਵ ਵਿਗਿਆਨ ਦੀ ਉਪਜ ਹੈ, ਪਰੰਤੂ ਉਸ 'ਚ ਰੂਹਾਨੀ ਵਿਲੱਖਣ ਗੁਣ ਵੀ ਹਨ, ਜਿਨ੍ਹਾਂ ਨੂੰ ਕਿ ਕੇਵਲ ਧਰਮ ਦੇ ਦੈਵੀ ਗੁਣ ਹੀ ਕਿਸੇ ਅੰਜਾਮ ਤੱਕ ਪਹੁੰਚਾ ਸਕਦੇ ਹਨ। ਦੁਨੀਆ ਦੇ ਕਿਸੇ ਵੀ ਜ਼ਮਾਨੇ 'ਚ ਜਾਂ ਉਸ ਦੇ ਕਿਸੇ ਪੜਾਓ 'ਚ ਅੱਛਾ ਸਫਲ ਜੀਵਨ ਜਿਊਣ ਵਾਸਤੇ ਇਹ ਗੁਣ ਜ਼ਰੂਰੀ ਹਨ। ਇਨ੍ਹਾਂ ਗੁਣਾਂ ਦੀ ਸਿੱਖਿਆ ਧਰਮ ਨੂੰ ਅਪਨਾਉਣ ਨਾਲ ਸਹਿਜੇ ਹੀ ਹੋ ਜਾਂਦੀ ਹੈ। ਬੰਦੇ ਦੇ ਮਨ 'ਚ ਇਕ ਸੋਚ ਜਗ੍ਹਾ ਬਣਾ ਲੈਂਦੀ ਹੈ ਕਿ ਜੇਕਰ ਬੰਦਾ ਕੋਈ ਅਨੈਤਿਕ ਕੰਮ ਕਰਦਾ ਹੈ ਤਾਂ ਉਹ ਰੱਬ ਤੋਂ ਛੁਪਿਆ ਨਹੀਂ ਰਹਿ ਸਕਦਾ ਅਤੇ ਰੱਬ ਉਸ ਨੂੰ ਉਸ ਗ਼ਲਤ ਕੰਮ ਦੀ ਸਜ਼ਾ ਦਿੰਦਾ ਹੈ। ਆਧੁਨਿਕ ਸਮੇਂ ਵੀ ਜਦੋਂ ਲੋਕਾਈ ਪਦਾਰਥਵਾਦ ਅਤੇ ਆਪਣੇ ਸਵਾਰਥ ਪੂਰੇ ਕਰਨ 'ਚ ਗ਼ਲਤਾਨ ਹੈ, ਤਾਂ ਕੇਵਲ ਧਰਮ ਹੀ ਹੈ, ਜਿਹੜਾ ਬੰਦੇ ਨੂੰ ਪੂਜਾ-ਪਾਠ ਕਰਨ, ਨਾਮ ਜਪਣ ਅਤੇ ਧਿਆਨ ਕਰਨ ਰਾਹੀਂ ਵਿਕਾਰਾਂ ਦੇ ਚਿੱਕੜ ਵਿਚੋਂ ਕੱਢ ਸਕਦਾ ਹੈ ।

ਜੋ ਵੀ ਬੰਦਾ ਧਰਤੀ 'ਤੇ ਜਨਮ ਲੈਂਦਾ ਹੈ ਆਖਰ ਇਕ ਨਾ ਇਕ ਦਿਨ ਉਹ ਧਰਤੀ ਤੋਂ ਵਿਦਾ ਹੁੰਦਾ ਹੈ। ਦੁਨੀਆ ਤੋਂ ਸਦਾ ਲਈ ਚਲੇ ਜਾਣ ਦੀ ਅਟੱਲ ਸਚਾਈ ਨੂੰ ਬਰਦਾਸ਼ਤ ਕਰਨਾ ਹਰ ਇਕ ਲਈ ਬਹੁਤ ਚਿੰਤਾ ਵਾਲੀ ਗੱਲ ਹੁੰਦੀ ਹੈ। ਦੁਨੀਆ ਤੋਂ ਸਦਾ ਲਈ ਚਲੇ ਜਾਣ ਲਈ ਮਨ ਥੋੜ੍ਹਾ ਖਹਿੜਾ ਤਿਆਰ ਨਹੀਂ ਹੁੰਦਾ। ਹਰ ਇਕ ਬੰਦਾ ਹੋਰ ਜਿਊਣ ਦੀ ਖਵਾਹਿਸ਼ ਮਨ 'ਚ ਸਮੋਈ ਰੱਖਦਾ ਹੈ। ਇਸ ਵੱਡੀ ਕਿਆਮਤ ਦੇ ਵਾਪਰਨ ਦੀ ਤਿਆਰੀ ਲਈ ਧਰਮ ਨੂੰ ਅਪਨਾਉਣ ਤੋਂ ਬਿਨਾਂ ਹੋਰ ਕੋਈ ਮੰਤਰ ਨਹੀਂ ਹੈ। ਇਹ ਸਿਰਫ ਧਰਮ ਹੀ ਹੈ, ਜੋ ਕਿ ਬੰਦੇ 'ਚ ਬਰਦਾਸ਼ਤ ਕਰਨ ਦਾ ਮਾਦਾ, ਤਿਆਗ ਦੀ ਭਾਵਨਾ ਅਤੇ ਰੱਬ ਦਾ ਭਾਣਾ ਮੰਨਣ ਦਾ ਬਲ ਬਖਸ਼ਦਾ ਹੈ। ਧਰਮ ਹੀ ਇਕ ਅਜਿਹਾ ਮੰਤਰ ਹੈ, ਜਿਹੜਾ ਕਿ ਬੰਦੇ ਨੂੰ ਚੈਨ ਅਤੇ ਸ਼ਾਂਤੀ ਨਾਲ ਸਰੀਰ ਤਿਆਗਣ ਅਤੇ ਦੁਨੀਆ ਛੱਡਣ ਦੀ ਸੱਚਾਈ ਉਸ ਦੇ ਮਨ ਵਸਾਉਂਦਾ ਹੈ।

ਪਰਵਰਦਿਗਾਰ ਜਾਂ ਕੁਦਰਤ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਜਿਸ 'ਚ ਅਨੇਕ ਜੀਵ-ਜੰਤੂ ਹੁੰਦੇ ਹਨ, ਬੰਦਾ ਉਨ੍ਹਾਂ 'ਚੋਂ ਇਕ ਹੈ। ਸਾਨੂੰ ਸਾਰੇ ਜੀਆਂ ਨੂੰ ਇਕੋ ਜਿਹਾ ਸਮਝਣਾ ਚਾਹੀਦਾ ਹੈ, ਪਰੰਤੂ ਅਸੀਂ ਏਨੇ ਸਵਾਰਥੀ ਹੋ ਜਾਂਦੇ ਹਾਂ ਕਿ ਸਾਨੂੰ ਸਿਰਫ ਆਪਣਾ ਆਪ ਹੀ ਵਿਖਾਈ ਦਿੰਦਾ ਹੈ ਅਤੇ ਹੋਰ ਸਹਿ ਜੀਵਿਆਂ ਬਾਰੇ ਅਸੀਂ ਕੋਈ ਪਰਵਾਹ ਨਹੀਂ ਕਰਦੇ। ਹੋਰ ਸਹਿ ਜੀਵਿਆਂ ਦੇ ਦੁੱਖ ਤਕਲੀਫਾਂ ਦੇ ਅਸੀਂ ਭਾਈਵਾਲ ਬਣ ਸਕੀਏ ਇਹ ਭਾਵਨਾ ਕੇਵਲ ਤੇ ਕੇਵਲ ਧਰਮ ਦੇ ਧਾਰਨੀ ਬਣ ਕੇ ਹੀ ਹੋ ਸਕਦੀ ਹੈ। ਗ਼ੈਰ-ਧਰਮੀ ਬੰਦਾ ਇਹ ਸਭ ਕੁਝ ਸੋਚਣਾ ਜ਼ਰੂਰੀ ਨਹੀਂ ਸਮਝਦਾ। ਇਸ ਤਰ੍ਹਾਂ ਦੇ ਨੈਤਿਕ ਗੁਣਾਂ ਦਾ ਹੋਣਾ ਕੇਵਲ ਧਰਮ ਦੇ ਦਾਇਰੇ 'ਚ ਹੀ ਆਉਂਦਾ ਹੈ, ਸ਼ਾਇਦ ਹੋਰ ਕਿਸੀ ਜੀਵਨ ਸ਼ੈਲੀ ਰਾਹੀਂ ਨਹੀਂ।

ਦੁਨੀਆ 'ਚ ਕਈ ਧਰਮਾਂ ਦੀ ਉਤਪਤੀ ਹੋਈ। ਇਹ ਉਤਪਤੀ ਕੋਈ ਇਕ ਹੀ ਸਮੇਂ ਨਹੀਂ ਹੋਈ, ਸਗੋਂ ਕੁਝ-ਕੁਝ ਵਕਫੇ ਬਾਅਦ ਅਲੱਗ-ਅਲੱਗ ਪ੍ਰਿਸਥਿਤੀਆਂ 'ਚ ਹੁੰਦੀ ਰਹੀ। ਸੰਖੇਪ 'ਚ ਗੱਲ ਕਰੀਏ ਤਾਂ ਭਾਰਤ 'ਚ ਹਿੰਦੂ ਮੱਤ ਜਾਂ ਸਨਾਤਨ ਧਰਮ ਬਹੁਤ ਪ੍ਰਾਚੀਨ ਧਰਮ ਹੈ। ਵੇਦਾਂ, ਪੁਰਾਣਾਂ ਦੇ ਉਪਦੇਸ਼ਾਂ ਨਾਲ ਮਨੁੱਖ ਦੀ ਅਧਿਆਤਮਕ ਸ਼ਕਤੀ 'ਚ ਵਾਧਾ ਹੋਇਆ ਹੈ ਅਤੇ ਆਤਮਿਕ ਬਲ ਮਿਲਿਆ ਹੈ। ਸਿੱਖ ਮੱਤ ਨੇ ਕਿਰਤ ਕਰਨ ਜਾਂ ਦਸਾਂ ਨਹੁੰਆਂ ਦੀ ਮਿਹਨਤ ਕਰਨ ਨਾਲ ਬੰਦੇ ਨੂੰ ਸਾਫ-ਸੁਥਰੀ ਅਤੇ ਅਣਖ ਭਰਪੂਰ ਜ਼ਿੰਦਗੀ ਜਿਊਣ ਦਾ ਵਲ਼ ਦੱਸਿਆ ਅਤੇ ਜਬਰ-ਜ਼ੁਲਮ ਨਾ ਕਰਨ ਅਤੇ ਨਾ ਬਰਦਾਸ਼ਤ ਕਰਨ ਅਤੇ ਸਰਬੱਤ ਦੇ ਭਲੇ ਦਾ ਪਾਠ ਪੜ੍ਹਾਇਆ। ਇਸਲਾਮ ਮਜ਼ ?ਹਬ ਨੇ ਮਨੁੱਖ ਨੂੰ ਇਮਾਨ, ਇਖਲਾਕ ਨਾਲ ਜਿਊਣ ਦਾ ਸਬਕ ਪੜ੍ਹਾਇਆ। ਬੁੱਧ ਮੱਤ ਨੇ ਹਮੇਸ਼ਾ ਸੱਚ 'ਤੇ ਪਹਿਰਾ ਦੇਣ ਦੀ ਗੱਲ ਆਖੀ ਅਤੇ ਇਸਾਈ ਮੱਤ ਨੇ ਸਭ ਨੂੰ ਪਿਆਰ ਕਰਨ ਅਤੇ ਗੁਨਾਹਗਾਰ ਨੂੰ ਮੁਆਫ਼ ਕਰਨ ਦੀ ਗੱਲ ਕਹੀ। ਜੇਕਰ ਮਨੁੱਖ ਨੇ ਕਿਸੇ ਵੀ ਖੇਤਰ 'ਚ ਕਾਮਯਾਬੀ ਹਾਸਿਲ ਕਰਨੀ ਹੈ ਤਾਂ ਉਸ ਖੇਤਰ ਦੀ ਤਕਨੀਕੀ ਮੁਹਾਰਤ, ਅਭਿਆਸ ਅਤੇ ਪੂਰੀ ਪ੍ਰਤੀਬੱਧਤਾ ਨਾਲ ਮਿਹਨਤ ਕਰਨ ਦੀ ਲੋੜ ਹੁੰਦੀ ਹੈ। ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਕਾਮਯਾਬੀ ਲਈ ਆਤਮ ਵਿਸ਼ਵਾਸ ਦੀ ਲੋੜ ਹੁੰਦੀ ਹੈ। ਆਤਮ ਵਿਸ਼ਵਾਸ ਅੰਦਰੂਨੀ ਸ਼ਕਤੀ ਤੋਂ ਮਿਲਦਾ ਹੈ ਅਤੇ ਇਸ ਅੰਦਰੂਨੀ ਸ਼ਕਤੀ ਦਾ ਸਰੋਤ ਕੇਵਲ ਤੇ ਕੇਵਲ ਧਰਮ ਹੀ ਹੁੰਦਾ ਹੈ।

ਇਸ ਸੰਬੰਧੀ ਅਲੱਗ-ਅਲੱਗ ਧਰਮਾਂ ਦੀਆਂ ਅਨੇਕ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਵੇਂ ਸਿੱਖ ਧਰਮ ਅਨੁਸਾਰ ਮਾੜੇ ਹਾਲਾਤ ਜਾਂ ਮੁਸੀਬਤ 'ਚ ਵੀ ਬੰਦੇ ਨੂੰ ਚੜ੍ਹਦੀ ਕਲਾ 'ਚ ਰਹਿਣਾ ਸਿਖਾਉਂਦਾ ਹੈ। ਮਨ ਨੂੰ ਖੜ੍ਹਾ ਰੱਖਦੇ ਹੋਏ ਜਬਰ, ਜ਼ੋਰ ਅਤੇ ਜ਼ਿਆਦਤੀਆਂ ਦੇ ਖ਼ਿਲਾਫ਼ ਸ਼ਹੀਦੀਆਂ ਦੇਣ ਦੀ ਲੋੜ ਪਵੇ ਤਾਂ ਇਹ ਧਰਮ ਆਪਣੇ ਸ਼ਰਧਾਲੂਆ ਨੂੰ ਤਿਆਰ ਕਰਦਾ ਹੈ। ਧਰਮ ਤੋਂ ਨਾਬਰ ਬੰਦਾ ਇਹ ਸਭ ਕੁਝ ਨਹੀਂ ਕਰ ਸਕਦਾ। ਧਰਮ ਬੰਦੇ ਨੂੰ ਨਿੱਜ ਤੋਂ ਉੱਪਰ ਉੱਠ ਕੇ ਜਿਊਣਾ ਅਤੇ ਉਸ ਪਰਵਰਦਗਾਰ ਦੀ ਰਚਨਾ ਸਮੁੱਚੀ ਸ੍ਰਿਸ਼ਟੀ ਦੇ ਜੀਆਂ ਦੀ ਭਲਾਈ ਹਿੱਤ ਕੰਮ ਆਉਣਾ ਸਿਖਾਉਂਦਾ ਹੈ। ਧਰਮ ਅਪਨਾਉਣ ਨਾਲ ਹੀ ਸੰਸਾਰੀ ਲੋਕ ਸੰਤੁਸ਼ਟ ਅਤੇ ਸਫਲ ਜੀਵਨ ਜੀਅ ਸਕਦੇ ਹਨ। ਬਗੈਰ ਧਰਮ ਅਪਣਾਇਆਂ ਜ਼ਿੰਦਗੀ ਸਾਂਵੀਂ ਪੱਧਰੀ ਹੋ ਹੀ ਨਹੀਂ ਸਕਦੀ।

# ਹਮਾਸ ਫਲਸਤੀਨੀ ਕੈਦੀਆਂ ਦੀ ਰਿਹਾਈ ਦੇ ਬਦਲੇ ਚਾਰ ਇਜ਼ਰਾਈਲੀ ਬੰਧਕਾਂ ਦੀਆਂ ਸੌਂਪੇਗਾ ਲਾਸ਼ਾਂ



ਯੇਰੂਸ਼ਲਮ : ਸੈਂਕੜੇ ਫਲਸਤੀਨੀ ਕੈਦੀਆਂ ਦੀ ਰਿਹਾਈ ਦੇ ਬਦਲੇ ਹਮਾਸ ਵੀਰਵਾਰ ਨੂੰ ਆਪਣੇ ਚਾਰ ਬੰਧਕਾਂ ਦੀਆਂ ਲਾਸ਼ਾਂ ਇਜ਼ਰਾਈਲ ਨੂੰ ਸੌਂਪ ਦੇਵੇਗਾ। ਫਲਸਤੀਨੀ ਅੱਤਵਾਦੀ ਸਮੂਹ ਨੇ ਇਹ ਐਲਾਨ ਗਾਜ਼ਾ ਪੱਟੀ ਵਿੱਚ ਜੰਗ ਰੋਕਣ ਲਈ ਇਜ਼ਰਾਈਲ ਨਾਲ ਜੰਗਬੰਦੀ ਸਮਝੌਤੇ ਦੇ ਪਹਿਲੇ ਪੜਾਅ ਦੇ ਅੰਤ ਤੋਂ ਕੁਝ ਦਿਨ ਪਹਿਲਾਂ ਬੁੱਧਵਾਰ ਨੂੰ ਕੀਤਾ।

ਇਜ਼ਰਾਈਲ ਨੇ ਸ਼ਨੀਵਾਰ ਤੋਂ ਲਗਭਗ 600 ਫਲਸਤੀਨੀ ਕੈਦੀਆਂ ਦੀ ਰਿਹਾਈ ਨੂੰ ਮੁਲਤਵੀ ਕਰ ਦਿੱਤਾ ਹੈ। ਇਸਨੇ ਹਮਾਸ 'ਤੇ ਬੰਧਕਾਂ ਦੀ ਰਿਹਾਈ ਦੌਰਾਨ ਉਨ੍ਹਾਂ ਨਾਲ ਬੇਰਹਿਮ ਵਿਵਹਾਰ ਕਰਨ ਦਾ ਦੋਸ਼ ਲਗਾਉਂਦੇ ਹੋਏ ਇਹ ਕਦਮ ਚੁੱਕਿਆ ਹੈ। ਹਮਾਸ ਨੇ ਕਿਹਾ ਕਿ ਕੈਦੀਆਂ ਦੀ ਰਿਹਾਈ ਵਿੱਚ ਦੇਰੀ ਜੰਗਬੰਦੀ ਸਮਝੌਤੇ ਦੀ 'ਗੰਭੀਰ ਉਲੰਘਣਾ' ਹੈ ਅਤੇ ਜਦੋਂ ਤੱਕ ਫਲਸਤੀਨੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਗੱਲਬਾਤ ਦਾ ਦੂਜਾ ਪੜਾਅ ਸੰਭਵ ਨਹੀਂ ਹੈ। ਹਮਾਸ ਦੇ ਬੁਲਾਰੇ ਅਬਦੁਲ ਲਤੀਫ ਅਲ-ਕਾਨੋ ਨੇ ਬੁੱਧਵਾਰ ਨੂੰ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਸਮੂਹ ਵੀਰਵਾਰ ਨੂੰ ਚਾਰ ਬੰਧਕਾਂ ਦੀਆਂ ਲਾਸ਼ਾਂ ਇਜ਼ਰਾਈਲ ਨੂੰ ਸੌਂਪ ਦੇਵੇਗਾ।

# 20 ਫੀਸਦੀ ਟੁੱਟਿਆ ਬਿਟਕੁਆਇਨ; ਹਜ਼ਾਰਾਂ ਨਿਵੇਸ਼ਕ ਫਸੇ



ਨਵੀਂ ਦਿੱਲੀ : ਅਮਰੀਕਾ 'ਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਆਸਮਾਨ 'ਤੇ ਚੜ੍ਹਿਆ ਬਿਟਕੁਆਇਨ ਟਰੰਪ ਦੇ ਸੱਤਾ ਸੰਭਾਲਣ ਦੇ ਇਕ ਮਹੀਨੇ ਦੇ ਅੰਦਰ ਹੀ ਢੇਰ ਹੋ ਗਿਆ। ਮੰਗਲਵਾਰ ਨੂੰ ਬਿਟਕੁਆਇਨ ਦੀ ਕੀਮਤ 'ਚ 8 ਫੀਸਦੀ ਦੀ ਗਿਰਾਵਟ ਦੇਖਣ ਨੂੰ ਮਿਲੀ ਅਤੇ ਇਹ 87,183 ਡਾਲਰ ਪ੍ਰਤੀ ਬਿਟਕੁਆਇਨ 'ਤੇ ਪਹੁੰਚ ਗਈ।

20 ਜਨਵਰੀ ਨੂੰ ਜਿਸ ਦਿਨ ਟਰੰਪ ਨੇ ਸੱਤਾ ਸੰਭਾਲੀ ਸੀ, ਉਸ ਦਿਨ ਬਿਟਕੁਆਇਨ ਦੀ ਕੀਮਤ 1,09,114.88 ਡਾਲਰ ਦੇ ਆਲ ਟਾਈਮ ਹਾਈ 'ਤੇ ਪਹੁੰਚ ਗਈ ਸੀ ਪਰ ਪਿਛਲੇ ਇਕ ਮਹੀਨੇ ਤੋਂ ਇਸ 'ਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ ਅਤੇ ਇਹ ਆਪਣੇ ਉੱਚਤਮ ਪੱਧਰ ਤੋਂ 20 ਫੀਸਦੀ ਹੇਠਾਂ ਡਿੱਗ ਚੁੱਕੀ ਹੈ।

ਜੇ ਭਾਰਤੀ ਰੁਪਏ ਦੇ ਸਬੰਧ 'ਚ ਬਿਟਕੁਆਇਨ ਦੀ ਕੀਮਤ ਦੀ ਗੱਲ ਕੀਤੀ ਜਾਵੇ ਤਾਂ 20 ਜਨਵਰੀ ਨੂੰ ਇਕ ਬਿਟਕੁਆਇਨ ਦੀ ਕੀਮਤ 95,14,571 ਰੁਪਏ ਸੀ, ਜੋ 25 ਫਰਵਰੀ ਨੂੰ 75,75,190 ਰੁਪਏ ਰਹਿ ਗਈ ਹੈ। ਜੇ ਕਿਸੇ ਭਾਰਤੀ ਨਿਵੇਸ਼ਕ ਨੇ ਪਿਛਲੇ ਮਹੀਨੇ ਇਕ ਬਿਟਕੁਆਇਨ ਖਰੀਦਿਆ ਹੋਵੇ ਤਾਂ ਉਸ 'ਤੇ ਨਿਵੇਸ਼ਕਾਂ ਨੂੰ ਲੱਗਭਗ 20 ਲੱਖ ਰੁਪਏ ਦਾ ਘਾਟਾ ਪੈ ਚੁੱਕਾ ਹੈ ਅਤੇ ਕੀਮਤਾਂ 'ਚ ਗਿਰਾਵਟ ਅਜੇ ਵੀ ਰੁਕਣ ਦਾ ਨਾਂ ਨਹੀਂ ਲੈ ਰਹੀ। ਬਿਟਕੁਆਇਨ ਵਾਂਗ ਹੋਰ ਕ੍ਰਿਪਟੋ ਕਰੰਸੀ 'ਚ ਵੀ ਗਿਰਾਵਟ ਦਾ ਰੁਖ ਬਣਿਆ ਹੋਇਆ ਹੈ ਅਤੇ ਹਜ਼ਾਰਾਂ ਨਿਵੇਸ਼ਕ ਕ੍ਰਿਪਟੋ ਕਰੰਸੀ 'ਚ ਉਪਰਲੇ ਪੱਧਰ 'ਤੇ ਫਸ ਗਏ ਹਨ।

**ਨਵੰਬਰ 'ਚ ਆਈ ਤੇਜ਼ੀ :** ਅਮਰੀਕਾ 'ਚ ਰਾਸ਼ਟਰਪਤੀ ਚੋਣ ਦੇ ਨਤੀਜੇ 5 ਨਵੰਬਰ ਨੂੰ ਆਏ ਸਨ ਅਤੇ ਇਨ੍ਹਾਂ ਨਤੀਜਿਆਂ ਤੋਂ ਬਾਅਦ ਹੀ ਬਿਟਕੁਆਇਨ 'ਚ ਤੇਜ਼ੀ ਸ਼ੁਰੂ ਹੋਈ। 5 ਨਵੰਬਰ ਨੂੰ ਇਕ ਬਿਟਕੁਆਇਨ ਲੱਗਭਗ 67,800 ਡਾਲਰ 'ਤੇ ਸੀ ਅਤੇ ਟਰੰਪ ਦੇ ਸੱਤਾ ਸੰਭਾਲਣ ਦੇ ਦਿਨ (20 ਜਨਵਰੀ ਤੱਕ) ਬਿਟਕੁਆਇਨ ਦੀ ਕੀਮਤ 'ਚ 32,000 ਡਾਲਰ ਦੀ ਤੇਜ਼ੀ ਦੇਖੀ ਗਈ ਪਰ ਹੁਣ ਬਿਟਕੁਆਇਨ ਲਗਾਤਾਰ ਕਮਜ਼ੋਰ ਹੋ ਰਿਹਾ ਹੈ, ਜਿਸ ਨਾਲ ਨਿਵੇਸ਼ਕਾਂ ਨੂੰ ਨੁਕਸਾਨ ਹੋ ਰਿਹਾ ਹੈ।

# ਵੀਰ ਲਿਆਇਆ ਨੀ ਚੰਨ ਵਰਗੀ ਭਰਜਾਈ

ਪੰਜਾਬੀ ਸਮਾਜ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਨਾਨਕਿਆਂ ਅਤੇ ਦਾਦਕਿਆਂ ਨਾਲ ਸੰਬੰਧਤ ਹਰ ਰਿਸ਼ਤੇ ਲਈ ਵੱਖਰਾ ਨਾਂਅ ਨਿਸਚਿਤ ਹੈ। ਜਨਮ, ਵਿਆਹ ਅਤੇ ਮੌਤ ਦੀਆਂ ਗੀਤਾਂ-ਰਸਮਾਂ ਦੌਰਾਨ ਇਹ ਰਿਸ਼ਤੇ ਆਪੋ-ਆਪਣੀ ਕਾਰਜੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ। ਪਿਛਲੇ ਦਿਨੀਂ ਭਣੇਵੇਂ ਦੇ ਵਿਆਹ 'ਤੇ ਬੇਟੀ ਨਾਲ ਗੁਰਦਾਸਪੁਰ ਜਾਣ ਦਾ ਸਬੱਬ ਬਣਿਆ। ਧੀਆਂ ਨਾਲ ਹੁੰਦੀ ਘਰ ਦੀ ਰੌਣਕ ਦਾ ਅਹਿਸਾਸ ਸ਼ਿੱਦਤ ਨਾਲ ਹੋਇਆ। ਵੀਰ, ਭਾਬੋ ਨੂੰ ਵਿਆਹ ਕੇ ਲਿਆਇਆ ਤਾਂ ਡੋਲੀਓਂ ਉਤਾਰ ਕੇ ਭਾਬੋ ਨੂੰ ਗ੍ਰਹਿ-ਪ੍ਰਵੇਸ਼ ਕਰਵਾਉਣ ਮੌਕੇ ਵੀਰ ਤੋਂ ਬਿਨਾਂ ਮੰਗਿਆਂ ਹੀ ਸ਼ਗਨ ਮਿਲ ਗਿਆ। ਬਾਰ ਰੁਕਾਈ ਵੇਲੇ ਭੈਣ ਵਲੋਂ ਗਾਏ ਗੀਤ 'ਵੀਰ ਲਿਆਇਆ ਨੀ ਚੰਨ ਵਰਗੀ ਭਰਜਾਈ, ਵਿਹੜੇ ਵੜਦੀ ਨੇ ਛਣਮਣ ਛਣਮਣ ਲਾਈ' ਨੇ ਸਭ ਦੇ ਚਿਹਰਿਆਂ 'ਤੇ ਰੌਣਕ ਲਿਆ ਦਿੱਤੀ। ਭਾਬੋ ਦੋ ਦਿਨਾਂ ਵਿਚ ਹੀ ਨਣਦ ਨਾਲ ਸਭ ਤੋਂ ਵੱਧ ਸਹਿਜ ਮਹਿਸੂਸ ਕਰਨ ਲੱਗ ਪਈ ਸੀ। ਭੈਣ ਨੂੰ ਨੂੰ ਹ-ਪੁੱਤ ਸਮੇਤ ਪਟਿਆਲੇ ਆਉਣ ਦਾ ਨਿਉਤਾ ਦਿੱਤਾ ਤਾਂ ਬਿਲਕੁਲ ਵੀ ਨਾ ਲੱਗਾ ਕਿ ਭੈਣਾਂ-ਭਰਾਵਾਂ 'ਚੋਂ ਨਿੱਖੜ ਕੇ ਆਈ ਕੂੰਜ ਪਹਿਲੀ ਵਾਰ ਮੇਰੇ ਕੋਲ ਆਈ ਹੈ। ਨਣਦ ਨਾਲ ਉਸ ਦੀ ਸਾਂਝ ਚਿਰੋਕਣੀ ਜਾਪੀ। ਮੈਨੂੰ ਪੈਂਤੀ ਸਾਲ ਪਹਿਲਾਂ ਹੋਇਆ ਆਪਣਾ ਵਿਆਹ ਬਾਰ-ਬਾਰ ਯਾਦ ਆ ਰਿਹਾ ਸੀ। ਮੇਰੇ ਸਹੁਰੇ ਘਰ ਵੱਡਾ ਤੇ ਸੰਯੁਕਤ ਪਰਿਵਾਰ। ਡੋਲੀਉਂ ਉਤਰੀ ਤਾਂ ਰਾਤ ਨੂੰ ਨਣਦਾਂ ਨੇ ਗਿੱਧਾ ਪੁਆਇਆ। ਵਿਆਹ ਨੂੰ ਦੋ ਦਿਨ ਹੋਏ ਸਨ ਕਿ ਗੀਤਾਂ ਦੀ ਮਜਲਿਸ ਸਜਾ ਲਈ। ਸਭ ਨੇ ਕੁਝ ਨਾ ਕੁਝ ਸੁਣਾਇਆ ਤੇ ਫੇਰ ਵੀ ਸੁਣਾਉਣ ਲਈ ਆਖ ਦਿੱਤਾ। ਨਹੀਂ ਪਤਾ ਸੀ ਕਿ ਜਿਹੜੀ ਵੀ ਬੋਲੀ ਜਾਂ ਗੀਤ ਗਾਉਣਾ, ਉਨ੍ਹਾਂ ਨੇ ਆਪਣੇ ਰਿਸ਼ਤੇ ਨਾਲ ਜੋੜ ਲੈਣੈ। ਪਹਿਲੇ ਗੇੜੇ ਆਪਣੀ ਵਾਰੀ ਵੇਲੇ ਮੈਂ ਗੁਰਦਾਸ ਮਾਨ ਵਾਲਾ ਪਸੰਦੀਦਾ ਗੀਤ ਗਾਇਆ, 'ਸੱਜਣਾ ਵੇ ਸੱਜਣਾ ਤੇਰੇ ਸ਼ਹਿਰ ਵਾਲੀ ਸਾਨੂੰ ....।' ਅਤੇ ਦੂਜੇ ਗੇੜੇ ਗੀਤ ਗਾ ਬੈਠੀ, 'ਨੀ ਨਣਾਨੇ ਬੇਈਮਾਨੇ ਅੱਖਾਂ ਫੇਰ ਗਈ ਰਕਾਨੇ...' ਬਸ ਉਦੋਂ ਤੋਂ ਲੈ ਕੇ ਹੁਣ ਤਕ ਜਦੋਂ ਵੀ ਇਕੱਠੇ ਬੈਠੇ ਉਹ ਦਿਨ ਯਾਦ ਕਰਦੇ ਹਾਂ ਤਾਂ ਖ਼ੂਬ ਤਵਾ ਲਗਦਾ ਹੈ। ਹੋਰਨਾਂ ਰਿਸ਼ਤਿਆਂ ਵਾਂਗ ਹੁਣ ਤਕ ਨਣਦ-ਭਰਜਾਈ ਦਾ ਰਿਸ਼ਤਾ ਵੀ ਕਦੇ ਨੋਕ-ਝੋਕ ਕਰਦਾ ਅਤੇ ਕਦੇ ਮਿਠਾਸ ਵੰਡਦਾ ਦ੍ਰਿਸ਼ਟੀਗੋਚਰ ਹੁੰਦਾ ਆ ਰਿਹਾ ਹੈ। ਬਦਲੇ ਮੰਜ਼ਰ ਵਿਚ ਛੋਟੇ ਪਰਿਵਾਰ ਹਨ। ਕਿਸੇ ਪਰਿਵਾਰ ਵਿਚ ਇਕ ਭੈਣ-ਭਰਾ, ਕਿਸੇ ਵਿਚ ਦੋ ਵੀਰੇ ਅਤੇ ਕਿਸੇ ਵਿਚ ਇਕਲੌਤਾ ਪੁੱਤ ਜਾਂ ਧੀ ਹੈ। ਏਕਲ ਔਲਾਦ ਦਾ ਤਾਂ ਸਹੀ ਸਮਾਜੀਕਰਨ ਵੀ ਨਹੀਂ ਹੁੰਦਾ। ਸੋ ਦਿਲ ਕੀਤਾ ਬੀਤੇ ਨੂੰ ਯਾਦ ਕਰਾਂ ਤੇ ਪਾਠਕਾਂ ਨੂੰ ਅਰਪਣ ਕਰਾਂ।

ਭੈਣ ਲਈ ਵੀਰ ਦੀ ਵਹੁਟੀ ਯਾਨੀ ਭਰਾ ਦੀ ਪਤਨੀ 'ਭਾਬੀ' ਦਾ ਦਰਜਾ ਅਤੇ ਕਿਸੇ ਔਰਤ ਲਈ ਪਤੀ ਦੀ ਭੈਣ, ਉਸ ਲਈ 'ਨਣਦ' ਦਾ ਸਥਾਨ ਰੱਖਦੀ ਹੈ। ਭਰਜਾਈ ਨੂੰ 'ਭਾਬੀ' ਅਤੇ ਨਣਦ ਨੂੰ 'ਨਣਾਨ' ਅਤੇ ਵੀ ਕਹਿ ਲਿਆ ਜਾਂਦਾ ਹੈ। ਇਉਂ ਇਹ ਰਿਸ਼ਤਾਂ ਦੋ ਔਰਤਾਂ ਦੇ ਦਰਮਿਆਨ ਦਾ ਰਿਸ਼ਤਾ ਹੈ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ 'ਨਣਾਨ' ਲਫ਼ਜ਼ ਦੇ ਅਰਥ ਕਰਦੇ ਲਿਖਦੇ ਹਨ; ਪਤੀ ਦੀ ਭੈਣ, ਜੋ ਸੇਵਾ ਕਰਨ ਤੋਂ ਭੀ ਆਨੰਦ (ਖ਼ੁਸ਼) ਨਹੀਂ ਹੁੰਦੀ। ਪੰਜਾਬੀ ਸੱਭਿਆਚਾਰ ਵਿਚ ਨਣਦ ਤੇ ਭਰਜਾਈ ਦਾ ਰਿਸ਼ਤਾ ਸੁਖਾਵਾਂ-ਅਸੁਖਾਵਾਂ ਅਤੇ ਜੇ ਹਮ-ਉਮਰ ਹੋਵੇ ਤਾਂ ਹਮਰਾਜ਼ ਵਾਲਾ ਵੀ ਬਣ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਨਣਾਨ ਤੇ ਭਰਜਾਈ ਦੀ ਜ਼ਿੰਦਗੀ ਵਿਚ ਬਣ ਆਵੇ ਤੇ ਜਾਂ ਨਾ ਹੀ ਬਣੇ। ਇਹ ਵੀ ਜ਼ਰੂਰੀ ਨਹੀਂ ਕਿ ਉਨ੍ਹਾਂ ਦਾ ਪਿਆਰ ਹਮੇਸ਼ਾ ਹਮ-ਉਮਰ ਵਾਲਾ ਲਟਬੌਰਾ ਪਿਆਰ ਹੋਵੇ। ਭਰਜਾਈ ਨਣਾਨ ਤੋਂ ਛੋਟੀ ਹੋਵੇ ਜਾਂ ਵੱਡੀ, ਜਦੋਂ ਦੋਵੇਂ ਸਮਝਦਾਰੀ ਵਰਤਦੀਆਂ ਤਾਂ ਘਰ ਨੂੰ ਸਵਰਗ ਬਣਾ ਲੈਂਦੀਆਂ ਹਨ। ਘਰ ਦਾ ਕੰਮ ਨਿਬੇੜ ਕੇ ਕਦੇ ਨਾਲੇ ਬੁਣਦੀਆਂ ਤੇ ਕਦੇ ਦਰੀਆਂ। ਕਦੇ ਚਾਦਰ ਕੱਢਦੀਆਂ ਅਤੇ ਕਦੇ ਚਰਖਾ ਕੱਤਦੀਅ। ਨਣਾਨ ਦੀ ਸਰਦਾਰੀ ਵਾਲੇ ਘਰ ਬਾਰੇ ਲੋਕ-ਮਨ ਨੇ ਸਿੱਟਾ ਕੱਢਿਆ ਕਿ ਅਜਿਹੇ ਘਰ ਵਸਦੇ ਨਹੀਂ ਹੁੰਦੇ। ਅਖੇ 'ਜਿਥੇ ਨਣਦਾਂ ਦੀ ਸਰਦਾਰੀ, ਉਹ ਘਰ





ਨਹੀਂ ਵਸਦੇ।' ਉਂਜ ਭਾਬੀ ਨਾਲ ਮੋਹ-ਪਿਆਰ ਦੇ ਗੀਤ ਬਚਪਨ ਤੋਂ ਲੈ ਕੇ ਸਹੁਰੇ ਘਰ ਜਾਣ ਤੇ ਵਸਣ ਤੀਕ ਗਾਏ ਜਾਂਦੇ ਰਹੇ ਹਨ।

ਵੀਰ ਦੇ ਵਿਆਹ 'ਤੇ ਭੈਣ ਦੇ ਪੱਬ ਧਰਤੀ 'ਤੇ ਨਹੀਂ ਲਗਦੇ। ਭਾਬੋ ਦਾ ਡੋਲਾ ਘਰ ਦੇ ਦੁਆਰ 'ਤੇ ਪੁੱਜਣ ਸਮੇਂ ਉਹ ਹੇਅਰਿਆਂ ਰਾਹੀਂ ਆਪਣੇ ਪੇਕਿਆਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ। ਭਾਬੋ ਦਾ ਮੁੱਖ ਦੇਖ ਕੇ ਨਣਾਨ ਹੇਅਰਿਆਂ ਰਾਹੀਂ ਉਸ ਨੂੰ ਬੁੱਢ-ਸੁਹਾਗਣ ਹੋਣ ਦੀਆਂ ਅਸੀਸਾਂ ਦਿੰਦੀ ਹੈ ਅਤੇ ਆਪਣਾ ਮਨ ਵੀ ਸੀਤਲ ਕਰਦੀ ਹੈ :

**ਅੱਖਾਂ ਤਾਂ ਤੇਰੀਆਂ ਮੋਟੀਆਂ ਭਾਬੋ,**
**ਕੋਈ ਮੱਥੇ ਨੀ ਤੇਰੇ ਨੂਰ**
**ਸਾਡਾ ਚਿੱਤ ਦੇਖ ਕੇ ਖਿੜ ਗਿਆ,**
**ਕੋਈ ਉਤਰੀ ਅਰਸ਼ ਦੀ**
**ਓਨੀ ਨਵੀਂਏ ਭਾਬੀਏ ਨੀ ਹੂਰ।**

ਨਣਦ ਭਾਵੇਂ ਛੋਟੀ ਹੋਵੇ ਜਾਂ ਵੱਡੀ, ਭਰਜਾਈ ਉਸ ਦੁਆਰਾ ਕੀਤੀ ਟੋਕ-ਟੋਕਾਈ ਨੂੰ ਘੱਟ ਹੀ ਬਰਦਾਸ਼ਤ ਕਰਦੀ ਹੈ। ਜੇ ਨਣਦ ਅਜਿਹੀ ਮਿਲ ਜਾਵੇ ਜਿਹੜੀ ਹਰ ਗੱਲ ਵਿਚ ਨੁਕਤਾਚੀਨੀ ਕਰਦੀ ਹੋਵੇ ਤਾਂ ਉਥੇ ਭਰਜਾਈ ਨੂੰ ਵਸਣਾ ਔਖਾ ਲਗਦਾ ਹੈ। ਜੇ ਕਦੇ ਕੁਦਰਤੀ ਪਤੀ ਕਿਸੇ ਗੱਲੋਂ ਉਸ ਨੂੰ ਦੋ-ਚਾਰ ਸੁਣਾ ਦਿੰਦਾ ਹੈ ਤਾਂ ਉਹ ਸਮਝਦੀ ਹੈ ਕਿ ਜ਼ਰੂਰ ਨਣਦ ਨੇ ਉਸ ਦੇ ਪਤੀ ਦੇ ਕੰਨ ਭਰੇ ਹੋਣਗੇ, 'ਸਿੱਖਿਆ ਨਣਦਾਂ ਦਾ, ਕਿਉਂ ਗੁੱਤ ਨੂੰ ਮਰੋੜੇ ਚਾੜ੍ਹੇਂ ? ਜਿਸ ਘਰ ਵਿਚ ਨਣਦ-ਭਰਜਾਈ ਦਾ ਪਿਆਰ ਗੂੜ੍ਹਾ ਹੁੰਦਾ ਹੈ, ਉਸ ਘਰ ਵਿਚ ਦੋਵੇਂ ਹਰ ਕੰਮ ਇਕੱਠੀਆਂ ਕਰਦੀਆਂ, ਨੱਚਦੀਆਂ-ਟੱਪਦੀਆਂ, ਹੱਸਦੀਆਂ-ਗਾਉਂਦੀਆਂ ਅਤੇ ਦੁੱਖ-ਸੁੱਖ ਸਾਂਝੇ ਕਰਦੀਆਂ ਜੀਵਨ ਬਿਤਾਉਂਦੀਆਂ ਹਨ। ਵੱਡੀ ਭਰਜਾਈ, ਨਣਦ ਨੂੰ ਮਾਂ ਜਿਹਾ ਪਿਆਰ ਦਿੰਦੀ ਹੈ ਅਤੇ ਉਸ ਨੂੰ ਘਰ ਦਾ ਕੰਮ-ਕਾਜ ਸਿਖਾਉਂਦੀ ਹੈ। ਜੇ ਨਣਦ ਚੰਗਾ ਕੰਮ ਕਰਦੀ ਹੋਵੇ ਤਾਂ ਉਸ ਨੂੰ ਲਾਡ-ਪਿਆਰ ਅਤੇ ਸ਼ਾਬਾਸ਼ ਮਿਲਦੀ ਹੈ ਪਰੰਤੂ ਜੇ ਉਹ ਕੰਮ ਸਾਫ਼-ਸੁਥਰਾ ਨਾ ਕਰੇ ਤਾਂ ਉਸ ਨੂੰ ਝਿੜਕ ਕੇ ਜਾਂ ਸਮਝਾ ਕੇ ਸਹੀ ਕੰਮ ਕਰਨ ਦੀ ਪ੍ਰੇਰਨਾ ਵੀ ਭਰਜਾਈ ਹੀ ਦਿੰਦੀ ਹੈ :

**ਛੋਟੀਆਂ ਨਣਦਾਂ ਨੂੰ,**
**ਨਿੱਤ ਝਿੜਕਣ ਭਰਜਾਈਆਂ।**

ਜੇ ਪਤੀ ਖੇਤ ਗਿਆ ਹੁੰਦਾ ਤਾਂ ਭਰਜਾਈ, ਛੋਟੀ ਨਣਦ ਦੇ ਹੱਥ ਰੋਟੀ ਭੇਜਦੀ ਰਹੀ ਹੈ। ਇਸ ਤਰ੍ਹਾਂ ਉਹ ਆਪਣੀ ਇੱਕ ਜ਼ੁੰਮੇਵਾਰੀ ਘਟੀ ਮਹਿਸੂਸ ਕਰਦਿਆਂ ਖ਼ੁਸ਼ੀ ਵਿਚ ਗੀਤ ਗਾਉਂਦੀ ਫਿਰਦੀ:

**ਰੋਟੀ ਲੈ ਕੇ ਖੇਤ ਨਾ ਜਾਵਾਂ, ਮੌਜ ਨਣਾਨਾਂ ਦੀ।**

ਪਰੰਤੂ ਜੇ ਕਦੇ ਉਹ ਆਪ ਵੀ ਰੋਟੀ-ਟੁੱਕ ਕਰਕੇ ਘਰ ਦੇ ਹੋਰ ਕੰਮਾਂ-ਕਾਰਾਂ ਤੋਂ ਸੁਰਖ਼ਰੂ ਹੋ ਜਾਂਦੀ ਹੈ ਤਾਂ ਨਣਦ ਦੇ ਨਾਲ ਖੇਤ ਨੂੰ ਚਲੀ ਜਾਂਦੀ ਹੈ। ਜਦੋਂ ਭਰਜਾਈ ਨਾਲ ਨਣਦ ਖ਼ੁਸ਼ੀ-ਖ਼ੁਸ਼ੀ ਖੇਤ ਦੀਆਂ ਵੱਟਾਂ 'ਤੇ ਅੱਗੇ-ਅੱਗੇ ਝੂਮਦੀ ਜਾਂਦੀ ਹੈ ਤਾਂ ਲੋਕ-ਜਜ਼ਬਾਤ ਸ਼ਬਦਾਂ ਰਾਹੀਂ ਆਪ ਮੁਹਾਰੇ ਗੀਤਾਂ ਦਾ ਬਾਣਾ ਪਹਿਨ ਲੈਂਦੇ ਹਨ :

**ਅੱਗੇ ਨਣਦ ਪਿੱਛੇ ਭਰਜਾਈ**
**ਵੱਟੋ-ਵੱਟ ਜਾਣ ਤੁਰੀਆਂ।**

ਖੇਤ ਰੋਟੀ ਭੇਜਣ ਤੋਂ ਬਿਨਾਂ ਭਰਜਾਈ, ਨਣਦ ਦੀ ਸਹਾਇਤਾ ਨਾਲ ਹੋਰ ਵੀ ਕਈ ਨਿੱਕੇ-ਮੋਟੇ ਕੰਮ ਕਰਦੀ ਰਹਿੰਦੀ ਹੈ। ਵੱਡੀ ਭੈਣ ਗੰਗਾਨਗਰ ਵਿਆਹ ਕੇ ਗਈ ਤਾਂ ਉਥੇ ਘਰਾਂ ਵਿਚ ਨਲਕੇ ਨਹੀਂ ਸਨ ਲੱਗੇ ਹੁੰਦੇ। ਖੂਹ ਤੋਂ ਪਾਣੀ ਭਰ ਕੇ ਲਿਆਉਣ ਵੇਲੇ ਅਕਸਰ ਦੀਦੀ ਨੂੰ ਵੀ ਉਨ੍ਹਾਂ ਦੀ ਨਣਦ ਨੇ ਆਪਣੇ ਨਾਲ ਲੈ ਜਾਣਾ। ਦੀਦੀ ਨੇ ਦੋ ਘੜੇ ਚੁੱਕਣੇ ਤੇ ਨਣਦ ਨੂੰ ਵੀ ਦੋ ਘੜੇ ਚੁੱਕਣ ਦਾ ਗੁਰ ਸਿਖਾਉਂਦਿਆਂ ਆਖਣਾ :

**ਘੜਾ ਚੁੱਕ ਕੇ ਢਾਕ 'ਤੇ ਰੱਖ ਲੈ, ਨਣਦੇ ਚੋਬਰੀਏ।**

ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਹੀ ਨਣਦ ਜੇ ਜ਼ਿਆਦਾ ਨੱਚਦੀ-ਟੱਪਦੀ ਜਾਂ ਕੋਠੇ ਉਤੇ ਚੜ੍ਹ ਕੇ ਕਿਸੇ ਨਾਲ ਉੱਚੀ-ਉੱਚੀ ਗੱਲਾਂ ਕਰਦੀ ਤਾਂ ਉਸ ਨੂੰ ਭਰਜਾਈ ਅਜਿਹਾ ਕਰਨ ਤੋਂ ਹੋੜਦੀ ਰਹੀ ਹੈ :

**ਨਾ ਚੜ੍ਹ ਕੇ ਚੁਬਾਰੇ ਉਤੇ ਕੂਕ, ਨੀ ਨਣਦੇ ਮੋਰਨੀਏ।**

ਡਾ. ਰਾਜਵੰਤ ਕੌਰ ਪੰਜਾਬੀ

ਜੇ ਕਦੇ ਭਰਜਾਈ ਨੂੰ ਨਣਾਨ ਦੇ ਆਚਰਨ 'ਤੇ ਸ਼ੱਕ ਪੈ ਜਾਵੇ ਤਾਂ ਉਹ ਨਣਦ ਨੂੰ ਸਿੱਧੇ ਰਸਤੇ ਪਾਉਣ ਤੋਂ ਕਤਰਾਉਂਦੀ ਨਹੀਂ। ਜੇ ਨਣਦ ਨੂੰ ਸਵੈ-ਵਿਸ਼ਵਾਸ ਹੋਵੇ ਕਿ ਉਹ ਕੋਈ ਅਜਿਹਾ ਕਦਮ ਨਹੀਂ ਪੁੱਟ ਰਹੀ, ਜਿਸ ਨਾਲ ਉਸ ਦੇ ਪੇਕਿਆਂ ਦੀ ਇੱਜ਼ਤ ਮਿੱਟੀ ਵਿਚ ਮਿਲ ਸਕਦੀ ਹੈ ਤਾਂ ਉਹ ਭਰਜਾਈ ਨੂੰ ਦਿਲੋਂ ਭਰਮ ਕੱਢਣ ਲਈ ਆਖਦੀ ਹੈ :

**ਕਿਉਂ ਭਰਮ ਕਰੇ ਭਰਜਾਈਏ,**
**ਨਣਾਨ ਤੇਰੀ ਸਤਵੰਤੀ।**

ਭਰਜਾਈ ਪੂਰੀ ਕੋਸ਼ਿਸ਼ ਕਰਦੀ ਹੈ ਕਿ ਨਣਦ ਲਈ ਸੁਹਣੇ-ਸੁਨੱਖੇ ਵਰ ਦੀ ਚੋਣ ਕੀਤੀ ਜਾਵੇ। ਉਸ ਵਲੋਂ ਪਾਈ ਦੱਸ 'ਤੇ ਸਹੁਰੇ, ਨਣਦ ਲਈ ਮੁੰਡਾ ਵੇਖ ਆਉਂਦੇ ਹਨ। ਇਕ ਦਿਨ ਨਣਦ ਝਕਦੀ-ਝਕਦੀ ਭਰਜਾਈ ਨੂੰ ਪੁੱਛ ਹੀ ਬੈਠਦੀ ਹੈ ਕਿ ਜਿਹੜਾ ਉਸ ਲਈ ਮੁੰਡਾ ਪਸੰਦ ਕੀਤਾ ਗਿਆ ਹੈ, ਉਹ ਕਿਹੋ ਜਿਹਾ ਹੈ ? ਨਣਦ ਦੇ ਸ਼ੰਕਿਆਂ ਦੀ ਨਵਿਰਤੀ ਕਰਦੀ ਭਰਜਾਈ ਇੰਜ ਜਵਾਬ ਦਿੰਦੀ ਹੈ :

**ਮੁੰਡਾ ਟੋਲਿਆ ਕਬੂਤਰ ਵਰਗਾ**
**ਨੀ ਨਣਦੇ ਗੋਲ ਗੱਪੀਏ।**

ਭਰਜਾਈ, ਨਣਦ ਦੇ ਵਿਆਹ ਦੀ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰਦੀ ਹੈ। ਸਾਊ ਭਰਜਾਈ ਦਾਜ ਵਿਚ ਲਿਆਂਦੀਆਂ ਵਧੀਆ ਵਸਤਾਂ ਨਣਦ ਨੂੰ ਸੁਗਾਤ ਵਜੋਂ ਦੇ ਕੇ 'ਜੱਗ ਜਿਉਂਦੀ ਰਹਿ' ਦੀ ਅਸੀਸ ਲੈਂਦੀ ਹੈ, 'ਵੀਰ ਮੇਰੇ ਨੇ ਕੁੜਤੀ ਦਿੱਤੀ ਭਾਬੋ ਨੇ ਫੁਲਕਾਰੀ, ਨੀ ਜੱਗ ਜੀ ਭਾਬੋ ਲੱਗੇ ਜਾਣ ਤੋਂ ਪਿਆਰੀ।' ਕਈ ਵਾਰ ਭਰਜਾਈ ਦੇ ਦਾਜ ਵਿਚ ਆਈ ਚੰਗੀ ਚੀਜ਼-ਵਸਤ ਨਣਦ ਜ਼ੋਰ ਪਾ ਕੇ ਵੀ ਆਪਣੇ ਦਾਜ ਵਿਚ ਰੱਖਣ ਲਈ ਲੈ ਲੈਂਦੀ ਸੀ ਪਰੰਤੂ ਜੇ ਭਰਜਾਈ ਅਜਿਹੇ ਵੇਲੇ ਆਨਾ-ਕਾਨੀ ਕਰਨ ਲਗਦੀ ਹੈ ਤਾਂ ਨਣਦ ਉਸ ਨੂੰ ਪੁਰਾਣੀਆਂ ਗੱਲਾਂ ਯਾਦ ਕਰਾਉਂਦੀ ਆਖਦੀ ਹੈ ਕਿ ਪਹਿਲਾਂ ਤਾਂ ਉਹ ਉਸ ਨੂੰ ਦਾਜ ਦੇਣ ਬਾਰੇ ਵੱਡੇ-ਵੱਡੇ ਦਾਈਏ ਬੰਨ੍ਹਦੀ ਰਹਿੰਦੀ ਸੀ ਤੇ ਹੁਣ, 'ਅੱਖੀਆਂ ਹੋਰ ਹੋ ਗਈਆਂ, ਜਦੋਂ ਦਾਜ ਨਣਦ ਨੇ ਮੰਗਿਆ।'

ਉਂਝ ਵੀ ਹੋਵੇ ਸਹੁਰੇ ਘਰ ਪਹੁੰਚ ਕੇ ਨਣਦ ਨੂੰ ਭਰਜਾਈ ਦੀ ਬਹੁਤ ਯਾਦ ਆਉਂਦੀ ਹੈ। ਹਰ ਤਿੱਥ-ਤਿਉਹਾਰ 'ਤੇ ਉਹ ਭਰਾ-ਭਰਜਾਈ ਦੀ ਉਡੀਕ ਕਰਦੀ ਹੈ। ਜੇ ਨਣਾਨ ਸੁਭਾਅ ਦੀ ਚੰਗੀ ਨਾ ਹੁੰਦੀ ਤਾਂ ਭਰਜਾਈ ਉਸ ਦੀ ਨਿੰਦਾ ਕਰਨ ਵੇਲੇ ਜਾਂ ਇਸ ਅਖਾਣ ਦੀ ਜ਼ਬਾਨੀ ਆਪਣੇ ਦਿਲ ਦੀ ਭੜਾਸ ਕੱਢਦੀ ਤੇ ਜਾਂ ਇਸ ਲੋਕ-ਬੋਲੀ ਦੀ ਵਰਤੋਂ ਕਰਦੀ ਰਹੀ ਹੈ :

**ਨਣਾਨੇ ਨੀ ਨਣਾਨੇ,**
**ਤੇਰੇ ਭੇਡ ਜਿੰਨੇ ਆਨੇ,**
**ਨੀ ਬਘਿਆੜ ਜਿੱਡਾ ਮੂੰਹ,**
**ਨੀ ਤੂੰ ਕਿਸ ਚੰਦਰੇ ਦੀ ਨੂੰਹ।**
**ਉੱਚੇ ਟਿੱਬੇ ਮੈਂ ਤਾਣਾ ਤਣਦੀ,**
**ਧਾਗੇ ਟੁੱਟ ਗਏ ਚਾਰ।**
**ਇੱਕ ਮੇਰੀ ਨਣਦ ਬੁਰੀ,**
**ਨਣਦੋਈਆ ਠਾਣੇਦਾਰ।**

ਜੇ ਪੇਕੇ ਆਈ ਵੱਡੀ ਨਣਦ ਨੂੰ ਪਤਾ ਲੱਗ ਜਾਂਦਾ ਕਿ ਭਾਬੀ ਦੇ ਪੈਰ ਭਾਰੀ ਹਨ ਤਾਂ ਉਹ ਉਸ ਨਾਲ ਕੌਲ-ਕਰਾਰ ਕਰ ਲੈਂਦੀ ਸੀ੍ ਭਾਬੀ ਵਾਇਦਾ ਕਰਦੀ ਕਿ ਜੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ ਤਾਂ ਉਹ ਉਸ ਨੂੰ ਫੁੱਲ-ਝੜੀਆਂ ਬਣਵਾ ਕੇ ਦੇਵੇਗੀ, 'ਨਣਦ ਤੇ ਭਾਬੋ ਰਲ ਬੈਠੀਆਂ ਤੇ ਕੀਤੇ ਕੌਲ ਕਰਾਰ, ਜੇ ਘਰ ਜੰਮੇਗਾ ਗੀਗੜਾ ਨੀ ਬੀਬੀ ਦੇਵਾਂਗੀ ਫੁੱਲ-ਝੜੀਆਂ।' ਇੱਕ ਦਿਨ ਉਸ ਨੂੰ ਵੀਰ ਘਰ ਪੁੱਤ ਦੇ ਜਨਮ ਦੀ ਖ਼ਬਰ ਮਿਲਦੀ ਹੈ, 'ਅੱਧੀ ਅੱਧੀ ਰਾਤੀਂ ਤੇ ਪਿਛਲਾ ਈ ਪਹਿਰਾ, ਮੇਰੀ ਭਾਬੋ ਨੇ ਗੀਗੜਾ ਜੰਮਿਆ। ਲੈ ਨੀ ਭਾਬੋ ਦੇ ਫੁੱਲ-ਝੜੀਆਂ, ਅੜੀਏ ਪੂਰਾ ਤੇ ਹੋਇਆ ਇਕਰਾਰ।' ਭਤੀਜੇ ਦੀ ਪੈਦਾਇਸ਼ ਦੀ ਖ਼ਬਰ ਸੁਣ ਕੇ ਉਹ ਖ਼ੁਸ਼ੀ ਵਿਚ ਫੁੱਲਿਆਂ ਨਹੀਂ ਸਮਾਉਂਦੀ :

**ਚੰਨ ਚੜ੍ਹਿਆ ਬਾਪ ਦੇ ਵਿਹੜੇ**
**ਕਿ ਵੀਰ ਘਰ ਪੁੱਤ ਜੰਮਿਆ।**

ਉਹ ਖ਼ੁਸ਼ੀ-ਖ਼ੁਸ਼ੀ ਭਤੀਜਾ ਵੇਖਣ ਜਾਂਦੀ ਹੈ ਤਾਂ ਉਸ ਨੂੰ ਭਰਜਾਈ ਵੀ ਦਿਲ ਖੋਲ੍ਹ ਕੇ ਆਖਦੀ ਹੈ :

**ਮੂੰਹੋਂ ਮੰਗ ਲੈ ਨਣਾਨੇ ਮੇਰੀਏ,**
**ਵੀਰ ਘਰ ਪੁੱਤ ਜੰਮਿਆ।**

ਉਹ ਭਾਬੀ ਨੂੰ ਕੀਤਾ ਇਕਰਾਰ ਯਾਦ ਕਰਾਉਂਦੀ ਹੈ ਪਰੰਤੂ ਭਾਬੀ ਤਰਕ ਦਿੰਦੀ ਹੈ ਕਿ ਉਸ ਦੇ ਬਾਪ ਤੇ ਵੱਡੇ ਵੀਰ ਨੇ ਫੁੱਲ-ਝੜੀਆਂ ਘੜਾ ਕੇ ਹੀ ਨਹੀਂ ਦਿੱਤੀਆਂ ਕਿਉਂਕਿ ਫੁੱਲ-ਝੜੀਆਂ ਤਾਂ ਬਾਦਸ਼ਾਹਾਂ ਦੇ ਵਿਹੜੇ ਹੁੰਦੀਆਂ ਨੇ। ਇਸ ਲਈ ਉਹ ਫੁੱਲ-ਝੜੀਆਂ ਦੀ ਜਗ੍ਹਾ ਵੀਰ ਰਾਹੀਂ ਕਦੇ ਉਸ ਨੂੰ ਤੇਵਰ, ਕਦੇ ਗਹਿਣਾ 'ਆਰਸੀ' ਅਤੇ ਕਦੇ ਬੂਰੀ ਮੱਝ ਲੈ ਲੈਣ ਦਾ ਸੁਝਾਅ ਦਿੰਦੀ ਹੈ। ਭਾਬੀ ਨੂੰ ਕੌਲ ਪੂਰਾ ਕਰਨ ਤੋਂ ਟਲਦਿਆਂ ਵੇਖ ਕੇ ਉਹ ਰੁੱਸ ਕੇ ਸਹੁਰੇ ਘਰ ਮੁੜ ਜਾਂਦੀ ਹੈ। ਦਰਾਣੀਆਂ-ਜਠਾਣੀਆਂ ਵਲੋਂ ਵਧਾਈ ਵਿਚ ਲਿਆਂਦੀਆਂ ਵਸਤਾਂ ਬਾਰੇ ਪੁੱਛਣ 'ਤੇ ਉਹ ਆਖਦੀ ਹੈ ਕਿ ਉਸ ਦਾ ਵੀਰ ਤਾਂ ਰਾਜੇ ਦਾ ਨੌਕਰ ਹੈ ਤੇ ਭਾਬੋ ਨੇ ਧੀ ਨੂੰ ਜਨਮ ਦਿੱਤਾ ਹੈ। ਪ੍ਰਦੇਸੋਂ ਵਪਾਰ ਕਰਨ ਉਪਰੰਤ ਬਾਰਾਂ ਸਾਲਾਂ ਬਾਅਦ ਵੀਰ ਘਰ ਆਉਂਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੀ ਭੈਣ ਅਜੇ ਵੀ ਉਨ੍ਹਾਂ ਨਾਲ ਰੁੱਸੀ ਹੋਈ ਹੈ। ਉਹ ਆਪਣੀ ਪਤਨੀ ਵਲੋਂ ਕੀਤਾ ਕਰਾਰ ਪੂਰਾ ਕਰਦਿਆਂ ਸੁੱਚੇ ਮੋਤੀਆਂ ਨਾਲ ਭਰੇ ਥਾਲ ਸਮੇਤ ਫੁੱਲ-ਝੜੀਆਂ ਭੇਟ ਕਰਕੇ ਆਪਣੀ ਭੈਣ ਕੋਲੋਂ ਆਪਣੇ ਪੂਰੇ ਪਰਿਵਾਰ ਲਈ ਦੁਆਵਾਂ ਲੈਂਦਾ ਹੈ :

**ਭਾਈ ਭਤੀਜਾ ਮੇਰਾ ਜੁਗ ਜੁਗ ਜੀਵੇ,**
**ਮੇਰੀ ਭਾਬੋ ਦਾ ਅਟੱਲ ਸੁਹਾਗ।**

ਇਕ ਸੰਵਾਦੀ ਤੇ ਬਿਰਤਾਂਤਕ ਲੋਕਗੀਤ 'ਤੇਰੀ ਭੈਣ ਦੇ ਹੱਥ ਗੜਵਾ ਵੀਰਾ ਤੁਸੀਂ ਆਵੋ ਘਰੇ' ਚੇਤੇ ਆ ਗਿਆ ਜਿਸ ਵਿਚ ਬਾਰ੍ਹਾਂ ਵਰ੍ਹੇ ਬਾਅਦ ਵੀਰ ਪ੍ਰਦੇਸੋਂ ਮੁੜਦਾ ਹੈ ਤਾਂ ਰਾਹ ਵਿਚ ਉਸ ਨੂੰ ਭੈਣ ਮਿਲ ਜਾਂਦੀ ਹੈ। ਉਹ ਉਸ ਨੂੰ ਆਖਦਾ ਹੈ ਕਿ ਆਪਣੀ ਭਾਬੀ ਨੂੰ ਉਸਦੇ ਆਉਣ ਦੀ ਖ਼ਬਰ ਦੇ ਦੇਵੇ ਤਾਂ ਕਿ ਉਹ ਹਾਰ-ਸ਼ਿੰਗਾਰ ਕਰਕੇ ਮਾੜੀ ਵਿਚ ਦੀਵਾ ਬਾਲ ਕੇ ਬੈਠੇ। ਘਰ ਪੁੱਜ ਕੇ ਉਹ ਭੈਣ ਨੂੰ ਪੁੱਛਦਾ ਹੈ ਕਿ ਆਪਣੇ ਕੱਪੜੇ ਤੇ ਹਥਿਆਰ ਕਿੱਥੇ ਰੱਖੇ ਅਤੇ ਬੂਹੇ 'ਤੇ ਚੌਕੀਦਾਰ ਖੜ੍ਹੇ ਹੋਣ ਕਰਕੇ ਉਹ ਕਿੱਥੇ ਬੈਠੇ ? ਭੈਣ ਵੀਰ ਨੂੰ ਜੁਆਬ ਦਿੰਦੀ ਹੋਈ ਉਸ ਨੂੰ ਕਿੱਲੀ 'ਤੇ ਕੱਪੜੇ ਟੰਗਣ, ਹਥਿਆਰ ਛਿੱਕੇ ਧਰਨ, ਪਲੰਘ 'ਤੇ ਬੈਠਣ ਅਤੇ ਭਾਬੋ ਨੂੰ ਪੀਹੜੇ ਤੇ ਚੌਕੀਦਾਰ ਨੂੰ ਬੂਹੇ ਖੜ੍ਹਨ ਦੀ ਸਲਾਹ ਦਿੰਦੀ ਹੈ। ਉਪਰੰਤ ਪਤੀ-ਪਤਨੀ ਵਿਚ ਵਾਰਤਾਲਾਪ ਚਲਦੀ ਹੈ ਤਾਂ ਉਹ ਗੋਰੀ ਨੂੰ ਉਸਦਾ ਰੰਗ ਜ਼ਰਦ ਹੋਣ ਤੇ ਮੰਜੇ ਦੀ ਨਵਾਰ ਢਿੱਲੀ ਹੋਣ ਦਾ ਕਾਰਨ ਪੁੱਛਦਾ ਹੈ। ਉਹ ਡਰਦੀ ਹੋਈ ਪਹਿਲਾਂ ਹਰਨੀ ਨੂੰ ਮਿਰਗ ਪੈ ਜਾਣ ਦਾ ਸੰਕੇਤ ਦਿੰਦੀ ਹੈ ਅਤੇ ਫਿਰ ਉਸ ਦੇ ਛੋਟੇ ਭਰਾ ਯਾਨੀ ਸ਼ੈਤਾਨ ਦਿਉਰ ਦੇ ਬੇਈਮਾਨ ਹੋ ਜਾਣ ਤੇ ਉਸਦਾ ਜੋਬਨ ਛੇੜਨ ਦੀ ਸਪੱਸ਼ਟ ਕਹਾਣੀ ਸੁਣਾ ਦਿੰਦੀ ਹੈ। ਨਾਰ ਦੇ ਬੋਲ ਸੁਣ ਕੇ ਉਹ ਛੋਟੇ ਭਰਾ ਨੂੰ ਆਪਣੇ ਹਥਿਆਰ ਨਾਲ ਮਾਰ ਕੇ ਵੈਰਾਗੀ ਹੋ ਜਾਣ ਦੀ ਗੱਲ ਕਰਦਾ ਹੈ ਤਾਂ ਨਣਦ ਸਾਹਮਣੇ ਭਰਜਾਈ, ਛੋਟੇ ਭਰਾ ਨੂੰ ਨਾ ਮਾਰਨ ਤੇ ਘਰ ਦੀ ਨਾਰ ਨੂੰ ਮਾਰਨ ਦਾ ਮਸ਼ਵਰਾ ਦੇ ਕੇ ਸੱਜਣਾਂ ਦੀਆਂ ਬਾਹੀਂ ਭੱਜ ਜਾਣ ਅਤੇ ਨਾਰਾਂ ਹੋਰ ਜੁੜ ਜਾਣ ਦੀ



ਸਮਾਜਿਕ ਸੱਚਾਈ ਦੇ ਰੂਬਰੂ ਕਰਾਉਂਦੀ ਹੈ। ਯਥਾਰਥ ਦੀ ਅਗਲੀ ਪਰਤ ਇਉਂ ਖੁੱਲ੍ਹਦੀ ਹੈ ਕਿ ਚੰਗੇਰੇ ਰੂਪ ਵਾਲੀ ਨਾਰ ਮਾਰੀ ਨਹੀਂ ਜਾਂਦੀ ਕਿਉਂਕਿ ਉਸ ਨੇ ਹੀ ਲਾਲਾਂ ਨੂੰ ਜਨਮ ਦੇ ਕੇ ਪਤੀ ਦੇ ਸਹਿਯੋਗ ਲਈ ਬਥੇਰੀਆਂ ਬਾਹਾਂ ਪੈਦਾ ਕਰਕੇ ਦੇਣੀਆਂ ਹਨ। ਇਉਂ ਗੀਤ ਕ੍ਰਮਵਾਰ ਵੱਡੀ ਭਾਬੋ ਤੇ ਵੀਰ ਨੂੰ ਸ਼ਾਬਾਸ਼ ਦੇਣ ਨਾਲ ਸੰਪੰਨ ਹੁੰਦਾ ਹੈ ਕਿ ਭਾਬੀ ਨੇ ਦਿਉਰ ਨੂੰ ਮਰਨੋਂ ਬਚਾ ਲਿਆ ਤੇ ਵੱਡੇ ਭਾਈ ਨੇ ਭਾਬੋ ਦਾ ਕਹਿਣਾ ਮੰਨ ਲਿਆ।

ਲੋਕ-ਕਾਵਿ ਵਿਚ ਹੀ ਨਹੀਂ ਨਣਦ-ਭਰਜਾਈ ਦੇ ਰਿਸ਼ਤੇ ਬਾਰੇ ਕਿੱਸਿਆਂ ਅਤੇ ਲੋਕ ਕਹਾਣੀਆਂ ਵਿਚ ਵੀ ਬਹੁਤ ਕੁਝ ਕਹਿਣ-ਸੁਣਨ ਨੂੰ ਮਿਲਦਾ ਹੈ। ਹੀਰ ਦੇ ਕਿੱਸੇ ਦੀ ਗੱਲ ਕਰੀਏ ਤਾਂ ਜਦੋਂ ਰਾਂਝਾ ਜੋਗੀਆਂ ਵਾਲੇ ਪਹਿਰਾਵੇ ਵਿਚ ਹੀਰ ਦੇ ਸਹੁਰੇ ਪਿੰਡ ਪੁੱਜਦਾ ਹੈ ਤਾਂ ਖ਼ਬਰ ਹੀਰ ਦੇ ਕੰਨੀਂ ਵੀ ਪੈ ਜਾਂਦੀ ਹੈ। ਉਹ ਨਣਦ ਨੂੰ ਲੈ ਜੋਗੀ ਨੂੰ ਵੇਖਣ ਤੁਰ ਪੈਂਦੀ ਹੈ। ਨਣਦ, ਭਾਬੀ ਨੂੰ ਪੁੱਛਦੀ ਹੈ ਕਿ ਜੋਗੀ ਨੂੰ ਕਿਥੇ ਖੜ੍ਹ ਕੇ ਵੇਖਿਆ ਜਾਏ ਤਾਂ ਹੀਰ ਜਵਾਬ ਦਿੰਦੀ ਹੈ :

**ਨੀਵੇਂ ਤਾਂ ਧਰਦੇ ਨਣਦੇ ਡੋਲ, ਡੋਲ ਨੀ**
**ਉਚੇ ਤਾਂ ਚੜ੍ਹ ਕੇ ਜੋਗੀ ਵੇਖੀਏ ਨੀ....।**

ਪਿੰਡ ਪੁੱਜਣ ਉਪਰੰਤ ਰਾਂਝਾ ਹੀਰ ਦੇ ਸਹੁਰੇ ਘਰ ਵੀ ਆ ਪੁੱਜਦਾ ਹੈ ਤਾਂ ਹੀਰ ਸਹਿਤੀ ਨੂੰ ਮਾੜਾ-ਚੰਗਾ ਬੋਲਣੋਂ ਵਰਜਦੀ ਹੈ:

ਮੰਦਾ ਬੋਲ ਨਾ ਬੋਲ ਨਨਾਣੇ,
ਘਰ ਆਏ ਫੱਕਰਾਂ ਨੂੰ।

ਇਸੇ ਤਰ੍ਹਾਂ ਸੋਹਣੀ, ਮਹੀਂਵਾਲ ਨੂੰ ਕਾਲੀ-ਬੋਲੀ ਸ਼ੂਕਦੀ ਰਾਤ ਵਿਚ ਝਨਾਂ ਪਾਰ ਕਰਕੇ ਮਿਲਣ ਜਾਂਦੀ ਹੈ। ਇਕ ਦਿਨ ਕੱਚੇ ਘੜੇ ਦੇ ਖੁਰ ਜਾਣ ਕਾਰਨ ਜਦੋਂ ਸੋਹਣੀ ਝਨਾਂ ਦੀਆਂ ਉਚੀਆਂ ਉਠਦੀਆਂ ਲਹਿਰਾਂ ਵਿਚ ਡੁੱਬਣ ਲਗਦੀ ਹੈ ਤਾਂ ਕਹਿੰਦੀ ਹੈ :

**ਮੇਰੀ ਨਣਦ ਕਮਾਇਆ ਧੋਖਾ,**
**ਪੱਕਾ ਚੁਕ ਕੱਚਾ ਰੱਖ ਗਈ।**
**ਰਾਤ ਹਨੇਰੀ ਸਾਂ-ਸਾਂ ਕਰਦੀ,**
**ਸੋਹਣੀ ਕਦੇ ਨਾ ਡਰਦੀ**
**ਚੁੱਕਿਆ ਘੜਾ ਓਹਨੇ ਧਰ ਲਿਆ ਢਾਕ 'ਤੇ,**
**ਜਾਵੇ ਝਨਾਂ ਵਿਚ ਤਰਦੀ,**
**ਡੋਬੀ ਤੈਂ ਨਣਦੇ ਘੜਾ ਵਟਾ ਕੇ ਧਰਗੀ...।**

ਅੱਜ ਸੰਯੁਕਤ ਪਰਿਵਾਰ ਘੱਟ ਨਜ਼ਰ ਆਉਂਦੇ ਹਨ। ਇਕਹਿਰੇ ਪਰਿਵਾਰਾਂ ਵਿਚ ਪਲੇ ਹੋਣ ਕਾਰਨ ਜੋੜੇ ਇਕੱਲਿਆਂ ਰਹਿ ਕੇ ਆਪਣੀ ਜ਼ਿੰਦਗੀ ਦਾ ਆਨੰਦ ਲੈਣਾ ਚਾਹੁੰਦੇ ਹਨ। ਵਿਆਹ ਉਪਰੰਤ ਛੇਤੀ ਹੀ ਮਾਪਿਆਂ ਤੋਂ ਵੱਖਰੇ ਹੋ ਜਾਂਦੇ ਹਨ। 'ਨਿਕਲ ਸੱਸੇ ਘਰ ਮੇਰਾ' ਵਾਲਾ ਖ਼ਿਆਲ ਅੱਜ 'ਸੱਸੇ ਮੇਰੀਏ ਤੂੰ ਘਰ ਰਹਿ, ਮੈਂ ਚੱਲੀ ਤੇਰੇ ਪੁੱਤ ਨੂੰ ਲੈ' ਵਿਚ ਤਬਦੀਲ ਹੋ ਗਿਆ ਹੈ। ਅੱਜ ਜੇ ਜੰਮਣਹਾਰਿਆਂ ਤੇ ਪਾਲ ਪੋਸ ਕੇ ਜ਼ਿੰਦਗੀ ਬਣਾਉਣ ਵਾਲੇ ਮਾਪਿਆਂ ਨਾਲ ਇਹ ਕੁਝ ਹੋ ਰਿਹਾ ਹੈ ਤਾਂ ਸੱਸ ਦੇ ਢਿੱਡੋਂ ਜੰਮੀਆਂ ਨਣਦਾਂ, ਭਾਬੀਆਂ ਨੂੰ ਕਿਵੇਂ ਅੱਖੀਂ ਭਾਅ ਸਕਦੀਆਂ ਹਨ ? ਹਾਲੇ ਕਿ ਨਣਦ ਭਰਜਾਈ ਦਾ ਜੋੜ ਥੋੜ੍ਹ-ਚਿਰਾ ਹੁੰਦਾ ਹੈ ਕਿਉਂਕਿ ਨਣਦ ਨੇ ਤਾਂ ਆਪਣੇ ਸਹੁਰੇ ਘਰ ਚਲੇ ਹੀ ਜਾਣਾ ਹੁੰਦਾ ਹੈ। ਓਦੂੰ ਬਾਅਦ ਤਾਂ ਉਸ ਦੀ ਜੋਗੀਆਂ ਵਾਲੀ ਫੇਰੀ ਪੈਣੀ ਹੁੰਦੀ ਹੈ। ਅਖੇ 'ਘਰ ਬਾਰ ਭਾਬੀਆਂ ਦਾ, ਜੋਗੀ ਵਾਲੀ ਨਣਦਾਂ ਦੀ ਫੇਰੀ।' ਬਹੁਤ ਸਾਰੇ ਮਾਪਿਆਂ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ ਤਾਂ ਦੁੱਖ ਹੋਇਆ ਕਿ ਹੁਣ ਤਾਂ ਮਾਪਿਆਂ ਦੀ ਸੋਚ ਹੀ ਬਦਲ ਗਈ ਹੈ ਕਿ ਧੀ ਨੂੰ ਉਸ ਘਰ ਵਿਆਹੀਏ ਜਿਥੇ ਉਸ ਦੀ ਕੋਈ ਨਣਦ ਨਾ ਹੋਵੇ। ਕਈ ਮੁਟਿਆਰਾਂ ਨਾਲ ਗੱਲ ਕੀਤੀ ਤਾਂ ਬਹੁ-ਗਿਣਤੀ ਨੇ ਮਾਪਿਆਂ ਵਲੋਂ ਮਿਲੇ ਸੰਸਕਾਰਾਂ ਤੇ ਵਿਚਾਰਾਂ ਦੀ ਹੀ ਤਾਈਦ ਕੀਤੀ। ਬਹੁਤ ਘੱਟ ਲੜਕੀਆਂ ਅਜਿਹੀਆਂ ਮਿਲੀਆਂ ਜਿਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੀ ਕੋਈ ਨਣਾਨ ਜ਼ਰੂਰ ਹੋਣੀ ਚਾਹੀਦੀ ਹੈ। ਧੀਆਂ ਦੇ ਕੁੱਖਾਂ ਵਿਚ ਕਤਲ ਕਰਨ ਵਾਲੇ ਕੀ ਜਾਣਨ ਰਿਸ਼ਤਿਆਂ ਦੀ ਸਾਰਥਕਤਾ ? ਕੀ ਜਾਣਨ ਰਿਸ਼ਤਿਆਂ ਦਾ ਮੋਹ ਤੇ ਨਿੱਘ। ਧੀ ਦੇ ਕਾਤਲ ਬਣ ਕੇ ਉਹ ਵਿਆਹ ਦੀ ਸੰਸਥਾ ਰਾਹੀਂ ਹੋਂਦ ਵਿਚ ਆਉਣ ਵਾਲੇ ਸਾਰੇ ਰਿਸ਼ਤਿਆਂ ਨੂੰ ਮਿੱਟੀ ਵਿਚ ਮਿਲਾ ਰਹੇ ਹਨ। ਲੋੜ ਹੈ ਅੱਜ ਦਿਲ ਦੀਆਂ ਰਮਜ਼ਾਂ ਸਾਂਝੀਆਂ ਕਰਨ ਵਾਲੇ ਨਣਦ-ਭਰਜਾਈ ਦੇ ਰਿਸ਼ਤੇ ਦੀ ਅਹਿਮੀਅਤ ਸਮਝਣ ਦੀ। ਭਵਿੱਖ ਦੇ ਰਿਸ਼ਤਿਆਂ ਦੀਆਂ ਸਿਰਜਣਹਾਰੀਆਂ ਯਾਨੀ ਧੀਆਂ ਨੂੰ ਜਨਮ ਨਹੀਂ ਦੇਵਾਂਗੇ ਤਾਂ ਭੈਣ-ਭਰਾ, ਮਾਂ-ਧੀ, ਪਿਉ-ਧੀ, ਪਤੀ-ਪਤਨੀ, ਸੱਸ-ਨੂੰਹ, ਨਣਦ-ਭਰਜਾਈ ਸਭ ਰਿਸ਼ਤਿਆਂ ਦਾ ਸੁੱਖ-ਆਨੰਦ ਮਾਣਨ ਤੋਂ ਵਾਂਝੀ ਰਹਿ ਜਾਏਗੀ ਸਾਡੀ ਅਗਲੀ ਪੀੜ੍ਹੀ। ਇਸ ਤਰ੍ਹਾਂ ਕਰਕੇ ਅਸੀਂ ਮਨੁੱਖਤਾ ਦਾ ਬੀਜ ਵੀ ਨਾਸ ਕਰ ਰਹੇ ਹੋਵਾਂਗੇ।

# ਜਾਇਦਾਦ ਅਤੇ ਹੋਰ ਸਵਾਰਥਾਂ ਦੇ ਕਾਰਨ ਆਪਣੇ ਹੀ ਲੈ ਰਹੇ ਆਪਣਿਆਂ ਦੀ ਜਾਨ

ਪੁਰਾਣੇ ਸਮੇਂ 'ਚ ਜਿੱਥੇ ਲੋਕ ਰਿਸ਼ਤਿਆਂ ਦਾ ਸਨਮਾਨ ਕਰਦੇ ਸਨ, ਉੱਥੇ ਹੀ ਅੱਜ ਭਾਰਤ 'ਚ ਰਿਸ਼ਤਿਆਂ ਦੀ ਡੋਰ ਬਹੁਤ ਕਮਜ਼ੋਰ ਹੁੰਦੀ ਜਾ ਰਹੀ ਹੈ। ਬਾਪ ਬੇਟੇ ਦਾ, ਬੇਟਾ ਬਾਪ ਦਾ, ਪਤੀ ਆਪਣੀ ਪਤਨੀ ਦਾ, ਭਰਾ-ਭਰਾ ਦਾ ਅਤੇ ਮਾਂ-ਬੇਟੇ ਦੁਸ਼ਮਣ ਬਣ ਕੇ ਪ੍ਰਾਪਰਟੀ, ਨਾਜਾਇਜ਼ ਸੰਬੰਧਾਂ, ਨਸ਼ੇ ਦੀ ਲਤ ਅਤੇ ਹੋਰ ਕਾਰਨਾਂ ਕਰ ਕੇ ਇਕ-ਦੂਜੇ ਦੀ ਜਾਨ ਲੈ ਰਹੇ ਹਨ, ਜਿਸ ਦੀਆਂ ਸਿਰਫ 8 ਦਿਨਾਂ ਦੀਆਂ ਮਿਸਾਲਾਂ ਹੇਠਾਂ ਦਰਜ ਹਨ :

* 10 ਫਰਵਰੀ ਨੂੰ 'ਚਰਖੀ ਦਾਦਰੀ' (ਹਰਿਆਣਾ) ਦੇ 'ਲੋਹਾਰਵਾੜਾ' ਵਿਚ ਨਸ਼ੇ ਦੇ ਆਦੀ 'ਸੁਨੀਲ ਕੁਮਾਰ' ਨਾਂ ਦੇ ਇਕ ਰਿਟਾਇਰਡ ਫੌਜੀ ਨੇ ਆਪਣੀ 70 ਸਾਲਾ ਮਾਂ 'ਚੰਦਰਾਦੇਵੀ' ਨੂੰ ਗੋਲੀ ਮਾਰ ਕੇ ਮਾਰ ਦਿੱਤਾ।
* 11 ਫਰਵਰੀ ਨੂੰ 'ਮਾਂਡਿਆ' (ਕਰਨਾਟਕ) ਦੀ 'ਮਾਡੁਰ' ਤਹਿਸੀਲ 'ਚ 'ਕ੍ਰਿਸ਼ਨ ਗੌੜਾ' ਨਾਂ ਦੇ ਵਿਅਕਤੀ ਵੱਲੋਂ ਛੋਟੇ ਭਰਾ 'ਸ਼ਿਵੇਨੰਜੇ ਗੌੜਾ' ਤੋਂ ਲਿਆ ਕਰਜ਼ਾ ਵਾਪਸ ਕਰਨ 'ਚ ਟਾਲ-ਮਟੋਲ ਕਰਨ 'ਤੇ 'ਸ਼ਿਵੇਨੰਜੇ ਗੌੜਾ' ਨੇ ਭਾੜੇ ਦੇ ਹੱਤਿਆਰਿਆਂ ਨੂੰ ਸੁਪਾਰੀ ਦੇ ਕੇ ਉਸ ਦੀ ਹੱਤਿਆ ਕਰਵਾ ਦਿੱਤੀ ਅਤੇ ਖੁਦ ਸ਼ੱਕ ਦੇ ਘੇਰੇ 'ਚ ਆਉਣ ਤੋਂ ਬਚਣ ਲਈ ਪ੍ਰਯਾਗਰਾਜ 'ਮਹਾਕੁੰਭ' ਵਿਚ ਚਲਾ ਗਿਆ, ਜਿਸ ਨੂੰ ਉਥੋਂ ਪਰਤਣ 'ਤੇ ਪੁਲਸ ਨੇ 16 ਫਰਵਰੀ ਨੂੰ ਗ੍ਰਿਫ਼ਤਾਰ ਕਰ ਲਿਆ।
* 13 ਫਰਵਰੀ ਨੂੰ 'ਪ੍ਰਕਾਸ਼ਮ' (ਆਂਧਰਾ ਪ੍ਰਦੇਸ਼) ਜ਼ਿਲੇ 'ਚ ਲਕਸ਼ਮੀ ਦੇਵੀ ਨਾਂ ਦੀ ਇਕ ਔਰਤ ਨੇ ਆਪਣੇ ਬੇਟੇ 'ਪ੍ਰਸਾਦ' ਤੋਂ ਤੰਗ ਆ ਕੇ ਕੁਹਾੜੀ ਨਾਲ ਉਸ ਦੀ ਹੱਤਿਆ ਕਰ ਕੇ ਲਾਸ਼ ਦੇ 5 ਟੁੱਕੜੇ ਕਰ ਕੇ ਤਿੰਨ ਬੋਰੀਆਂ 'ਚ ਭਰ ਕੇ ਨਹਿਰ 'ਚ ਸੁੱਟ ਦਿੱਤੇ।
* 13 ਫਰਵਰੀ ਨੂੰ ਹੀ 'ਸੀਤਾਪੁਰ' (ਉੱਤਰ ਪ੍ਰਦੇਸ਼) 'ਚ ਸ਼ਰਾਬ ਖਾਤਿਰ ਪੈਸਿਆਂ ਲਈ ਹਰ ਵੇਲੇ ਆਪਣੀ ਮਾਂ 'ਊਸ਼ਾ ਅਵਸਥੀ' ਨਾਲ ਝਗੜਦੇ ਰਹਿਣ ਵਾਲੇ 'ਕਪਿਲ ਅਵਸਥੀ' ਨਾਂ ਦੇ ਨੌਜਵਾਨ ਨੇ ਫਹੁੜੇ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ।



* 14 ਫਰਵਰੀ ਨੂੰ ਵਿਆਹੁਤਾ ਵਿਵਾਦ ਕਾਰਨ ਗਾਜ਼ੀਆਬਾਦ 'ਚ ਆਪਣੇ ਪੇਕੇ 'ਚ ਰਹਿ ਰਹੀ ਨਾਰਾਜ਼ ਪਤਨੀ ਨੂੰ ਮਿਲਣ ਗਏ 'ਦਾਨਿਸ਼' ਨਾਂ ਦੇ ਵਿਅਕਤੀ 'ਤੇ ਉਸ ਦੇ ਸਹੁਰੇ ਵਾਲਿਆਂ ਨੇ ਮਿੱਟੀ ਦਾ ਤੇਲ ਛਿੜਕ ਕੇ ਉਸ ਨੂੰ ਜ਼ਿੰਦਾ ਸਾੜ ਦਿੱਤਾ।
* 15 ਫਰਵਰੀ ਨੂੰ ਦੇਰ ਰਾਤ ਜੀਂਦ (ਹਰਿਆਣਾ) ਸਥਿਤ ਦੁਰਗਾ ਕਾਲੋਨੀ 'ਚ ਸੂਰਾਂ ਦੇ ਵਪਾਰੀ 'ਰਾਮਮੇਹਰ' ਉਰਫ 'ਰਾਮਾ' ਦੀ ਉਸ ਦੇ ਛੋਟੇ ਭਰਾ ਸੋਨੂੰ ਨੇ ਆਪਣੇ ਬੇਟਿਆਂ ਅਤੇ ਭਾਣਜਿਆਂ ਨਾਲ ਮਿਲ ਕੇ ਹੱਤਿਆ ਕਰ ਦਿੱਤੀ। ਦੋਵਾਂ ਭਰਾਵਾਂ 'ਚ ਸੂਰਾਂ ਨੂੰ ਵੇਚਣ ਨੂੰ ਲੈ ਕੇ ਪੈਸਿਆਂ ਦੇ ਮਾਮਲੇ 'ਚ ਝਗੜਾ ਹੋਇਆ ਸੀ।
* 15 ਫਰਵਰੀ ਨੂੰ ਹੀ ਬਠਿੰਡਾ (ਪੰਜਾਬ) ਦੇ ਪਿੰਡ 'ਚੱਕ ਰੁਲਦੂ ਸਿੰਘ ਵਾਲਾ' ਵਿਚ ਸੁਖਵਿੰਦਰ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਘਰੇਲੂ ਵਿਵਾਦ ਕਾਰਨ ਆਪਣੇ ਇਕਲੌਤੇ ਬੇਟੇ ਅਰਸ਼ਪ੍ਰੀਤ ਦੀ ਹੱਤਿਆ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ।
* 16 ਫਰਵਰੀ ਨੂੰ ਲੁਧਿਆਣਾ (ਪੰਜਾਬ) 'ਚ ਪਰਮਜੀਤ ਸਿੰਘ ਨਾਂ ਦੇ ਵਿਅਕਤੀ ਵੱਲੋਂ ਆਪਣੇ ਵੱਡੇ ਭਰਾ ਗੁਰਦਿਆਲ ਸਿੰਘ ਨੂੰ ਸ਼ਰਾਬ ਪੀਣ ਤੋਂ ਰੋਕਣ 'ਤੇ ਗੁਰਦਿਆਲ ਸਿੰਘ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ।
* 17 ਫਰਵਰੀ ਨੂੰ ਮੈਸੂਰੂ (ਕਰਨਾਟਕ) 'ਚ ਇਕ ਕੰਸਲਟੈਂਸੀ ਫਰਮ ਚਲਾਉਣ ਵਾਲੇ ਜੀ. ਐੱਮ. ਚੇਤਨ ਨਾਂ ਦੇ ਮਕੈਨੀਕਲ ਇੰਜੀਨੀਅਰ ਨੇ ਭਾਰੀ ਕਰਜ਼ ਕਾਰਨ ਆਪਣੀ ਪਤਨੀ ਅਤੇ ਬੇਟੀ ਦੀ ਹੱਤਿਆ ਕਰਨ ਤੋਂ ਬਾਅਦ ਖੁਦ ਵੀ ਖੁਦਕੁਸ਼ੀ ਕਰ ਲਈ।
* 17 ਫਰਵਰੀ ਨੂੰ ਹੀ ਲੁਧਿਆਣਾ 'ਚ ਇਕ ਵਪਾਰੀ ਦੇ ਨਾਜਾਇਜ਼ ਸੰਬੰਧਾਂ ਦਾ ਉਸ ਦੀ ਪਤਨੀ ਨੂੰ ਪਤਾ ਲੱਗ ਜਾਣ ਕਾਰਨ ਵਪਾਰੀ ਵੱਲੋਂ ਸੁਪਾਰੀ ਦੇ ਕੇ ਪਤਨੀ ਦੀ ਹੱਤਿਆ ਕਰਵਾਉਣ ਦੇ ਦੋਸ਼ 'ਚ ਵਪਾਰੀ ਸਮੇਤ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।
* 18 ਫਰਵਰੀ ਨੂੰ ਕੁਸ਼ੀਨਗਰ (ਉੱਤਰ ਪ੍ਰਦੇਸ਼) ਦੇ 'ਤਮਕੁਹੀਰਾਜ' ਪਿੰਡ 'ਚ 'ਅਨੀਸ' ਨਾਂ ਦੇ ਵਿਅਕਤੀ ਵੱਲੋਂ ਜ਼ਮੀਨ ਵੇਚਣ ਤੋਂ ਨਾਰਾਜ਼ ਉਸ ਦੇ 3 ਬੇਟਿਆਂ ਨੇ ਕੁੱਟ-ਕੁੱਟ ਕੇ ਅਤੇ ਸਿਰ 'ਤੇ ਇੱਟ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ।
* 18 ਫਰਵਰੀ ਨੂੰ ਹੀ ਫਰੀਦਾਬਾਦ (ਹਰਿਆਣਾ) 'ਚ 'ਅਲੀਮ' ਨਾਂ ਦੇ ਵਿਅਕਤੀ ਵੱਲੋਂ ਆਪਣੇ ਬੇਟੇ ਨੂੰ ਡਾਂਟਣ 'ਤੇ ਉਸ ਦੇ ਬੇਟੇ ਨੇ ਉਸ ਸਮੇਂ ਆਪਣੇ ਪਿਤਾ 'ਤੇ ਮਿੱਟੀ ਦਾ ਤੇਲ ਛਿੜਕ ਕੇ ਉਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ, ਜਦੋਂ ਉਹ ਸੌਂ ਰਿਹਾ ਸੀ।
* 18 ਫਰਵਰੀ ਨੂੰ ਹੀ ਜਲੰਧਰ (ਪੰਜਾਬ) 'ਚ ਸਹੁਰਿਆਂ ਵੱਲੋਂ ਘੱਟ ਦਾਜ ਲਿਆਉਣ ਤੋਂ ਪ੍ਰੇਸ਼ਾਨ ਕੀਤੀ ਜਾ ਰਹੀ ਇਕ ਨਵ-ਵਿਆਹੁਤਾ ਨੇ ਖੁਦਕੁਸ਼ੀ ਕਰ ਲਈ।
* 18 ਫਰਵਰੀ ਨੂੰ ਹੀ ਸ਼ਾਹਕੋਟ (ਪੰਜਾਬ) ਦੇ ਪਿੰਡ 'ਸ਼ੇਖੇਵਾਲ' ਵਿਚ ਘਰੇਲੂ ਵਿਵਾਦ ਕਾਰਨ ਹੋਏ ਝਗੜੇ 'ਚ ਇਕ ਨੌਜਵਾਨ ਨੇ ਆਪਣੇ ਚਾਚੇ ਇੰਦਰਜੀਤ ਸਿੰਘ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ।

ਉਕਤ ਵਿਵਾਦ ਅਤੇ ਹੱਤਿਆਵਾਂ ਯਕੀਨਨ ਹੀ ਇਸ ਤੱਥ ਦਾ ਮੂੰਹ-ਬੋਲਦਾ ਸਬੂਤ ਹਨ ਕਿ ਅੱਜ ਰਿਸ਼ਤੇ ਇਸ ਕਦਰ ਸਵਾਰਥੀ ਅਤੇ ਪਲ ਭਰ ਦੇ ਹੋ ਗਏ ਹਨ ਕਿ ਲੋਕਾਂ ਨੂੰ ਆਪਣੇ ਹਿੱਤ ਤੋਂ ਅੱਗੇ ਕੁਝ ਦਿਖਾਈ ਹੀ ਨਹੀਂ ਦਿੰਦਾ। ਇਸ ਲਈ ਅਜਿਹੇ ਲੋਕਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਲੋੜ ਹੈ ਤਾਂ ਕਿ ਸਮਾਜ 'ਚ ਸਖਤ ਸੰਦੇਸ਼ ਜਾਵੇ ਅਤੇ ਇਨ੍ਹਾਂ ਦੇ ਅੰਜਾਮ ਤੋਂ ਦੂਜਿਆਂ ਨੂੰ ਨਸੀਹਤ ਮਿਲੇ।

# ਦੇਸ਼ 'ਚ '.ਫਰਜ਼ੀ' ਦਾ ਬੋਲਬਾਲਾ, ਫੜੇ ਜਾ ਰਹੇ ਵੱਖ-ਵੱਖ ਵਿਭਾਗਾਂ ਦੇ ਨਕਲੀ ਅਧਿਕਾਰੀ

ਦੇਸ਼ 'ਚ ਨਕਲੀ ਖੁਰਾਕ ਪਦਾਰਥਾਂ, ਦਵਾਈਆਂ, ਖਾਦਾਂ, ਕੀਟਨਾਸ਼ਕਾਂ, ਕਰੰਸੀ ਆਦਿ ਦੀਆਂ ਗੱਲਾਂ ਤਾਂ ਸੁਣੀਆਂ ਜਾਂਦੀਆਂ ਸਨ, ਪਰ ਹੁਣ ਇਹ ਬੀਮਾਰੀ ਨਕਲੀ ਆਈ.ਪੀ.ਐੱਸ. ਅਧਿਕਾਰੀਆਂ, ਭ੍ਰਿਸ਼ਟਾਚਾਰ-ਰੋਕੂ ਵਿਭਾਗ ਦੇ ਅਧਿਕਾਰੀਆਂ ਆਦਿ ਤੱਕ ਪਹੁੰਚ ਗਈ ਹੈ ਅਤੇ ਇਸ ਵਿੱਚ ਔਰਤਾਂ ਵੀ ਸ਼ਾਮਲ ਪਾਈਆਂ ਜਾ ਰਹੀਆਂ ਹਨ, ਜਿਸ ਦੀਆਂ ਸਿਰਫ਼ 6 ਹਫ਼ਤੇ ਦੀਆਂ ਮਿਸਾਲਾਂ ਹੇਠਾਂ ਦਰਜ ਹਨ:

9 ਜਨਵਰੀ ਨੂੰ ਜੈਸਲਮੇਰ 'ਚ 'ਰਾਜਸਥਾਨ ਐਡਮਿਨਿਸਟ੍ਰੇਟਿਵ ਸਰਵਿਸ' ਦਾ ਨਕਲੀ ਅਧਿਕਾਰੀ ਬਣਕੇ ਘੁੰਮ ਰਹੇ 'ਹਰਜੀਤ ਸਿੰਘ' ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਹ ਆਪਣੀ ਕਾਰ ਉੱਤੇ ਲਾਲ-ਨੀਲੀ ਲਾਈਟ ਲਾ ਕੇ ਘੁੰਮ ਰਿਹਾ ਸੀ ਅਤੇ ਆਪਣੀ ਕਾਰ ਦੇ ਅੱਗੇ-ਪਿੱਛੇ 'ਸਟੇਟ ਮੋਟਰ ਵਿਭਾਗ ਰਾਜਸਥਾਨ ਸਰਕਾਰ' ਲਿਖਵਾਇਆ ਹੋਇਆ ਸੀ, ਤਾਂ ਕਿ ਟੋਲ ਟੈਕਸ ਬਚਾਇਆ ਅਤੇ ਸੈਰ-ਸਪਾਟਾ ਸਥਾਨਾਂ ਤੇ ਹੋਟਲਾਂ 'ਤੇ ਵੀ.ਆਈ.ਪੀ. ਸਹੂਲਤ ਪ੍ਰਾਪਤ ਕੀਤੀ ਜਾ ਸਕੇ।

28 ਜਨਵਰੀ ਨੂੰ ਜਲੰਧਰ ਪੁਲਿਸ ਨੇ ਮਹਿਤਪੁਰ ਪੁਲਿਸ ਥਾਣੇ ਦੇ ਨੇੜੇ ਪੁਲਿਸ ਦਾ ਫ਼ਰਜ਼ੀ ਆਈ-ਕਾਰਡ ਅਤੇ ਖਿਡੌਣਾ ਬੰਦੂਕ ਲੈ ਕੇ ਕਾਰ 'ਚ ਘੁੰਮਣ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨੇ ਆਪਣੀ ਕਾਰ ਦੇ ਪਿੱਛੇ ਪੰਜਾਬੀ ਵਿੱਚ 'ਥਾਣੇਦਾਰ' ਲਿਖਵਾਇਆ ਹੋਇਆ ਸੀ। ਦੋਸ਼ੀ ਨੌਜਵਾਨ ਨੇ ਪੁਲਿਸ 'ਚ ਭਰਤੀ ਹੋਣ ਲਈ ਲਿਖਤੀ ਟੈਸਟ ਵੀ ਦਿੱਤਾ ਸੀ, ਪਰ ਟੈਸਟ ਕਲੀਅਰ ਨਹੀਂ ਕਰ ਸਕਿਆ ਸੀ।

30 ਜਨਵਰੀ ਨੂੰ ਲਖਨਊ 'ਚ ਪੁਲਿਸ ਨੇ ਠੱਗ 'ਸ਼ੇਖਰ ਵਰਮਾ' ਨੂੰ ਗ੍ਰਿਫ਼ਤਾਰ ਕੀਤਾ। ਉਸ ਨੇ ਮੈਟਰੀਮੋਨੀਅਲ ਸਾਈਟ 'ਤੇ ਖੁਦ ਨੂੰ ਇੱਕ ਬੈਂਕ ਦਾ ਅਧਿਕਾਰੀ ਦੱਸ ਕੇ ਇੱਕ ਔਰਤ ਦਾ ਸੈਕਸ ਸ਼ੋਸ਼ਣ ਕਰਨ ਤੋਂ ਇਲਾਵਾ, ਵਿਆਹ ਦਾ ਝਾਂਸਾ ਦੇ ਕੇ ਉਸ ਕੋਲੋਂ 5 ਲੱਖ ਰੁਪਏ ਨਕਦ ਅਤੇ 24 ਲੱਖ ਰੁਪਏ ਦੇ ਗਹਿਣੇ ਹੜੱਪ ਲਏ।

4 ਫ਼ਰਵਰੀ ਨੂੰ ਦੁਰਗ (ਛੱਤੀਸਗੜ੍ਹ) 'ਚ ਗੱਡੀਆਂ ਦੀ ਚੈੱਕਿੰਗ ਦੌਰਾਨ 'ਸੰਨੀ ਜੈਨ' ਨਾਂ ਦੇ 'ਭ੍ਰਿਸ਼ਟਾਚਾਰ-ਰੋਕੂ ਵਿਭਾਗ' (ਏ.ਸੀ.ਬੀ.) ਦੇ ਇੱਕ ਫ਼ਰਜ਼ੀ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ।

8 ਫ਼ਰਵਰੀ ਨੂੰ ਮੁੰਗੇਲੀ (ਛੱਤੀਸਗੜ੍ਹ) 'ਚ 'ਸੁਮੀਤ ਸੇਠੀ' ਨਾਂ ਦੇ ਜਾਲਸਾਜ਼ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ 'ਤੇ ਖੁਦ ਨੂੰ ਸੀ.ਆਈ.ਡੀ. ਅਧਿਕਾਰੀ ਦੱਸ ਕੇ ਇੱਕ ਹਸਪਤਾਲ ਦਾ ਰਿਕਾਰਡ ਅਤੇ ਉਸ ਦੇ ਡਾਕਟਰਾਂ ਦੀਆਂ ਡਿਗਰੀਆਂ ਚੈੱਕ ਕਰਨ ਦੇ ਨਾਂ 'ਤੇ ਹਸਪਤਾਲ ਦੇ ਸੰਚਾਲਕ ਕੋਲੋਂ 7 ਲੱਖ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ।

9 ਫ਼ਰਵਰੀ ਨੂੰ ਜੈਪੁਰ 'ਚ 'ਸ਼੍ਰੀਨਿਵਾਸ ਕੁਮਾਰ ਚੌਬੇ' ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਖੁਦ ਨੂੰ 'ਇੰਟੈਲੀਜੈਂਸ ਬਿਊਰੋ' (ਆਈ.ਬੀ.) ਦਾ ਡਿਪਟੀ ਸੁਪਰਡੈਂਟ ਦੱਸ ਕੇ ਲਗਭਗ 1 ਦਰਜਨ ਲੋਕਾਂ ਨੂੰ 'ਜੈਪੁਰ ਵਿਕਾਸ ਅਥਾਰਟੀ' 'ਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ 20 ਲੱਖ ਰੁਪਏ ਦੀ ਠੱਗੀ ਮਾਰ ਚੁੱਕਾ ਸੀ।

11 ਫ਼ਰਵਰੀ ਨੂੰ ਤਰਨ ਤਾਰਨ ਜ਼ਿਲੇ ਦੇ ਭਿੱਖੀਵਿੰਡ ਵਿੱਚ ਨਾਕਾਬੰਦੀ ਦੌਰਾਨ ਪੁਲਿਸ ਨੇ 'ਸਿਮਰਨਦੀਪ ਕੌਰ' ਨਾਂ ਦੀ ਇੱਕ ਫ਼ਰਜ਼ੀ ਆਈ.ਪੀ.ਐੱਸ. ਔਰਤ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ, ਜੋ ਲੋਕਾਂ ਨੂੰ ਠੱਗਣ ਲਈ ਨਕਲੀ ਵਰਦੀ ਪਾ ਕੇ ਘੁੰਮ ਰਹੀ ਸੀ। ਉਸ ਦੇ ਕਬਜ਼ੇ 'ਚੋਂ ਇੱਕ ਆਈਫੋਨ ਅਤੇ ਆਈ.ਪੀ.ਐੱਸ. ਅਧਿਕਾਰੀ ਦੀ ਪੂਰੀ ਵਰਦੀ ਵੀ ਬਰਾਮਦ ਕੀਤੀ ਗਈ।

16 ਫ਼ਰਵਰੀ ਨੂੰ ਏਟਾ (ਉੱਤਰ ਪ੍ਰਦੇਸ਼) 'ਚ ਇੱਕ ਨਕਲੀ ਆਈ.ਪੀ.ਐੱਸ. ਅਧਿਕਾਰੀ 'ਹੇਮੰਤ ਪ੍ਰਤਾਪ ਸਿੰਘ ਬੁੰਦੇਲਾ' ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ, ਜੋ ਬਿਨਾਂ-ਬੁਲਾਏ ਇੱਕ ਪਤੀ-ਪਤਨੀ ਦਾ ਝਗੜਾ ਸੁਲਝਾਉਣ ਪਹੁੰਚ ਗਿਆ ਸੀ। ਦੋਸ਼ੀ ਨੇ ਪੁਲਿਸ ਦੀ ਵਰਦੀ ਪਹਿਨੀ ਹੋਈ ਸੀ, ਪਰ ਬੇਮੇਲ ਹੋਣ ਕਾਰਨ ਪੁਲਿਸ ਨੂੰ ਸ਼ੱਕ ਹੋਣ 'ਤੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਆਪਣਾ ਜੁਰਮ ਕਬੂਲ ਕਰ ਲਿਆ।




18 ਫ਼ਰਵਰੀ ਨੂੰ ਖੁਦ ਨੂੰ ਊਨਾ ਉਦਯੋਗਿਕ ਇਲਾਕੇ 'ਚ ਸਹਾਇਕ ਅਧਿਕਾਰੀ ਅਤੇ 'ਸੈਰੀਕਲਚਰ ਵਿਭਾਗ' 'ਚ ਐਡੀਸ਼ਨਲ ਕਾਰਜਭਾਰ ਸੰਭਾਲਣ ਵਾਲੀ ਦੱਸ ਕੇ ਲੋਕਾਂ ਨੂੰ ਨੌਕਰੀ ਅਤੇ ਹੋਰ ਸਹੂਲਤਾਂ ਦਿਵਾਉਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲੀ ਔਰਤ ਨੂੰ ਪਾਉਂਟਾ ਸਾਹਿਬ ਤੋਂ ਗ੍ਰਿਫ਼ਤਾਰ ਕੀਤਾ ਗਿਆ।

18 ਫ਼ਰਵਰੀ ਨੂੰ ਹੀ ਪਾਲਘਰ (ਮਹਾਰਾਸ਼ਟਰ) 'ਚ 'ਹਿਮਾਂਸ਼ੂ ਯੋਗੇਸ਼ ਭਾਈ ਪਾਂਚਾਲ' ਨਾਂ ਦੇ ਧੋਖੇਬਾਜ਼ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ, ਜਿਸ 'ਤੇ ਖੁਦ ਨੂੰ ਦਿੱਲੀ ਅਪਰਾਧ ਸ਼ਾਖਾ ਦਾ ਅਧਿਕਾਰੀ ਦੱਸ ਕੇ ਕਈ ਔਰਤਾਂ ਨਾਲ ਵਿਆਹ ਦਾ ਵਾਅਦਾ ਕਰਕੇ ਧੋਖਾ ਦੇਣ ਦਾ ਦੋਸ਼ ਹੈ।

19 ਫ਼ਰਵਰੀ ਨੂੰ ਲਖਨਊ ਦੇ 'ਚਾਰਬਾਗ ਰੇਲਵੇ ਸਟੇਸ਼ਨ' 'ਤੇ 'ਕਾਜਲ ਸਰੋਜ' ਨਾਂ ਦੀ ਫ਼ਰਜ਼ੀ ਮਹਿਲਾ ਟੀ.ਟੀ.ਈ. ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਟੀ.ਟੀ.ਈ. ਦੀ ਵਰਦੀ ਪਾ ਕੇ, ਗਲ ? 'ਚ ਆਈ-ਕਾਰਡ ਪਾ ਕੇ ਅਤੇ ਹੱਥ 'ਚ ਕਾਪੀ-ਪੈੱਨ ਲੈ ਕੇ ਯਾਤਰੀਆਂ ਦੇ ਟਿਕਟ ਚੈੱਕ ਕਰ ਰਹੀ ਸੀ। ਜਾਂਚ ਕਰਨ 'ਤੇ ਉਸ ਦਾ ਕਰਮਚਾਰੀ ਨੰਬਰ, ਅਹੁਦੇ ਦਾ ਨਾਂ ਅਤੇ ਤਾਇਨਾਤੀ ਸਥਾਨ ਸਾਰੇ ਫ਼ਰਜ਼ੀ ਪਾਏ।

ਉਕਤ ਮਿਸਾਲਾਂ ਤੋਂ ਸਪਸ਼ਟ ਹੈ ਕਿ ਦੇਸ਼ 'ਚ ਜਾਲਸਾਜ਼ੀ ਕਰਕੇ ਲੋਕਾਂ ਨੂੰ ਠੱਗਣ ਦੀ ਬੁਰਾਈ ਕਿਸ ਕਦਰ ਵਧ ਰਹੀ ਹੈ। ਇਸ ਲਈ, ਸਮਾਜ ਵਿਰੋਧੀ ਤੱਤਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ, ਤਾਂ ਕਿ ਦੂਜਿਆਂ ਨੂੰ ਸਬਕ ਮਿਲੇ। ਜਨਤਾ ਨੂੰ ਵੀ ਜਾਗਰੂਕ ਹੋਣ ਦੀ ਲੋੜ ਹੈ, ਤਾਂ ਕਿ ਕੋਈ ਠੱਗ ਉਨ੍ਹਾਂ ਦੀ ਗੂੜ੍ਹੇ ਪਸੀਨੇ ਦੀ ਕਮਾਈ ਨਾ ਲੁੱਟ ਸਕੇ।

# ਹਿੰਦੂ ਧਰਮ ਬਨਾਮ ਗਊ ਮਾਤਾ

## ਜੋ ਇੱਕ ਮਨੁੱਖ ਦੇ ਨਾਮ ਤੋਂ ਜਾਨਵਰ ਤੇ ਤਬਦੀਲ ਕੀਤਾ

Gadinashin Sarabjit Singh Descendant King of the World Kuras Kambujiyah Cyrus the Great



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਗੋਮਾਤਾ ਪੁਜਾਰੀਆਂ ਦੇ ਵੰਸ਼ਜਾਂ ਵੱਲੋਂ ਰਿਗਵੇਦ ਦੀ ਰਚਨਾ :** ਭਾਰਤ ਭੱਜ ਗਏ ਮਾਗੀ ਪੁਜਾਰੀਆਂ ਨੇ ਇੱਕ ਨਵਾਂ ਪਵਿੱਤਰ ਗ੍ਰੰਥ ਲਿਖਣਾ ਸ਼ੁਰੂ ਕਰ ਦਿੱਤਾ, ਜਿਸਨੂੰ ਅੰਤ ਵਿੱਚ ਰਿਗਵੇਦ ਵਜੋਂ ਜਾਣਿਆ ਜਾਣ ਲੱਗਾ, ਰਿਗਵੇਦ ਨੂੰ ਅਵੇਸਤਾ ਦੇ ਮੁਕਾਬਲੇ ਵਿੱਚ ਲਿਖਿਆ ਗਿਆ ਸੀ, ਜੋ ਕਿ ਪਾਰਸੀ ਧਰਮ ਦਾ ਪਵਿੱਤਰ ਗ੍ਰੰਥ ਸੀ। ਰਿਗਵੇਦ ਦੇ ਲੇਖਕ ਮੁੱਖ ਤੌਰ 'ਤੇ ਗੌਮਾਤਾ ਦੇ ਵੰਸ਼ ਦੇ ਮਾਗੀ ਪੁਜਾਰੀ ਸਨ, ਜੋ ਭਾਰਤੀ ਪਰੰਪਰਾ ਤੋਂ ਪ੍ਰਭਾਵਿਤ ਸਨ,ਉਨ੍ਹਾਂ ਨੇ ਅਵੇਸਤਾ ਦੇ ਆਪਣੇ ਗਿਆਨ ਦੇ ਨਾਲ-ਨਾਲ ਭਾਰਤੀ ਸੱਭਿਆਚਾਰ ਨਾਲ ਆਪਣੇ ਸੰਪਰਕ ਨੂੰ ਇੱਕ ਨਵਾਂ ਅਤੇ ਵਿਲੱਖਣ ਪਵਿੱਤਰ ਗ੍ਰੰਥ ਬਣਾਉਣ ਲਈ ਵਰਤਿਆ।

**ਰਿਗਵੇਦ ਦੀ ਸਮੱਗਰੀ :** ਰਿਗਵੇਦ ਭਜਨਾਂ, ਪ੍ਰਾਰਥਨਾਵਾਂ ਅਤੇ ਦਾਰਸ਼ਨਿਕ ਚਰਚਾਵਾਂ ਦਾ ਸੰਗ੍ਰਹਿ ਹੈ ਜੋ ਹਿੰਦੂ ਪੰਥ ਦੇ ਦੇਵੀ-ਦੇਵਤਿਆਂ ਦੀ ਪੂਜਾ 'ਤੇ ਕੇਂਦ੍ਰਿਤ ਹਨ, ਪਾਠ ਨੂੰ ਦਸ ਕਿਤਾਬਾਂ, ਜਾਂ ਮੰਡਲਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਨੂੰ ਅੱਗੇ ਸੂਕਤਾਂ, ਜਾਂ ਭਜਨਾਂ ਵਿੱਚ ਵੰਡਿਆ ਗਿਆ ਹੈ।

ਰਿਗਵੇਦ ਵਿੱਚ ਸਮੱਗਰੀ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ, ਜਿਸ ਵਿੱਚ ਦੇਵਤਿਆਂ ਲਈ ਭਜਨ, ਸੁਰੱਖਿਆ ਅਤੇ ਖੁਸ਼ਹਾਲੀ ਲਈ ਪ੍ਰਾਰਥਨਾਵਾਂ ਅਤੇ ਬ੍ਰਹਿਮੰਡ ਦੀ ਪ੍ਰਕਿਰਤੀ ਅਤੇ ਮਨੁੱਖੀ ਸਥਿਤੀ ਬਾਰੇ ਦਾਰਸ਼ਨਿਕ ਚਰਚਾਵਾਂ ਸ਼ਾਮਲ ਹਨ, ਇਸ ਲਿਖਤ ਵਿੱਚ ਅਵੇਸਤਾ ਅਤੇ ਪਾਰਸੀ ਪਰੰਪਰਾ ਦੇ ਹਵਾਲੇ ਵੀ ਹਨ, ਜੋ ਰਿਗਵੇਦ ਦੀ ਰਚਨਾ 'ਤੇ ਮਾਗੀ ਪੁਜਾਰੀਆਂ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ।

**ਰਿਗਵੇਦ ਦੀ ਮਹੱਤਤਾ :** ਰਿਗਵੇਦ ਹਿੰਦੂ ਧਰਮ ਦੇ ਸਭ ਤੋਂ ਮਹੱਤਵਪੂਰਨ ਪਵਿੱਤਰ ਗ੍ਰੰਥਾਂ ਵਿੱਚੋਂ ਇੱਕ ਹੈ, ਅਤੇ ਇਸਦਾ ਭਾਰਤੀ ਸੱਭਿਆਚਾਰ ਅਤੇ ਸਮਾਜ ਦੇ ਵਿਕਾਸ 'ਤੇ ਡੂੰਘਾ ਪ੍ਰਭਾਵ ਰਿਹਾ ਹੈ, ਇਸ ਲਿਖਤ ਨੂੰ ਪ੍ਰਾਚੀਨ ਬੁੱਧੀ ਅਤੇ ਗਿਆਨ ਦਾ ਭੰਡਾਰ ਮੰਨਿਆ ਜਾਂਦਾ ਹੈ, ਅਤੇ ਦੁਨੀਆ ਭਰ ਦੇ ਹਿੰਦੂਆਂ ਦੁਆਰਾ ਇਸਦਾ ਅਧਿਐਨ ਅਤੇ ਸਤਿਕਾਰ ਕੀਤਾ ਜਾਂਦਾ ਹੈ। ਰਿਗਵੇਦ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਪਾਰਸੀ ਅਤੇ ਹਿੰਦੂ ਪਰੰਪਰਾਵਾਂ ਵਿਚਕਾਰ ਗੁੰਝਲਦਾਰ ਅਤੇ ਅਕਸਰ ਵਿਵਾਦਪੂਰਨ ਸਬੰਧਾਂ ਨੂੰ ਦਰਸਾਉਂਦਾ ਹੈ, ਇਹ ਲਿਖਤ ਅਵੇਸਤਾ ਦੇ



ਭਾਈ ਸੁਖਵਿੰਦਰ ਸਿੰਘ ਨਾਗੋਕੇ
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।

ਮੁਕਾਬਲੇ ਵਿੱਚ ਲਿਖੀ ਗਈ ਸੀ ਅਤੇ ਇਹ ਮਾਗੀ ਪੁਜਾਰੀਆਂ ਦੇ ਇੱਕ ਨਵੇਂ ਅਤੇ ਵਿਲੱਖਣ ਪਵਿੱਤਰ ਗ੍ਰੰਥ ਨੂੰ ਬਣਾਉਣ ਦੇ ਯਤਨਾਂ ਨੂੰ ਦਰਸਾਉਂਦੀ ਹੈ ਜੋ ਅਧਿਕਾਰ ਅਤੇ ਪ੍ਰਭਾਵ ਵਿੱਚ ਅਵੇਸਤਾ ਦਾ ਮੁਕਾਬਲਾ ਕਰੇਗਾ।

**ਮਾਗੀ ਪੁਜਾਰੀਆਂ ਦੀ ਵਿਰਾਸਤ :** ਰਿਗਵੇਦ ਦੀ ਰਚਨਾ ਕਰਨ ਵਾਲੇ ਮਾਗੀ ਪੁਜਾਰੀਆਂ ਨੇ ਭਾਰਤ ਵਿੱਚ ਇੱਕ ਸਥਾਈ ਵਿਰਾਸਤ ਛੱਡੀ, ਜਿੱਥੇ ਉਨ੍ਹਾਂ ਨੇ ਹਿੰਦੂ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ,ਉਨ੍ਹਾਂ ਦਾ ਪ੍ਰਭਾਵ ਰਿਗਵੇਦ ਵਿੱਚ ਪਾਏ ਜਾਣ ਵਾਲੇ ਅਵੇਸਤਾ ਅਤੇ ਪਾਰਸੀ ਪਰੰਪਰਾ ਦੇ ਕਈ ਹਵਾਲਿਆਂ ਵਿੱਚ ਦੇਖਿਆ ਜਾ ਸਕਦਾ ਹੈ, ਨਾਲ ਹੀ ਕਈ ਹਿੰਦੂ ਮੰਦਰਾਂ ਅਤੇ ਰਸਮਾਂ ਵਿੱਚ ਜੋ ਮਾਗੀ ਪੁਜਾਰੀਆਂ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ।

ਮਾਗੀ ਪੁਜਾਰੀਆਂ ਨੇ ਪਾਰਸੀ ਭਾਈਚਾਰੇ ਵਿੱਚ ਇੱਕ ਸਥਾਈ ਵਿਰਾਸਤ ਵੀ ਛੱਡੀ, ਜਿੱਥੇ ਉਨ੍ਹਾਂ ਨੂੰ ਅਜੇ ਵੀ ਵਿਸ਼ਵਾਸ ਦੇ ਇਤਿਹਾਸ ਵਿੱਚ ਮਹੱਤਵਪੂਰਨ ਸ਼ਖਸੀਅਤਾਂ ਵਜੋਂ ਯਾਦ ਕੀਤਾ ਜਾਂਦਾ ਹੈ ਅਤੇ ਸਤਿਕਾਰਿਆ ਜਾਂਦਾ ਹੈ। ਮਾਗੀ ਪੁਜਾਰੀਆਂ ਦੀ ਕਹਾਣੀ ਜੋ ਭਾਰਤ ਭੱਜ ਗਏ ਅਤੇ ਰਿਗਵੇਦ ਦੀ ਰਚਨਾ ਕੀਤੀ, ਪਾਰਸੀ ਮਿਥਿਹਾਸ ਅਤੇ ਲੋਕ-ਕਥਾਵਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਇਸਨੂੰ ਦੁਨੀਆ ਭਰ ਦੇ ਪਾਰਸੀਆਂ ਦੁਆਰਾ ਮਨਾਇਆ ਅਤੇ ਯਾਦ ਕੀਤਾ ਜਾਂਦਾ ਹੈ। ਮੈਨੂੰ ਉਮੀਦ ਹੈ ਕਿ ਰਿਗਵੇਦ ਦੀ ਰਚਨਾ ਅਤੇ ਮਾਗੀ ਪੁਜਾਰੀਆਂ ਦੀ ਵਿਰਾਸਤ ਦਾ ਇਹ ਵਿਸਤ੍ਰਿਤ ਬਿਰਤਾਂਤ ਇਸ ਗੁੰਝਲਦਾਰ ਅਤੇ ਦਿਲਚਸਪ ਵਿਸ਼ੇ ਦੀ ਡੂੰਘੀ ਸਮਝ ਪ੍ਰਦਾਨ ਕਰਨ ਵਿੱਚ ਸਹਾਇਤਾ ਕਰੇਗਾ।

**4. ਇੱਕ ਹੋਰ ਦਿਲਚਸਪ ਅਤੇ ਗੁੰਝਲਦਾਰ ਕਹਾਣੀ**

ਭਾਰਤ ਆਏ ਗੋਮਾਤਾ ਮਾਗੀ ਪੁਜਾਰੀਆਂ ਦੇ ਵੰਸ਼ ਨੇ ਸੱਚਮੁੱਚ ਇੱਕ ਗਾਂ ਦਾ ਨਾਮ ਗੋਮਾਤਾ ਰੱਖਿਆ ਸੀ, ਜੋ ਕਿ ਉਨ੍ਹਾਂ ਦੇ ਪੂਰਵਜ ਗੋਮਾਤਾ ਦੀ ਯਾਦ ਨੂੰ ਕਾਇਮ ਰੱਖਣ ਦੀ ਇੱਕ ਜਾਣਬੁੱਝ ਕੇ ਕੋਸ਼ਿਸ਼ ਸੀ, ਜਾਨਵਰ (ਗਊ) ਨੂੰ ਆਪਣੇ ਪੂਰਵਜ ਦੇ ਨਾਮ 'ਤੇ ਰੱਖ ਕੇ, ਉਨ੍ਹਾਂ ਦਾ ਉਦੇਸ਼ ਉਨ੍ਹਾਂ ਦੇ ਵੰਸ਼ ਅਤੇ ਜਾਨਵਰ ਵਿਚਕਾਰ ਇੱਕ ਪ੍ਰਤੀਕਾਤਮਕ ਸਬੰਧ ਬਣਾਉਣਾ ਸੀ, ਜੋ ਉਨ੍ਹਾਂ ਦੀ ਵਿਰਾਸਤ ਅਤੇ ਸੱਭਿਆਚਾਰਕ ਪਛਾਣ ਦੀ ਯਾਦ ਦਿਵਾਏਗਾ।

**(ਚਲਦਾ)**

# ਰਿਓੜੀਆਂ ਦੀ ਥਾਂ ਹੱਕਾਂ ਦੀ ਗੱਲ

**ਔਸਵਾਈ ਕੁਰੈਸ਼ੀ**

ਜਦੋਂ ਚੋਣਾਂ ਆਉਂਦੀਆਂ ਹਨ ਤਾਂ ਵੱਖ-ਵੱਖ ਸਿਆਸੀ ਪਾਰਟੀਆਂ ਵੋਟਰਾਂ 'ਤੇ ਵਾਅਦਿਆਂ ਦੀ ਝੜੀ ਲਗਾ ਦਿੰਦੀਆਂ ਹਨ। ਸਿਆਸਤਦਾਨਾਂ ਨੂੰ ਆਮ ਆਦਮੀ ਅਤੇ ਉਨ੍ਹਾਂ ਦੇ ਦੁੱਖ ਦਰਦਾਂ ਦਾ ਇੱਕਦਮ ਚੇਤਾ ਆ ਜਾਂਦਾ ਹੈ। ਜਿਨ੍ਹਾਂ ਗ਼ਰੀਬ ਗੁਰਬਿਆਂ, ਬੇਰੁਜ਼ਗਾਰ ਨੌਜਵਾਨਾਂ, ਘੱਟਗਿਣਤੀਆਂ, ਝੁੱਗੀ ਝੌਂਪੜੀ ਵਾਲਿਆਂ ਅਤੇ ਕਬਾਇਲੀਆਂ ਨੂੰ ਪੰਜ ਸਾਲਾਂ ਦੇ ਜ਼ਿਆਦਾਤਰ ਅਰਸੇ ਤੱਕ ਦਰਕਿਨਾਰ ਕਰ ਕੇ ਰੱਖਿਆ ਜਾਂਦਾ ਹੈ ਤਾਂ ਉਹ ਇੱਕਦਮ ਫੌਰੀ ਅਤੇ ਗਹਿ-ਗੱਡਵੇਂ ਬਹਿਸ ਮੁਬਾਹਸਿਆਂ ਦਾ ਮਰਕਜ਼ ਬਣ ਜਾਂਦੇ ਹਨ। ਇਹ ਮਹਾਂ ਤਮਾਸ਼ਾ ਹੁੰਦਾ ਹੈ, ਵਾਅਦਿਆਂ ਦਾ ਓਪੇਰਾ ਜਿੱਥੇ ਮੁਫ਼ਤ ਬਿਜਲੀ, ਅਨਾਜ ਤੇ ਟੀਵੀ, ਸਾਈਕਲ ਤੇ ਲੈਪਟਾਪ ਜਿਹੇ ਮਾਲ ਅਸਬਾਬ ਦੇ ਨਾਲੋ-ਨਾਲ ਨਕਦਨਾਵਾਂ, ਸਭ ਕੁਝ ਸਿਆਸੀ ਪ੍ਰਵਚਨ ਦਾ ਵਾਹਕ ਬਣ ਜਾਂਦਾ ਹੈ।

ਹਾਲੀਆ ਅਰਸੇ ਦੌਰਾਨ ਨਵਾਂ ਸ਼ਬਦ 'ਰਿਓੜੀ ਕਲਚਰ' ਸਾਡੇ ਸਿਆਸੀ ਸ਼ਬਦਕੋਸ਼ ਦਾ ਹਿੱਸਾ ਬਣ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ ਇਸ ਤਥਾਕਥਿਤ 'ਰਿਓੜੀ ਕਲਚਰ' ਦੀ ਨਿੰਦਾ ਕਰਨ ਤੋਂ ਨਵੀਂ ਬਹਿਸ ਸ਼ੁਰੂ ਹੋ ਗਈ ਜਿਸ ਵਿੱਚ ਕਲਿਆਣਕਾਰੀ ਉਪਰਾਲਿਆਂ ਦੀ ਵਾਜਬੀਅਤ ਉੱਪਰ ਕਿੰਤੂ ਕੀਤਾ ਜਾਂਦਾ ਹੈ ਕਿ ਕੀ ਇਹ ਹੰਢਣਸਾਰ ਉਪਰਾਲੇ ਹਨ ਜਾਂ ਇਹ ਵਿੱਤੀ ਗ਼ੈਰ-ਜ਼ਿੰਮੇਵਾਰੀ ਦੀ ਲਬਾਦਾ ਮਾਤਰ ਹਨ? ਹੁਣ ਸੁਪਰੀਮ ਕੋਰਟ ਵੀ ਇਸ ਦੀ ਨਿਰਖ-ਪਰਖ ਕਰਨ ਲੱਗ ਪਈ ਹੈ ਤੇ ਇਸ ਨੇ ਇਹ ਸਰੋਕਾਰ ਜਤਾਇਆ ਹੈ ਕਿ ਬਹੁਤ ਜ਼ਿਆਦਾ ਖ਼ੈਰਾਤਾਂ ਵੰਡਣ ਨਾਲ ਨਿਰਭਰਤਾ ਵਧਦੀ ਹੈ। ਹਾਲ ਹੀ ਵਿੱਚ ਇਸ ਦੇ ਇੱਕ ਬੈਂਚ ਨੇ ਟਿੱਪਣੀ ਕੀਤੀ ਹੈ ਕਿ ਮੁਫ਼ਤ ਅਨਾਜ ਵੰਡਣ ਨਾਲ ਲੋਕ ਕੰਮਚੋਰ ਬਣ ਰਹੇ ਹਨ ਤੇ ਉਸ ਨੇ ਇਹ ਪ੍ਰਭਾਵ ਸਿਰਜਿਆ ਹੈ ਕਿ ਇਸ ਕਿਸਮ ਦੀਆਂ ਨੀਤੀਆਂ ਨਾਲ ਪਰਜੀਵੀਆਂ ਦੀ ਜਮਾਤ ਪੈਦਾ ਹੋ ਸਕਦੀ ਹੈ।

ਕੁਝ ਦਿਨ ਪਹਿਲਾਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ ਜਿਨ੍ਹਾਂ ਵਿੱਚ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਦਰਮਿਆਨ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਸਫ਼ਰ, ਮੈਡੀਕਲ ਸਹੂਲਤ, ਸਿੱਖਿਆ ਤੋਂ ਇਲਾਵਾ ਔਰਤਾਂ ਅਤੇ ਨੌਜਵਾਨਾਂ ਨੂੰ ਮਾਸਿਕ ਨਕਦ ਸਹਾਇਤਾ ਦੇ ਰੂਪ ਵਿੱਚ 'ਰਿਓੜੀਆਂ' ਵੰਡਣ ਦੀ ਹੋੜ ਲੱਗੀ ਹੋਈ ਸੀ। ਕੋਈ ਹੈਰਤ ਦੀ ਗੱਲ ਨਹੀਂ ਕਿ ਸੁਪਰੀਮ ਕੋਰਟ ਨੇ ਸਖ਼ਤ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਇਸ 'ਤੇ ਪ੍ਰਤੀਕਿਰਿਆ ਕੀਤੀ ਹੈ ਜਿਸ ਉੱਪਰ ਸੋਚ ਵਿਚਾਰ ਕਰਨੀ ਬਣਦੀ ਹੈ।

**ਇਸ ਬਹਿਸ ਦੀ ਘੁੰਡੀ ਕਿਤੇ ਵੱਧ ਅਹਿਮ ਹੈ:** ਕੀ ਇਹ ਖ਼ੈਰਾਤਾਂ ਗ਼ਰੀਬਾਂ ਦੀ ਭਲਾਈ ਲਈ ਜ਼ਰੂਰੀ ਹਨ ਜਾਂ ਇਹ ਸਿਆਸੀ ਪਾਰਟੀਆਂ ਦੇ ਚੁਣਾਵੀ ਲਾਹੇ ਦੀ ਲੋੜ ਦੀ ਉਪਜ ਹਨ? ਇੱਕ ਹੋਰ ਮੁੱਦਾ ਵੀ ਹੈ: ਜੇ ਗ਼ਰੀਬਾਂ ਲਈ ਕੋਈ ਵਾਅਦਾ ਕੀਤਾ ਜਾਂਦਾ ਹੈ ਤਾਂ ਇਹ ਖ਼ੈਰਾਤ ਹੈ; ਜੇ ਇਹ ਅਮੀਰਾਂ ਲਈ ਹੈ ਤਾਂ ਇਹ ਪ੍ਰੇਰਕ ਹੈ। ਇਸ ਸਮੁੱਚੀ ਬਹਿਸ 'ਚੋਂ ਅਰਥਚਾਰੇ ਦੀ ਚਰਚਾ ਕਿਤੇ ਪਿਛਾਂਹ ਰਹਿ ਜਾਂਦੀ ਹੈ।

**ਭਾਰਤ ਵਿੱਚ ਰਿਆਇਤਾਂ/ਖ਼ੈਰਾਤਾਂ ਦੇ ਦੋ ਵੱਡੇ ਵਰਗ ਹਨ:** ਇੱਕ ਉਹ ਜੋ ਚੋਣਾਂ ਦੇ ਐਲਾਨ ਤੋਂ ਪਹਿਲਾਂ ਦਿੱਤੀਆਂ ਜਾਂਦੀਆਂ; ਦੂਜੀਆਂ ਉਹ ਜਿਨ੍ਹਾਂ ਬਾਰੇ ਵਾਅਦੇ ਕੀਤੇ ਜਾਂਦੇ ਹਨ ਜਦੋਂ ਚੋਣ ਜ਼ਾਬਤਾ ਲਾਗੂ ਹੁੰਦਾ ਹੈ। ਪਹਿਲੇ ਵਰਗ ਵਾਲੀਆਂ ਖ਼ੈਰਾਤਾਂ ਸੱਤਾਧਾਰੀ ਪਾਰਟੀ ਦੇ ਨੀਤੀਗਤ ਫ਼ੈਸਲੇ ਹੁੰਦੇ ਹਨ; ਜਿਵੇਂ ਸਬਸਿਡੀਆਂ, ਕੀਮਤਾਂ ਵਿੱਚ ਕਟੌਤੀ, ਨਵੀਆਂ ਕਲਿਆਣਕਾਰੀ ਸਕੀਮਾਂ ਜੋ ਕਿਸੇ ਖ਼ਾਸ ਪਾਰਟੀ ਦੇ ਫ਼ਾਇਦੇ ਲਈ ਚੋਣ ਜ਼ਾਬਤੇ ਤੋਂ ਪਹਿਲਾਂ ਆਰਾਮ ਨਾਲ ਲਾਗੂ ਕਰਵਾ ਦਿੱਤੀਆਂ ਜਾਂਦੀਆਂ ਹਨ। ਦੂਜੀ ਤਰ੍ਹਾਂ ਦੀਆਂ ਰਿਆਇਤਾਂ ਪਾਰਟੀ ਚੋਣ ਮਨੋਰਥ ਪੱਤਰਾਂ ਦੇ ਰੂਪ ਵਿੱਚ ਸਾਹਮਣੇ ਲਿਆਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਵਿੱਤੀ ਸਿੱਟਿਆਂ ਦੀ ਪ੍ਰਵਾਹ ਕੀਤੇ ਬਿਨਾਂ ਵੱਡੇ-ਵੱਡੇ ਵਾਅਦੇ ਸ਼ਾਮਿਲ ਹੁੰਦੇ ਹਨ। ਮੁਫ਼ਤ ਅਨਾਜ, ਟਰਾਂਸਪੋਰਟ, ਨਕਦ ਸਹਾਇਤਾ ਜਿਹਾ ਭਾਵੇਂ ਕੋਈ ਵੀ ਵਾਅਦਾ ਹੋਵੇ, ਚੋਣ ਕਮਿਸ਼ਨ ਚੋਣ ਮਨੋਰਥ ਪੱਤਰਾਂ ਦੀ ਪੁਣ-ਛਾਣ ਨਹੀਂ ਕਰਦਾ। 2013 ਵਿੱਚ ਸੁਪਰੀਮ ਕੋਰਟ ਨੇ ਫ਼ੈਸਲਾ ਕੀਤਾ ਸੀ ਕਿ ਅਜਿਹੇ ਵਾਅਦੇ ਲੋਕ ਪ੍ਰਤੀਨਿਧਤਾ ਕਾਨੂੰਨ ਅਧੀਨ 'ਭ੍ਰਿਸ਼ਟ ਕਾਰਵਾਈ' ਨਹੀਂ ਗਿਣੇ ਜਾ ਸਕਦੇ ਹਾਲਾਂਕਿ ਇਨ੍ਹਾਂ ਨਾਲ ਯਕੀਨਨ ਸੁਤੰਤਰ ਅਤੇ ਸਾਫ਼ ਸੁਥਰੀਆਂ ਚੋਣਾਂ ਦੀਆਂ ਜੜ੍ਹਾਂ ਹਿੱਲ ਜਾਂਦੀਆਂ ਹਨ। ਅਦਾਲਤ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸਿਆਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਸੇਧਾਂ ਘੜਨ ਦੇ ਨਿਰਦੇਸ਼ ਦਿੱਤੇ ਸਨ।

ਦਰਅਸਲ, ਇਹ ਸੇਧਾਂ 2013 ਵਿੱਚ ਜਾਰੀ ਕੀਤੀਆਂ ਸਨ ਤਾਂ ਜੋ ਜ਼ਿੰਮੇਵਾਰ ਚੋਣ ਪ੍ਰਚਾਰ ਨੂੰ ਹੱਲਾਸ਼ੇਰੀ ਦਿੱਤੀ ਜਾ ਸਕੇ ਅਤੇ ਯਕੀਨੀ ਬਣਾਇਆ ਜਾ ਸਕੇ ਕਿ ਚੋਣ ਮਨੋਰਥ ਪੱਤਰਾਂ ਵਿੱਚ ਸ਼ਾਮਿਲ ਵਾਅਦੇ ਹਕੀਕੀ ਹੋਣ ਅਤੇ ਇਹ ਵੋਟਰਾਂ ਨੂੰ ਬੇਲੋੜਾ ਪ੍ਰਭਾਵਿਤ ਕਰਨ ਦਾ ਹਰਬਾ ਨਾ ਹੋਣ। ਹੁਣ ਲੱਖਾਂ ਕਰੋੜਾਂ ਰੁਪਏ ਦਾ ਨਕਦਨਾਵਾਂ ਵੰਡਿਆ ਜਾਂਦਾ ਹੈ ਜੋ ਸਭ ਸੇਧਾਂ ਦੀ ਖੁੱਲ੍ਹੀ ਖ਼ਿਲਾਫ਼ਵਰਜ਼ੀ ਹੈ। ਜੇ ਇਸ ਨੂੰ ਵੋਟਰਾਂ ਨੂੰ ਦਿੱਤੀ ਜਾਣ ਵਾਲੀ ਰਿਸ਼ਵਤ ਨਾ ਆਖਿਆ ਜਾਵੇ ਤਾਂ ਫਿਰ ਇਹ ਹੋਰ ਕੀ ਹੈ? ਤੇ ਵੋਟਰਾਂ ਨੂੰ ਵੰਡਿਆ ਜਾਣ ਵਾਲਾ ਇਹ ਪੈਸਾ ਆਖ਼ਿਰ ਆਉਂਦਾ ਕਿੱਥੋਂ ਹੈ? ਜ਼ਾਹਿਰ ਹੈ ਕਿ ਘੁੰਮ ਫਿਰ ਕੇ ਸਾਡੀ ਤੁਹਾਡੀ ਜੇਬ ਵਿੱਚੋਂ। ਸਿਆਸਤਦਾਨ ਸਾਡੀਆਂ ਹੀ ਜੇਬਾਂ ਕੱਟ ਕੇ ਮਜ਼ੇ ਨਾਲ ਚੋਣਾਂ ਜਿੱਤ ਰਹੇ ਹਨ।

2019 'ਚ ਸਰਕਾਰ ਨੇ ਘਰੇਲੂ ਨਿਰਮਾਣਕਾਰਾਂ ਲਈ ਕਾਰਪੋਰੇਟ ਟੈਕਸ 30% ਤੋਂ ਘਟਾ ਕੇ 22% ਕਰ ਦਿੱਤਾ ਸੀ ਅਤੇ ਨਵੀਆਂ ਨਿਰਮਾਣ ਕੰਪਨੀਆਂ ਲਈ 22% ਤੋਂ ਘਟਾ ਕੇ 15 ਫ਼ੀਸਦੀ। ਕੈਬਨਿਟ ਦੀ ਨਿਰਖ-ਪਰਖ ਨੂੰ ਬਾਈਪਾਸ ਕਰਨ ਵਾਲੇ ਵਿਸ਼ੇਸ਼ ਪ੍ਰਬੰਧਾਂ ਦਾ ਇਸਤੇਮਾਲ ਕਰਦਿਆਂ ਇਹ ਫ਼ੈਸਲਾ 36 ਘੰਟਿਆਂ ਵਿੱਚ ਲਾਗੂ ਕਰ ਦਿੱਤਾ ਗਿਆ। ਇਸ ਇੱਕੋ ਫ਼ੈਸਲੇ ਨਾਲ ਸਰਕਾਰੀ ਖਜ਼ਾਨੇ ਨੂੰ ਮਾਲੀਏ ਦੇ ਰੂਪ ਵਿੱਚ 1.5 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਜਿਸ ਕਰ ਕੇ ਸਰਕਾਰ ਦਾ ਵਿੱਤੀ ਘਾਟਾ ਬਹੁਤ ਵਧ ਗਿਆ। ਔਕਸਫੈਮ ਦੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਕੋਵਿਡ-19 ਦੀ ਮਹਾਮਾਰੀ ਦੇ ਕਾਲ ਦੌਰਾਨ ਭਾਰਤ ਵਿੱਚ ਜਿੱਥੇ ਇੱਕ ਪਾਸੇ ਗ਼ਰੀਬੀ ਛੜੱਪੇ ਮਾਰ ਕੇ ਵਧੀ ਅਤੇ ਬੇਰੁਜ਼ਗਾਰੀ 15% ਦੀ ਸਿਖ਼ਰ 'ਤੇ ਪਹੁੰਚ ਗਈ ਸੀ ਤਾਂ ਦੂਜੇ ਪਾਸੇ ਭਾਰਤੀ ਅਰਬਪਤੀਆਂ ਦੀ ਗਿਣਤੀ ਵਿੱਚ 39% ਇਜ਼ਾਫ਼ਾ ਹੋਇਆ ਸੀ।

ਇਹ ਲਗਾਤਾਰ ਵਿਰੋਧਾਭਾਸ ਹੈ। ਜਦੋਂ ਸਰਕਾਰ ਅਰਬਪਤੀਆਂ ਨੂੰ ਟੈਕਸ ਛੋਟਾਂ ਦੇ ਗੱਫੇ ਦਿੰਦੀ ਹੈ ਤਾਂ ਇਸ ਨੂੰ ਆਰਥਿਕ ਸੁਧਾਰ ਕਿਹਾ ਜਾਂਦਾ ਹੈ; ਜਦੋਂ ਗ਼ਰੀਬਾਂ ਨੂੰ ਕੋਈ ਰਾਹਤ ਦੇਣ ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਵਿੱਤੀ ਨਾਸਮਝੀ ਦਾ ਲਕਬ ਦੇ ਦਿੱਤਾ ਜਾਂਦਾ ਹੈ। ਮੁਫ਼ਤ ਰਿਆਇਤਾਂ ਬਾਰੇ ਸੁਪਰੀਮ ਕੋਰਟ ਦੀਆਂ ਹਾਲੀਆਂ ਟਿੱਪਣੀਆਂ ਨੇ ਇਸ ਬਹਿਸ ਦਾ ਗੰਭੀਰ ਪਹਿਲੂ ਖੋਲ੍ਹ ਦਿੱਤਾ ਹੈ। ਇਸ ਮੁਤੱਲਕ ਇੱਕ ਸਰੋਕਾਰ ਇਹ ਹੈ, ਖ਼ਾਸਕਰ ਦਿਹਾਤੀ ਭਾਰਤ ਵਿੱਚ, ਕਿ ਕੀ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਕਰ ਕੇ ਲੋਕ ਕੰਮ ਕਰਨ ਤੋਂ ਕੰਨੀ ਕਤਰਾ ਰਹੇ ਹਨ? ਜਸਟਿਸ ਬੀਆਰ ਗਵੱਈ ਨੇ ਇਹ ਗੱਲ ਨੋਟ ਕੀਤੀ ਕਿ ਮਹਾਰਾਸ਼ਟਰ ਵਿੱਚ ਕਿਸਾਨਾਂ ਨੂੰ ਮਜ਼ਦੂਰ ਲੱਭਣ ਵਿਚ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਮਜ਼ਦੂਰ ਦਿਹਾੜੀ ਜਾਣ ਦੀ ਬਜਾਇ ਮੁਫ਼ਤ ਅਨਾਜ ਲੈਣ ਨੂੰ ਤਰਜੀਹ ਦਿੰਦੇ ਹਨ। ਪੰਜਾਬ ਵਿੱਚ ਇਹ ਵਰਤਾਰਾ ਕਈ ਸਾਲਾਂ ਤੋਂ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਵੱਖ-ਵੱਖ ਰੂਪਾਂ ਵਿੱਚ ਮਗਨਰੇਗਾ ਲਾਗੂ ਕੀਤੀ ਸੀ। ਇਸ ਨਾਲ ਉਸ ਵਡੇਰੇ ਤਰਕ ਨੂੰ ਬਲ ਮਿਲਦਾ ਹੈ ਕਿ ਕਲਿਆਣਕਾਰੀ ਸਕੀਮਾਂ ਨੂੰ ਇਸ ਢੰਗ ਨਾਲ ਵਿਉਂਤਿਆ ਜਾਣਾ ਚਾਹੀਦਾ ਹੈ ਕਿ ਇਸ ਨਾਲ ਲੋਕ ਤਾਕਤਵਰ ਹੋਣ ਨਾ ਕਿ ਸਥਾਈ ਤੌਰ 'ਤੇ ਮੁਥਾਜ ਬਣ ਕੇ ਰਹਿ ਜਾਣ।

ਮੁਥਾਜੀ ਦੀ ਅਸਲ ਜੜ੍ਹ ਕਲਿਆਣਕਾਰੀ ਸਕੀਮਾਂ ਨਹੀਂ ਸਗੋਂ ਸਸਤੀਆਂ ਸਿਹਤ ਸੰਭਾਲ, ਮਿਆਰੀ ਸਿੱਖਿਆ ਅਤੇ ਸਥਿਰ ਰੁਜ਼ਗਾਰ ਅਵਸਰਾਂ ਦੀ ਘਾਟ ਹੈ। ਜੇ ਲੋਕਾਂ ਕੋਲ ਸੁਰੱਖਿਅਤ ਤੇ ਚੰਗੀਆਂ ਉਜਰਤਾਂ ਵਾਲੀਆਂ ਨੌਕਰੀਆਂ ਹੋਣ ਤਾਂ ਉਹ ਖ਼ੈਰਾਤ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਮੁਫ਼ਤ ਰਾਸ਼ਨ ਲਈ ਹੱਥ ਨਹੀਂ ਅੱਡਣਗੇ। ਸਵਾਲ ਹੈ: ਜਦੋਂ ਸਾਰੀਆਂ ਪਾਰਟੀਆਂ ਇੱਕੋ ਤਰ੍ਹਾਂ ਦੇ ਵਾਅਦੇ ਪਰੋਸ ਰਹੀਆਂ ਹੋਣ ਤਾਂ ਕੀ ਗ਼ਰੀਬ ਲੋਕ ਮੁਫ਼ਤ ਰਿਆਇਤਾਂ/ਖ਼ੈਰਾਤਾਂ ਦੇ ਭੁਲਾਵੇ ਵਿੱਚ ਆ ਜਾਂਦੇ ਹਨ? ਅਸੀਂ ਮੁਫ਼ਤ ਰਿਆਇਤਾਂ/ਕਲਿਆਣਕਾਰੀ ਸਕੀਮਾਂ ਦੇ ਕਈ ਲਾਭ ਦੇਖੇ ਹਨ। ਜਦੋਂ ਆਂਧਰਾ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਐਨਟੀ ਰਾਮਾਰਾਓ ਨੇ ਇੱਕ ਰੁਪਏ ਕਿਲੋ ਚੌਲਾਂ ਦੀ ਸਕੀਮ ਸ਼ੁਰੂ ਕੀਤੀ ਸੀ ਤਾਂ ਉਸ ਦਾ ਮਜ਼ਾਕ ਉਡਾਇਆ ਗਿਆ ਸੀ ਪਰ ਇਸ ਦਾ ਸਿੱਟਾ ਸੀ ਕਿ ਉੱਥੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਬੀਤੇ ਦੀ ਗੱਲ ਬਣ ਕੇ ਰਹਿ ਗਈਆਂ ਸਨ। ਬਿਹਾਰ ਵਿੱਚ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਸਕੂਲ ਜਾਣ ਵਾਲੀਆਂ ਲੜਕੀਆਂ ਲਈ ਮੁਫ਼ਤ ਸਾਈਕਲ ਦੇਣ ਦੀ ਯੋਜਨਾ ਸਦਕਾ ਕੁੜੀਆਂ ਦੇ ਦਾਖ਼ਲਿਆਂ ਅਤੇ ਪੜ੍ਹਾਈ ਦੀ ਦਰ ਵਿੱਚ ਇਜ਼ਾਫ਼ਾ ਹੋਇਆ ਸੀ। ਰੁਜ਼ਗਾਰ ਗਾਰੰਟੀ ਯੋਜਨਾ ਨੇ ਲੱਖਾਂ ਲੋਕਾਂ ਨੂੰ ਸੁਰੱਖਿਆ ਨੈੱਟ ਮੁਹੱਈਆ ਕਰਵਾਇਆ ਹੈ ਭਾਵੇਂ ਇਸ ਕਰ ਕੇ ਸ਼ਹਿਰੀ ਕੁਲੀਨਾਂ ਲਈ ਸਸਤੀ ਘਰੋਗੀ ਲੇਬਰ ਵਿੱਚ ਕਮੀ ਹੀ ਕਿਉਂ ਨਾ ਆਈ ਹੋਵੇ।

ਭਾਰਤ ਵਿੱਚ ਬਹਿਸ ਦਾ ਸਵਾਲ ਇਹ ਨਹੀਂ ਹੈ ਕਿ ਸਾਨੂੰ ਕਲਿਆਣਕਾਰੀ ਸਕੀਮਾਂ ਦੀ ਲੋੜ ਹੈ ਜਾਂ ਨਹੀਂ ਸਗੋਂ ਇਹ ਬਹਿਸ ਇਹ ਯਕੀਨੀ ਬਣਾਉਣ ਬਾਰੇ ਹੋਣੀ ਚਾਹੀਦੀ ਹੈ ਕਿ ਸਕੀਮਾਂ ਦੀ ਚੰਗੀ ਵਿਉਂਤਬੰਦੀ ਕਿਹੋ ਜਿਹੀ ਹੋਣੀ ਚਾਹੀਦੀ ਹੈ ਅਤੇ ਇਹ ਹੰਢਣਸਾਰ ਕਿਵੇਂ ਬਣਾਈਆਂ ਜਾਣ। ਮੁਫ਼ਤ ਸਿਹਤ ਸੰਭਾਲ, ਮਿਆਰੀ ਸਿੱਖਿਆ ਅਤੇ ਰੁਜ਼ਗਾਰ ਅਵਸਰ ਕੋਈ ਖ਼ੈਰਾਤਾਂ ਨਹੀਂ। ਇਹ ਲੋਕਤੰਤਰ ਵਿੱਚ ਲੋਕਾਂ ਦਾ ਹੱਕ ਹਨ। ਸਾਨੂੰ ਰਿਓੜੀਆਂ ਦੀ ਬਜਾਇ ਹੱਕਾਂ ਅਤੇ ਆਜ਼ਾਦੀਆਂ ਬਾਰੇ ਚਰਚਾ ਕਰਨੀ ਚਾਹੀਦੀ ਹੈ।

# ਐਡਵੋਕੇਟ ਸੋਧ ਬਿੱਲ 2025 ਦਾ ਵਿਰੋਧ ਕਰਦੇ ਹੋਏ ਵਕੀਲ



ਪ੍ਰਯਾਗਰਾਜ : ਵਕੀਲਾਂ ਨੇ ਸ਼ੁੱਕਰਵਾਰ ਨੂੰ ਪ੍ਰਯਾਗਰਾਜ ਵਿੱਚ ਨਵੇਂ ਐਡਵੋਕੇਟ ਸੋਧ ਬਿੱਲ 2025 ਦੇ ਖਿਲਾਫ ਪ੍ਰਦਰਸ਼ਨ ਕੀਤਾ।

# ਪਿੰਡ ਦੇ ਵਾਲੰਟੀਅਰਾਂ ਨੂੰ ਗ੍ਰਿਫਤਾਰ ਨਾ ਕਰਨ ਦੀ ਮੰਗ ਨੂੰ ਲੈ ਕੇ ਔਰਤਾਂ ਨੇ ਕੀਤਾ ਪ੍ਰਦਰਸ਼ਨ



ਇੰਫਾਲ ਵਿੱਚ ਸ਼ੁੱਕਰਵਾਰ ਨੂੰ ਪਿੰਡ ਵਾਲੰਟੀਅਰਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਔਰਤਾਂ ਨੇ ਨਾਅਰੇਬਾਜ਼ੀ ਕੀਤੀ।

# ਖਵਾਜਾ ਮੋਇਨੂਦੀਨ ਚਿਸ਼ਤੀ ਦਰਗਾਹ ਪੁੱਜਦਾ ਹੋਇਆ ਨੌਜਵਾਨਾਂ ਦਾ ਵਫ਼ਦ



ਰਾਜਸਥਾਨ (ਅਜਮੇਰ) : ਰਾਜਸਥਾਨ ਦੇ ਅਜਮੇਰ ਵਿੱਚ ਖਵਾਜਾ ਸਾਹਿਬ ਦੀ ਮਜ਼ਾਰ ’ਤੇ ਫੁੱਲਾਂ ਦੀ ਚਾਦਰ ਚੜ੍ਹਾਉਣ ਅਤੇ ਸ਼ਰਧਾਂਜਲੀ ਭੇਟ ਕਰਨ ਲਈ ਖਵਾਜਾ ਮੋਇਨੂਦੀਨ ਚਿਸ਼ਤੀ ਦਰਗਾਹ ’ਤੇ ਪਹੁੰਚਿਆ ਨੌਜਵਾਨਾਂ ਦਾ ਵਫ਼ਦ।

# ਰੋਜ਼ ਫੈਸਟੀਵਲ ਦੇਖ ਫੁੱਲਾਂ ਵਾਂਗ ਖਿੜੇ ਚੰਡੀਗੜ੍ਹੀਏ



ਚੰਡੀਗੜ੍ਹ ਦੇ ਸੈਕਟਰ-16 ਸਥਿਤ ਰੋਜ਼ ਗਾਰਡਨ ਵਿੱਚ ਫੁੱਲ ਦੇਖਦੇ ਹੋਏ ਲੋਕ



ਚੰਡੀਗੜ੍ਹ ਦੇ ਸੈਕਟਰ 16 ਸਥਿਤ ਰੋਜ਼ ਗਾਰਡਨ ਵਿਖੇ ਤਿੰਨ ਰੋਜ਼ਾ 50ਵੇਂ ਰੋਜ਼ ਫੈਸਟੀਵਲ ਦੇ ਉਦਘਾਟਨੀ ਦਿਨ ਕਲਾਕਾਰਾਂ ਨੇ ਪ੍ਰਦਰਸ਼ਨ ਕੀਤਾ।

ਚੰਡੀਗੜ੍ਹ : ਇੱਥੇ ਰੋਜ਼ ਗਾਰਡਨ ਸੈਕਟਰ-16 ਵਿੱਚ ਰੋਜ਼ ਫੈਸਟੀਵਲ ’ਚ ਜਿੱਥੇ ਪੂਰਾ ਦਿਨ ਦਰਸ਼ਕਾਂ ਨੇ ਗੁਲਾਬ ਅਤੇ ਹੋਰ ਫੁੱਲਾਂ ਦੀ ਮਹਿਕ ਦਾ ਆਨੰਦ ਲਿਆ, ਉਥੇ ਹੀ ਸੱਭਿਆਚਾਰਕ ਸਮਾਗਮਾਂ ਵਿੱਚ ਪੰਜਾਬੀ ਗਾਇਕ ਬਲਬੀਰ ਸੂਫੀ ਵੱਲੋਂ ਸੂਫੀਆਨਾ ਰੰਗ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਬੌਲੀਵੁੱਡ ਗਾਇਕਾ ਮੋਨਾਲੀ ਠਾਕੁਰ ਅਤੇ ਲੌਪੋਕੇ ਬ੍ਰਦਰਜ਼ ਨੇ ਵੀ ਆਪਣੇ ਗੀਤਾਂ ਰਾਹੀਂ ਦਰਸ਼ਕ ਝੂਮਣ ਲਾ ਦਿੱਤੇ।

ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਗਾਇਕਾਂ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਨਗਰ ਨਿਗਮ ਕਮਿਸ਼ਨਰ ਅਮਿਤ ਕੁਮਾਰ ਆਈਏਐੱਸ ਅਤੇ ਨਿਗਮ ਦੇ ਡਿਪਟੀ ਮੇਅਰ ਤਰੁਣਾ ਮਹਿਤਾ ਨੇ ਇਨ੍ਹਾਂ ਸੱਭਿਆਚਾਰਕ ਸਮਾਗਮਾਂ ਵਿੱਚ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਫੈਸਟੀਵਲ ਵਿੱਚ ਰੋਜ਼ ਪ੍ਰਿੰਸ, ਰੋਜ਼ ਪ੍ਰਿੰਸੈੱਸ ਅਤੇ ਫਿਰ ਫੋਟੋਗ੍ਰਾਫੀ ਮੁਕਾਬਲੇ ਕਰਵਾਏ ਗਏ। ਇਸ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਵੱਖ-ਵੱਖ ਨਾਚ ਸਮੂਹਾਂ ਵੱਲੋਂ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਨਾਰਥ ਜ਼ੋਨ ਕਲਚਰ ਸੈਂਟਰ ਦੇ ਕਲਾਕਾਰਾਂ ਅਤੇ ਸਕੂਲਾਂ ਤੇ ਕਾਲਜਾਂ ਦੇ ਹੋਰ ਸਥਾਨਕ ਕਲਾਕਾਰਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਰੋਜ਼ ਪ੍ਰਿੰਸ ਅਤੇ ਰੋਜ਼ ਪ੍ਰਿੰਸੈੱਸ ਮੁਕਾਬਲੇ ਦੌਰਾਨ ਆਈਏਐੱਸ ਪ੍ਰੇਰਨਾ ਪੁਰੀ ਸਕੱਤਰ ਹਾਸਪਿਟੈਲਿਟੀ ਇੰਜਨੀਅਰਿੰਗ ਯੂਟੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਰੋਜ਼ ਪ੍ਰਿੰਸ ਮੁਕਾਬਲਿਆਂ ਵਿੱਚ 1 ਤੋਂ 1.5 ਸਾਲ ਉਮਰ ਵਰਗ ਵਿੱਚ ਆਯਾਂਸ਼ ਸਿੰਘ, 1.5 ਤੋਂ 2 ਸਾਲ ਵਿੱਚ ਪ੍ਰਭੇਕ ਤੇ 2 ਤੋਂ 3 ਸਾਲ ਉਮਰ ਵਰਗ ਵਿੱਚ ਦਿਲਸ਼ਾਨ ਸਿੰਘ ਜੇਤੂ ਰਹੇ। ਰੋਜ਼ ਪ੍ਰਿੰਸੈੱਸ ਮੁਕਾਬਲਿਆਂ ਵਿੱਚ 1 ਤੋਂ 1.5 ਸਾਲ ਉਮਰ ਵਰਗ ਵਿੱਚ ਅਵਰੀਨ, 1.5 ਤੋਂ 2 ਸਾਲ ਵਰਗ ਵਿੱਚ ਲਾਵਨਿਆ ਵਸ਼ਿਸ਼ਟ ਤੇ 2 ਤੋਂ 3 ਸਾਲ ਵਰਗ ਵਿੱਚ ਵੇਦਾ ਅਰੋੜਾ ਜੇਤੂ ਰਹੀਆਂ।

# ਹਮਾਸ ਨੇ ਛੇ ਇਜ਼ਰਾਇਲੀ ਬੰਦੀਆਂ ਨੂੰ ਕੀਤਾ ਰਿਹਾਅ




ਨੁਸੇਰਤ (ਗਾਜ਼ਾ ਪੱਟੀ) : ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗਬੰਦੀ ਤਹਿਤ ਅੱਜ ਹਮਾਸ ਵੱਲੋਂ ਛੇ ਇਜ਼ਰਾਇਲੀ ਬੰਦੀਆਂ ਨੂੰ ਰੈੱਡ ਕਰਾਸ ਨੂੰ ਸੌਂਪ ਦਿੱਤਾ ਗਿਆ। ਇਨ੍ਹਾਂ ਬੰਦੀਆਂ ਵਿੱਚ ਓਮਰ ਵੈਂਕਰਟ, ਓਮਰ ਸ਼ੈਮ ਤੋਵ, ਐਲੀਆ ਕੋਹੇਨ (ਸਾਰੇ 20ਵਿਆਂ ’ਚ), ਤਲ ਸ਼ੋਹਾਮ (40), ਐਵੇਰਾ ਮੈਂਗਿਸਟੂ (38) ਸ਼ਾਮਲ ਸਨ। ਹਮਾਸ ਵੱਲੋਂ ਛੱਡੇ ਗਏ ਛੇਵੇਂ ਬੰਦੀ ਦੀ ਹਾਲੇ ਤੱਕ ਪਛਾਣ ਨਹੀਂ ਦੱਸੀ ਗਈ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਊਹ ਹਿਸ਼ਾਮ ਅਲ ਸਈਦ (36) ਹੈ। ਨਕਾਬਪੋਸ਼ ਅਤੇ ਹਥਿਆਰਬੰਦ ਹਮਾਸ ਲੜਾਕੇ ਪਹਿਲਾਂ ਦੋ ਜਣਿਆਂ ਨੂੰ ਪਲੈਟਫਾਰਮ ’ਤੇ ਲੈ ਕੇ ਆਏ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਰੈੱਡ ਕਰਾਸ ਦੀ ਐਂਬੂਲੈਂਸ ਵਿੱਚ ਬਿਠਾਇਆ ਗਿਆ। ਉਪਰੰਤ ਐਂਬੂਲੈਂਸ ਇਜ਼ਰਾਈਲ ਵਿੱਚ ਨੇੜਲੀ ਕਰਾਸਿੰਗ ਵੱਲ ਵੱਧ ਗਈ। ਇਸ ਤੋਂ ਥੋੜੀ ਦੇਰ ਬਾਅਦ ਤਿੰਨ ਹੋਰ ਨੂੰ ਛੱਡ ਦਿੱਤਾ ਗਿਆ। ਉਸ ਦੇ ਕੁਝ ਦੇਰ ਬਾਅਦ ਛੇਵੇਂ ਬੰਦੀ ਨੂੰ ਛੱਡਿਆ ਗਿਆ। ਇਜ਼ਰਾਈਲ ਤੇ ਹਮਾਸ ਵਿਚਾਲੇ ਬੰਦੀਆਂ ਅਤੇ ਕੈਦੀਆਂ ਦੀ ਰਿਹਾਈ ਅਜਿਹੇ ਸਮੇਂ ਵਿੱਚ ਹੋ ਰਹੀ ਹੈ ਜਦੋਂ ਹਮਾਸ ਦੇ ਕੱਟੜਪੰਥੀਆਂ ਨੇ ਅਗਵਾ ਕੀਤੇ ਗਏ ਦੋ ਛੋਟੇ ਬੱਚਿਆਂ ਦੀ ਮਾਂ ਸ਼ਿਰੀ ਬੀਬਾਸ ਦੀ ਥਾਂ ਕਿਸੇ ਹੋਰ ਦੀ ਲਾਸ਼ ਸੌਂਪ ਦਿੱਤੀ ਸੀ ਅਤੇ ਇਸ ਨੂੰ ਲੈ ਕੇ ਫਲਸਤੀਨ ਖ਼ਫ਼ਾ ਹੈ। ਹਮਾਸ ਨੇ ਦੋ ਪੁੱਤਾਂ ਦੀਆਂ ਲਾਸ਼ਾਂ ਦੇ ਨਾਲ ਮਹਿਲਾ ਦੀ ਜਿਹੜੀ ਲਾਸ਼ ਸੌਂਪੀ ਸੀ ਉਹ ਫਲਸਤੀਨ ਦੀ ਕਿਸੇ ਮਹਿਲਾ ਦੀ ਸੀ, ਬੱਚਿਆਂ ਦੀ ਮਾਂ ਸ਼ਿਰੀ ਬੀਬਾਸ ਦੀ ਨਹੀਂ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਨੂੰ ਸਮਝੌਤੇ ਦੀ ‘ਭਿਆਨਕ ਅਤੇ ਮੰਦਭਾਗਾ ਉਲੰਘਣਾ ਕਰਾਰ ਦਿੱਤਾ ਸੀ ਅਤੇ ਬਦਲਾ ਲੈਣ ਦਾ ਸੰਕਲਪ ਲਿਆ ਹੈ। ਉੱਧਰ, ਹਮਾਸ ਨੇ ਕਿਹਾ ਕਿ ਇਹ ਗਲਤੀ ਸੀ। ਅੱਜ ਰਿਹਾਅ ਕੀਤੇ ਗਏ ਬੰਦੀ, ਜੰਗਬੰਦੀ ਦੇ ਪਹਿਲੇ ਗੇੜ ਤਹਿਤ ਰਿਹਾਅ ਕੀਤੇ ਜਾਣ ਵਾਲੇ ਆਖ਼ਰੀ ਜਿਊਂਦੇ ਵਿਅਕਤੀ ਹਨ।

# ਪਾਣੀ ਦੀ ਟੈਂਕੀ ਵਿੱਚ ਡੁੱਬਣ ਕਾਰਨ ਤਿੰਨ ਲੜਕੀਆਂ ਦੀ ਮੌਤ







ਬੀਕਾਨੇਰ ਵਿੱਚ ਸ਼ੁੱਕਰਵਾਰ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਕੰਪਲੈਕਸ ਵਿੱਚ ਪਾਣੀ ਦੀ ਟੈਂਕੀ ਵਿੱਚ ਡੁੱਬਣ ਨਾਲ ਤਿੰਨ ਲੜਕੀਆਂ ਦੀ ਮੌਤ ਹੋਣ ਤੋਂ ਬਾਅਦ ਪਿੰਡ ਵਾਸੀਆਂ ਨੇ ਕਲੈਕਟਰ ਦਫ਼ਤਰ ਅੱਗੇ ਧਰਨਾ ਦਿੱਤਾ।

# ਦੇਸ਼ ਦੀ ਰਾਜਨੀਤੀ 'ਚ ਔਰਤਾਂ ਦਾ ਉਦੈ



ਸਤੰਬਰ 2023 ਵਿਚ ਜਦੋਂ ਮੋਦੀ 2 ਸਰਕਾਰ ਨੇ ਸੰਵਿਧਾਨ ਵਿਚ 128ਵੀਂ ਸੋਧ ਕੀਤੀ ਅਤੇ ਨਾਰੀ ਸ਼ਕਤੀ ਵੰਦਨ ਐਕਟ ਲਾਗੂ ਕੀਤਾ ਅਤੇ ਕਿਹਾ ਕਿ ਇਸ ਨੂੰ 2026 ਤੋਂ ਲਾਗੂ ਕੀਤਾ ਜਾਵੇਗਾ, ਉਦੋਂ ਤੋਂ ਵਿਰੋਧੀ ਧਿਰ ਭਾਜਪਾ ਦੀ ਇਸ ਸਵਾਲ ਨਾਲ ਆਲੋਚਨਾ ਕਰ ਰਹੀ ਹੈ ਕਿ ਭਾਜਪਾ ਸ਼ਾਸਿਤ ਕਿਹੜੇ ਰਾਜ ਵਿਚ ਇਕ ਔਰਤ ਮੁੱਖ ਮੰਤਰੀ ਹੈ। ਖਾਸ ਕਰ ਕੇ ਮੋਦੀ ਸਰਕਾਰ ਦੀ ਸਭ ਤੋਂ ਸਖ਼ਤ ਆਲੋਚਕ ਅਤੇ ਦੇਸ਼ ਦੀ ਇਕਲੌਤੀ ਮੌਜੂਦਾ ਮੁੱਖ ਮੰਤਰੀ ਮਮਤਾ ਬੈਨਰਜੀ, ਸਮੇਂ-ਸਮੇਂ 'ਤੇ ਹਰ ਪਲੇਟਫਾਰਮ 'ਤੇ ਇਹ ਸਵਾਲ ਉਠਾਉਂਦੀ ਸੀ। ਇਹ ਸਵਾਲ ਇਸ ਲਈ ਵੀ ਬਹੁਤ ਮਹੱਤਵਪੂਰਨ ਸੀ ਕਿਉਂਕਿ ਐੱਨ. ਡੀ. ਏ. 20 ਰਾਜਾਂ ਵਿਚ ਸੱਤਾ ਵਿਚ ਸੀ, ਜਿਨ੍ਹਾਂ ਵਿਚੋਂ 15 ਸਿੱਧੇ ਭਾਜਪਾ ਦੇ ਮੁੱਖ ਮੰਤਰੀ ਸਨ ਪਰ ਕਿਸੇ ਵੀ ਰਾਜ ਵਿਚ ਇਕ ਵੀ ਔਰਤ ਮੁੱਖ ਮੰਤਰੀ ਨਹੀਂ ਸੀ। (ਵੈਸੇ, ਕੁਝ ਦਿਨ ਪਹਿਲਾਂ ਤੱਕ, ਭਾਜਪਾ ਨਾਲ 16 ਰਾਜ ਸਨ ਪਰ ਇਕ ਰਾਜ ਮਣੀਪੁਰ ਵਿਚ ਇਸ ਸਮੇਂ ਰਾਸ਼ਟਰਪਤੀ ਸ਼ਾਸਨ ਹੈ)। ਨਾਰੀ ਸ਼ਕਤੀ ਵੰਦਨ ਐਕਟ ਬਣਾ ਕੇ ਵੀ ਇਸ ਨੂੰ ਲਾਗੂ ਕਰਨਾ ਅਗਲੀ ਹੱਦਬੰਦੀ ਤੱਕ ਮੁਲਤਵੀ ਕਰ ਦਿੱਤਾ ਗਿਆ ਸੀ। ਕਿਉਂਕਿ ਇਹ ਹੱਦਬੰਦੀ ਮਰਦਮਸ਼ੁਮਾਰੀ ਤੋਂ ਬਾਅਦ ਹੋਣੀ ਹੈ ਅਤੇ ਸਰਕਾਰ ਇਸ ਗੱਲ ਦਾ ਸਪੱਸ਼ਟ ਜਵਾਬ ਨਹੀਂ ਦੇ ਸਕਦੀ ਕਿ 6 ਸਾਲਾਂ ਤੋਂ ਲੰਬਿਤ ਜਨਗਣਨਾ ਕਦੋਂ ਸ਼ੁਰੂ ਹੋਵੇਗੀ। ਇਸ ਤਰ੍ਹਾਂ ਨਾ ਤਾਂ ਦੇਸ਼ ਦੀਆਂ ਔਰਤਾਂ ਨੂੰ ਅਤੇ ਨਾ ਹੀ ਭਾਜਪਾ ਨੂੰ ਨਾਰੀ ਸ਼ਕਤੀ ਵੰਦਨ ਐਕਟ ਦਾ ਕੋਈ ਲਾਭ ਹੋਇਆ ਹੈ।

ਦਿੱਲੀ ਵਿਚ ਵੋਟਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਸੀ ਕਿ 60 ਫੀਸਦੀ ਮਹਿਲਾ ਵੋਟਰ ਉਨ੍ਹਾਂ ਨੂੰ ਵੋਟ ਪਾਉਂਦੇ ਹਨ। ਇੰਨਾ ਹੀ ਨਹੀਂ, ਜ਼ਿਆਦਾਤਰ ਰਾਜਨੀਤਿਕ ਵਿਸ਼ਲੇਸ਼ਕ ਇਸ ਗੱਲ 'ਤੇ ਵੀ ਸਹਿਮਤ ਸਨ ਕਿ ਕੇਜਰੀਵਾਲ ਦੀ ਦਿੱਲੀ ਦੀਆਂ ਮਹਿਲਾ ਵੋਟਰਾਂ 'ਤੇ ਚੰਗੀ ਪਕੜ ਹੈ। ਇਸ ਦਾ ਕਾਰਨ ਔਰਤਾਂ ਲਈ ਮੁਫ਼ਤ ਬੱਸ ਯਾਤਰਾ ਅਤੇ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੇ ਜਾਂਦੇ ਸਿੱਧੇ ਲਾਭ ਸਨ। ਚੋਣਾਂ ਤੋਂ ਠੀਕ ਪਹਿਲਾਂ, ਅਰਵਿੰਦ ਕੇਜਰੀਵਾਲ ਨੇ ਦਿੱਲੀ ਨੂੰ ਆਤਿਸ਼ੀ ਦੇ ਰੂਪ ਵਿਚ ਇਕ ਮਹਿਲਾ ਮੁੱਖ ਮੰਤਰੀ ਦੇ ਕੇ ਪਾਰਟੀ ਨੂੰ ਔਰਤਾਂ ਦਾ ਇਕ ਵੱਡਾ ਸ਼ੁਭਚਿੰਤਕ ਦਿਖਾਉਣ ਦਾ ਕੰਮ ਵੀ ਕੀਤਾ ਸੀ।

ਪਰ 8 ਫਰਵਰੀ ਨੂੰ ਦਿੱਲੀ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ 11 ਦਿਨਾਂ ਦੀ ਮੈਰਾਥਨ ਵਿਚਾਰ-ਵਟਾਂਦਰੇ ਤੋਂ ਬਾਅਦ ਭਾਜਪਾ ਹਾਈਕਮਾਨ ਨੇ ਰੇਖਾ ਗੁਪਤਾ ਦੇ ਰੂਪ ਵਿਚ ਰਾਜ ਨੂੰ ਇਕ ਮਹਿਲਾ ਮੁੱਖ ਮੰਤਰੀ ਦੇ ਕੇ ਵਿਰੋਧੀ ਧਿਰ ਦੀਆਂ ਸਾਰੀਆਂ ਆਲੋਚਨਾਵਾਂ ਦਾ ਮੂੰਹ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਰੇਖਾ ਗੁਪਤਾ ਨੂੰ ਮੁੱਖ ਮੰਤਰੀ ਬਣਾਉਣਾ ਉਨ੍ਹਾਂ ਦੀ ਭੂਮਿਕਾ ਨੂੰ ਸੂਬੇ ਤੱਕ ਸੀਮਤ ਕਰਨਾ ਨਹੀਂ ਹੈ, ਸਗੋਂ ਉਨ੍ਹਾਂ ਰਾਹੀਂ ਭਾਜਪਾ ਦੇਸ਼ ਭਰ ਦੀਆਂ ਔਰਤਾਂ ਨੂੰ ਪ੍ਰੇਰਿਤ ਕਰੇਗੀ। ਰੇਖਾ ਗੁਪਤਾ, ਜਿਸ ਨੇ ਆਪਣੇ ਵਿਦਿਆਰਥੀ ਜੀਵਨ ਦੌਰਾਨ ਆਰ. ਐੱਸ. ਐੱਸ. ਦੇ ਵਿਦਿਆਰਥੀ ਵਿੰਗ, ਅਖਿਲ ਭਾਰਤੀ ਪ੍ਰੀਸ਼ਦ ਤੋਂ ਰਾਜਨੀਤੀ ਦੀ ਬਾਰਾਂ ਟਹਿਣੀ ਸਿੱਖੀ ਸੀ, ਹੁਣ ਦੇਸ਼ ਭਰ ਦੀਆਂ ਔਰਤਾਂ ਨੂੰ ਪਾਰਟੀ ਨਾਲ ਜੋੜਨ ਦੀ ਜ਼ਿੰਮੇਵਾਰੀ ਨਿਭਾਏਗੀ।

ਦਿੱਲੀ ਦੇ ਸਾਰੇ ਦਿਸਣ ਅਤੇ ਦਿਖਾਉਣ ਵਾਲੇ ਕੰਮ ਹਨ, ਉਨ੍ਹਾਂ ਵਿਚ ਨੌਕਰਸ਼ਾਹੀ, ਉਪ ਰਾਜਪਾਲ ਅਤੇ ਕੇਂਦਰੀ ਮੰਤਰਾਲਿਆਂ ਦਾ ਉਨ੍ਹਾਂ ਨੂੰ ਪੂਰਾ ਸਮਰਥਨ ਪ੍ਰਾਪਤ ਹੋਵੇਗਾ। ਕਾਨੂੰਨ ਵਿਵਸਥਾ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਹਮੇਸ਼ਾ ਕੇਂਦਰੀ ਗ੍ਰਹਿ ਮੰਤਰੀ ਕੋਲ ਹੁੰਦੀ ਹੈ। ਰਾਸ਼ਟਰੀ ਰਾਜਮਾਰਗਾਂ ਨੂੰ ਸੁਧਾਰਨ ਦਾ ਕੰਮ, ਜਿਨ੍ਹਾਂ ਦੀ ਦਿੱਲੀ ਦੇ ਸਰਹੱਦੀ ਖੇਤਰਾਂ ਵਿਚ ਹਾਲਤ ਮਾਨਸੂਨ ਤੋਂ ਪਹਿਲਾਂ ਹੀ ਬਹੁਤ ਤਰਸਯੋਗ ਹੈ, ਕੇਂਦਰੀ ਮੰਤਰੀ ਨਿਤਿਨ ਗਡਕਰੀ ਸੰਭਾਲਣਗੇ। ਦਿੱਲੀ ਵਿਚ ਭਾਜਪਾ ਦੀ ਜਿੱਤ ਤੋਂ ਤੁਰੰਤ ਬਾਅਦ ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਯਮੁਨਾ ਨੂੰ ਸਾਫ਼ ਕਰਨ ਲਈ ਮਿਲ ਕੇ ਕੰਮ ਕਰਨਗੇ। ਹੁਣ ਯਮੁਨਾ ਵਿਚ ਕਈ ਥਾਵਾਂ 'ਤੇ ਮਸ਼ੀਨਾਂ ਤੈਰਦੇ ਕੂੜੇ ਨੂੰ ਹਟਾਉਂਦੀਆਂ ਦਿਖਾਈ ਦਿੰਦੀਆਂ ਹਨ।

ਕੁੱਲ ਮਿਲਾ ਕੇ ਰੇਖਾ ਗੁਪਤਾ ਭਾਜਪਾ ਵਿਚ ਪੂਰੇ ਦੇਸ਼ ਲਈ ਇਕ ਵੱਡਾ ਚਿਹਰਾ ਬਣ ਗਏ

**-ਅਕੂ ਸ਼ੀਵਾਸਤਵ**

ਹਨ। ਬਿਹਾਰ ਚੋਣਾਂ ਅੱਗੇ ਹਨ। ਉੱਥੇ ਵੀ ਉਨ੍ਹਾਂ ਨੂੰ ਔਰਤਾਂ ਨੂੰ ਪਾਰਟੀ ਨਾਲ ਜੋੜਨ ਅਤੇ ਮਹਿਲਾ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਵੱਡੀ ਜ਼ਿੰਮੇਵਾਰੀ ਮਿਲ ਸਕਦੀ ਹੈ। ਹੁਣ ਤੱਕ ਭਾਜਪਾ ਨੇ ਦੇਸ਼ ਨੂੰ ਪੰਜ ਮਹਿਲਾ ਮੁੱਖ ਮੰਤਰੀ ਦਿੱਤੇ ਹਨ। ਇਨ੍ਹਾਂ ਵਿਚ ਸੁਸ਼ਮਾ ਸਵਰਾਜ, ਉਮਾ ਭਾਰਤੀ, ਵਸੁੰਧਰਾ ਰਾਜੇ, ਆਨੰਦੀਬੇਨ ਪਟੇਲ ਅਤੇ ਰੇਖਾ ਗੁਪਤਾ ਦੇ ਨਾਮ ਸ਼ਾਮਲ ਹਨ। ਰੇਖਾ ਗੁਪਤਾ ਨੂੰ ਮੁੱਖ ਮੰਤਰੀ ਬਣਾ ਕੇ ਭਾਜਪਾ ਨੇ ਦੇਸ਼ ਨੂੰ ਪੰਜ ਮੁੱਖ ਮੰਤਰੀ ਦੇਣ ਦੇ ਕਾਂਗਰਸ ਦੇ ਰਿਕਾਰਡ ਦੀ ਵੀ ਬਰਾਬਰੀ ਕਰ ਲਈ ਹੈ।

ਕਾਂਗਰਸ ਨੇ ਦੇਸ਼ ਨੂੰ ਸਿਰਫ਼ ਪੰਜ ਮਹਿਲਾ ਮੁੱਖ ਮੰਤਰੀ ਦਿੱਤੇ ਹਨ ਜਿਨ੍ਹਾਂ ਵਿਚ ਸੁਚੇਤਾ ਕ੍ਰਿਪਲਾਨੀ, ਨੰਦਿਨੀ ਸਤਪਥੀ, ਸਈਦਾ ਅਨਵਰਾ ਤੈਮੂਰ, ਸ਼ੀਲਾ ਦੀਕਸ਼ਿਤ ਅਤੇ ਰਾਜਿੰਦਰ ਕੌਰ ਭੱਠਲ ਸ਼ਾਮਲ ਹਨ। ਹੁਣ ਸਿਰਫ਼ ਤਿੰਨ ਰਾਜਾਂ ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਤੇਲੰਗਾਨਾ ਵਿਚ ਕਾਂਗਰਸ ਦੀ ਸਰਕਾਰ ਹੈ ਅਤੇ ਕਿਸੇ ਵੀ ਰਾਜ ਵਿਚ ਇਕ ਵੀ ਔਰਤ ਮੁੱਖ ਮੰਤਰੀ ਨਹੀਂ ਹੈ। ਇੱਥੋਂ ਤੱਕ ਕਿ ਡਿਪਟੀ ਸੀ. ਐੱਮ. ਵੀ ਨਹੀਂ ਹੈ। ਅਜਿਹੇ ਵਿਚ ਪ੍ਰਿਯੰਕਾ ਗਾਂਧੀ ਨੂੰ ਅੱਗੇ ਲਿਆ ਕੇ ਕਾਂਗਰਸ ਭਾਜਪਾ ਵਿਰੁੱਧ ਔਰਤਾਂ ਦੇ ਸਬੰਧ ਵਿਚ ਜੋ ਬਿਰਤਾਂਤ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਉਹ ਰੇਖਾ ਗੁਪਤਾ ਦੀ ਚੋਣ ਨਾਲ ਬੇਨਕਾਬ ਹੋ ਗਿਆ ਹੈ।

ਰੇਖਾ ਗੁਪਤਾ ਦੀ ਰਾਜਨੀਤਿਕ ਸਰਗਰਮੀ ਸਿਰਫ਼ ਦਿੱਲੀ ਤੱਕ ਸੀਮਤ ਨਹੀਂ ਹੈ। ਉਹ 2004 ਤੋਂ 2006 ਤੱਕ ਭਾਰਤੀ ਜਨਤਾ ਪਾਰਟੀ ਯੁਵਾ ਮੋਰਚਾ ਦੀ ਰਾਸ਼ਟਰੀ ਸਕੱਤਰ ਰਹੀ ਹੈ। ਦਿੱਲੀ ਵਿਚ ਵਿਰੋਧੀ ਧਿਰ ਨੇ ਵੀ ਉਨ੍ਹਾਂ ਦੀ ਮੁੱਖ ਮੰਤਰੀ ਵਜੋਂ ਚੋਣ 'ਤੇ ਖੁਸ਼ੀ ਮਹਿਸੂਸ ਕੀਤੀ। ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਐਕਸ 'ਤੇ ਲਿਖਿਆ "ਇਹ ਖੁਸ਼ੀ ਦੀ ਗੱਲ ਹੈ ਕਿ ਦਿੱਲੀ ਦੀ ਅਗਵਾਈ ਇਕ ਔਰਤ ਕਰੇਗੀ। ਦਿੱਲੀ ਦੇ ਵਿਕਾਸ ਲਈ ਤੁਹਾਨੂੰ ਆਮ ਆਦਮੀ ਪਾਰਟੀ ਦਾ ਪੂਰਾ ਸਹਿਯੋਗ ਮਿਲੇਗਾ।"

ਰੇਖਾ ਗੁਪਤਾ ਨੂੰ ਚੋਣਾਂ ਦੌਰਾਨ ਭਾਜਪਾ ਵੱਲੋਂ ਦਿੱਲੀ ਦੇ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਵਿਚ ਕੋਈ ਵੱਡੀ ਰੁਕਾਵਟ ਨਹੀਂ ਆ ਰਹੀ ਜਾਪਦੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਪਾਰਟੀ ਦਾ ਸਟੈਂਡ ਸਪੱਸ਼ਟ ਕੀਤਾ ਹੈ, ਖਾਸ ਕਰ ਕੇ ਔਰਤਾਂ ਦੇ ਵਿਕਾਸ ਲਈ ਕੀਤੇ ਗਏ ਵਾਅਦਿਆਂ 'ਤੇ।

ਇਸ ਤਰ੍ਹਾਂ ਰੇਖਾ ਗੁਪਤਾ ਦੇ ਰੂਪ ਵਿਚ ਦੇਸ਼ ਭਰ ਵਿਚ ਮਹਿਲਾ ਲੀਡਰਸ਼ਿਪ ਨੂੰ ਮਜ਼ਬੂਤ ਕਰ ਕੇ, ਭਾਜਪਾ ਹਾਈਕਮਾਨ ਭਵਿੱਖ ਵਿਚ ਮਜ਼ਬੂਤ ਜ਼ਮੀਨੀ ਪੱਧਰ ਦੀ ਰਾਜਨੀਤੀ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ। ਦੇਸ਼ ਦੀਆਂ ਔਰਤਾਂ ਆਪਣੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੀਆਂ ਹਨ। ਉਨ੍ਹਾਂ ਦੀ ਭਾਗੀਦਾਰੀ ਅਤੇ ਰਾਜਨੀਤਿਕ ਸਰਗਰਮੀ ਵਧ ਰਹੀ ਹੈ।







# ਬਸੰਤ ਰੁੱਤ ਦੇ ਯੁਵਕ ਮੇਲੇ



ਬਸੰਤ ਦੇ ਦਿਨਾਂ ਵਿਚ ਹਰ ਕਿਸੇ ਦੇ ਦਿਲ ਵਿਚ ਮੋਹ ਦੀਆਂ ਫੁਲਝੜੀਆਂ ਬਿਖਰ ਜਾਂਦੀਆਂ ਹਨ। ਖ਼ੁਸ਼ੀ ਵਿਚ ਖੀਵਾ ਹੋਇਆ ਮਨ ਪਿਆਰ ਦੀ ਸਤਰੰਗੀ ਪੀਂਘ ਝੂਟਣੀ ਲੋਚਦਾ ਹੈ। ਅਜਿਹੀ ਰੁੱਤ ਵਿਚ ਗੀਤ-ਸੰਗੀਤ ਦੇ ਮੇਲੇ ਗਿੱਧਿਆਂ ਦੇ ਪਿੜ, ਭੰਗੜੇ ਦੀਆਂ ਬੋਲੀਆਂ ਸੁਣਨ ਨੂੰ ਕਿਸਦਾ ਚਿੱਤ ਨਹੀਂ ਕਰਦਾ? ਇਉਂ ਲਗਦਾ ਹੈ ਜਿਵੇਂ ਕਿਸੇ ਨੇ ਮਹਿਕਾਂ ਨੂੰ ਲਾਏ ਜਿੰਦਰੇ ਖੋਲ੍ਹ ਦਿੱਤੇ ਹੋਣ।

ਕੀ ਕਰੀਏ ਸਾਡਾ ਜਿਊਣ ਦਾ ਸਲੀਕਾ ਹੀ ਬੇਸੁਰਾ, ਬੇਰਾਗ ਤੇ ਬੇਵਿਉਂਤਾ ਹੋ ਰਿਹਾ ਹੈ। ਇਸ ਨੇ ਜੀਵਨ ਵਿਚੋਂ ਰੰਗ, ਖ਼ੁਸ਼ਬੋਆਂ, ਹਾਸੇ ਖੋਹ ਕੇ ਸਾਡੇ ਪੱਲੇ ਉਦਾਸੀਆਂ, ਮੱਥਿਆਂ 'ਤੇ ਤਿਊੜੀਆਂ ਤੇ ਮਨਾਂ 'ਚ ਉਲਝਣਾਂ ਪਾ ਦਿੱਤੀਆਂ ਹਨ। ਅਸੀਂ ਹੱਸਦੇ ਹਾਂ ਕਿਸੇ ਪੀੜ ਨੂੰ ਲੁਕਾਉਣ ਲਈ, ਅਸੀਂ ਖ਼ਾਮੋਸ਼ ਹੁੰਦੇ ਹਾਂ ਕਿਸੇ ਨੂੰ ਬੁਲਾਉਣ ਲਈ। ਗੀਤਾਂ ਦੀਆਂ ਲੰਮੀਆਂ ਹੇਕਾਂ, ਸੰਗੀਤ ਦੀ ਛਣਕਾਰ, ਭੰਗੜੇ ਦੀਆਂ ਬੋਲੀਆਂ, ਮਹਿੰਦੀ ਵਾਲੇ ਹੱਥਾਂ ਨਾਲ ਪੈਂਦਾ ਗਿੱਧਾ ਸਾਨੂੰ ਤਣਾਓ-ਮੁਕਤ ਤੇ ਪੀੜ੍ਹ-ਮੁਕਤ ਕਰਦਾ ਹੈ। ਮਨ ਨੂੰ ਚੈਨ, ਰੂਹ ਨੂੰ ਖੇੜਾ ਤੇ ਦਿਲ ਨੂੰ ਸ਼ਾਂਤੀ ਬਖ਼ਸ਼ਦਾ ਹੈ। ਕਲਾ ਜੀਵਨ ਵਿਚੋਂ ਕਠੋਰਤਾ ਤੇ ਨਿਰਦਈਪੁਣਾ ਕੱਢ ਕੇ ਇਸ ਵਿਚ ਕੋਮਲਤਾ ਤੇ ਹਮਦਰਦੀ ਭਰਦੀ ਹੈ।

ਯੁਵਕਾਂ ਦੇ ਸੱਭਿਆਚਾਰਕ ਮੇਲੇ ਸਾਡੇ ਜਿਊਣ ਦਾ ਸਲੀਕਾ ਹੀ ਤਾਂ ਹਨ। ਸਾਡਾ ਜੀਵਨ ਬੜੇ ਵਿੰਗੇ ਵਲੇਵੇਂ ਖਾਂਦਾ ਜਾ ਰਿਹਾ ਹੈ ਪਰ ਫਿਰ ਵੀ ਕਲਾ ਦਾ ਹੀ ਕ੍ਰਿਸ਼ਮਾ ਕਹੋ ਕਿ ਜੀਵਨ ਹੋਰ ਉਤਾਂਹ, ਹੋਰ ਚੰਗਾ ਤੇ ਸਾਫ਼ ਹੋ ਰਿਹਾ ਹੈ। ਅਜਿਹੇ ਜੀਵਨ ਮੁੱਲਾਂ ਵਾਲੇ ਗੀਤ-ਸੰਗੀਤ ਨਾਲ ਜੀਵਨ ਦਾ ਸੱਚ (ਸਤਿਅਮ) ਸਾਡੇ ਧੁਰ ਅੰਦਰ ਉਤਰ ਜਾਂਦਾ ਹੈ। ਕਲਾਤਮਿਕ ਸੁਹੱਪਣ (ਸੁੰਦਰਮ) ਸਾਡੇ ਲੂੰ-ਲੂੰ ਨੂੰ ਨਸ਼ਿਆ ਜਾਂਦਾ ਹੈ। ਕਲਾ ਰਚਨਾ ਵਿਚ ਪੇਸ਼ ਦੁੱਖ ਆਪਣਾ ਦੁੱਖ, ਖ਼ੁਸ਼ੀ ਆਪਣੀ ਖ਼ੁਸ਼ੀ ਲਗਦੀ ਹੈ। ਇਕ ਅਲੌਕਿਕ ਆਨੰਦ ਸਾਨੂੰ ਪ੍ਰਾਪਤ ਹੁੰਦਾ ਹੈ, ਜਿਸ ਦੀ ਪਿਆਸ ਸਾਨੂੰ ਅਜ਼ਲਾਂ ਤੋਂ ਹੈ ਜੋ ਸਮੁੰਦਰਾਂ ਦੇ ਸਮੁੰਦਰ ਪਾਣੀ ਦੇ ਪੀ ਕੇ ਵੀ ਨਹੀਂ ਬੁਝ ਸਕਦੀ। ਅਜਿਹੇ ਕਲਾਕਾਰਾਂ ਦੀਆਂ ਰਚਨਾਵਾਂ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੀ ਸੇਵਾ (ਸ਼ਿਵਮ) ਵੀ ਕਰਦੀਆਂ ਹਨ। ਇਉਂ ਪੰਜਾਬੀਆਂ ਦੀ ਸੱਭਿਆਚਾਰਕ (ਸਾਂਸਕ੍ਰਿਤਿਕ) ਚੇਤਨਾ ਕਲਾ ਦੇ ਸੱਚ ਵਿਚ ਪੇਸ਼ ਹੁੰਦੀ ਹੋਈ ਸੁਹਜਾਤਮਕ ਆਨੰਦ ਪ੍ਰਦਾਨ ਕਰਦੀ ਹੈ। ਇਹ ਉਨ੍ਹਾਂ ਦੀ ਖ਼ਾਮੋਸ਼ੀ ਦੇ ਖਿਲਾਫ਼ ਜੇਹਾਦ ਦੀ ਰਮਜ਼ ਵੀ ਹੈ। ਇਹ ਕਲਾ ਸਰੋਤਿਆਂ ਨੂੰ ਅਜਿਹੀ ਸੁਖਮਈ ਅਵਸਥਾ ਵਿਚ ਲੈ ਜਾਂਦੀ ਹੈ, ਜਿਥੇ ਉਹ ਆਪਣੇ ਪਰਾਏ ਤੇ ਹਉਂ ਦੀ ਭਾਵਨਾ ਖ਼ਤਮ ਕਰ

**ਡਾ. ਕਮਲਜੀਤ ਸਿੰਘ ਟਿੱਬਾ**

ਲੈਂਦੇ ਹਨ। ਪਲ ਦੀ ਪਲ ਇਕ ਨਵੇਂ ਸੰਸਾਰ ਦਾ ਅਹਿਸਾਸ ਮਨ ਵਿਚ ਜਾਗਦਾ ਹੈ। ਇਕ ਸੁਫ਼ਨਾ ਸਾਡੀਆਂ ਅੱਖਾਂ ਵਿਚ ਤੈਰਦਾ ਹੈ ਜੋ ਸਾਨੂੰ ਉਤਾਂਹ ਤੇ ਚੰਗੇਰੇ ਭਵਿੱਖ ਵੱਲ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਸਿਖਰਾਂ ਵੱਲ ਲੰਮੀਆਂ ਉਡਾਰੀਆਂ ਭਰਨ ਲਈ ਕਲਾ ਸਾਡੇ ਪਰਾਂ ਵਿਚ ਤਾਕਤ ਭਰਦੀ ਹੈ। ਜ਼ਿੰਦਗੀ ਜਿਊਣ ਦਾ ਚਾਅ ਤੇ ਉਤਸ਼ਾਹ ਸਾਡੇ ਸੀਨਿਆਂ ਵਿਚ ਮਚਲਦਾ ਹੈ। ਸਾਡੇ ਪੈਰਾਂ ਵਿਚ ਕਾਹਲ, ਸਾਡੇ ਹੱਥਾਂ ਵਿਚ ਤੇਜ਼ੀ, ਸਾਡੇ ਮੱਥਿਆਂ 'ਚ ਸੇਕ ਤੇ ਸਾਡੇ ਦਿਮਾਗ਼ਾਂ ਵਿਚ ਨਵੇਂ ਫੁਰਨੇ ਫੁਰਦੇ ਹਨ।

ਜੀਵਨ ਗਤੀਸ਼ੀਲ ਹੈ, ਨਿਰੰਤਰ ਵਿਗਸ ਰਿਹਾ ਹੈ। ਲੋਕ-ਮਾਨਸਿਕਤਾ ਨੂੰ ਜੀਵਨ ਦੀ ਨਿਰੰਤਰ ਉਤਾਂਹ ਵੱਲ ਹੋ ਰਹੀ ਉਸਾਰੀ ਦੇ ਸਾਵਿਆਂ ਕਰਨ ਦੀ ਪ੍ਰਕਿਰਿਆ ਵਿਚ ਯੁਵਕਾਂ ਦੇ ਸੱਭਿਆਚਾਰਕ ਮੇਲੇ ਅਹਿਮ ਰੋਲ ਅਦਾ ਕਰਦੇ ਹਨ। ਕਲਾਕਾਰ ਜੀਵਨ ਦੇ ਸਮੁੱਚੇ ਵਿਚੋਂ ਉਨ੍ਹਾਂ ਅੰਗਾਂ ਨੂੰ ਹੀ ਆਪਣੀ ਕਲਾ ਦਾ ਵਿਸ਼ਾ ਬਣਾਉਂਦਾ ਹੈ, ਜਿਨ੍ਹਾਂ ਵਿਚ ਜਿਊਂਦੀ ਅੱਗ ਹੋਵੇ ਤੇ ਜਿਨ੍ਹਾਂ ਦੇ ਵਿਕਾਸ ਕਰ ਜਾਣ ਨਾਲ ਜੀਵਨ ਨੇ ਨਵਾਂ-ਨਰੋਆ ਤੇ ਖ਼ੁਸ਼ਹਾਲ ਹੋ ਜਾਣਾ ਹੈ। ਜ਼ਿੰਦਗੀ ਦੇ ਵਿਹੜੇ ਵਿਚ ਜਦੋਂ ਕਲਾ ਦਾ ਅਹਿਜਾ ਗੁਲਾਬ ਖਿੜ੍ਹਦਾ ਹੈ ਤਾਂ ਜ਼ਿੰਦਗੀ ਸੁਹਾਗਣ ਹੋ ਜਾਂਦੀ ਹੈ।

ਗੀਤ-ਸੰਗੀਤ, ਗਿੱਧਾ ਤੇ ਭੰਗੜਾ ਜਦੋਂ ਸੱਚ, ਸੁਹੱਪਣ ਤੇ ਸੇਵਾ ਤੋਂ ਵਾਂਝੇ ਹੋ ਜਾਂਦੇ ਹਨ ਤਾਂ ਇਹ ਆਪਣੇ ਸੁਆਰਥ ਲਈ ਕੀਤਾ ਕਾਲਾ ਧੰਦਾ ਬਣ ਜਾਂਦੇ ਹਨ। ਸੱਭਿਆਚਾਰ ਦੇ ਨਾਂਅ ਥੱਲੇ ਵਪਾਰ ਕਰ ਕੇ ਉਹ ਕਲਾ ਵਪਾਰੀ ਆਪਣੇ ਸੁੱਖ-ਆਰਾਮ ਲਈ ਤਾਂ ਖੱਟੀਆਂ ਖੱਟ ਲੈਂਦੇ ਹਨ, ਪਰ ਲੋਕਾਂ ਨੂੰ ਰਾਹੋਂ ਕੁਰਾਹੇ ਪਾ ਉਨ੍ਹਾਂ ਦੀ ਜੀਵਨ ਤੋਰ ਨੂੰ ਵਿਗਾੜ ਦਿੰਦੇ ਹਨ। ਅਸ਼ਲੀਲਤਾ ਤੇ ਲੱਚਰਤਾ ਮਨੁੱਖੀ ਮਨ ਨੂੰ ਮੈਲਾ ਹੀ ਨਹੀਂ ਕਰਦੀ ਸਗੋਂ ਉਸ ਦੇ ਚਰਿੱਤਰ ਨੂੰ ਵੀ ਧੁੰਦਲਾ ਕਰਦੀ ਹੈ। ਅਸ਼ਲੀਲ ਕਲਾ ਦੇ ਵਪਾਰੀ ਲੋਕਾਂ ਨੂੰ ਚੰਮ-ਖ਼ੁਸ਼ੀਆਂ ਦੇ ਚੱਕਰਵਿਊ ਵਿਚ ਪਾ ਕੇ ਉਨ੍ਹਾਂ ਨੂੰ ਅਸਲੀ ਆਨੰਦ ਤੋਂ ਵਾਂਝਾ ਕਰ, ਭਟਕਣਾ 'ਚ ਪਾ ਉਨ੍ਹਾਂ ਦਾ ਸਤਿਆਨਾਸ਼ ਕਰ ਦਿੰਦੇ ਹਨ। ਉਹ ਅਸਲੋਂ ਹੀ ਅਪਰਾਧੀ ਹਨ, ਕੀਤਾ ਪਾਉਣਗੇ।

ਅਸੀਂ ਯੁਵਕ ਮੇਲੇ ਵਿਉਂਤਦੇ ਹਾਂ ਆਪਣੀ ਖਿਲਰੀ ਜ਼ਿੰਦਗੀ ਨੂੰ ਕਿਸੇ ਅਨੁਸ਼ਾਸਨ ਵਿਚ ਬੰਨ੍ਹਣ ਲਈ, ਅਸੀਂ ਲੋਕਾਂ ਨੂੰ ਸੱਦੇ ਦਿੰਦੇ ਹਾਂ ਵਿੱਥਾਂ ਮਿਟਾਉਣ ਲਈ, ਦੂਰੀਆਂ ਘਟਾਉਣ ਲਈ ਤੇ ਆਇਆਂ ਦਾ ਮਾਣ ਕਰਦੇ ਹਾਂ ਜੀਵਨ ਵਿਚ ਕਲਾ ਦਾ ਮਾਣ ਵਧਾਉਣ ਲਈ। ਮੇਲੇ ਮੇਲੀਆਂ ਦੇ ਮਿਲਣ ਦੀ ਸੋਹਣੀ ਥਾਂ ਬਣਦੇ ਨੇ, ਧੁੱਪਾਂ 'ਚ ਸੜਦਿਆਂ ਲਈ ਇਹ ਠੰਢੀ ਛਾਂ ਬਣਦੇ ਨੇ ਤੇ ਭਟਕਦੇ ਧੀਆਂ-ਪੁੱਤਰਾਂ ਲਈ ਖੋਈ ਮਾਂ ਬਣਦੇ ਨੇ।

ਸੱਭਿਆਚਾਰਕ ਮੇਲੇ ਵਿਚ ਜਾਣਾ ਇਵੇਂ ਹੁੰਦਾ ਹੈ ਜਿਵੇਂ ਮਹਿਕਾਂ ਦੇ ਭਰੇ ਤਲਾਅ ਵਿਚ ਡੁੱਬਣਾ ਹੋਵੇ, ਜਿਵੇਂ ਚੰਨ-ਚਾਨਣੀ ਰਾਤ ਵਿਚ ਫੁੱਲਾਂ ਦਾ ਖਿੜਨਾ ਹੋਵੇ, ਜਿਵੇਂ ਕੱਚੇ ਦੁੱਧ ਦੀ ਝੱਗ ਦੇ ਘੁੱਟ ਭਰਨੇ ਹੋਣ। ਲੋਕੀਂ ਮੇਲੇ ਵੱਲ ਨੂੰ ਜਾਂਦੇ ਹਨ ਜਿਵੇਂ ਪਿਆਸੇ ਹਿਰਨ ਨਦੀ 'ਤੇ ਪਾਣੀ ਪੀਣ ਆ ਰਹੇ ਹੋਣ, ਜਿਵੇਂ ਖਾਲੀ ਟਿੰਡਾਂ ਖੂਹ 'ਚ ਉਤਰ ਰਹੀਆਂ ਹੋਣ। ਅਸਲੀ ਗੀਤ-ਸੰਗੀਤ ਸੁਣ ਕੇ ਇਉਂ ਲਗਦਾ ਹੈ ਜਿਵੇਂ ਕਿਸੇ ਨੇ ਚੰਨ ਨੂੰ ਖੋਰ ਕੇ ਦੁੱਧ ਦਾ ਛੰਨਾ ਪਿਆ ਦਿੱਤਾ ਹੋਵੇ, ਜਿਵੇਂ ਕਿਸੇ ਨੇ ਸਾਡੇ ਨਸੀਬਾਂ ਵਿਚ ਅੰਬਰਾਂ ਦੇ ਤਾਰੇ ਲਿਖ ਦਿੱਤੇ ਹੋਣ। ਇਹ ਸਾਡੀ ਰੂਹ ਦੀ ਧਰਤੀ 'ਤੇ ਸਵੇਰੇ ਦੀ ਲੋਅ ਕਰਨ ਦਾ ਵਸੀਲਾ ਹਨ ਤੇ ਮਨਾਂ ਦੀਆਂ ਕਾਲਖਾਂ ਧੋ ਕੇ ਚਾਨਣ ਦੀ ਚਾਦਰ ਵਿਛਾਉਣ ਦਾ ਹੀਲਾ ਹਨ। ਸਾਡੀ ਜ਼ਿੰਦਗੀ ਨੂੰ ਪੈਂਦੀ ਖੋਹ ਖ਼ਤਮ ਕਰ ਕੇ ਇਸ ਤਰ੍ਹਾਂ ਦੇ ਯੁਵਕ ਮੇਲੇ ਮਾਘ ਦੀ ਧੁੱਪ ਵਰਗਾ ਨਿੱਘ ਸਾਨੂੰ ਬਖ਼ਸ਼ਦੇ ਹਨ। ਇਹ ਸਾਡੇ ਲਈ ਮੁਹੱਬਤ ਦਾ ਪੈਗ਼ਾਮ




R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਬੂਟਾ ਰੰਗਲੀ ਪੰਜਾਬੀ ਦਾ

ਵਾਰੀ ਜਾਵਾਂ ਸਰਕੰਡਿਆਂ ਤੋਂ,
ਕਲਮਾਂ ਬਣਾਈਆਂ ਘੜ ਕੇ,
ਝੁੱਲ ਚੁੱਗ ਲਏ ਕੰਡਿਆਂ ਤੋਂ।
ਐਸੀ ਕਲਮ ਬਣਾਈਂ ਮਾਹੀਆ,
ਪੰਜਾਬੀਆਂ ਦਾ ਮਾਣ ਵਧੇ,
ਗੀਤ ਸੁਥਰੇ ਲਿਖਾਈਂ ਮਾਹੀਆ।
ਸੋਹਣਾ ਚਰਖ਼ਾ ਲਿਆਈਂ ਮਾਹੀਆ,
ਤੰਦ ਪਾਵਾਂ ਵਿਰਸੇ ਦਾ,
ਤੂੰ ਪੈਂਤੀ ਦਾ ਕਤਾਈਂ ਮਾਹੀਆ।
ਪੰਜ ਆਬਾਂ ਦੀ ਮਿਠਾਸ ਚੱਖੀਏ,
ਪੰਜਾਬੀਆਂ ਦਾ ਮਾਣ ਆਪਣਾ,
ਸੋਹਣਾ ਵਿਰਸਾ ਸੰਭਾਲ ਰੱਖੀਏ।
ਰੱਜ ਵਿਰਸੇ ਨੂੰ ਪਿਆਰ ਦਿਓ,
ਹੱਥਾਂ ਵਿੱਚ ਫੜੋ ਕਲਮਾਂ,
ਮਾਂ ਬੋਲੀ ਨੂੰ ਸ਼ਿੰਗਾਰ ਦਿਓ।
ਬੂਟਾ ਗੁਰੂਆਂ ਨੇ ਲਾਇਆ ਏ।
'ਪੈਂਤੀ' ਅੱਖਰੀ ਦਾ,
ਜਾਦੂ ਦੁਨੀਆ 'ਤੇ ਛਾਇਆ ਏ।
ਵੇਲਾ ਢੁੱਕਿਆ ਸ਼ਬਾਬਾਂ ਦਾ,
ਦੁਨੀਆ ਨੂੰ ਪਾਵੇ ਦੰਦਲਾਂ,
ਏਕਾ ਦੋਹਾਂ ਪੰਜਾਬਾਂ ਦਾ।
ਲਾ ਐਸੀ ਕੋਈ ਤਾਨ ਹਾਣੀਆ,
ਮਿੱਠੜੀ ਪੰਜਾਬੀ ਦਾ,
ਵਧੇ ਜੱਗ ਉੱਤੇ ਮਾਣ ਹਾਣੀਆਂ।
ਗੀਤ ਐਸੇ-ਐਸੇ ਲਿਖ ਮਾਹੀਆ,
ਦੋਹਾਂ ਪੰਜਾਬੀਆਂ ਦੀ,
ਹੋਵੇ ਵੱਖਰੀ ਹੀ ਦਿੱਖ ਮਾਹੀਆ।
ਬੂਟਾ ਜੜ੍ਹ ਤੋਂ ਹੀ ਪੁੱਟਿਆ ਏ,
ਸੀਰ ਜੱਗ ਵਿੱਚੋਂ ਮੁੱਕਿਆ,
ਮਾਂ ਬੋਲੀ ਤੋਂ ਜੋ ਟੁੱਟਿਆ ਏ।
ਬੂਟਾ ਜੜ੍ਹ ਤੋਂ ਨਾ ਪੁੱਟਣਾ ਏ,
ਹਰੀ ਭਰੀ ਅੰਸ ਰਹਵੇ,
ਮਾਂ ਬੋਲੀ ਤੋਂ ਨਾ ਟੁੱਟਣਾ ਏ।
ਤੌਰ ਘੁੰਮ ਗਏ ਹਿਸਾਬੀ ਦੇ,
ਹੱਦਾਂ ਸਰਹੱਦਾਂ ਟੱਪ ਕੇ,
ਮੇਲੇ ਲੱਗ ਗਏ ਪੰਜਾਬੀ ਦੇ।
ਸੁਰ ਛਿੜਿਆ ਰਬਾਬੀ ਦਾ,
ਗੁਰੂਆਂ, ਪੀਰਾਂ ਨੇ,
ਗਾਇਆ ਗੀਤ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਲੋਰੀਆਂ 'ਚ ਰਹੇ ਗੂੰਜਦਾ,
ਗੀਤ ਮਿੱਠੜੀ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਕਾਫ਼ੀਆਂ ਤੇ ਦੋਹੜੇ, ਬਾਣੀ,
ਸੱਚ ਸਾਰ ਨੇ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਪੁੱਤਰਾਂ ਨੇ ਰਲ-ਮਿਲ ਕੇ,
ਮੇਲਾ ਲਾਇਆ ਏ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਬੋਲੀਆਂ ਨੇ ਸੱਭੇ ਸੋਹਣੀਆਂ.
ਸਾਨੂੰ ਮਾਣ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਆਰ-ਪਾਰ ਮੇਲੇ ਲੱਗਦੇ,
ਡਗਾ ਵੱਜਿਆ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਨੱਚ-ਨੱਚ ਪਾਉਣ ਬੋਲੀਆਂ,
ਪਿੜ ਠੱਬਿਆ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਨੱਚ ਗਾ ਖ਼ੈਰਾਂ ਮੰਗਦਾ,
ਪੁੱਤ ਲਾਡਲਾ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਜੁੱਗ-ਜੁੱਗ ਜੀਉਣ ਬੱਚੜੇ,
ਮੇਲਾ ਲਾਇਆ ਨੇ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਮਾਵਾਂ ਦੀ ਖ਼ੈਰ ਮੰਗਦਾ,
ਵਾਰਸ ਇਹ ਪੰਜਾਬੀ ਦਾ।
ਸੁਰ ਛਿੜਿਆ ਰਬਾਬੀ ਦਾ,
ਸ਼ਾਲਾ! ਸਦਾ ਰਹੇ ਹਰਿਆ,
ਬੂਟਾ ਰੰਗਲੀ ਪੰਜਾਬੀ ਦਾ।

- ਦੀਪਤੀ ਬਬੂਟਾ

## ਕਵਿਤਾ

ਬਾਰ ਬਾਰ ਕੀ ਸੋਚੀ ਜਾਣੈ, ਬੋਲ ਪੰਜਾਬੀ
ਪੈਂਤੀ ਅੱਖਰਾਂ ਵਾਲਾ ਕੈਦਾ ਖੋਲ ਪੰਜਾਬੀ।

ਮੰਨਿਆ ਤੇਰੀ ਮਾਸੀ ਤੈਨੂੰ ਮਾਂ ਵਰਗੀ ਪਰ
ਮਾਂ ਆਪਣੀ ਨਾ ਮਾਸੀ ਕਰਕੇ ਰੋਲ ਪੰਜਾਬੀ।

ਸ਼ੀਤਾਂ ਵਿੱਚ ਦੀ ਉੜਾ ਐੜਾ ਝਾਕ ਰਹੇ ਨੇ
ਇੱਕ ਤਾਕੀ ਤਾਂ ਉਨ੍ਹਾਂ ਨੂੰ ਵੀ ਖੋਲ ਪੰਜਾਬੀ।

ਹਿੰਦੀ ਉਰਦੂ ਹੋਰ ਭਾਸ਼ਾਵਾਂ ਸਿਰ ਮੱਥੇ ਪਰ
ਜਦ ਬੋਲਾਂ ਪੰਜਾਬੀ ਵੱਜੇ ਢੋਲ ਪੰਜਾਬੀ।

ਤੇਰੇ ਘਰ ਦਫ਼ਤਰ ਪਰਦੇਸੀ ਆਣ ਵੜੇ ਨੇ
ਬਾਹਰ ਬੈਠ ਉਡੀਕਣ ਤੈਨੂੰ ਬੋਲ ਪੰਜਾਬੀ।

ਪੁੱਛਣ ਭਾਈ ਵੀਰ ਸਿੰਘ ਪੂਰਨ ਸਿੰਘ ਦੋਨੋਂ
ਵੇਚ ਛੱਡੀ ਪੰਜਾਬੀਓ ਕਿਸ ਮੋਲ ਪੰਜਾਬੀ।

ਪਿਆਰ ਮੁਹੱਬਤ ਯਾਰ ਦੇ ਸਿਰ ਤੇ ਚੜ੍ਹ ਕੇ ਬੋਲੇ
ਜਦ ਦੇਂਦੀ ਹੈ ਕੰਨੀਂ ਮਿਸ਼ਰੀ ਘੋਲ ਪੰਜਾਬੀ।

ਮਾਂ ਬੋਲੀ ਛਡ, ਬੱਚੇ ਨੇ, ਜਦ ਬਾਤਾਂ ਪਾਉਂਦੇ
ਕੀ ਦੱਸਾਂ ਕਿੰਝ ਅੰਦਰ ਪੈਂਦੇ ਹੋਲ ਪੰਜਾਬੀ।

ਨੰਨਾ ਨਾਨਕ, ਬੱਬਾ ਬੁੱਲ੍ਹਾ, ਵਾਵਾ ਵਾਰਿਸ
ਕੱਕਾ ਕੈਦੇ ਵਾਲਾ ਵਰਕਾ ਫੋਲ ਪੰਜਾਬੀ।

ਪੰਜਾਬੀ ਵਿੱਚ ਵਾਕ ਉਚਾਰੇ ਬਾਣੀ ਗਾਵੇ
ਜਾ ਉੱਠ ਬਹਿ ਜਾ ਬਾਬੇ ਨਾਨਕ ਕੋਲ ਪੰਜਾਬੀ।

ਦੇਸ਼ ਮਿਰੇ ਵਿੱਚ ਵੱਗਣ ਨਦੀਆਂ ਵਾਂਗ ਬੋਲੀਆਂ
ਪੰਜ ਆਬਾਂ ਦੇ ਨਾਲ ਵੀ ਪੂਰਾ ਤੋਲ ਪੰਜਾਬੀ।

ਹਰ ਬੋਲੀ ਹੈ ਮਾਮੀ ਮਾਸੀ ਤਾਈ ਐਪਰ
ਕਿੱਥੋਂ ਲੱਭਾਂ ਮੈਂ ਆਪਣੀ ਮਾਂ ਸੋਲ੍ਹ ਪੰਜਾਬੀ।

ਗੁਰਮੁੱਖੀ ਸ਼ਾਹਮੁੱਖੀ ਸੱਕੀਆਂ ਭੈਣਾਂ ਲੱਭਣ
ਵਿਛੜੇ ਜੱਟ ਅਲਬੇਲੇ ਵੀਰ ਨਿਰੋਲ ਪੰਜਾਬੀ।



ਸੁਹਣੇ ਰੱਬ ਦਾ ਲੱਖ ਲੱਖ ਵਾਰੀ ਸ਼ੁਕਰ ਮਨਾਵਾਂ
ਮਾਂ ਬੋਲੀ ਜਿਸ ਪਾਈ 'ਉੱਪਲ' ਝੋਲ ਪੰਜਾਬੀ।

ਜੰਮੂ ਤੋਂ ਸ੍ਰ. ਹਰਜੀਤ ਸਿੰਘ ਉੱਪਲ

## ਮੁੱਦਾ

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਮਸਲਾ ਤਾਂ ਸੀ ਓਹਦੇ ਦਿਲ ਨੂੰ ਜਿੱਤਣ ਦਾ
ਅਸੀਂ ਤਾਂ ਆਪਣਾ ਦਿਲ ਹੀ ਹਾਰੀ ਫਿਰਦੇ ਹਾਂ!!


ਓਹਦੇ ਘਰ ਨੂੰ ਮਹਿਲਾਂ ਵਾਂਗ ਸਜਾਵਣ ਲਈ
ਅਸੀਂ ਤਾਂ ਆਪਣਾ ਆਪ ਉਜਾੜੀ ਫਿਰਦੇ ਹਾਂ!!

ਓਹ ਤਾਂ ਸਾਨੂੰ ਨਜ਼ਰ ਉਠਾ ਕੇ ਤੱਕਦਾ ਈ ਨਹੀਂ
ਅਸੀਂ ਫੇਰ ਵੀ ਉਸਤੋਂ ਆਪਾਂ ਵਾਰੀ ਫਿਰਦੇ ਹਾਂ!!

ਅੱਕਾ ਤੋਂ ਵੱਧ ਓਹਦੇ ਬੋਲ ਕੁਸੈਲੇ ਨੇ
ਅਸਾਂ ਤਾਂ ਇਸ਼ਕ ਦੀ ਚਾਹਣੀ ਕਾੜੀ ਫਿਰਦੇ ਹਾਂ!!

ਓਹਦੇ ਪੱਥਰ ਵਰਗੇ ਸੀਨੇ ਤੇ ਕੋਈ ਅਸਰ ਨਹੀਂ
ਅਸੀਂ ਹੰਜੂਆਂ ਦੇ ਨਾਲ ਚਿਹਰਾ ਖਾਰੀ ਫਿਰਦੇ ਹਾਂ!!

ਇੱਕ ਦਿਨ ਆਉਣਗੇ ਸਾਡੇ ਓਹ ਜਨਾਜ਼ੇ ਤੇ
ਚਲ ਇਹੀ ਸੋਚ ਕੇ ਅੰਦਰ ਠਾਰੀ ਫਿਰਦੇ ਹਾਂ!!



ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਸਰਬਜੀਤ ਕੌਰ ਹਾਜੀਪੁਰ
ਸ਼ਾਹਕੋਟ

## ਬਲਖ ਬੁਖਾਰੇ ਤੋਂ ਮੋੜਾ!

'ਛੱਜੂ' ਤੁਰ ਪੈਂਦੇ 'ਬਲਖ-ਬੁਖਾਰਿਆਂ' ਨੂੰ
ਬਾਹਰ ਜਾਣ ਦਾ ਮਚਿਆ ਹੜਕੰਪ ਹੋਵੇ।
'ਜੂਆ ਖੇਡਣ' ਦੇ ਵਾਂਗ ਉਹ ਚੱਲ ਪੈਂਦੇ
ਲਾਉਣੀ 'ਡੌਂਕੀ' ਜਾਂ ਟੱਪਣਾ 'ਡੰਪ' ਹੋਵੇ।
ਕੋਈ ਸੁਣਦਾ ਨਾ ਕੜੇ ਕਾਨੂੰਨ-ਕਾਇਦੇ
ਪੁੱਠੀ 'ਹੱਥ-ਕੜੀ' ਵਾਲਾ ਭੂ-ਕੰਪ ਹੋਵੇ।
ਸੱਚ ਦੀ 'ਰੋਸ਼ਨੀ' ਵੱਲ ਨੂੰ ਦੇਖਦੇ ਨਹੀਂ
ਬਲ ਰਿਹਾ 'ਡਿਪੋਰਟ' ਦਾ 'ਲੈਂਪ' ਹੋਵੇ।



ਮੁੜ ਫਿਰ ਧਰਤੀ 'ਤੇ ਲੱਗਦੇ ਪੈਰ ਔਖੇ
ਜੜ੍ਹੋਂ ਉੱਖੜਨ ਦਾ ਲੱਗਾ ਜੇ 'ਜੰਪ' ਹੋਵੇ।
ਰਾਸ਼ਟਰਪਤੀ 'ਸਮੁੰਦਰੋਂ ਪਾਰ' ਦਾ ਐ
ਵਿਚ ਪੰਜਾਬ ਦੇ 'ਟਰੰਪ-ਟਰੰਪ' ਹੋਵੇ!

ਤਰਲੋਚਨ ਸਿੰਘ ਦੁਪਾਲ ਪੁਰ
78146-92724

## ਪੰਛੀਆਂ ਦਾ ਸੁਨੇਹਾ

ਬਚਾ ਲਉ ਸਾਨੂੰ ਪੰਛੀ ਆਖਣ
ਇਹ ਹੈ ਸਾਡੀ ਪੁਕਾਰ,
ਅਸੀਂ ਵੀ ਹਾਂ ਕੁਦਰਤ ਦਾ ਹਿੱਸਾ
ਸਾਡਾ ਵੀ ਸੰਸਾਰ।
ਬਚਾ ਲਉ ਸਾਨੂੰ....
ਅਸੀਂ ਹਾਂ ਭੋਲ਼ੇ ਭਾਲ਼ੇ ਪੰਛੀ ਰੁੱਖਾਂ
ਉੱਤੇ ਰਹਿੰਦੇ,
ਦੱਸੋ, ਕੀ ਅਸੀਂ ਕਿਸੇ ਤੋਂ ਮੰਗਦੇ
ਨਾ ਮੱਲ ਟਿਕਾਣਾ ਬਹਿੰਦੇ।
ਆਪਣੇ ਹਿੱਸੇ ਦੇ ਦਾਣੇ ਚੁਗ ਕੇ
ਜਾਈਏ ਉਡਾਰੀ ਮਾਰ,
ਬਚਾ ਲਉ ਸਾਨੂੰ....
ਰੰਗ ਬਰੰਗੇ ਕੱਠੇ ਹੋ ਕੇ ਝੀਲਾਂ
ਵਿੱਚ ਹਾਂ ਤਰਦੇ,
ਜਾਂ ਰੁੱਖਾਂ ਤੇ ਰੈਣ ਬਸੇਰਾ ਅਸੀਂ
ਉਡਾਰੀਆਂ ਭਰਦੇ।
ਬੰਦ ਹੋ ਪਿੰਜਰਿਆਂ ਵਿੱਚ ਬਣੀਏ
ਅਸੀਂ ਸ਼ਿੰਗਾਰ,
ਬਚਾ ਲਉ ਸਾਨੂੰ ....
ਪਾਣੀਆਂ ਵਿੱਚ ਨਾ ਜ਼ਹਿਰਾਂ ਘੋਲੋ
ਅਸੀਂ ਤਾਰੀਆਂ ਲਾਈਏ,
ਨਾ ਕੱਟੋ ਰੁੱਖਾਂ ਬਿਰਖਾਂ ਨੂੰ ਜਿੱਥੇ
ਆਲ੍ਹਣੇ ਪਾਈਏ।
ਰਹਿਣ ਲਈ ਜਗ੍ਹਾ ਬਚੀ ਕੀ
ਨਾ ਸਾਡਾ ਘਰ ਬਾਰ,
ਬਚਾ ਲਉ ਸਾਨੂੰ ....
ਅਸੀਂ ਹਾਂ, ਪੱਤੋ, ਸਭ ਦੇ ਸਾਂਝੇ ਸਾਡੇ
ਲਈ ਨਾ ਹੱਦਾ,
ਇਹ ਲੀਕਾਂ ਤਾਂ ਮਨੁੱਖ ਨੇ ਪਾਈਆਂ,
ਰੋਕ ਲਈਆਂ ਸਰਹੱਦਾ।
ਸਾਡੀ ਅਜ਼ਾਦੀ ਨਾ ਖੋਹੋ ਅਸੀਂ
ਤਾਂ ਵੰਡੀਏ ਪਿਆਰ।
ਬਚਾ ਲਉ ਸਾਨੂੰ ਪੰਛੀ ਆਖਣ
ਇਹ ਹੈ ਸਾਡੀ ਪੁਕਾਰ।
ਅਸੀਂ ਵੀ ਹਾਂ ਕੁਦਰਤ ਦਾ ਹਿੱਸਾ
ਸਾਡਾ ਵੀ ਸੰਸਾਰ।

ਹਰਪ੍ਰੀਤ ਪੱਤੋ
9465821417

## ਅੱਜ ਦਾ ਸੱਚ

ਪੰਜਾਬੀ ਦਾ ਇੱਕ ਵੱਡਾ ਵਿਦਵਾਨ ਹੈ
ਲੋਕ ਲੁਭਾਊ ਦਿੰਦਾ ਵੱਡੇ ਬਿਆਨ ਹੈ।
ਆਖੇ ਪੰਜਾਬੀ ਭਾਸ਼ਾ ਨੂੰ ਪਿਆਰ ਕਰੋ
ਆਪਣੀ ਮਾਂ ਬੋਲੀ ਦਾ ਸਤਿਕਾਰ ਕਰੋ।
ਅੰਗਰੇਜ਼ੀ ਸਕੂਲਾਂ ਵਿੱਚ ਬੱਚੇ ਉਸ ਦੇ ਪੜ੍ਹਦੇ ਨੇ
ਪੰਜਾਬੀ ਭਾਸ਼ਾ ਪੜ੍ਹਨ ਤੋਂ ਉਹ ਡਰਦੇ ਨੇ।
ਵਹੁਟੀ ਉਸ ਦੀ ਅੰਗਰੇਜ਼ੀ 'ਚ ਗਿਟਮਿਟ ਕਰਦੀ ਹੈ
ਪੰਜਾਬੀ ਭਾਸ਼ਾ ਤੋਂ ਉਸ ਨੂੰ ਤਾਂ ਬੜੀ ਅਲਰਜੀ ਹੈ।
ਆਖੇ ਪੰਜਾਬੀ ਤਾਂ ਗੰਵਾਰਾਂ ਦੀ ਭਾਸ਼ਾ ਹੈ
ਇਹ ਜ਼ਿੰਦਗੀ ਦਾ ਹਨੇਰਾ ਪਾਸਾ ਹੈ।
ਵਿਦਵਾਨ ਵੀ ਉਸ ਦੀ ਹਾਮੀ ਭਰਦਾ ਹੈ
ਪਰ ਲੋਕਾਂ ਨਾਲ ਧੋਖਾ ਕਰਦਾ ਹੈ।
ਗੱਲ ਕਿਸੇ ਨੂੰ ਸਮਝ ਨਹੀਂ ਆਉਂਦੀ
ਮਾਂ ਬੋਲੀ ਫਿਰੇ ਵਾਸਤੇ ਪਾਉਂਦੀ।।

- ਅਮਰਜੀਤ ਜੰਜੂਆ

## ਸਬਕ

ਪਤਾ ਹੋਣੈ ਕਿ ਕਾਹਤੋਂ ਪੱਤਰ ਝੜਦੇ ਨੇ।
ਝੜਨੇ ਕਰਕੇ ਨਵੇਂ ਨਵੇਂ ਰੰਗ ਫੜਦੇ ਨੇ।

ਕੌਣ ਹਵਾਵਾਂ ਨੂੰ ਦੱਸੇ ਕਿ ਕਿੰਝ ਵਗਣਾ,
ਆਪੋ ਵਿਚ ਟਕਰਾ ਕੇ ਜੰਗਲ ਸੜਦੇ ਨੇ।

ਲਗਦੇ ਹੁੰਦੇ ਡੁੱਬਦੇ ਪਰ ਉਹ ਡੁੱਬਣ ਨਾ,
ਚੰਨ ਸਿਤਾਰੇ ਸੂਰਜ ਜੋ ਵੀ ਚੜ੍ਹਦੇ ਨੇ।

ਜੀਣ ਜੋਗਿਓ ਕਾਸ਼ ਕਿ ਜੀਣਾ ਆ ਜਾਂਦਾ,
ਕੁਦਰਤ ਤੋਂ ਕਦ ਸਬਕ ਆਦਮੀ ਪੜ੍ਹਦੇ ਨੇ।

ਜੋ ਅਟਕਾਏ ਕਿੰਨਾ ਚਿਰ ਉਹ ਅਟਕਣਗੇ,
ਟਿਕਣੇ ਲਈ ਜੋ ਯਾਰ ਬਹਾਨੇ ਘੜਦੇ ਨੇ।

ਨਾ ਹੀ ਸੁਖੀ ਹੋਵੇ ਖੁਦ ਹੋਰਾਂ ਨੂੰ ਰੱਖੇ,
ਅਜਕਲ ਦੇ ਤਾਂ ਸੁੱਖ ਬੰਦੇ ਦੇ ਲੜਦੇ ਨੇ।

ਜਿਉਣੇ ਤੋਂ ਉਹ ਮੁਨਕਰ ਹੀ ਨੇ ਹੋ ਜਾਂਦੇ,
ਦੇਖ ਚੁਣੌਤੀ ਨੂੰ ਜੋ ਅੰਦਰ ਵੜਦੇ ਨੇ।

ਵੇਗ ਸਮੇਂ ਦਾ ਸਭ ਨੂੰ ਸਿੱਧੇ ਕਰ ਦਿੰਦਾ,
ਚਿੱਤੋਂ ਵਿੱਤੋਂ ਅੜੀਅਲ ਭਾਵੇਂ ਅੜਦੇ ਨੇ।

ਦਿਲ ਨੂੰ ਦੋਸ਼ ਬਥੇਰੇ ਸਹਿਣੇ ਪੈਂਦੇ ਨੇ,
ਦਿਲ ਤੋਂ ਬਾਹਰੇ ਹੋਏ ਵਹਿਣ ਲੈ ਹੜਦੇ ਨੇ।

ਬਦਲ ਜਾਂਦਾ ਹੈ ਬੰਦਾ, ਬਦਲੇ ਰੌਅ 'ਢੇਸੀ',
ਲੜਨੇ ਵਾਲੇ ਨਾਲ ਵੀ ਆ ਕੇ ਖੜ੍ਹਦੇ ਨੇ।

ਕੁਲਵੰਤ ਸਿੰਘ ਢੇਸੀ, ਯੂ ਕੇ

## ਹਾਲ-ਏ-ਦਿਲ

ਕਦੇ ਮੈਂ ਪੁੱਛ ਲਵਾਂ, ਕਦੇ ਤੁਸਾਂ ਦੱਸ ਦੇਣਾ,
ਸਿਲਸਿਲਾ ਚਾਹਾਂ, ਚੱਲਦੇ ਸਦਾ ਰਹਿਣਾ।
ਹਾਲ-ਚਾਲ ਕਿੱਦਾਂ, ਪੁੱਛਣ 'ਚ ਹਰਜ਼ ਕੀ,
ਬਣ ਜਾਂ ਪਰਛਾਵਾਂ, ਬੱਸ ਦਿਲ ਤੋਂ ਕਹਿਣਾ!

ਨੇੜੇ ਤੇੜੇ ਮੈਂ ਰਵ੍ਹਾਂ, ਤੈਥੋਂ ਵੱਖ ਕਦੇ ਨ ਹੋਵਾਂ,
ਨੈਣਾਂ ਵਿੱਚ ਵਸਾਂ, ਜ਼ਖਮ ਹਿਜਰ ਦੇ ਧੋਵਾਂ!
ਲੋਕ ਪੁੱਛਦੇ ਮੈਥੋਂ, ਝੱਲਿਆ ਹੈ ਮਰਜ਼ ਕੀ,
ਤੂੰ ਹੀ ਦੱਸ ਯਾਰਾ, ਦੱਸ ਦੇਵਾਂ ਕਿ ਲੁਕੋਵਾਂ?

ਦਰਦ ਤਾ-ਉਮਰ, ਰੱਖਾਂ ਕਿਵੇਂ ਸਾਂਭ ਸੀਨੇ,
ਤ੍ਰਾਹ ਨਿੱਕਲੀ ਤਾਂ, ਜਾਗ ਉੱਠੇ ਨੇ ਕਮੀਨੇ।
ਛੁਪਾ ਨ ਸਕਾਂ ਕਿ, ਜਿਗਰ ਨੂੰ ਗਰਜ਼ ਕੀ,
ਜੱਗ ਜਾਹਿਰ ਹੋਵੇ, ਤਾਂ ਛੁੱਟਦੇ ਨੇ ਪਸੀਨੇ।

ਕਿਉਂ ਕਾਮਨਾ ਕਰਦਾ ਹੈਂ,ਦੱਸ ਐ ਦਿਲਾ,
ਕਾਹਦਾ ਹੈ ਜ਼ੋਰ, ਕਿਉਂ ਕਰਦਾ ਹੈਂ ਗਿਲਾ।
ਜੇ ਖੁਦ ਤੂੰ ਸਹੇੜੇ, ਤਾਂ ਸਹਿਣਾ ਵੀ ਹੈ ਪੈਣੇ,
ਤੜਫਣਾ ਤੂੰ ਹਰਦਮ ਇਸ਼ਕ ਦਾ ਹੈ ਸਿਲਾ।

ਸੇਵਾ ਸਿੰਘ "ਨੂਰਪੁਰੀ"

## ਸਮਾਂ

ਸਮਾਂ ਬੜਾ ਹੀ ਬਲਵਾਨ ਹੁੰਦਾ ਹੈ।
ਸਮਾਂ ਹੀ ਜੀਵਨ ਬਣਾ ਦਿੰਦਾ ਹੈ।
ਸਮਾਂ ਹੀ ਜੀਵਨ ਵਿਗਾੜ ਦਿੰਦਾ ਹੈ।
ਸਮਾਂ ਹੀ ਅਮੀਰੀ ਦਿਖਾ ਦਿੰਦਾ ਹੈ।
ਸਮਾਂ ਹੀ ਗਰੀਬ ਬਣਾ ਦਿੰਦਾ ਹੈ।
ਸਮਾਂ ਹੀ ਬੰਦੇ ਦਾ ਚੰਗਾ ਹੁੰਦਾ ਹੈ।
ਸਮਾਂ ਹੀ ਬੰਦੇ ਦਾ ਮੰਦਾ ਹੁੰਦਾ ਹੈ।
ਸਮਾਂ ਹੀ ਬੰਦੇ ਦੀ ਸ਼ਾਨ ਹੁੰਦਾ ਹੈ।
ਸਮਾਂ ਹੀ ਬੰਦੇ ਦਾ ਅਪਮਾਨ ਹੁੰਦਾ ਹੈ।
ਸਮਾਂ ਹੀ ਸਰੀਰ ' ਚ ਜਾਨ ਹੁੰਦਾ ਹੈ।
ਸਮਾਂ ਹੀ ਸਰੀਰ ਦਾ ਕਾਲ ਹੁੰਦਾ ਹੈ।
ਸਮਾਂ ਹੀ ਬੋਲਣ ਲਗਵਾ ਦਿੰਦਾ ਹੈ।
ਸਮਾਂ ਹੀ ਚੁੱਪ ਕਰਵਾ ਦਿੰਦਾ ਹੈ।
ਸਮਾਂ ਵਿਚਾਰਨਾ ਚੰਗਾ ਹੁੰਦਾ ਹੈ।
ਸਮਾਂ ਨਾ ਵਿਚਾਰੇ ਉਹ ਨਾ ਬੰਦਾ ਹੁੰਦਾ ਹੈ।
ਸਮਾਂ ਹੀ ਚੰਗੇ ਮਾੜੇ ਦਿਨ ਦਿਖਾ ਦਿੰਦਾ ਹੈ।
ਸਮਾਂ ਚੰਗਾ ਬੰਦੇ ਦਾ ਮਾਣ ਕਰਵਾ ਦਿੰਦਾ ਹੈ।
ਸਮਾਂ ਹੀ ਅਪਮਾਨ ਕਰਵਾ ਦਿੰਦਾ ਹੈ।
ਸਮਾਂ ਤਾਂ ਹੀ ਬੜਾ ਬਲਵਾਨ ਹੁੰਦਾ ਹੈ।
ਧਰਮਿੰਦਰ ਸਮਾਂ ਬੜਾ ਬਲਵਾਨ ਹੁੰਦਾ ਹੈ।

ਧਰਮਿੰਦਰ ਸਿੰਘ ਮੁੱਲਾਂਪੁਰੀ
ਮੋਬਾ 9872000461

# ਉੱਨਤ ਤਕਨਾਲੋਜੀ ਅਤੇ ਭਵਿੱਖ ਦੀ ਕਾਸ਼ਤ


ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ



ਨਕਲੀ ਮਾਧੂ ਏਆਈ ਅਤੇ ਇਸ ਦੇ ਪ੍ਰਭਾਵ ਦੀ ਵੱਧ ਰਹੀ ਵਰਤੋਂ ਅਤੇ ਪ੍ਰਭਾਵ ਅਜਵੋਵੰਤ ਦਾ ਮੁੱਦਾ ਹੈ, ਨੂੰ ਬੁਲਾਇਆ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਏਆਈ ਸਾਡੀ ਕੰਮ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ। ਵਿਸ਼ਵ ਆਰਥਿਕ ਫੋਰਮ ਦਾ ਅਨੁਮਾਨ ਹੈ ਕਿ ਏਆਈ 2027 ਤਕ ਵਿਸ਼ਵਵਿਆਪੀ ਤੌਰ ’ਤੇ ਅੱਠ ਮਿਲੀਅਨ ਤੀਹ 50 ਮਿਲੀਅਨ ਨੌਕਰੀਆਂ ਖਤਮ ਕਰ ਦੇਵੇਗੀ। ਏਮੇਫ ਦੀ ਰਿਪੋਰਟ ਦੇ ਅਨੁਸਾਰ ਏਆਈ ਦੇ ਕਾਰਨ ਲਗਭਗ 40 ਪ੍ਰਤੀਸ਼ਤ ਨੌਕਰੀਆਂ ਪ੍ਰਭਾਵਿਤ ਹੋਣਗੀਆਂ।ਜੇ ਅਸੀਂ ਭਾਰਤ ਦੇ ਪ੍ਰਸੰਗ ਵਿਚ ਗੱਲ ਕਰੀਏ ਤਾਂ ਸਾਡਾ ਦੇਸ਼, ਜੋ ਖੇਤੀਬਾੜੀ ਪਰੰਪਰਾਵਾਂ ਨਾਲ ਜੁੜਿਆ ਹੋਇਆ ਹੈ, ਅੱਜ ਤਕਨੀਕੀ ਇਨਕਲਾਬ ਭਾਰਤ ਦੀ ਭਾਲ ਵਿਚ ਖੜ੍ਹਾ ਹੈ ਇਸ ਦੀ ਵਿਸ਼ਾਲ ਅਬਾਦੀ ਅਤੇ ਵਿਭਿੰਨ ਆਰਥਿਕਤਾ ਦੇ ਕਾਰਨ ਤਕਨੀਕੀ ਇਨਕਲਾਬ ਭਾਰਤ ਦੀਆਂ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਸਹੀ ਢੰਗ ਨਾਲ ਪ੍ਰਬੰਧਿਤ ਕੀਤਾ ਜਾਂਦਾ ਹੈ, ਤਾਂ ਗੱਡੀਆਂ, ਕੁਸ਼ਲਤਾ ਅਤੇ ਰੁਜ਼ਗਾਰ ਨੂੰ ਵਧਾਉਂਦੇ ਸਮੇਂ ਇਨ੍ਹਾਂ ਚੁਣੌਤੀਆਂ ’ਤੇ ਲੜਨ ਵਿਚ ਭਾਰੀ ਸੰਭਾਵਨਾ ਹੈ। ਇਕ ਸਮੇਂ ਜਦੋਂ ਸਭ ਤੋਂ ਵੱਧ ਵਿਚਾਰ-ਵਟਾਂਦਰੇ ਅਤੇ ਸੇਵਾ ਖੇਤਰਖੇਤਰਾਂ ’ਤੇ ਸਵੈਚਾਲਨ ਅਤੇ ਏਆਈ ਦੇ ਪ੍ਰਭਾਵ’ ਤੇ ਧਿਆਨ ਕੇਂਦ੍ਰਤ ਕਰੋ, ਫਿਰ ਖੇਤੀਬਾੜੀ ਖੇਤਰ ਵਿਚ ਨਾ ਸਿਰਫ ਉਤਪਾਦਕਤਾ ਪੈਦਾ ਕਰਨ ਲਈ, ਬਲਕਿ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਇਕ ਤਕਨੀਕੀ ਤਬਦੀਲੀ ਹੈ। ਭਾਰਤ ਇਕਲੌਤਾ ਦੇਸ਼ ਹੈ ਜਿਸ ਵਿਚ ਦੂਜੇ ਦੇਸ਼ਾਂ ਨਾਲੋਂ ਘੱਟ ਹੋਣ ਦੇ ਬਾਵਜੂਦ, ਪੂਰੀ ਦੁਨੀਆ ਨੂੰ ਭੋਜਨ ਦੇ ਸੰਕਟ ਵਿਚੋਂ ਬਾਹਰ ਕੱਢਣ ਦੀ ਯੋਗਤਾ ਹੈ। ਪੜਾਵਾਂ ਨੂੰ ਇੱਥੇ ਧਿਆਨ ਰੱਖਣ ਦੀ ਜ਼ਰੂਰਤ ਹੁੰਦੀ ਹੈ। ਭਾਰਤ ਵਿੱਚ ਰੁਜ਼ਗਾਰ ਦਾ ਭਵਿੱਖ ਸਿਰਫ ਟੈਕਨੋਲੋਜੀ ਦੇ ਵਿਘਨ ਪਾਉਣ ਵਾਲੇ ਪ੍ਰਭਾਵਾਂ ਨੂੰ ਘਟਾਉਣ ਤੇ ਨਿਰਭਰ ਨਹੀਂ ਹੁੰਦਾ, ਪਰ ਰਣਨੀਤਕ ਵਿਕਾਸ ਤੋਂਰਾਹ ਬਣਾਉਣ ਲਈ, ਇਹ ਇਸ ਦੀ ਸ਼ਕਤੀ ਵਰਗੇ ਮਹੱਤਵਪੂਰਣ ਖੇਤਰਾਂ ਵਿੱਚ ਇਸਦੀ ਸ਼ਕਤੀ ਦੀ ਵਰਤੋਂ ਕਰਨ ਤੇ ਨਿਰਭਰ ਕਰਦਾ ਹੈ। ਪੀੜ੍ਹੀਆਂ ਲਈ, ਭਾਰਤੀ ਖੇਤੀਬਾੜੀ ਆਰਥਿਕਤਾ ਪਿਛੋਕੜ ਵਾਲੀ ਗੜਬੜੀ ਰਹੀ ਹੈ, ਜੋ ਕਿ ਆਬਾਦੀ ਦੇ ਵੱਡੇ ਹਿੱਸੇ ਨੂੰ ਰੁਜ਼ਗਾਰ ਦਿੰਦੀ ਹੈ। ਹਾਲਾਂਕਿ, ਇਹ ਉਹ ਖੇਤਰ ਹੈ ਜੋ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਉਦਾਹਰਣ ਦੇ ਲਈ ਅਚਾਨਕ ਮੌਨਸੂਨ ਦੇ ਖੰਡਿਤ ਵਿਨ ਅਤੇ ਕੀਮਤਾਂ ਦੇ ਉਤਰਾਅ-ਚੜ੍ਹਾਅ ਖੇਤੀ ਸੰਕਟ ਅਤੇ ਵਧੀਆ ਮੌਕਿਆਂ ਦੀ ਭਾਲ ਵਿੱਚ ਆਏ ਹਨ। ਏਆਈ ਇਨ੍ਹਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਇਸ ਦ੍ਰਿਸ਼ ਵਿਚ ਸ਼ੁਰੂ ਹੁੰਦੀ ਹੈ, ਉਤਪਾਦਕਤਾ ਵਧਾਓ ਅਤੇ ਇਸ ਪ੍ਰਕਿਰਿਆ ਵਿਚ ਖੇਤੀਬਾੜੀ ਦੇ ਕੰਮ ਲਈ ਇਕ ਨਵੀਂ ਪੀੜ੍ਹੀ ਬਣਾਉਣ ਲਈ ਇਕ ਅਨੌਖਾ ਮੌਕਾ ਪੇਸ਼ ਕਰਦਾ ਹੈ। ਇਹ ਕੁਦਰਤੀ ਹੈ ਕਿ ਸਵੈਚਾਲਨ ਵੱਡੇ ਪੱਧਰ ’ਤੇ ਨੌਕਰੀਆਂ ਨੂੰ ਖਤਮ ਕਰ ਦੇਵੇਗਾ, ਪਰ, ਭਾਰਤੀ ਖੇਤੀਬਾੜੀ ਦੇ ਪ੍ਰਸੰਗ ਵਿੱਚ, ਏਆਈ ਨੂੰ ਪੂਰੀ ਤਰ੍ਹਾਂ ਬਦਲਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ, ਏਆਈ-ਏ- ਕਾਰਜਸ਼ੀਲ ਸੈਂਸਰ ਕਰ ਸਕਦੇ ਹਨ ਮਿੱਟੀ ਦੀ ਸਿਹਤ ਦੀ ਨਿਗਰਾਨੀ ਕਰੋ, ਵਧੇਰੇ ਸ਼ੁੱਧਤਾ ਨਾਲ ਮੌਸਮ ਦੀ ਭਵਿੱਖਬਾਣੀ ਕਰੋ ਅਤੇ ਸਿੰਜਾਈ ਦੇ ਸਮੇਂ ਨੂੰ ਨਾਲੋਂ, ਉਪਜ ਦੇ ਸਮੇਂ ਨੂੰ ਵਧਾਉਣ ਅਤੇ ਸਰੋਤਾਂ ਦੀ ਬਰਬਾਦੀ ਵਧਾਉਣਏਆਈ ਦੇ ਡਰੋਨ ਵਿੱਚ ਕਮੀ ਹੋ ਸਕਦੀ ਹੈ ਭਾਰੀ ਖੇਤਰਾਂ ਦਾ ਸਰਵੇ ਕਰ ਸਕਦਾ ਹੈ ਅਤੇ ਕੀੜਿਆਂ ਜਾਂ ਬਿਮਾਰੀਆਂ ਦੁਆਰਾ ਪ੍ਰਭਾਵਿਤ ਖੇਤਰਾਂ ਦੀ ਪਛਾਣ ਕਰ ਸਕਦਾ ਹੈ।

ਇੱਥੋਂ ਤੱਕ ਕਿ ਨਿਸ਼ਾਨਾ ਬਣਾਇਆ ਇਲਾਜ ਦਿੱਤਾ ਜਾ ਸਕਦਾ ਹੈ, ਜੋ ਵਿਆਪਕ ਕੀਟਨਾਸ਼ਕਾਂ ਦੀ ਵਰਤੋਂ ਦੀ ਜ਼ਰੂਰਤ ਨੂੰ ਘਟਾਉਂਦਾ ਹੈ। ਇਹ ਤਕਨਾਲੋਜੀਆਂ ਮਨੁੱਖੀ ਭਾਗੀਦਾਰੀ ਦੀ ਜ਼ਰੂਰਤ ਨੂੰ ਖਤਮ ਨਹੀਂ ਕਰਦੀਆਂ, ਪਰ ਕੰਮ ਦੀ ਪ੍ਰਕਿਰਤੀ ਨੂੰ ਬਦਲਦੀਆਂ ਹਨ। ਖੇਤੀਬਾੜੀ ਵਿੱਚ ਏਆਈ ਏਕੀਕਰਣ ਵੱਖ ਵੱਖ ਖੇਤਰਾਂ ਵਿੱਚ ਹੁਨਰਮੰਦ ਪੇਸ਼ੇਵਰਾਂ ਦੀ ਮੰਗ ਕਰੇਗਾ। ਸਾਨੂੰ ਖੇਤੀਬਾੜੀ ਇੰਜੀਨੀਅਰਾਂ ਦੀ ਜ਼ਰੂਰਤ ਹੈ, ਜਿਸ ਵਿੱਚ ਏਆਈਏ ਲੈਣ ਵਾਲੀ ਮਸ਼ੀਨਰੀ ਅਤੇ ਸਿੰਚਾਈਡਿਜ਼ਾਇਨ ਅਤੇ ਈ-ਸਮ ਸਿਸਟਮ ਨੂੰ ਬਣਾਈ ਰੱਖੋ। ਸਾਨੂੰ ਡੇਟਾ ਵਿਗਿਆਨੀ ਚਾਹੀਦੇ ਹਨ, ਜੋ ਕਿ ਵਿਸ਼ੇਸ਼ਣ ਕਰ ਸਕਦੇ ਹਨ, ਜੋ ਕਿ ਇਨ੍ਹਾਂ ਪ੍ਰਣਾਲੀਆਂ ਦੁਆਰਾ ਤਿਆਰ ਕੀਤੇ ਗਏ ਵਿਸ਼ਾਲ ਡੇਟਾ ਨੂੰ ਤਿਆਰ ਕਰ ਸਕਦੇ ਹਨ। ਸਾਨੂੰ ਖੇਤੀਬਾੜੀ ਕਾਮਿਆਂ ਦੀ ਵੀ ਜ਼ਰੂਰਤ ਹੈ, ਜੋ ਤਕਨਾਲੋਜੀ ਅਤੇ ਕਿਸਾਨਾਂ ਦੇ ਵਿਚਕਾਰ ਪਾੜੇ ਨੂੰ ਦੂਰ ਕਰ ਸਕਦੇ ਹਨ, ਨੂੰ ਗੁੰਝਲਦਾਰ ਸਲਾਹ ਨੂੰ ਅਮਲੀ ਸਲਾਹ ਵਿੱਚ ਬਦਲ ਸਕਦੇ ਹਨ। ਸਾਨੂੰ ਸਾੱਫਟਵੇਅਰ ਡਿਵੈਲਪਰ ਦੀ ਜ਼ਰੂਰਤ ਹੈ, ਜੋ ਖਾਸ ਖੇਤੀਬਾੜੀ ਜ਼ਰੂਰਤਾਂ ਲਈ ਏਆਈ ਐਪ ਬਣਾ ਸਕਦਾ ਹੈ। ਸਾਨੂੰ ਡਰੋਨ ਪਾਇਲਟਾਂ ਦੀ ਜ਼ਰੂਰਤ ਹੈ ਜੋ ਇਨ੍ਹਾਂ ਮਹੱਤਵਪੂਰਣ ਉਪਕਰਣਾਂ ਨੂੰ ਸੰਜਪ ਕਰ ਸਕਦੇ ਹਨ ਅਤੇ ਰੱਖ ਸਕਦੇ ਹਨ। ਸੰਭਾਵਨਾਵਾਂ ਬਹੁਤ ਵਿਸ਼ਾਲ ਹਨ ਅਤੇ ਵਿਭਿੰਨ ਹਨ। ਇਹਇਸ ਤੋਂ ਇਲਾਵਾ, ਖੇਤੀ ਵਿਚ ਏਆਈ ਦੀ ਵਰਤੋਂ ਸਮਰਥਨ ਉਦਯੋਗਾਂ ਦੇ ਵਿਕਾਸ ਨੂੰ ਉਤਸ਼ਾਹਤ ਕਰ ਸਕਦੀ ਹੈ, ਜੋ ਰੁਜ਼ਗਾਰ ਦੇ ਮੌਕਿਆਂ ਦਾ ਹੋਰ ਵਿਸਤਾਰ ਕਰ ਸਕਦੇ ਹਨ। ਐਸੀ ਸੰਚਾਲਿਤ ਪੜਾਅ ਪ੍ਰਬੰਧਨ ਪ੍ਰਬੰਧਨ ਅਤੇ ਈ-ਕਾਮਰਸ ਵਿਚ ਨਵੀਂ ਭੂਮਿਕਾਵਾਂ ਨੂੰ ਸਿੱਧੇ ਬਾਜ਼ਾਰਾਂ ਨਾਲ ਜੁੜਨ ਲਈ ਲੌਜਿਸਟਿਕ, ਸਪਲਾਈ ਦਾ ਵਿਕਾਸ ਕਰ ਸਕਦਾ ਹੈ। ਹਾਲਾਂਕਿ, ਇਹ ਸਮਰੱਥਾ ਨੂੰ ਪੂਰਾ ਕਰਨ ਲਈ, ਸਾਰੇ ਹਿੱਸੇਦਾਰਾਂ ਨੂੰ ਸਮਰੱਥ ਵਾਤਾਵਰਣ ਬਣਾਉਣ ਲਈ ਠੋਸ ਯਤਨ ਕਰਨ ਦੀ ਲੋੜ ਹੁੰਦੀ ਹੈ. ਭੂਮਿਕਾ ਹੈ। ਇਸ ਵਿਚ, ਖੇਤੀਬਾੜੀ ਆਈਆਈ ਵਿਚ ਖੋਜ ਅਤੇ ਵਿਕਾਸ ਦੇ ਕਿਸਾਨ ਕਾਰਜਕੁਸ਼ਲਤਾ ਨੂੰ ਅਪਣਾਉਣ ਅਤੇ ਸਿਖਲਾਈ ਦੇ ਪ੍ਰੋਗਰਾਮਾਂ ਨੂੰ ਅਪਣਾਉਣ ਲਈ ਸਬਸਿਡੀ ਅਤੇ ਪ੍ਰੋਤਸਾਹਨ ਪ੍ਰਦਾਨ ਕਰਨਾ। ਨਿੱਜੀ ਖੇਤਰ ਨੂੰ ‘ਐਗਰਿਟਚ’ ਕੰਪਨੀਆਂ ਵਿੱਚ ਵੀ ਰੋਲ ਅਦਾ ਕਰਨਾ ਪਏਗਾ। ‘ਐਗਰੀ- ਛੋਟੇ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਿਫਾਇਤੀ ਅਤੇ ਪਹੁੰਚਯੋਗ ਏਆਈ ਹੱਲ ਵਿਕਸਤ ਕਰਨ ਦੀ ਜ਼ਰੂਰਤ ਹੈ। ਉਹਨਾਂ ਨੂੰ ਕਿਸਾਨਾਂ ਅਤੇ ਸਮਾਨਤਾ ਦੇ ਨਾਲ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ ਤਾਂ ਕਿ ਇਨ੍ਹਾਂ ਤਕਨਾਲੋਜੀਆਂ ਨੂੰ ਉਪਭੋਗਤਾ ਦੇ ਅਨੁਕੂਲ ਅਤੇ ਪ੍ਰਭਾਵਸ਼ਾਲੀ ਦੀ ਜ਼ਰੂਰਤ ਹੈ ਤਾਂ ਜੋ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਇੰਟਰਨੈਟ ਅਤੇ ਡਿਜੀਟਲ ਸਾਖਰਤਾ ਤੱਕ ਪਹੁੰਚ ਦੀ ਘਾਟ ਹੈ। ਇਹ ਸੁਨਿਸ਼ਚਿਤ ਕਰਨਾ ਜ਼ਰੂਰੀ ਹੈ ਕਿ ਖੇਤੀਬਾੜੀ ਵਿੱਚ ਏਆਈ ਦੇ ਲਾਭ ਸਾਰੇ ਕਿਸਾਨਾਂ ਤੱਕ ਪਹੁੰਚ ਜਾਂਦੇ ਹਨ। ਇਸ ਵਿੱਚ ਨਾ ਸਿਰਫ ਟੈਕਨੋਲੋਜੀ ਤੱਕ ਪਹੁੰਚ ਪ੍ਰਦਾਨ ਨਹੀਂ ਕਰਾਵੇ, ਬਲਕਿ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਦੇ ਤਰੀਕੇ ਵਿੱਚ ਸਿਖਲਾਈ ਪ੍ਰਾਪਤ ਸ਼ਾਮਲ ਕਰਦਾ ਹੈ। ਤਕਨੀਕੀ ਪੱਖਾਂ ਤੋਂ ਪਰੇ, ਇਸ ਤਬਦੀਲੀ ਦੇ ਸਮਾਜਿਕ ਅਤੇ ਆਰਥਿਕ ਸਮਾਜਿਕ ਟੋਬਰਇਹ ਪਤਾ ਲਗਾਉਣਾ ਵੀ ਮਹੱਤਵਪੂਰਨ ਹੈ। ਇਹ ਸੁਨਿਸ਼ਚਿਤ ਕਰਨਾ ਜ਼ਰੂਰੀ ਹੈ ਕਿ ਛੋਟੇ ਹਾਸ਼ੀਏ ਦੇ ਕਿਸਾਨ ਇਸ ਤਕਨੀਕੀ ਇਨਕਲਾਬ ਵਿੱਚ ਪਿੱਛੇ ਨਹੀਂ ਆਉਂਦੇ। ਸਮੂਹਕ ਖੇਤੀ ਦਾ ਸਮਰਥਨ ਕਰਨਾ, ਕਰਜ਼ਿਆਂ ਅਤੇ ਬੀਮੇ ਤੱਕ ਪਹੁੰਚ ਪ੍ਰਦਾਨ ਕਰਨਾ ਅਤੇ ਮਾਰਕੀਟ ਸੰਬੰਧਾਂ ਨੂੰ ਉਤਸ਼ਾਹਤ ਕਰਨਾ। ਨੀਤੀਆਂ ਦਿੰਦੀਆਂ ਨੀਤੀਆਂ ਏ-ਅਪਰੇਟ ਹੋਈ ਖੇਤੀਬਾੜੀ ਤੋਂ ਛੋਟੇ ਕਿਸਾਨਾਂ ਦੀ ਮਦਦ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਉਨ੍ਹਾਂ ਲਈ ਇਕ ਸਮਾਜਕ ਸੁਰੱਖਿਆ ਜਾਲ ਪੈਦਾ ਕਰਨਾ ਜ਼ਰੂਰੀ ਹੈ ਜੋ ਏਆਈ ਦੇ ਕਾਰਨ ਹਾਸ਼ੀਏ ’ਤੇ ਜਾ ਸਕਦਾ ਹੈ, ਭਾਵੇਂ ਕਿ ਅਸੀਂ ਨਵੀਂਆਂ ਨੌਕਰੀਆਂ ਪੈਦਾ ਕਰੀਏ। ਰੋਬੋਟਾਂ ਤੋਂ ਕਿਸਾਨਾਂ ਤੱਕ ਭਾਰਤੀ ਖੇਤੀਬਾੜੀ ਤੋਂ ਨਕਲੀ ਅਕਲ ਦਾ ਭਵਿੱਖ ਇਹ ਬਦਲਣ ਬਾਰੇ ਨਹੀਂ ਹੈ, ਬਲਕਿ ਉਨ੍ਹਾਂ ਨੂੰ ਡਿਵਾਈਸਾਂ ਅਤੇ ਗਿਆਨ ਨਾਲ ਸ਼ਕਤੀਕਰਨ ਬਾਰੇ ਜੋ ਉਨ੍ਹਾਂ ਨੂੰ ਤੇਜ਼ੀ ਨਾਲ ਬਦਲ ਰਹੇ ਸੰਸਾਰ ਵਿੱਚ ਫੁੱਲਣ ਦੀ ਜ਼ਰੂਰਤ ਹੈ। ਏਆਈ ਅਤੇ ਸਾਡੀ ਕਰਮਚਾਰੀਆਂ ਦੇ ਹੁਨਰ ਵਿੱਚ ਨਿਵੇਸ਼ ਕਰਕੇ ਅਸੀਂ ਭਾਰਤੀ ਖੇਤੀਬਾੜੀ ਨੂੰ ਵਧੇਰੇ ਲਾਭਕਾਰੀ, ਟਿਕਾਊ ਅਤੇ ਉਚਿਤ ਖੇਤਰ ਵਿੱਚ ਬਦਲ ਸਕਦੇ ਹਾਂ। ਖੇਤੀਬਾੜੀ ਵਿਚ ਇਕ ਨਵੀਂ ਪੀੜ੍ਹੀ ਬਣਾਈ ਜਾ ਸਕਦੀ ਹੈ। ਸਭ ਲਈ ਭੋਜਨ ਸੁਰੱਖਿਆ ਇਹ ਯਕੀਨੀ ਬਣਾ ਸਕਦੇ ਹਨ। ਇਹ ਤਬਦੀਲੀ ਸਿਰਫ ਫਸਲਾਂ ਦੇ ਵਧਣ ਬਾਰੇ ਨਹੀਂ ਹੈ, ਇਹ ਭਾਰਤ ਲਈ ਇਕ ਚਮਕਦਾਰ ਭਵਿੱਖ ਦੀ ਕਾਸ਼ਤ ਬਾਰੇ ਹੈ।

# ਵਧਦਾ ਜਾ ਰਿਹਾ ਸਰੀਰ ’ਚ ਲੁਕਾ ਕੇ ਨਸ਼ਿਆਂ ਦੀ ਸਮੱਗਲਿੰਗ ਦਾ ਰੁਝਾਨ

ਹਾਲ ਹੀ ਦੇ ਸਾਲਾਂ ’ਚ ਭਾਰਤ ’ਚ ਨਸ਼ਾ ਸਮੱਗਲਿੰਗ ਦੇ ਮਾਮਲਿਆਂ ’ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਖਾਸ ਤੌਰ ’ਤੇ ਕੌਮਾਂਤਰੀ ਸਮੱਗਲਰ ਭਾਰਤ ਨੂੰ ਇਕ ਟਰਾਂਜ਼ਿਟ ਪੁਆਇੰਟ ਦੇ ਰੂਪ ’ਚ ਇਸਤੇਮਾਲ ਕਰ ਰਹੇ ਹਨ। ਇਨ੍ਹੀਂ ਦਿਨੀਂ ਜਿੱਥੇ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਨਸ਼ਾ ਸਮੱਗਲਰਾਂ ਦੇ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਥੇ ਨਸ਼ਾ ਸਮੱਗਲਰ ਵੀ ਨਵੇਂ-ਨਵੇਂ ਤਰੀਕੇ ਅਪਣਾ ਕੇ ਆਪਣਾ ਧੰਦਾ ਜਾਰੀ ਰੱਖੇ ਹੋਏ ਹਨ।

ਹੁਣ ਤਾਂ ਅੰਦਰੂਨੀ ਕੱਪੜਿਆਂ (ਅੰਡਰ ਗਾਰਮੈਂਟਸ) ਅਤੇ ਸਰੀਰ ਦੇ ਅੰਦਰ ਲੁਕਾ ਕੇ ਹੀ ਨਸ਼ੇ ਦੀ ਸਮੱਗਲਿੰਗ ਕੀਤੀ ਜਾਣ ਲੱਗੀ ਹੈ ਜਿਸ ਦੀਆਂ 7 ਮਹੀਨਿਆਂ ਦੀਆਂ ਉਦਾਹਰਣਾਂ ਹੇਠਾਂ ਦਰਜ ਹਨ :

- 23 ਜੂਨ, 2024 ਨੂੰ ‘ਕੋਚੀ’ ਦੇ ਹਵਾਈ ਅੱਡੇ ’ਤੇ ‘ਤਨਜਾਨੀਆ’ ਦੇ ਨਾਗਰਿਕ ‘ਓਮਾਰੀ ਜੋਂਗੋ’ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 19 ਕਰੋੜ ਰੁਪਏ ਮੁਲ ਦੀ 1945 ਗ੍ਰਾਮ ਕੋਕੀਨ ਬਰਾਮਦ ਕੀਤੀ ਗਈ ਜੋ ਉਸ ਨੇ ਆਪਣੇ ਢਿੱਡ ’ਚ ਲੁਕਾਈ ਹੋਈ ਸੀ।

‘ਓਮਾਰੀ ਜੋਂਗੋ’ ਦੇ ਨਾਲ ਹੀ ਉਸੇ ਜਹਾਜ਼ ਤੋਂ ਉਤਰੀ ‘ਵੇਰੋਨਿਕਾ’ ਨਾਂ ਦੀ ਔਰਤ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਜਿਸ ਦੇ ਪੇਟ ’ਚ ਵੀ ਲੁਕਾਏ ਹੋਏ 13.34 ਕਰੋੜ ਰੁਪਏ ਮੁੱਲ ਦੀ 1.35 ਕਿੱਲੋ ਕੋਕੀਨ ਦੇ 95 ਕੈਪਸੂਲ ਕੱਢੇ ਗਏ।

- 3 ਜੁਲਾਈ, 2024 ਨੂੰ ਲੁਧਿਆਣਾ ’ਚ ਅਧਿਕਾਰੀਆਂ ਨੇ ਇਕ ਕੋਰੀਅਰ ਕੰਪਨੀ ਦੇ ਦਫਤਰ ਤੋਂ ਲਹਿੰਗਾ-ਚੋਲੀ ਦੇ ਅੰਦਰ ਲੁਕਾ ਕੇ ਕੈਨੇਡਾ ਭੇਜੀ ਜਾ ਰਹੀ 889 ਗ੍ਰਾਮ ਅਫੀਮ ਫੜੀ।
- 7 ਦਸੰਬਰ, 2024 ਨੂੰ ਦਿੱਲੀ ਦੇ ‘ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ’ ’ਤੇ ਨਾਈਜੀਰੀਆ ਦੇ ‘ਹੈਂਡਰਿਕ ਜੈਕਬਸ ਰੋਸਟਰੋਫ’ ਨਾਂ ਦੇ ਸਮੱਗਲਰ ਦੇ ਢਿੱਡ ’ਚੋਂ 12 ਕਰੋੜ ਰੁਪਏ ਮੁੱਲ ਦੀ 799 ਗ੍ਰਾਮ ਕੋਕੀਨ ਦੇ 67 ਕੈਪਸੂਲ ਕੱਢੇ ਗਏ।
- 11 ਦਸੰਬਰ, 2024 ਨੂੰ ਦਿੱਲੀ ਦੇ ‘ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ’ ’ਤੇ ਬ੍ਰਾਜ਼ੀਲ ਦੇ ‘ਹੈਨਰਿਕ ਡੀ. ਓਲੀਵੇਰਾ’ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ 21 ਕਰੋੜ ਰੁਪਏ ਮੁੱਲ ਦੀ ਕੋਕੀਨ ਦੇ 1383 ਗ੍ਰਾਮ ਭਾਰੇ 127 ਕੈਪਸੂਲ ਨਿਗਲਣ ਦੀ ਗੱਲ ਮੰਨੀ ਜੋ ਡਾਕਟਰਾਂ ਨੇ ਉਸ ਦੀਆਂ ਅੰਤੜੀਆਂ ’ਚੋਂ ਕੱਢੇ।
- 13 ਦਸੰਬਰ, 2024 ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਇੰਟੈਲੀਜੈਂਸ ਟੀਮ ਨੇ 2 ਫਿਲੀਪੀਨੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਢਿੱਡ ’ਚੋਂ 10 ਕਰੋੜ 14 ਲੱਖ ਰੁਪਏ ਮੁੱਲ ਦੇ 676 ਗ੍ਰਾਮ ਨਸ਼ੀਲੇ ਸਫੈਦ ਪਾਊਡਰ ਦੇ 90 ਕੈਪਸੂਲ ਅਤੇ ਇਕ ਹੋਰ ਫਿਲੀਪੀਨੀ ਨਾਗਰਿਕ ਤੋਂ 7 ਕਰੋੜ 74 ਲੱਖ ਰੁਪਏ ਮੁੱਲ ਦੀ 503 ਗ੍ਰਾਮ ਕੋਕੀਨ ਦੇ 66 ਕੈਪਸੂਲ ਬਰਾਮਦ ਕੀਤੇ।



- 17 ਦਸੰਬਰ, 2024 ਨੂੰ ਚੇਨਈ ਦੇ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ‘ਕੀਨੀਆ’ ਦੀ ਰਹਿਣ ਵਾਲੀ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਨੇ 14.2 ਕਰੋੜ ਰੁਪਏ ਮੁੱਲ ਦੀ ਲਗਭਗ 1.4 ਕਿਲੋ ਕੋਕੀਨ ਦੇ 90 ਕੈਪਸੂਲ ਨਿਗਲੇ ਹੋਏ ਸਨ।
- 5 ਜਨਵਰੀ, 2025 ਨੂੰ ਦਿੱਲੀ ਦੇ ‘ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ’ ’ਤੇ ਕਸਟਮ ਵਿਭਾਗ ਨੇ 20.98 ਕਰੋੜ ਰੁਪਏ ਦੀ 1399 ਗ੍ਰਾਮ ਕੋਕੀਨ ਦੀ ਸਮੱਗਲਿੰਗ ਦੇ ਦੋਸ਼ ’ਚ ਬ੍ਰਾਜ਼ੀਲ ਤੋਂ ਆਈ ਇਕ ਔਰਤ ਅਤੇ ਮਰਦ ਨੂੰ ਗ੍ਰਿਫਤਾਰ ਕੀਤਾ। ਜਾਂਚ ਦੌਰਾਨ ਦੋਵਾਂ ਨੇ ਮੰਨਿਆ ਕਿ ਉਨ੍ਹਾਂ ਨੇ ਨਸ਼ੀਲੇ ਪਦਾਰਥਾਂ ਨਾਲ ਭਰੇ ਕੈਪਸੂਲ ਨਿਗਲੇ ਹਨ ਜੋ ਅਧਿਕਾਰੀਆਂ ਨੇ ਉਨ੍ਹਾਂ ਨੂੰ ਹਸਪਤਾਲ ਲਿਜਾ ਕੇ ਕਢਵਾਏ।
- 9 ਫਰਵਰੀ, 2025 ਨੂੰ ‘ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ’ ’ਤੇ ਬ੍ਰਾਜ਼ੀਲ’ ਦੀਆਂ 2 ਔਰਤਾਂ ਅਤੇ ‘ਕੀਨੀਆ’ ਦੇ ਇਕ ਮਰਦ ਨੂੰ ਢਿੱਡ ’ਚ 40 ਕਰੋੜ ਰੁਪਏ ਦੀ ਕੋਕੀਨ ਮਿਲਣ ਦੇ ਬਾਅਦ ਗ੍ਰਿਫਤਾਰ ਕਰ ਲਿਆ ਗਿਆ।
- 17 ਫਰਵਰੀ, 2025 ਨੂੰ ਮੁੰਬਈ ਦੇ ‘ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ‘ਯੁਗਾਂਡਾ’ ਤੋਂ ਢਿੱਡ ’ਚ ਕੋਕੀਨ ਦੇ 84 ਕੈਪਸੂਲ ਲੁਕਾ ਕੇ ਲਿਆਉਣ ਵਾਲੀ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਡਰੱਗਜ਼ ਸਮੱਗਲਿੰਗ ’ਚ ਸ਼ਾਮਲ ਸਮੱਗਲਰ ‘ਲੇਟੈਕਸ’ ਜਾਂ ਪਲਾਸਟਿਕ ਨਾਲ ਬਣੇ ਛੋਟੇ ਕੈਪਸੂਲਾਂ ’ਚ ਨਸ਼ੀਲੇ ਪਦਾਰਥ ਭਰ ਕੇ ਉਨ੍ਹਾਂ ਨੂੰ ਨਿਗਲ ਲੈਂਦੇ ਹਨ ਤਾਂ ਕਿ ਹਵਾਈ ਅੱਡਿਆਂ ’ਤੇ ਸੁਰੱਖਿਆ ਜਾਂਚ ’ਚ ਫੜੇ ਨਾ ਜਾਣ। ਇਹ ਤਰੀਕਾ ਬੇਹੱਦ ਖਤਰਨਾਕ ਹੁੰਦਾ ਹੈ ਅਤੇ ਢਿੱਡ ’ਚ ਕੈਪਸੂਲ ਫਟ ਜਾਣ ’ਤੇ ਸਮੱਗਲਰ ਦੀ ਮੌਤ ਵੀ ਹੋ ਸਕਦੀ ਹੈ।

ਡਰੱਗਜ਼ ਸਮੱਗਲਿੰਗ ’ਚ ਸ਼ਾਮਲ ਕੌਮਾਂਤਰੀ ਸਮੱਗਲਰਾਂ ਦਾ ਨੈੱਟਵਰਕ ਆਰਥਿਕ ਤੌਰ ’ਤੇ ਕਮਜ਼ੋਰ ਲੋਕਾਂ ਨੂੰ ਚੁਣਦਾ ਹੈ ਜਾਂ ਫਿਰ ਜੋ ਕਿਸੀ ਲਾਲਚ ’ਚ ਆ ਕੇ ਇਹ ਕੰਮ ਕਰਦੇ ਹਨ। ਇਸ ਲਈ ਇਨ੍ਹਾਂ ਸਮੱਗਲਰਾਂ ਨੂੰ ਖਾਸ ਟ ?ਰੇਨਿੰਗ ਦਿੱਤੀ ਜਾਂਦੀ ਹੈ ਤਾਂ ਕਿ ਉਹ ਡਰੱਗਜ਼ ਨੂੰ ਸਰੀਰ ’ਚ ਲੁਕਾ ਕੇ ਕੌਮਾਂਤਰੀ ਸਰਹੱਦਾਂ ਨੂੰ ਪਾਰ ਕਰ ਸਕਣ।

ਇਸ ਤਰ੍ਹਾਂ ਦੇ ਹਾਲਾਤ ’ਚ ਨਸ਼ਾ ਸਮੱਗਲਰਾਂ ਦੀਆਂ ਚਾਲਾਂ ਨੂੰ ਨਾਕਾਮ ਕਰਨ ਲਈ ਜਿੱਥੇ ਪੁਲਸ ਦਸਤਿਆਂ ਨੂੰ ਜ਼ਿਆਦਾ ਚੌਕਸ ਹੋਣ ਦੀ ਲੋੜ ਹੈ ਉਥੇ ਅਜਿਹੇ ਲੋਕਾਂ ਵਿਰੁੱਧ ਸਖਤ ਕਾਰਵਾਈ ਕਰਨਾ ਸਮੇਂ ਦੀ ਮੰਗ ਹੈ।

# Dosanjh Family AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD